ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 64
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Saturday, 7 March, 2026) ਸ਼ਨੀਵਾਰ, 7 ਮਾਰਚ, 2026, 24 ਫੱਗਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਹਾਈ ਕੋਰਟ ਵੱਲੋਂ ਮਜੀਠੀਆ ਦੀ ਸੁਰੱਖਿਆ ਸਬੰਧੀ ਪਟੀਸ਼ਨ 'ਤੇ ਸੁਣਵਾਈ

ਚੰਡੀਗੜ੍ਹ, 6 ਮਾਰਚ (ਚ.ਨ.ਸ.):ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸ਼ੁੱਕਰਵਾਰ ਨੂੰ ਸੀਨੀਅਰ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਦੀ ਸੁਰੱਖਿਆ ਸਬੰਧੀ ਇੱਕ ਪਟੀਸ਼ਨ 'ਤੇ ਸੁਣਵਾਈ ਕੀਤੀ। ਕੇਂਦਰ ਸਰਕਾਰ ਨੇ ਮਜੀਠੀਆ ਨੂੰ ਸੰਭਾਵੀ ਖ਼ਤਰੇ ਦੇ ਮੁਲਾਂਕਣ ਸੰਬੰਧੀ ਆਪਣੀ ਰਿਪੋਰਟ ਸੀਲਬੰਦ ਲਿਫਾਫੇ ਵਿੱਚ ਅਦਾਲਤ ਨੂੰ ਸੌਂਪ ਦਿੱਤੀ। ਅਦਾਲਤ ਨੂੰ ਦੱਸਿਆ ਗਿਆ ਕਿ ਇਹ ਰਿਪੋਰਟ ਪਹਿਲਾਂ ਹੀ ਪੰਜਾਬ ਸਰਕਾਰ ਨੂੰ ਭੇਜ ਦਿੱਤੀ ਗਈ ਹੈ ਤਾਂ ਜੋ ਰਾਜ ਜ਼ਰੂਰੀ ਕਦਮ ਚੁੱਕ ਸਕੇ। (ਬਾਕੀ ਸਫ਼ਾ 2 'ਤੇ)

*ਮੱਧ ਪੂਰਬ ਵਿੱਚ ਜਾਰੀ ਟਕਰਾਅ ਦਾ ਮਾਮਲਾ*

## ਤਹਿਰਾਨ ਦੇ ਬਿਨਾਂ ਸ਼ਰਤ ਆਤਮ-ਸਮਰਪਣ ਕਰਨ ਤਕ ਕੋਈ ਸਮਝੌਤਾ ਨਹੀਂ: ਟਰੰਪ

**ਚੜ੍ਹਦੀਕਲਾ ਬਿਊਰੋ**

================



ਵਾਸ਼ਿੰਗਟਨ, 6 ਮਾਰਚ: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੱਧ ਪੂਰਬ ਵਿੱਚ ਚੱਲ ਰਹੇ ਟਕਰਾਅ ਨੂੰ ਖ਼ਤਮ ਕਰਨ ਲਈ ਈਰਾਨ ਨਾਲ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਦੀ ਸੰਭਾਵਨਾ ਨੂੰ ਲਗਭਗ ਖ਼ਤਮ ਕਰ ਦਿੱਤਾ ਹੈ। ਸ਼ੁੱਕਰਵਾਰ ਨੂੰ ਸੋਸ਼ਲ ਮੀਡੀਆ 'ਤੇ ਪਾਈ ਇੱਕ ਪੋਸਟ ਵਿੱਚ ਉਨ੍ਹਾਂ ਨੇ ਸਪਸ਼ਟ ਕੀਤਾ ਕਿ ਜਿੰਨੀ ਦੇਰ ਤੱਕ ਤਹਿਰਾਨ (ਈਰਾਨ ਦੀ ਸਰਕਾਰ) ਬਿਨਾਂ ਕਿਸੇ ਸ਼ਰਤ ਦੇ ਪੂਰੀ ਤਰ੍ਹਾਂ ਆਤਮ ਸਮਰਪਣ ਨਹੀਂ ਕਰਦੀ, ਉਦੋਂ ਤੱਕ ਕੋਈ ਸਮਝੌਤਾ ਨਹੀਂ ਹੋਵੇਗਾ।

ਟਰੰਪ ਦੇ ਇਸ ਬਿਆਨ ਨੇ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਛੇੜ ਦਿੱਤੀ ਹੈ ਕਿਉਂਕਿ ਟਰੰਪ ਨੇ ਈਰਾਨੀ ਲੀਡਰਸ਼ਿਪ ਦੇ ਬਦਲਾਅ ਦੀ ਗੱਲ ਵੀ ਸੰਕੇਤਾਂ ਵਿੱਚ ਕਹੀ ਹੈ। ਟਰੰਪ ਨੇ ਅੱਗੇ ਲਿਖਿਆ ਕਿ ਈਰਾਨ ਦੇ ਆਤਮ ਸਮਰਪਣ ਅਤੇ ਇੱਕ ਮਹਾਨ ਤੇ ਸਵੀਕਾਰਯੋਗ ਨੇਤਾ ਦੀ ਚੋਣ ਤੋਂ ਬਾਅਦ ਹੀ ਅਮਰੀਕਾ ਆਪਣੇ ਬਹਾਦਰ ਸਹਿਯੋਗੀਆਂ ਅਤੇ ਸਾਥੀਆਂ ਨਾਲ ਮਿਲ ਕੇ ਕੰਮ ਕਰੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਈਰਾਨ ਨੂੰ ਤਬਾਹੀ ਦੇ ਕੰਢੇ ਤੋਂ ਵਾਪਸ ਲਿਆਉਣ ਅਤੇ ਉਸ ਨੂੰ ਆਰਥਿਕ ਤੌਰ 'ਤੇ ਪਹਿਲਾਂ ਨਾਲੋਂ ਕਿਤੇ ਬਿਹਤਰ ਅਤੇ ਮਜ਼ਬੂਤ ਬਣਾਉਣ ਲਈ ਅਣਥੱਕ ਮਿਹਨਤ ਕਰਨਗੇ। ਫਿਲਹਾਲ ਅਮਰੀਕਾ ਦਾ ਰੁਖ਼ ਈਰਾਨ ਪ੍ਰਤੀ ਬਹੁਤ ਜ਼ਿਆਦਾ (ਬਾਕੀ ਸਫ਼ਾ 2 'ਤੇ)

### *ਈਰਾਨ ਨੇ ਬਹਿਰੀਨ ਦੀ ਸਰਕਾਰੀ ਤੇਲ ਰਿਫ਼ਾਇਨਰੀ 'ਤੇ ਦਾਗ਼ੀਆਂ ਮਿਜ਼ਾਈਲਾਂ*

ਨਵੀਂ ਦਿੱਲੀ, 6 ਮਾਰਚ (ਚ.ਨ.ਸ.):ਅੱਜ ਅਮਰੀਕਾ-ਇਜ਼ਰਾਈਲ-ਈਰਾਨ ਯੁੱਧ ਦਾ ਸੱਤਵਾਂ ਦਿਨ ਹੈ। ਈਰਾਨ ਨੇ ਵੀਰਵਾਰ ਨੂੰ ਬਹਿਰੀਨ ਦੀ ਸਰਕਾਰੀ ਤੇਲ ਰਿਫਾਇਨਰੀ, ਬਾਪਕੋ 'ਤੇ ਮਿਜ਼ਾਈਲ ਹਮਲਾ ਕੀਤਾ, ਜਿਸ ਨਾਲ ਰਿਫਾਇਨਰੀ ਦੀ ਇੱਕ ਯੂਨਿਟ ਵਿੱਚ ਅੱਗ ਲੱਗ ਗਈ। ਹਾਲਾਂਕਿ, ਬਾਅਦ ਵਿੱਚ ਅੱਗ 'ਤੇ ਕਾਬੂ ਪਾ ਲਿਆ ਗਿਆ। ਬਹਿਰੀਨ ਦੇ ਰਾਸ਼ਟਰੀ ਸੰਚਾਰ ਕੇਂਦਰ ਦੇ ਅਨੁਸਾਰ, ਬਾਪਕੋ ਐਨਰਜੀ ਰਿਫਾਇਨਰੀ ਰਾਜਧਾਨੀ ਮਨਾਮਾ ਦੇ ਦੱਖਣ ਵਿੱਚ, ਦੇਸ਼ ਦੇ ਪੂਰਬੀ ਤੱਟ ਤੋਂ ਦੂਰ, ਸਿਤਰਾ ਟਾਪੂ 'ਤੇ ਸਥਿਤ ਹੈ। (ਬਾਕੀ ਸਫ਼ਾ 2 'ਤੇ)

*ਪੰਜਾਬ ਵਿਧਾਨ ਦੀ ਕਾਰਵਾਈ ਰਾਜਪਾਲ ਦੇ ਭਾਸ਼ਣ ਨਾਲ ਸ਼ੁਰੂ*

# ਮੇਰੀ ਸਰਕਾਰ ਸਿਹਤ, ਪਰਿਵਾਰ ਅਤੇ ਹੋਰ ਭਲਾਈ ਸੇਵਾਵਾਂ ਪ੍ਰਦਾਨ ਕਰ ਰਹੀ ਹੈ: ਕਟਾਰੀਆ

**ਵਿਰੋਧੀ ਧਿਰ ਵੱਲੋਂ ਭਾਸ਼ਣ ਦਾ ਬਾਈਕਾਟ ਕਰਦਿਆਂ ਸਦਨ 'ਚੋਂ ਵਾਕਆਊਟ**

**ਅੰਮ੍ਰਿਤਪਾਲ ਸਿੰਘ**

================

ਚੰਡੀਗੜ੍ਹ, 6 ਮਾਰਚ: 16ਵੀਂ ਪੰਜਾਬ ਵਿਧਾਨ ਸਭਾ ਦਾ 12ਵਾਂ (ਬਜਟ) ਇਜਲਾਸ ਅੱਜ ਭਾਰੀ ਹੰਗਾਮੇ ਨਾਲ ਸ਼ੁਰੂ ਹੋਇਆ। ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਆਪਣੇ ਸੰਬੋਧਨ ਰਾਹੀਂ ਭਗਵੰਤ ਮਾਨ ਸਰਕਾਰ ਦੇ ਇਸ ਕਾਰਜਕਾਲ ਦੇ ਆਖ਼ਰੀ ਪੂਰਨ ਬਜਟ ਇਜਲਾਸ ਦਾ ਆਗਾਜ਼ ਕੀਤਾ। ਜਿਵੇਂ ਹੀ ਰਾਜਪਾਲ ਨੇ ਭਾਸ਼ਣ ਸ਼ੁਰੂ ਕੀਤਾ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਕਾਂਗਰਸੀ ਵਿਧਾਇਕਾਂ ਨੇ ਸਦਨ ਵਿੱਚ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਕਰੀਬ 17 ਮਿੰਟਾਂ ਤੱਕ ਚੱਲੇ ਜ਼ਬਰਦਸਤ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਵਿਰੋਧੀ ਧਿਰ ਨੇ ਸਦਨ ਵਿੱਚੋਂ ਵਾਕਆਊਟ ਕਰ ਦਿੱਤਾ।



ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅੱਜ ਸੂਬਾ ਸਰਕਾਰ ਦੀ ਪੰਜਾਬ ਤੇ ਪੰਜਾਬੀਆਂ ਪ੍ਰਤੀ ਲਗਨ ਤੇ ਇਮਾਨਦਾਰੀ ਨਾਲ ਸੇਵਾ ਕਰਨ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ। ਇਸ ਮੌਕੇ ਰਾਜਪਾਲ ਨੇ ਕਿਹਾ ਕਿ ਪੰਜਾਬ ਸਰਕਾਰ ਗਤੀਸ਼ੀਲ ਤੇ ਪ੍ਰਗਤੀਸ਼ੀਲ 'ਰੰਗਲਾ ਪੰਜਾਬ' ਬਣਾਉਣ ਲਈ ਸੂਬੇ ਨੂੰ ਵਿਕਾਸ ਦੇ ਰਾਹ 'ਤੇ ਲਿਜਾਣ ਲਈ ਸਮਰਪਿਤ ਭਾਵਨਾ ਨਾਲ ਕੰਮ ਕਰ ਰਹੀ ਹੈ।

ਰਾਜਪਾਲ ਕਟਾਰੀਆ ਨੇ ਸਿਹਤ ਸੰਭਾਲ, ਸਿੱਖਿਆ, ਖੇਤੀਬਾੜੀ, ਬੁਨਿਆਦੀ ਢਾਂਚਾ, ਸ਼ਾਸਨ, ਭਲਾਈ, ਉਦਯੋਗ ਅਤੇ ਜਨਤਕ ਸੇਵਾਵਾਂ ਵਿੱਚ ਪੰਜਾਬ ਸਰਕਾਰ ਦੁਆਰਾ ਕੀਤੇ ਗਏ ਉਪਰਾਲਿਆਂ ਦਾ ਵਿਸਥਾਰਤ ਵੇਰਵਾ ਪੇਸ਼ ਕੀਤਾ।

ਜਨਤਕ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਦੇ ਯਤਨਾਂ ਦਾ ਜ਼ਿਕਰ ਕਰਦਿਆਂ ਰਾਜਪਾਲ ਨੇ ਕਿਹਾ, 'ਪੰਜਾਬ ਸਰਕਾਰ ਮਜ਼ਬੂਤ, (ਬਾਕੀ ਸਫ਼ਾ 2 'ਤੇ)

## ਪੰਜਾਬ ਸਰਕਾਰ ਦਾ ਵਿੱਤੀ ਸਾਲ 2026-27 ਦਾ ਬਜਟ ਅਨੁਮਾਨ ਕੈਬਨਿਟ ਵੱਲੋਂ ਪਾਸ

**8 ਮਾਰਚ ਦਿਨ ਐਤਵਾਰ ਨੂੰ ਪੇਸ਼ ਕੀਤਾ ਜਾਵੇਗਾ ਬਜਟ**

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 6 ਮਾਰਚ: ਪੰਜਾਬ ਦੇ ਬਜਟ ਇਜਲਾਸ ਦੇ ਸ਼ੁਰੂ ਹੋਣ ਤੋਂ ਪਹਿਲਾਂ ਅੱਜ ਕੈਬਨਿਟ ਦੀ ਮੀਟਿੰਗ ਹੋਈ। ਇਸ ਦੀ ਪ੍ਰਧਾਨਗੀ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਕੀਤੀ ਗਈ। ਮੀਟਿੰਗ 'ਚ ਕੈਬਨਿਟ ਵਲੋਂ ਬਜਟ ਨੂੰ ਮਨਜ਼ੂਰੀ ਦੇ ਦਿੱਤੀ ਗਈ। ਇਸ ਸਬੰਧੀ ਮੁੱਖ ਮੰਤਰੀ ਨੇ ਟਵੀਟ ਕਰ ਕਿਹਾ ਕਿ ਪੰਜਾਬ ਸਰਕਾਰ ਦਾ ਵਿੱਤੀ ਸਾਲ 2026-2027 ਦਾ ਬਜਟ ਅਨੁਮਾਨ ਪੰਜਾਬ ਕੈਬਨਿਟ ਵਲੋਂ ਪਾਸ ਕੀਤਾ ਗਿਆ।

ਬਜਟ 8 ਮਾਰਚ ਦਿਨ ਐਤਵਾਰ ਨੂੰ ਪੇਸ਼ ਕੀਤਾ ਜਾਵੇਗਾ। ਇਹ ਦਿਨ ਕੌਮਾਂਤਰੀ ਮਹਿਲਾ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਇਹ ਬਜਟ ਹਰ ਪੰਜਾਬੀ ਦੀ ਤਰੱਕੀ ਅਤੇ ਖੁਸ਼ਹਾਲੀ 'ਚ ਵੱਡਾ ਯੋਗਦਾਨ ਪਾਏਗਾ।

### *ਐਸ.ਜੀ.ਪੀ.ਸੀ. ਦਾ ਸਾਲਾਨਾ ਬਜਟ 28 ਮਾਰਚ ਨੂੰ ਹੋਵੇਗਾ ਪੇਸ਼*

ਅੰਮ੍ਰਿਤਸਰ, 6 ਮਾਰਚ (ਚ.ਨ.ਸ.): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦਾ ਸਾਲਾਨਾ ਬਜਟ ਇਜਲਾਸ 28 ਮਾਰਚ ਨੂੰ ਦੁਪਹਿਰ 12 ਵਜੇ ਤੇਜਾ ਸਿੰਘ ਸਮੁੰਦਰ ਹਾਲ ਵਿਖੇ ਹੋਵੇਗਾ। ਇਹ ਜਾਣਕਾਰੀ ਐਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਅੰਮ੍ਰਿਤਸਰ ਹੈੱਡਕੁਆਰਟਰ ਵਿਖੇ ਅੰਤ੍ਰਿਮ ਕਮੇਟੀ ਦੀ ਮੀਟਿੰਗ ਤੋਂ ਬਾਅਦ ਪ੍ਰੈਸ ਕਾਨਫਰੰਸ ਦੌਰਾਨ ਦਿੱਤੀ। ਧਾਮੀ ਨੇ ਦੱਸਿਆ ਕਿ ਇਸ ਇਜਲਾਸ ਵਿੱਚ ਧਾਰਾ 85 ਅਧੀਨ ਗੁਰਦੁਆਰਿਆਂ, ਟਰੱਸਟਾਂ ਅਤੇ ਵਿਦਿਅਕ ਸੰਸਥਾਵਾਂ ਦੇ ਨਾਲ-ਨਾਲ ਧਾਰਾ 87 ਅਧੀਨ ਗੁਰਦੁਆਰਿਆਂ ਦੇ ਬਜਟ ਪੇਸ਼ ਕੀਤੇ ਜਾਣਗੇ। ਇਸ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ, ਸਿੱਖ ਇਤਿਹਾਸ ਬੋਰਡ, ਪ੍ਰਿੰਟਿੰਗ ਪ੍ਰੈਸ ਅਤੇ ਹੋਰ ਸੰਸਥਾਵਾਂ ਦੇ ਆਮਦਨ ਅਤੇ ਖਰਚ ਦੇ ਵੇਰਵੇ ਵੀ ਪੇਸ਼ ਕੀਤੇ ਜਾਣਗੇ। (ਬਾਕੀ ਸਫ਼ਾ 2 'ਤੇ)

## ਰਣਜੀਤ ਸਿੰਘ ਦੀ ਮਾਤਾ ਵੱਲੋਂ ਪਾਈ ਪਟੀਸ਼ਨ 'ਤੇ ਹਾਈ ਕੋਰਟ ਨੇ ਪੰਜਾਬ ਅਤੇ ਕੇਂਦਰ ਨੂੰ ਨੋਟਿਸ ਭੇਜਿਆ

**ਪਰਿਵਾਰ ਨੇ ਸੀ.ਬੀ.ਆਈ. ਜਾਂਚ ਦੀ ਕੀਤੀ ਮੰਗ**




**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 6 ਮਾਰਚ::ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਵਿੱਚ 19 ਸਾਲਾ ਨੌਜਵਾਨ ਦੀ ਕਥਿਤ ਪੁਲਿਸ ਮੁਕਾਬਲੇ ਵਿੱਚ ਮੌਤ ਦੇ ਸਬੰਧ ਵਿੱਚ ਮ੍ਰਿਤਕ ਦੀ ਮਾਂ ਸੁਖਜਿੰਦਰ ਕੌਰ ਵੱਲੋਂ ਦਾਇਰ ਪਟੀਸ਼ਨ 'ਤੇ ਹਾਈ ਕੋਰਟ ਨੇ ਪੰਜਾਬ ਅਤੇ ਕੇਂਦਰ ਸਰਕਾਰਾਂ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਪਟੀਸ਼ਨ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਪੰਜਾਬ ਪੁਲਿਸ ਵੱਲੋਂ ਕੀਤਾ ਗਿਆ ਮੁਕਾਬਲਾ ਗੈਰ-ਕਾਨੂੰਨੀ, ਮਨਮਾਨੀ ਅਤੇ ਗੈਰ-ਸੰਵਿਧਾਨਕ ਹੈ, ਅਤੇ ਇਸ ਦੀ ਨਿਰਪੱਖ ਜਾਂਚ ਕੀਤੀ ਜਾਣੀ ਚਾਹੀਦੀ ਹੈ। ਪਟੀਸ਼ਨ ਵਿੱਚ ਸੁਖਜਿੰਦਰ ਕੌਰ ਨੇ ਅਦਾਲਤ ਨੂੰ ਮਾਮਲੇ ਦੀ ਜਾਂਚ ਲਈ ਪੁਲਿਸ ਅਧਿਕਾਰੀਆਂ ਤੋਂ ਵੱਖਰਾ ਇੱਕ ਵਿਸ਼ੇਸ਼ ਜਾਂਚ ਟੀਮ (ਸਿਟ) ਗਠਿਤ ਕਰਨ ਦੀ ਬੇਨਤੀ ਕੀਤੀ ਹੈ। ਉਸ ਨੇ ਇਹ ਵੀ ਬੇਨਤੀ ਕੀਤੀ ਹੈ ਕਿ ਪਾਰਦਰਸ਼ੀ (ਬਾਕੀ ਸਫ਼ਾ 2 'ਤੇ)

## ਵਿਧਾਨ ਸਭਾ ਲਈ ਮਾਰਚ ਤੋਂ ਪਹਿਲਾ ਹਜ਼ਾਰਾਂ ਕਾਂਗਰਸੀ ਵਰਕਰ ਹਿਰਾਸਤ ਵਿੱਚ ਲਏ

**ਅੰਮ੍ਰਿਤਪਾਲ ਸਿੰਘ**

================

ਚੰਡੀਗੜ੍ਹ, 6 ਮਾਰਚ:ਪੰਜਾਬ ਭਰ ਤੋਂ ਆਏ ਹਜ਼ਾਰਾਂ ਕਾਂਗਰਸੀ ਵਰਕਰਾਂ ਨੇ ਅੱਜ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ ਦੇ ਵਿਰੋਧ ਵਿੱਚ ਵੱਡਾ ਰੋਸ ਪ੍ਰਦਰਸ਼ਨ ਕੀਤਾ।

ਪਾਰਟੀ ਨੇ ਖ਼ਾਸ ਤੌਰ 'ਤੇ ਮਹਿਲਾਵਾਂ ਨੂੰ ਹਰ ਮਹੀਨੇ 1000 ਰੁਪਏ ਦੇਣ ਦੇ ਵਾਅਦੇ ਦਾ ਜ਼ਿਕਰ ਕਰਦੇ ਹੋਏ, ਕਿਹਾ ਕਿ ਇਹ ਵਾਅਦਾ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ ਹੈ ਅਤੇ ਸਰਕਾਰ ਨੂੰ ਚਾਰ ਸਾਲਾਂ ਦੇ ਬਕਾਏ ਸਮੇਤ ਇਹ ਰਕਮ ਅਦਾ ਕਰਨੀ ਚਾਹੀਦੀ ਹੈ।

ਪਾਰਟੀ ਆਗੂਆਂ ਨੇ ਸੂਬੇ ਅੰਦਰ ਕਾਨੂੰਨ-ਵਿਵਸਥਾ ਅਤੇ ਆਰਥਿਕ ਹਾਲਾਤਾਂ ਦੇ ਵਿਗੜਨ ਨੂੰ ਲੈ ਕੇ ਵੀ ਸਰਕਾਰ ਨੂੰ ਘੇਰਿਆ।

ਜ਼ਿਕਰਯੋਗ ਹੈ ਕਿ ਕਾਂਗਰਸ ਨੇ ਬਜਟ ਸੈਸ਼ਨ ਦੇ ਪਹਿਲੇ ਦਿਨ ਪੰਜਾਬ ਵਿਧਾਨ ਸਭਾ ਦਾ 'ਘੇਰਾਓ' ਕਰਨ ਦੀ ਯੋਜਨਾ ਬਣਾਈ ਸੀ। ਇਸ ਲਈ ਵਰਕਰ ਪਹਿਲਾਂ ਹੀ ਕਾਂਗਰਸ ਭਵਨ ਦੇ ਬਾਹਰ ਇਕੱਠੇ ਹੋਏ ਅਤੇ ਉੱਥੋਂ ਵਿਧਾਨ ਸਭਾ ਵੱਲ ਮਾਰਚ ਕਰਨ ਲੱਗੇ।



ਹਾਲਾਂਕਿ ਪੁਲਿਸ ਨੇ ਉਨ੍ਹਾਂ ਨੂੰ ਰੋਕ ਲਿਆ ਅਤੇ ਕਈ ਵਰਕਰਾਂ ਨੂੰ ਹਿਰਾਸਤ ਵਿੱਚ ਲੈ ਲਿਆ। ਇਸ ਦੌਰਾਨ ਵਿਧਾਨ ਸਭਾ ਦੇ ਆਲੇ-ਦੁਆਲੇ ਭਾਰੀ ਪੁਲਿਸ ਬੰਦੋਬਸਤ ਕੀਤਾ ਗਿਆ ਸੀ, ਤਾਂ ਜੋ ਪ੍ਰਦਰਸ਼ਨਕਾਰੀ ਉੱਥੇ ਤੱਕ ਨਾ ਪਹੁੰਚ ਸਕਣ।

ਇਸ ਮੌਕੇ ਵਰਕਰਾਂ ਨੂੰ ਸੰਬੋਧਨ ਕਰਦਿਆਂ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਮੌਜੂਦਾ ਸਰਕਾਰ ਅਤੇ ਮੁੱਖ ਮੰਤਰੀ ਪੂਰੀ ਤਰ੍ਹਾਂ ਨਾਕਾਮ ਰਹੇ ਹਨ। (ਬਾਕੀ ਸਫ਼ਾ 2 'ਤੇ)

## ਪੰਜਾਬ ਵਿਧਾਨ ਸਭਾ ਵੱਲੋਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ

**ਚੜ੍ਹਦੀਕਲਾ ਬਿਊਰੋ**

================



ਚੰਡੀਗੜ੍ਹ, 6 ਮਾਰਚ:ਪੰਜਾਬ ਵਿਧਾਨ ਸਭਾ ਵੱਲੋਂ ਅੱਜ ਵਿਧਾਨ ਸਭਾ ਦੇ ਪਿਛਲੇ ਸੈਸ਼ਨ ਤੋਂ ਬਾਅਦ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ।

16ਵੀਂ ਪੰਜਾਬ ਵਿਧਾਨ ਸਭਾ ਦੇ 12ਵੇਂ ਬਜਟ ਸੈਸ਼ਨ ਦੌਰਾਨ ਸਦਨ ਨੇ ਪੰਜਾਬ ਦੇ ਸਾਬਕਾ ਮੰਤਰੀ ਰਘਬੀਰ ਸਿੰਘ, ਪੰਜਾਬ ਵਿਧਾਨ ਸਭਾ ਦੇ ਸਾਬਕਾ ਮੈਂਬਰ ਸ. ਗੁਰਦੀਪ ਸਿੰਘ ਭੈਣੀ, ਆਜ਼ਾਦੀ ਘੁਲਾਟੀਏ ਦਲੀਪ ਸਿੰਘ, ਸ਼ਹੀਦ ਜੋਬਨਜੀਤ ਸਿੰਘ , ਪਨਸੀਡ ਦੇ ਸਾਬਕਾ ਚੇਅਰਮੈਨ ਅਸ਼ੋਕ ਧੀਰ, ਕੈਬਨਿਟ ਮੰਤਰੀ ਅਮਨ ਅਰੋੜਾ ਦੇ ਸਹੁਰੇ ਸੰਦੀਪ ਗਲਹੋਤਰਾ, ਪੰਜਾਬ ਦੇ ਵਿਧਾਇਕ ਡਾ. ਅਜੈ ਗੁਪਤਾ ਦੀ ਪਤਨੀ ਰੇਣੂ ਗੁਪਤਾ, ਪੰਜਾਬ ਦੇ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਦੇ ਪਿਤਾ ਰਾਮ ਕ੍ਰਿਸ਼ਨ, ਪੰਜਾਬ ਦੇ ਵਿਧਾਇਕ ਨਛੱਤਰ ਪਾਲ ਦੇ ਭਰਾ ਸੁਖਵਿੰਦਰ ਕੁਮਾਰ, ਉੱਘੇ ਪੱਤਰਕਾਰ ਐਚ.ਕੇ. ਦੂਆ, ਸਾਬਕਾ ਸਕੱਤਰ ਪੰਜਾਬ ਵਿਧਾਨ ਸਭਾ ਜੀ.ਐਲ. ਕੌਲ, ਪੰਜਾਬੀ ਕਵੀ ਨਵਰਾਹੀ ਘੁਗਿਆਣਵੀ, ਭਾਰਤੀ ਟੈਲੀਵਿਜ਼ਨ ਬ੍ਰਾਂਡ ਟੈਕਸਲਾ ਦੇ ਸੰਸਥਾਪਕ ਰਾਜਾ ਸਿੰਘ ਨੂੰ ਸ਼ਰਧਾਂਜਲੀ ਦਿੱਤੀ।

ਸ਼ਰਧਾਂਜਲੀ ਦੇਣ ਸਮੇਂ ਸਤਿਕਾਰ ਵਜੋਂ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖਿਆ ਗਿਆ।

### *ਚਾਂਦੀ 'ਚ 5 000 ਤੋਂ ਵੱਧ ਦਾ ਉਛਾਲ, ਸੋਨਾ ਵੀ ਹੋਇਆ ਮਹਿੰਗਾ*

ਨਵੀਂ ਦਿੱਲੀ, 6 ਮਾਰਚ (ਚ.ਨ.ਸ.): ਹਫ਼ਤੇ ਦੇ ਆਖਰੀ ਕਾਰੋਬਾਰੀ ਦਿਨ ਭਾਵ ਅੱਜ ਸ਼ੁੱਕਰਵਾਰ (6 ਮਾਰਚ) ਨੂੰ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਵਾਧਾ ਜਾਰੀ ਰਿਹਾ। ਐਮਸੀਐਕਸ 'ਤੇ 10 ਗ੍ਰਾਮ ਸੋਨੇ ਦੀ ਕੀਮਤ 1,268 ਰੁਪਏ ਵਧ ਕੇ 1,60,941 ਰੁਪਏ 'ਤੇ ਕਾਰੋਬਾਰ ਕਰ ਰਹੀ ਹੈ। ਚਾਂਦੀ ਦੀਆਂ ਕੀਮਤਾਂ ਵੀ 5,241 ਰੁਪਏ ਵਧ ਕੇ ਇੱਕ ਕਿਲੋਗ੍ਰਾਮ ਦੀ ਕੀਮਤ 2,67,432 ਰੁਪਏ 'ਤੇ ਆ ਗਈਆਂ।

ਦਿੱਲੀ ਵਿੱਚ ਸੋਨੇ ਦੀਆਂ ਕੀਮਤਾਂ 7,600 ਰੁਪਏ ਡਿੱਗ ਗਈਆਂ, ਜਦੋਂ ਕਿ ਚਾਂਦੀ 27,700 ਰੁਪਏ ਡਿੱਗ ਗਈ।ਵੀਰਵਾਰ ਨੂੰ, ਰਾਸ਼ਟਰੀ ਰਾਜਧਾਨੀ ਦੇ ਸਰਾਫਾ ਬਾਜ਼ਾਰ ਵਿੱਚ ਸੋਨੇ ਦੀਆਂ ਕੀਮਤਾਂ 7,600 ਰੁਪਏ (ਬਾਕੀ ਸਫ਼ਾ 2 'ਤੇ)

## ਭਾਰਤੀ ਖੇਤੀਬਾੜੀ ਨੂੰ ਨਿਰਯਾਤ-ਮੁਖੀ ਅਤੇ ਵਿਸ਼ਵ ਪੱਧਰ 'ਤੇ ਪ੍ਰਤੀਯੋਗੀ ਬਣਾਉਣ ਦੀ ਲੋੜ: ਮੋਦੀ

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 6 ਮਾਰਚ:ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਕਿਸਾਨਾਂ ਨੂੰ ਭਾਰਤ ਦੀਆਂ ਵਿਭਿੰਨ ਜਲਵਾਯੂ ਸਥਿਤੀਆਂ ਦਾ ਲਾਭ ਉਠਾਉਣ ਅਤੇ ਉੱਚ-ਮੁੱਲ ਵਾਲੀਆਂ ਫਸਲਾਂ ਦੀ ਪੈਦਾਵਾਰ ਵਧਾਉਣ 'ਤੇ ਧਿਆਨ ਕੇਂਦਰਿਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅਜਿਹਾ ਕਰਨ ਨਾਲ ਦੇਸ਼ ਦੇ ਖੇਤੀਬਾੜੀ ਉਤਪਾਦ ਵਿਸ਼ਵ ਬਾਜ਼ਾਰਾਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਮੁਕਾਬਲਾ ਕਰ ਸਕਣਗੇ। 'ਖੇਤੀਬਾੜੀ ਅਤੇ ਪੇਂਡੂ ਪਰਿਵਰਤਨ' ਵਿਸ਼ੇ 'ਤੇ ਇੱਕ ਪੋਸਟ-ਬਜਟ ਵੈਬਿਨਾਰ ਨੂੰ ਸੰਬੋਧਨ ਕਰਦੇ ਮੋਦੀ ਨੇ ਕਿਹਾ ਕਿ ਭਾਰਤੀ ਖੇਤੀਬਾੜੀ ਉਤਪਾਦਾਂ ਦੀ ਗੁਣਵੱਤਾ, ਬ੍ਰਾਂਡਿੰਗ ਅਤੇ ਮਿਆਰਾਂ ਦੇ ਸਾਰੇ ਪਹਿਲੂਆਂ 'ਤੇ ਕੰਮ ਕਰਨ ਦੀ ਲੋੜ ਹੈ।



ਉਨ੍ਹਾਂ ਕਿਹਾ ਕਿ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਖੇਤੀਬਾੜੀ ਮਾਹਿਰਾਂ, ਉਦਯੋਗਾਂ ਅਤੇ ਕਿਸਾਨਾਂ ਨੂੰ ਇਕੱਠੇ ਹੋਣਾ ਚਾਹੀਦਾ ਹੈ। ਆਪਣੇ ਤੀਜੇ ਪੋਸਟ-ਬਜਟ ਵੈਬਿਨਾਰ ਵਿੱਚ ਪ੍ਰਧਾਨ ਮੰਤਰੀ ਨੇ ਕਿਹਾ, 'ਅੱਜ ਵਿਸ਼ਵ ਬਾਜ਼ਾਰ ਖੁੱਲ੍ਹ ਰਹੇ ਹਨ ਅਤੇ ਵਿਸ਼ਵ ਮੰਗ ਬਦਲ ਰਹੀ ਹੈ... ਖੇਤੀਬਾੜੀ ਨੂੰ ਨਿਰਯਾਤ-ਮੁਖੀ ਬਣਾਉਣ 'ਤੇ ਹੋਰ ਚਰਚਾ ਕਰਨ ਦੀ ਲੋੜ ਹੈ। ਸਾਡੇ ਕੋਲ ਵਿਭਿੰਨ ਜਲਵਾਯੂ ਹਨ ਅਤੇ ਸਾਨੂੰ ਇਸਦਾ ਪੂਰਾ ਲਾਭ ਉਠਾਉਣਾ ਚਾਹੀਦਾ ਹੈ। ਅਸੀਂ ਖੇਤੀਬਾੜੀ-ਜਲਵਾਯੂ ਖੇਤਰਾਂ ਵਿੱਚ ਅਮੀਰ ਹਾਂ।' ਮੋਦੀ ਨੇ ਕਿਹਾ ਕਿ ਵਿੱਤੀ ਸਾਲ 2026-27 ਦਾ ਬਜਟ ਕਾਜੂ, ਕੋਕੋ ਅਤੇ ਚੰਦਨ ਸਮੇਤ ਉੱਚ-ਮੁੱਲ ਵਾਲੀ ਖੇਤੀ 'ਤੇ ਵੀ ਕੇਂਦ੍ਰਿਤ ਹੈ। ਰਾਸ਼ਟਰੀ ਖਾਣ ਵਾਲੇ ਤੇਲਾਂ ਅਤੇ ਦਾਲਾਂ 'ਤੇ ਮਿਸ਼ਨ ਅਤੇ ਰਾਸ਼ਟਰੀ ਕੁਦਰਤੀ ਖੇਤੀ ਮਿਸ਼ਨ, ਇਹ ਸਾਰੇ ਖੇਤੀਬਾੜੀ ਖੇਤਰ ਨੂੰ ਮਜ਼ਬੂਤ ਕਰ ਰਹੇ ਹਨ।

ਉਨ੍ਹਾਂ ਜ਼ੋਰ ਦੇ ਕੇ ਕਿਹਾ, 'ਜੇ ਅਸੀਂ ਉੱਚ-ਮੁੱਲ ਵਾਲੇ ਖੇਤੀਬਾੜੀ ਖੇਤਰ ਦਾ ਵੱਡੇ ਪੱਧਰ 'ਤੇ ਵਿਸਤਾਰ ਕਰੀਏ ਤਾਂ ਹੀ ਅਸੀਂ ਆਪਣੀ ਖੇਤੀਬਾੜੀ ਨੂੰ ਵਿਸ਼ਵ ਪੱਧਰ 'ਤੇ ਮੁਕਾਬਲੇ ਵਾਲੇ ਖੇਤਰ ਵਿੱਚ ਬਦਲ ਸਕਦੇ ਹਾਂ।' ਪ੍ਰਧਾਨ ਮੰਤਰੀ ਨੇ ਕਿਹਾ ਕਿ (ਬਾਕੀ ਸਫ਼ਾ 2 'ਤੇ)

**ਯੂ.ਪੀ.ਐਸ.ਸੀ. ਨੇ ਨਤੀਜੇ ਐਲਾਨੇ**

### ਸਿਵਲ ਸਰਵਿਸਿਜ਼ ਪ੍ਰੀਖਿਆ 'ਚ ਰਾਜਸਥਾਨ ਦੇ ਅਨੁਜ ਨੇ ਮਾਰੀ ਬਾਜ਼ੀ

ਨਵੀਂ ਦਿੱਲੀ, 6 ਮਾਰਚ (ਚ.ਨ.ਸ.):ਯੂ.ਪੀ.ਐਸ.ਸੀ. ਨੇ ਸਿਵਲ ਸਰਵਿਸਿਜ਼ ਪ੍ਰੀਖਿਆ 2025 ਦਾ ਅੰਤਿਮ ਨਤੀਜਾ ਜਾਰੀ ਕਰ ਦਿੱਤਾ ਹੈ ਜਿਸ ਵਿੱਚ ਰਾਜਸਥਾਨ ਦੇ ਚਿਤੌੜਗੜ੍ਹ ਜ਼ਿਲ੍ਹੇ ਦੇ ਰਾਵਤਭਾਟਾ ਦੇ ਰਹਿਣ ਵਾਲੇ ਅਨੁਜ ਅਗਨੀਹੋਤਰੀ ਨੇ ਪੂਰੇ ਭਾਰਤ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਟੌਪ ਕੀਤਾ ਹੈ। ਇਸ ਵਾਰ ਕੁੱਲ 958 ਉਮੀਦਵਾਰਾਂ ਦੀ ਚੋਣ ਵੱਖ-ਵੱਖ ਸਰਕਾਰੀ ਸੇਵਾਵਾਂ ਲਈ ਕੀਤੀ ਗਈ ਹੈ ਅਤੇ ਖਾਸ ਗੱਲ ਇਹ ਹੈ ਕਿ ਸਿਖਰਲੇ 10 ਉਮੀਦਵਾਰਾਂ ਵਿੱਚ 3 ਲੜਕੀਆਂ ਨੇ ਆਪਣੀ ਜਗ੍ਹਾ ਬਣਾਈ ਹੈ। ਪ੍ਰੀਖਿਆ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਉਮੀਦਵਾਰ ਆਪਣਾ ਪੂਰਾ ਨਤੀਜਾ ਵਿਭਾਗ ਦੀ ਅਧਿਕਾਰਤ ਵੈੱਬਸਾਈਟ upsc.gov.in 'ਤੇ ਜਾ ਕੇ ਦੇਖ ਸਕਦੇ ਹਨ। (ਬਾਕੀ ਸਫ਼ਾ 2 'ਤੇ)

## ਹਵਾਈ ਫ਼ੌਜ ਦਾ ਸੁਖੋਈ-30 ਨੂੰ ਹਾਦਸਾ, ਦੋਵੇਂ ਪਾਇਲਟ ਸ਼ਹੀਦ

**ਚੜ੍ਹਦੀਕਲਾ ਬਿਊਰੋ**

================



ਗੁਹਾਟੀ,6 ਮਾਰਚ: ਆਸਾਮ ਦੇ ਕਾਰਬੀ ਆਂਗਲੋਂਗ ਜ਼ਿਲ੍ਹੇ 'ਚ ਭਾਰਤੀ ਹਵਾਈ ਫ਼ੌਜ (ਆਈਏਐਫ) ਦਾ ਇਕ ਸੁਖੋਈ-30 ਐੱਮਕੇਆਈ ਲੜਾਕੂ ਜਹਾਜ਼ ਹਾਦਸੇ ਦਾ ਸ਼ਿਕਾਰ ਹੋਣ ਦੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਇਸ ਹਾਦਸੇ 'ਚ ਜਹਾਜ਼ ਸਵਾਰ ਦੋਵੇਂ ਪਾਇਲਟ ਸ਼ਹੀਦ ਹੋ ਗਏ ਹਨ। ਭਾਰਤੀ ਹਵਾਈ ਫ਼ੌਜ ਨੇ ਸ਼ੁੱਕਰਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਜਹਾਜ਼ ਇਕ ਸਿਖਲਾਈ ਮਿਸ਼ਨ 'ਤੇ ਸੀ। ਇਸ ਨੇ ਵੀਰਵਾਰ ਸ਼ਾਮ ਨੂੰ ਜੋਰਹਾਟ ਏਅਰਬੇਸ ਤੋਂ ਉਡਾਣ ਭਰੀ ਸੀ ਅਤੇ ਏਅਰਬੇਸ ਤੋਂ ਲਗਭਗ 60 ਕਿਲੋਮੀਟਰ ਦੀ ਦੂਰੀ 'ਤੇ ਹਾਦਸੇ ਦਾ ਸ਼ਿਕਾਰ ਹੋ ਗਿਆ।ਹਵਾਈ ਫ਼ੌਜ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' (ਪਹਿਲਾਂ ਟਵਿੱਟਰ) 'ਤੇ ਇਕ ਪੋਸਟ ਰਾਹੀਂ ਦੱਸਿਆ ਕਿ ਇਸ ਹਾਦਸੇ 'ਚ ਸਕੁਐਡਰਨ ਲੀਡਰ ਅਨੁਜ ਅਤੇ ਫਲਾਈਟ ਲੈਫਟੀਨੈਂਟ ਪੁਰਵੇਸ਼ ਦੁਰਗਾਕਰ ਸ਼ਹੀਦ ਹੋ ਗਏ ਹਨ। ਹਵਾਈ ਫ਼ੌਜ ਦੇ ਸਾਰੇ ਕਰਮਚਾਰੀਆਂ ਨੇ ਪਾਇਲਟਾਂ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਦੁਖੀ ਪਰਿਵਾਰਾਂ ਨਾਲ ਹਮਦਰਦੀ ਜ਼ਾਹਰ ਕੀਤੀ ਹੈ। ਰੱਖਿਆ ਵਿਭਾਗ ਦੇ ਬੁਲਾਰੇ ਅਨੁਸਾਰ, ਜਹਾਜ਼ ਦਾ ਮਲਬਾ ਸ਼ੁੱਕਰਵਾਰ ਤੜਕੇ ਲਗਭਗ 1 ਵਜੇ ਬਰਾਮਦ (ਬਾਕੀ ਸਫ਼ਾ 2 'ਤੇ)

### ਬਾਘਾ ਪੁਰਾਣਾ 'ਚ ਦਿਨ ਦਿਹਾੜੇ ਮੌਜੂਦਾ ਸਰਪੰਚ ਦਾ ਗੋਲ਼ੀਆਂ ਮਾਰ ਕੇ ਕਤਲ

ਮੋਗਾ, 6 ਮਾਰਚ (ਨਿਸ਼ੀ ਮਨਚੰਦਾ, ਗੁਰਦੇਵ ਖੁਰਾਣਾ) : ਮੋਗਾ ਜ਼ਿਲ੍ਹੇ ਦੇ ਕਸਬਾ ਬਾਘਾ ਪੁਰਾਣਾ ਵਿੱਚ ਦਿਨ ਦਿਹਾੜੇ ਗੋਲੀਆਂ ਚੱਲਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ।



ਇਸ ਘਟਨਾ ਦੌਰਾਨ ਮੌਜੂਦਾ ਸਰਪੰਚ ਹੈਪੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ, ਜਿਸਨੂੰ ਤੁਰੰਤ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।ਮਿਲੀ ਜਾਣਕਾਰੀ ਮੁਤਾਬਕ ਇਹ ਘਟਨਾ ਪੁਰਾਣੀ ਰੰਜਿਸ਼ ਦੇ ਚਲਦਿਆਂ ਵਾਪਰੀ ਦੱਸੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਕੁਝ ਅਣਪਛਾਤੇ ਵਿਅਕਤੀ ਇੱਕ ਫਾਰਚੂਨਰ ਗੱਡੀ ਵਿੱਚ ਆਏ ਅਤੇ ਉਨ੍ਹਾਂ ਨੇ ਸਰਪੰਚ ਹੈਪੀ 'ਤੇ ਅਚਾਨਕ ਗੋਲੀਆਂ ਚਲਾ ਦਿੱਤੀਆਂ। (ਬਾਕੀ ਸਫ਼ਾ 2 'ਤੇ)

## ਨਾਭਾ-ਭਾਦਸੋਂ ਰੋਡ 'ਤੇ ਟਿੱਪਰ ਅਤੇ ਬੱਸ ਦੀ ਸਿੱਧੀ ਟੱਕਰ 'ਚ 3 ਮਰੇ



**ਬਲਜਿੰਦਰ ਮਾਨ**

================

ਨਾਭਾ, 6 ਮਾਰਚ : ਨਾਭਾ-ਭਾਦਸੋਂ ਰੋਡ ਨੇੜੇ ਮਲਕੀਤ ਕੰਬਾਈਨ ਟਿੱਪਰ ਤੇ ਪੈਪਸੂ ਰੋਡ ਕਾਰਪੋਰੇਸ਼ਨ ਦੀ ਬੱਸ ਦੀ ਆਮੋ ਸਾਹਮਣੇ ਟੱਕਰ ਹੋ ਗਈ ਜਿਸ ਦੇ ਵਿੱਚ ਦੋ ਮੋਟਰਸਾਈਕਲ ਸਵਾਰ ਮੌਕੇ 'ਤੇ ਟਿੱਪਰ ਨੇ ਕੁਚਲ ਦਿੱਤੇ ਤੇ ਬੱਸ ਡਰਾਈਵਰ ਸਮੇਤ ਤਿੰਨ ਲੋਕਾਂ ਦੀ ਮੌਕੇ 'ਤੇ ਮੌਤ ਹੋ ਗਈ ਤੇ ਦਰਜਨਾ ਸਵਾਰੀਆਂ ਫੱਟੜ ਹੋ ਗਈਆਂ, ਉੱਥੇ ਟਿੱਪਰ ਡਰਾਈਵਰ ਨੂੰ ਲੋਕਾਂ ਨੇ ਬੜੀ ਮੁਸ਼ਕਿਲ ਦੇ ਨਾਲ ਬਾਹਰ ਕੱਢਿਆ ਤੇ ਐਂਬੂਲੈਂਸ ਤੇ ਪਿੰਡ ਦੇ ਲੋਕਾਂ ਤੇ ਪੁਲਿਸ ਵੱਲੋਂ ਬਸ 'ਚ ਸਵਾਰ ਸਵਾਰੀਆਂ ਨੂੰ ਬਾਹਰ ਕੱਢ ਕੇ ਨਾਭੇ ਦੇ ਸਰਕਾਰੀ ਹਸਪਤਾਲ ਦੇ ਵਿੱਚ ਭੇਜਿਆ ਗਿਆ ਜਿੱਥੇ ਉਹਨਾਂ (ਬਾਕੀ ਸਫ਼ਾ 2 'ਤੇ)

# ਪੰਜਾਬ ਦੇ ਖਪਤਕਾਰਾਂ ਲਈ ਬਿਜਲੀ ਦਰਾਂ 'ਚ ਕਟੌਤੀ

**ਘਰੇਲੂ ਖਪਤਕਾਰਾਂ ਨੂੰ ਪ੍ਰਤੀ ਯੂਨਿਟ 1.5 ਰੁ., ਵਪਾਰਕ ਦਰਾਂ 'ਚ 79 ਪੈਸੇ ਅਤੇ ਉਦਯੋਗਿਕ ਦਰਾਂ ਵਿੱਚ 74 ਪੈਸੇ ਤੱਕ ਦੀ ਕਟੌਤੀ ਦਾ ਮਿਲੇਗਾ ਲਾਭ**

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 6 ਮਾਰਚ: ਪੰਜਾਬ ਭਰ ਵਿੱਚ ਘਰਾਂ, ਕਾਰੋਬਾਰਾਂ ਅਤੇ ਉਦਯੋਗਾਂ ਨੂੰ ਵੱਡੀ ਰਾਹਤ ਦਿੰਦਿਆਂ ਵਿੱਤੀ ਸਾਲ 2026-27 ਲਈ ਵੱਖ-ਵੱਖ ਸ਼੍ਰੇਣੀ ਦੇ ਖਪਤਕਾਰਾਂ ਲਈ ਬਿਜਲੀ ਦਰਾਂ ਵਿੱਚ ਕਟੌਤੀ ਕੀਤੀ ਗਈ ਹੈ, ਜਿਸ ਨਾਲ ਘਰੇਲੂ ਖਪਤਕਾਰਾਂ ਲਈ ਬਿਜਲੀ ਦਰਾਂ ਪ੍ਰਤੀ ਯੂਨਿਟ 1.5 ਰੁਪਏ ਤੱਕ, ਵਪਾਰਕ ਉਪਭੋਗਤਾਵਾਂ ਲਈ 79 ਪੈਸੇ ਪ੍ਰਤੀ ਯੂਨਿਟ ਅਤੇ ਉਦਯੋਗਿਕ ਇਕਾਈਆਂ ਲਈ 74 ਪੈਸੇ ਪ੍ਰਤੀ ਯੂਨਿਟ ਤੱਕ ਕਟੌਤੀ ਕੀਤੀ ਗਈ ਹੈ।

ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਵਿਸ਼ਵਜੀਤ ਖੰਨਾ, ਆਈਏਐਸ (ਸੇਵਾਮੁਕਤ) ਦੀ ਪ੍ਰਧਾਨਗੀ ਅਤੇ ਮੈਂਬਰ ਰਵਿੰਦਰ ਸਿੰਘ ਸੈਣੀ (ਮੈਂਬਰ ਟੈਕਨੀਕਲ) ਅਤੇ ਰਵੀ ਕੁਮਾਰ (ਮੈਂਬਰ ਲੀਗਲ) ਮੌਜੂਦਗੀ 'ਚ ਜਾਰੀ ਕੀਤਾ ਗਿਆ ਨਵਾਂ ਟੈਰਿਫ ਆਰਡਰ 1 ਅਪ੍ਰੈਲ, 2026 ਤੋਂ 31 ਮਾਰਚ, 2027 ਤੱਕ ਲਾਗੂ ਹੋ ਜਾਵੇਗਾ। ਇਸ ਫੈਸਲੇ ਨੂੰ ਵੱਡਾ ਲੋਕ-ਪੱਖੀ ਕਦਮ ਕਰਾਰ ਦਿੰਦਿਆਂ ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਵੱਖ-ਵੱਖ ਸ਼੍ਰੇਣੀਆਂ ਦੇ ਟੈਰਿਫ ਵਿੱਚ ਕਟੌਤੀ ਨਾਲ ਘਰੇਲੂ ਖ਼ਪਤਕਾਰਾਂ ਨੂੰ ਕਾਫ਼ੀ ਰਾਹਤ ਮਿਲੇਗੀ, ਐਮ.ਐਸ.ਐਮ.ਈ. ਮਜ਼ਬੂਤ ਹੋਣਗੇ ਅਤੇ ਪੰਜਾਬ ਵਿੱਚ ਉਦਯੋਗਿਕ ਮੁਕਾਬਲੇਬਾਜ਼ੀ ਨੂੰ ਹੁਲਾਰਾ ਮਿਲੇਗਾ। ਉਨ੍ਹਾਂ ਅੱਗੇ ਕਿਹਾ ਕਿ ਈ.ਵੀ. ਚਾਰਜਿੰਗ ਟੈਰਿਫ ਨੂੰ 5 ਰੁਪਏ ਪ੍ਰਤੀ ਯੂਨਿਟ ਤੱਕ ਕਟੌਤੀ, ਜੋ ਦੇਸ਼ ਵਿੱਚ ਸਭ ਤੋਂ ਘੱਟ ਹੈ, ਦੇ ਨਾਲ-ਨਾਲ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ) ਦੇ ਵਿੱਤੀ ਬਦਲਾਅ ਦੇ ਨਾਲ, ਜਿਸਨੇ ਏ+ ਰੇਟਿੰਗ ਪ੍ਰਾਪਤ ਕੀਤੀ ਹੈ ਅਤੇ 2634 ਕਰੋੜ ਦਾ ਮੁਨਾਫਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਇਹ ਫੈਸਲਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਦੇ ਬਿਜਲੀ ਖੇਤਰ ਦੀ ਵਧਦੀ ਕੁਸ਼ਲਤਾ ਦੀ ਮੂੰਹ ਬੋਲਦੀ ਤਸਵੀਰ ਹੈ।



ਸੋਧੇ ਹੋਏ ਟੈਰਿਫ ਢਾਂਚੇ ਨਾਲ ਬਿਜਲੀ ਖੇਤਰ ਦੀ ਵਿੱਤੀ ਮਜ਼ਬੂਤੀ ਦੇ (ਬਾਕੀ ਸਫ਼ਾ 2 'ਤੇ)

## ਪਾਵਰਕਾਮ ਅਧਿਕਾਰੀਆਂ ਨੇ ਝੁੱਗੀਆਂ ਨਜ਼ਦੀਕ ਲੋਕਾਂ ਦੇ ਕੁਨੈਕਸ਼ਨ ਕੱਟੇ

**ਪੰਜਾਬ ਪੁਲਿਸ ਦੀ ਕਾਰਵਾਈ ਬਾਕੀ, ਨਿਗਮ ਵੀ ਚੁੱਪ ਕਿਉਂ ?**




**ਗੁਰਮੁਖ ਸਿੰਘ ਰੁਪਾਣਾ**

================

ਪਟਿਆਲਾ, 6 ਮਾਰਚ: ਪਿਛਲੇ ਕਰੀਬ ਕਈ ਸਾਲਾਂ ਤੋਂ ਪਟਿਆਲਾ ਦੇ ਸਨੌਰ ਰੋਡ ਇਲਾਕੇ 'ਚੋਂ ਕੁਝ ਲੋਕਾਂ ਨੇ ਆਪਣੇ ਪਲਾਟਾਂ ਉੱਪਰ ਨਜਾਇਜ਼ ਤੌਰ ਤੇ ਝੁੱਗੀਆਂ ਲਗਾਈਆਂ ਹੋਈਆਂ ਹਨ। ਇਸ ਸਬੰਧੀ ਪ੍ਰਕਾਸ਼ਕਤ ਹੋ ਰਹੀਆਂ ਖਬਰਾਂ ਤੋਂ ਬਾਅਦ ਪਾਵਰਕਾਮ ਅਧਿਕਾਰੀ ਜਾਗੇ ਅਤੇ ਉਹਨਾਂ ਨੇ ਲੋਕਾਂ ਦੇ ਜੋ ਝੁਗੀਆਂ ਦੇ ਆਸ-ਪਾਸ ਮੀਟਰ ਲੱਗੇ ਸਨ, ਉਹਨਾਂ ਦੇ ਕੁਨੈਕਸ਼ਨ ਕੱਟ ਦਿੱਤੇ, ਜਦ ਕਿ ਅਜੇ ਤੱਕ ਪੰਜਾਬ ਪੁਲਿਸ ਜਾਂ ਨਗਰ ਨਿਗਮ ਨੇ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ। ਜੇਕਰ ਚਾਹੇ ਤਾਂ ਪੰਜਾਬ ਪੁਲਿਸ ਇਹਨਾਂ ਨਜਾਇਜ਼ ਝੁੱਗੀਆਂ ਨੂੰ ਉਠਾ ਕੇ ਆਸ ਪਾਸ ਹੋ ਰਹੀਆਂ ਲੁੱਟਾਂ-ਖੋਹਾਂ ਤੋਂ ਕੁਝ ਰਾਹਤ ਦਿਵਾ ਸਕਦੀ ਹੈ। ਸੂਤਰ ਦੱਸਦੇ ਹਨ ਕਿ ਕੁਝ ਲੋਕ ਇਨਾਂ ਝੁੱਗੀਆਂ ਦੇ ਵਿੱਚ ਬਿਨਾਂ ਪਹਿਚਾਣ ਪੱਤਰ ਤੋਂ ਰੁਹਿ ਰਹੇ ਹਨ। (ਬਾਕੀ ਸਫ਼ਾ 2 'ਤੇ)

# ਪਹਿਲੇ ਸਫ਼ੇ ਦੀ ਬਾਕੀ

## ਹਾਈ ਕੋਰਟ ਵੱਲੋਂ ਮਜੀਠੀਆ ਦੀ

ਪੰਜਾਬ ਸਰਕਾਰ 'ਰੰਗਲੇ ਪੰਜਾਬ' ਦੇ ਸੁਪਨੇ ਨੂੰ ਸਾਕਾਰ ਕਰਨ ਲਈ ਸਮਰਪਿਤ ਭਾਵਨਾ ਨਾਲ ਸੇਵਾ ਤੇ ਵਿਕਾਸ ਪ੍ਰਤੀ ਦ੍ਰਿੜ ਵਚਨਬੱਧ-ਗੁਲਾਬ ਚੰਦ ਕਟਾਰੀਆ

ਮੁਫ਼ਤ ਦਵਾਈਆਂ ਅਤੇ ਟੈਸਟ ਕਰ ਰਹੇ 881 ਆਮ ਆਦਮੀ ਕਲੀਨਿਕਾਂ ਵਿੱਚ ਇਲਾਜ ਲਈ ਓ.ਪੀ.ਡੀ. ਵਿੱਚ ਆਉਣ ਵਾਲਿਆਂ ਦਾ ਅੰਕੜਾ 4.7 ਕਰੋੜ ਦਰਜ ਕੀਤਾ-ਗੁਲਾਬ ਚੰਦ ਕਟਾਰੀਆ

ਪੰਜਾਬ ਸਰਕਾਰ ਨੇ ਸੂਬੇ ਵਿੱਚ ਸਿਹਤ ਸੰਭਾਲ, ਸਿੱਖਿਆ, ਖੇਤੀਬਾੜੀ, ਬੁਨਿਆਦੀ ਢਾਂਚਾ, ਨਿਵੇਸ਼ ਅਤੇ ਲੋਕ ਭਲਾਈ ਦੇ ਉਪਰਾਲਿਆਂ ਦਾ ਵਿਸਥਾਰ ਕੀਤਾ-ਗੁਲਾਬ ਚੰਦ ਕਟਾਰੀਆ

## ਮੇਰੀ ਸਰਕਾਰ ਸਿਹਤ,

ਸਮੂਹਿਕ ਅਤੇ ਲੋਕ-ਕੇਂਦ੍ਰਿਤ ਸਿਹਤ ਸੰਭਾਲ ਵਿਵਸਥਾ ਕਾਇਮ ਲਈ ਵਚਨਬੱਧ ਹੈ ਜੋ ਸਾਰੇ 23 ਜ਼ਿਲ੍ਹਾ ਹਸਪਤਾਲਾਂ, 42 ਸਬ-ਡਿਵੀਜ਼ਨਲ ਹਸਪਤਾਲਾਂ, 162 ਕਮਿਊਨਿਟੀ ਸਿਹਤ ਕੇਂਦਰਾਂ, 523 ਪ੍ਰਾਇਮਰੀ ਸਿਹਤ ਕੇਂਦਰਾਂ, 881 ਆਮ ਆਦਮੀ ਕਲੀਨਿਕਾਂ ਅਤੇ 2453 ਹੈਲਥ ਐਂਡ ਵੈਲਨੈੱਸ ਸੈਂਟਰਾਂ ਵਾਲੇ ਵਿਆਪਕ ਸਿਹਤ ਸੰਭਾਲ ਨੈੱਟਵਰਕ ਨੂੰ ਚਲਾ ਕੇ ਹਰੇਕ ਨਾਗਰਿਕ ਲਈ ਪਹੁੰਚਯੋਗ, ਗੁਣਵੱਤਾ ਤੇ ਕਿਫਾਇਤੀ ਇਲਾਜ ਨੂੰ ਯਕੀਨੀ ਬਣਾਉਂਦੀ ਹੈ। ਉਨ੍ਹਾਂ ਕਿਹਾ ਕਿ ਇਹ ਵਚਨਬੱਧਤਾ ਪੰਜਾਬ ਸਰਕਾਰ ਦੀ ਹਰੇਕ ਨਾਗਰਿਕ ਲਈ ਮਿਆਰੀ ਸਿਹਤ ਸੰਭਾਲ ਨੂੰ ਯਕੀਨੀ ਬਣਾਉਣ ਪ੍ਰਤੀ ਦ੍ਰਿੜ ਵਚਨਬੱਧਤਾ ਨੂੰ ਦਰਸਾਉਂਦੀ ਹੈ।'

ਉਨ੍ਹਾਂ ਅੱਗੇ ਕਿਹਾ, ਪੰਜਾਬ ਭਰ ਵਿੱਚ 881 ਆਮ ਆਦਮੀ ਕਲੀਨਿਕ 107 ਦਵਾਈਆਂ ਅਤੇ 47 ਟੈਸਟ ਮੁਫ਼ਤ ਪ੍ਰਦਾਨ ਕਰਦੇ ਹਨ ਅਤੇ ਓ.ਪੀ.ਡੀ. ਵਿੱਚ ਲੋਕ ਪਹਿਲਾਂ ਹੀ 4.7 ਕਰੋੜ ਤੋਂ ਵੱਧ ਵਾਰ ਓ.ਪੀ.ਡੀ. ਦਾ ਲਾਭ ਲੈ ਚੁੱਕੇ ਹਨ ਜਿਸ ਵਿੱਚ 1.55 ਕਰੋੜ ਗੰਭੀਰ ਬਿਮਾਰੀਆਂ ਦੇ ਮਰੀਜ਼ ਸ਼ਾਮਲ ਹਨ। ਸਾਲ 2025-26 ਵਿੱਚ ਇਹ ਵਾਧਾ ਦੋ ਕਰੋੜ ਨੂੰ ਪਾਰ ਕਰ ਗਿਆ ਹੈ। 240 ਹੋਰ ਆਮ ਆਦਮੀ ਕਲੀਨਿਕ ਛੇਤੀ ਹੀ ਕਾਰਜਸ਼ੀਲ ਹੋਣਗੇ।

ਰਾਜਪਾਲ ਨੇ ਕਿਹਾ, ਪੰਜਾਬ ਭਰ ਵਿੱਚ ਆਮ ਆਦਮੀ ਕਲੀਨਿਕਾਂ ਵਿੱਚ ਸ਼ੁਰੂ ਕੀਤੀਆਂ ਗਈਆਂ ਜੱਚਾ-ਬੱਚਾ ਦੇਖਭਾਲ ਸੇਵਾਵਾਂ ਨੇ ਮਾਵਾਂ ਦੀ ਮੌਤ ਦਰ ਨੂੰ 105 ਤੋਂ ਘਟਾ ਕੇ 90 ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਜੋ ਕਿ ਪੰਜਾਬ ਸਰਕਾਰ ਦੇ ਸੁਰੱਖਿਅਤ ਮਾਂ ਬਣਨ 'ਤੇ ਨਿਰੰਤਰ ਧਿਆਨ ਨੂੰ ਦਰਸਾਉਂਦੀ ਹੈ। ਪੰਜਾਬ ਸਰਕਾਰ ਨੇ ਆਮ ਆਦਮੀ ਕਲੀਨਿਕਾਂ ਵਿੱਚ ਰੇਬੀਜ਼ ਵਿਰੋਧੀ ਟੀਕਾਕਰਨ ਸੇਵਾਵਾਂ ਵੀ ਸ਼ੁਰੂ ਕੀਤੀਆਂ ਹਨ।

ਸਿਹਤ ਸੰਭਾਲ ਮੁਲਾਜ਼ਮਾਂ ਦੀ ਮਜ਼ਬੂਤੀ 'ਤੇ ਜ਼ੋਰ ਦਿੰਦੇ ਹੋਏ ਰਾਜਪਾਲ ਨੇ ਕਿਹਾ, 'ਪੰਜਾਬ ਸਰਕਾਰ ਨੇ ਇਤਿਹਾਸ ਵਿੱਚ ਡਾਕਟਰਾਂ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਭਰਤੀ ਕੀਤੀ ਹੈ। 2022 ਤੋਂ ਪੰਜਾਬ ਸਰਕਾਰ ਨੇ ਸਰਕਾਰੀ ਹਸਪਤਾਲਾਂ ਲਈ ਕੁੱਲ 934 ਡਾਕਟਰਾਂ ਦੀ ਭਰਤੀ ਕੀਤੀ ਹੈ, ਜੋ ਕਿ ਪੰਜਾਬ ਵਿੱਚ ਮੌਜੂਦਾ ਸਮੇਂ ਵਿੱਚ ਸੇਵਾ ਕਰ ਰਹੇ ਕੁੱਲ ਡਾਕਟਰਾਂ ਦਾ ਲਗਭਗ 25 ਪ੍ਰਤੀਸ਼ਤ ਹੈ।'

ਉਨ੍ਹਾਂ ਅੱਗੇ ਕਿਹਾ, 'ਪੰਜਾਬ ਸਰਕਾਰ ਨੇ ਲੱਗਭੱਗ 400 ਮਾਹਿਰ ਡਾਕਟਰਾਂ ਨੂੰ ਭਰਤੀ ਅਤੇ ਸੂਚੀਬੱਧ ਕਰਨਾ ਸ਼ੁਰੂ ਕੀਤਾ ਹੈ, ਜੋ ਕਿ ਮਾਹਿਰਾਂ ਦੀਆਂ ਸੇਵਾਵਾਂ ਦੇ ਸਭ ਤੋਂ ਵੱਡੇ ਵਿਸਥਾਰ ਨੂੰ ਦਰਸਾਉਂਦਾ ਹੈ। ਇਸੇ ਤਰ੍ਹਾਂ 400 ਨਰਸਿੰਗ ਸਟਾਫ ਦੀ ਭਰਤੀ ਲਗਭਗ ਪੂਰੀ ਹੋ ਗਈ ਹੈ, ਜਦੋਂ ਕਿ 500 ਵਾਧੂ ਅਸਾਮੀਆਂ ਦੀ ਭਰਤੀ ਇਸ ਸਮੇਂ ਪ੍ਰਕਿਰਿਆ ਅਧੀਨ ਹਨ।'

ਵਿਆਪਕ ਸਿਹਤ ਸੰਭਾਲ ਦਾ ਜ਼ਿਕਰ ਕਰਦੇ ਹੋਏ ਰਾਜਪਾਲ ਨੇ ਕਿਹਾ, 'ਪੰਜਾਬ ਸਰਕਾਰ ਨੇ 'ਮੁੱਖ ਮੰਤਰੀ ਸਿਹਤ ਯੋਜਨਾ' ਦੇ ਤਹਿਤ ਪੰਜਾਬ ਦੀ ਪੂਰੀ ਆਬਾਦੀ ਦੀ 100 ਪ੍ਰਤੀਸ਼ਤ ਕਵਰੇਜ ਨੂੰ ਯਕੀਨੀ ਬਣਾਉਣ ਲਈ ਸਿਹਤ ਸੰਭਾਲ ਵਿਵਸਥਾ ਲਾਗੂ ਕਰ ਦਿੱਤੀ ਹੈ। ਇਹ ਸਕੀਮ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਦੇ ਵਿਸ਼ਾਲ ਨੈੱਟਵਰਕ ਰਾਹੀਂ 2356 ਮੈਡੀਕਲ ਅਤੇ ਸਰਜੀਕਲ ਪ੍ਰਕਿਰਿਆਵਾਂ ਲਈ ਪ੍ਰਤੀ ਪਰਿਵਾਰ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦਾ ਨਕਦੀ ਰਹਿਤ ਇਲਾਜ ਪ੍ਰਦਾਨ ਕਰੇਗੀ। ਇਨ੍ਹਾਂ ਹਸਪਤਾਲਾਂ ਦੀ ਗਿਣਤੀ ਪੰਜਾਬ ਅਤੇ ਚੰਡੀਗੜ੍ਹ ਵਿੱਚ ਲੱਗਭੱਗ 900 ਹੈ।'

ਉਨ੍ਹਾਂ ਅੱਗੇ ਕਿਹਾ, ਇਸ ਸਕੀਮ ਤਹਿਤ ਹਰ ਪੰਜਾਬੀ ਨੂੰ ਨਕਦੀ ਰਹਿਤ ਇਲਾਜ ਲਈ ਸਿਹਤ ਕਾਰਡ ਮਿਲੇਗਾ।

ਸੜਕ ਸੁਰੱਖਿਆ ਅਤੇ ਹੰਗਾਮੀ ਸੇਵਾਵਾਂ ਬਾਰੇ ਬੋਲਦਿਆਂ ਰਾਜਪਾਲ ਨੇ ਕਿਹਾ, ਪੰਜਾਬ ਸਰਕਾਰ ਨੇ ਸੜਕ ਹਾਦਸੇ ਦੇ ਪੀੜਤਾਂ ਨੂੰ ਸਮੇਂ ਸਿਰ ਸਹਾਇਤਾ ਯਕੀਨੀ ਬਣਾਉਣ ਦੇ ਉਦੇਸ਼ ਨਾਲ 'ਫਰਿਸ਼ਤੇ' ਅਤੇ 'ਸੜਕ ਸੁਰਖਿਆ ਫੋਰਸ' ਦੀ ਸ਼ੁਰੂਆਤ ਕੀਤੀ ਹੈ। 'ਫਰਿਸ਼ਤੇ' ਸਕੀਮ ਹਾਦਸੇ ਦੇ ਪੀੜਤਾਂ ਨੂੰ ਤੁਰੰਤ ਨਕਦੀ ਰਹਿਤ ਇਲਾਜ ਪ੍ਰਦਾਨ ਕਰਦੀ ਹੈ ਅਤੇ ਜ਼ਖਮੀਆਂ ਨੂੰ ਹਸਪਤਾਲਾਂ ਤੱਕ ਪਹੁੰਚਣ ਵਿੱਚ ਮੱਦਦ ਕਰਨ ਲਈ ਪਰਉਪਕਾਰੀ ਲੋਕਾਂ ਨੂੰ 2,000 ਰੁਪਏ ਦੇ ਨਾਲ-ਨਾਲ ਸਰਟੀਫਿਕੇਟ ਵੀ ਦਿੰਦੀ ਹੈ। ਇਸ ਪਹਿਲਕਦਮੀ ਨੇ ਪਹਿਲਾਂ ਹੀ ਸੜਕ ਹਾਦਸੇ ਦੇ 600 ਤੋਂ ਵੱਧ ਪੀੜਤਾਂ ਨੂੰ ਸਮੇਂ ਸਿਰ ਸਹਾਇਤਾ ਪ੍ਰਦਾਨ ਕੀਤੀ ਹੈ।

ਤੀਜੇ ਦਰਜੇ ਦੇ ਸਿਹਤ ਸੰਭਾਲ ਵਿਕਾਸ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ, ਪੰਜਾਬ ਸਰਕਾਰ ਨੇ ਪੰਜਾਬ ਇੰਸਟੀਚਿਊਟ ਆਫ਼ ਲਿਵਰ ਐਂਡ ਬਿਲੀਅਰੀ ਸਾਇੰਸਜ਼ ਨੂੰ ਚਾਲੂ ਕਰਕੇ ਆਹਲਾ ਦਰਜੇ ਦੇ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ ਦੀ ਇਤਿਹਾਸਕ ਪਹਿਲਕਦਮੀ ਕੀਤੀ ਹੈ। ਦਸੰਬਰ, 2025 ਵਿੱਚ ਪਹਿਲੇ ਜਿਗਰ ਟ੍ਰਾਂਸਪਲਾਂਟ ਦੀ ਸਫਲਤਾ ਨਾਲ ਜਨਤਕ ਸਿਹਤ ਪ੍ਰਣਾਲੀ ਦੇ ਤਹਿਤ ਜਿਗਰ ਟ੍ਰਾਂਸਪਲਾਂਟ ਸੇਵਾਵਾਂ ਰਸਮੀ ਤੌਰ 'ਤੇ ਸ਼ੁਰੂ ਹੋ ਗਈਆਂ ਹਨ।

ਉਨ੍ਹਾਂ ਅੱਗੇ ਕਿਹਾ, ਮਈ, 2026 ਤੋਂ ਪੰਜਾਬ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਅਤੇ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਵਿਖੇ ਕਿਡਨੀ ਟ੍ਰਾਂਸਪਲਾਂਟ ਸੇਵਾਵਾਂ ਸ਼ੁਰੂ ਕਰਨ ਦੀ ਯੋਜਨਾ ਬਣਾ ਕੇ ਨਵਾਂ ਮੀਲ ਪੱਥਰ ਸਥਾਪਤ ਕਰਨ ਜਾ ਰਿਹਾ ਹੈ।

ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ, 'ਸੀਐਮ ਦੀ ਯੋਗਸ਼ਾਲਾ' ਵਿਲੱਖਣ ਪਹਿਲਕਦਮੀ ਹੈ ਜਿਸ ਤਹਿਤ ਸਾਰੇ ਜ਼ਿਲ੍ਹਿਆਂ ਦੇ ਵੱਖ-ਵੱਖ ਸ਼ਹਿਰਾਂ ਵਿੱਚ ਰੋਜ਼ਾਨਾ 5000 ਸੁਪਰਵਾਈਜ਼ਰਾਂ ਦੀ ਨਿਗਰਾਨੀ ਹੇਠ ਕਲਾਸਾਂ ਲਾਈਆਂ ਜਾਂਦੀਆਂ ਹਨ ਅਤੇ ਇਨ੍ਹਾਂ ਯੋਗਸ਼ਾਲਾਵਾਂ ਵਿੱਚ ਲਗਭਗ 1.5 ਲੱਖ ਵਿਅਕਤੀ ਸ਼ਾਮਲ ਹੁੰਦੇ ਹਨ।

ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੇ ਮੁੱਦੇ ਨੂੰ ਸੰਬੋਧਿਤ ਕਰਦੇ ਹੋਏ ਰਾਜਪਾਲ ਨੇ ਕਿਹਾ, ਪੰਜਾਬ ਸਰਕਾਰ ਨੇ ਸੂਬੇ ਭਰ ਵਿੱਚ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਤਸਕਰੀ ਨਾਲ ਨਜਿੱਠਣ ਲਈ ਵਿਆਪਕ ਤੇ ਦ੍ਰਿੜ ਯਤਨ ਵਜੋਂ 'ਯੁੱਧ ਨਸ਼ਿਆ ਵਿਰੁੱਧ' ਮੁਹਿੰਮ ਸ਼ੁਰੂ ਕੀਤੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਇਸ ਮੁਹਿੰਮ ਤਹਿਤ ਪਹੁੰਚਯੋਗ ਅਤੇ ਪ੍ਰਭਾਵੀ ਨਸ਼ਾ ਛੁਡਾਊ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਪੰਜਾਬ ਭਰ ਵਿੱਚ ਕੁੱਲ 548 ਓਟ ਕਲੀਨਿਕ ਕਾਰਜਸ਼ੀਲ ਹਨ, ਜਿਨ੍ਹਾਂ ਵਿੱਚ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਇਲਾਜ ਤੇ ਮੁੜ ਵਸੇਬੇ ਲਈ 36 ਸਰਕਾਰੀ ਅਤੇ 177 ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਦੇ ਨਾਲ-ਨਾਲ 19 ਸਰਕਾਰੀ ਅਤੇ 74 ਪ੍ਰਾਈਵੇਟ ਮੁੜ ਵਸੇਬਾ ਕੇਂਦਰ ਕਾਰਜਸ਼ੀਲ ਹਨ। ਕੈਦੀਆਂ ਦੀ ਦੇਖਭਾਲ ਨੂੰ ਯਕੀਨੀ ਬਣਾਉਣ ਲਈ 19 ਜੇਲ੍ਹਾਂ ਵਿੱਚ ਵੀ ਨਸ਼ਾ ਛੁਡਾਊ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।

ਉਨ੍ਹਾਂ ਅੱਗੇ ਕਿਹਾ ਕਿ ਇਸ ਅਹਿਮ ਪਹਿਲਕਦਮੀ ਦੇ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ 10.63 ਲੱਖ ਤੋਂ ਵੱਧ ਮਰੀਜ਼ਾਂ ਨੂੰ ਰਜਿਸਟਰ ਕੀਤਾ ਗਿਆ ਅਤੇ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰਾਂ ਰਾਹੀਂ ਇਲਾਜ ਪ੍ਰਦਾਨ ਕੀਤਾ ਗਿਆ ਹੈ।

ਕੈਂਸਰ ਦੇ ਮਰੀਜ਼ਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਬਾਰੇ ਜਾਣਕਾਰੀ ਦਿੰਦਿਆਂ ਰਾਜਪਾਲ ਨੇ ਦੱਸਿਆ ਕਿ ਪੰਜਾਬ, ਦੇਸ਼ ਦਾ ਪਹਿਲਾ ਅਜਿਹਾ ਸੂਬਾ ਹੈ ਜਿਸ ਵਿੱਚ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਤਹਿਤ ਨਕਦ ਰਹਿਤ ਕੈਂਸਰ ਦਾ ਇਲਾਜ ਪ੍ਰਦਾਨ ਕੀਤਾ ਜਾ ਰਿਹਾ ਹੈ। ਹੁਣ ਤੱਕ 957 ਕਰੋੜ ਰੁਪਏ ਦੀ ਰਾਸ਼ੀ ਨਾਲ 74,000 ਤੋਂ ਵੱਧ ਕੈਂਸਰ ਮਰੀਜ਼ਾਂ ਨੂੰ ਸਹਾਇਤਾ ਪ੍ਰਦਾਨ ਕੀਤੀ ਜਾ ਚੁੱਕੀ ਹੈ।

ਆਫ਼ਤ ਪ੍ਰਬੰਧਨ ਬਾਰੇ ਉਨ੍ਹਾਂ ਦੱਸਿਆ ਕਿ ਹਾਲ ਹੀ ਵਿੱਚ ਆਏ ਹੜ੍ਹਾਂ ਦੌਰਾਨ ਪ੍ਰਭਾਵਿਤ ਖੇਤਰਾਂ ਵਿੱਚ ਵਿਆਪਕ ਮੈਡੀਕਲ ਕੈਂਪ ਅਤੇ ਵਿਸ਼ੇਸ਼ ਜਨਤਕ ਸਿਹਤ ਮੁਹਿੰਮਾਂ ਚਲਾਈਆਂ ਗਈਆਂ ਸਨ, ਜਿਨ੍ਹਾਂ ਵਿੱਚ ਫੌਗਿੰਗ, ਆਸ਼ਾ ਵਰਕਰਾਂ ਦੁਆਰਾ ਹਰੇਕ ਘਰ ਤੱਕ ਪਹੁੰਚ ਅਤੇ ਦਵਾਈ ਕਿੱਟਾਂ ਵੰਡਣਾ ਸ਼ਾਮਲ ਸੀ। ਇਸ ਤੋਂ ਇਲਾਵਾ 2300 ਤੋਂ ਵੱਧ ਪਿੰਡਾਂ ਵਿੱਚ ਸਿਹਤ ਕੈਂਪਾਂ ਰਾਹੀਂ 8 ਲੱਖ ਤੋਂ ਵੱਧ ਮਰੀਜ਼ਾਂ ਦੀ ਜਾਂਚ ਕੀਤੀ ਗਈ ਤਾਂ ਜੋ ਗੰਭੀਰ ਸੰਕਟ ਸਥਿਤੀ ਦੌਰਾਨ ਸਮੇਂ ਸਿਰ ਸਿਹਤ ਸੰਭਾਲ ਮੁਹੱਈਆ ਕਰਵਾਉਣ ਦੇ ਨਾਲ-ਨਾਲ ਬਿਮਾਰੀਆਂ ਦੀ ਰੋਕਥਾਮ ਨੂੰ ਯਕੀਨੀ ਬਣਾਇਆ ਜਾ ਸਕੇ।

ਸਿੱਖਿਆ ਸੁਧਾਰਾਂ ਨੂੰ ਉਜਾਗਰ ਕਰਦਿਆਂ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਦੱਸਿਆ ਕਿ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਪੰਜਾਬ ਸਰਕਾਰ ਨੇ ਅਪ੍ਰੈਲ, 2022 ਤੋਂ ਹੁਣ ਤੱਕ ਕੁੱਲ 13,765 ਅਧਿਆਪਕਾਂ ਦੀ ਭਰਤੀ ਕੀਤੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਪੰਜ ਦਿਨਾਂ ਲੀਡਰਸ਼ਿਪ ਵਿਕਾਸ ਪ੍ਰੋਗਰਾਮ ਤਹਿਤ 234 ਪ੍ਰਿੰਸੀਪਲਾਂ ਅਤੇ ਸਿੱਖਿਆ ਅਧਿਕਾਰੀਆਂ ਦੇ ਸੱਤ ਬੈਚਾਂ ਨੂੰ ਸਿੰਗਾਪੁਰ ਭੇਜਿਆ ਗਿਆ, 199 ਹੈੱਡਮਾਸਟਰਾਂ ਦੇ ਚਾਰ ਬੈਚਾਂ ਨੂੰ ਆਈਆਈਐਮ ਅਹਿਮਦਾਬਾਦ ਅਤੇ 144 ਪ੍ਰਾਇਮਰੀ ਕੇਡਰ ਅਧਿਆਪਕਾਂ ਦੇ ਦੋ ਬੈਚਾਂ ਨੂੰ ਤੁਰਕੂ, ਫਿਨਲੈਂਡ ਵਿਖੇ ਭੇਜਿਆ ਗਿਆ।

ਸਿੰਚਾਈ ਤੇ ਖੇਤੀਬਾੜੀ ਬਾਰੇ ਦੱਸਦਿਆਂ ਰਾਜਪਾਲ ਨੇ ਕਿਹਾ ਕਿ ਸਾਰੇ ਕਿਸਾਨਾਂ ਤੱਕ ਨਹਿਰੀ ਪਾਣੀ ਦੀ ਪਹੁੰਚ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਨੇ ਲਗਭਗ 787 ਕਰੋੜ ਰੁਪਏ ਦੇ ਨਿਵੇਸ਼ ਨਾਲ ਕੁੱਲ 3,443 ਕਿਲੋਮੀਟਰ ਨਵੇਂ ਖਾਲਿਆਂ ਅਤੇ ਜ਼ਮੀਨਦੋਜ਼ ਪਾਈਪਲਾਈਨਾਂ ਵਿਛਾਉਣ ਦੀ ਯੋਜਨਾ ਬਣਾਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਵਿੱਚੋਂ 2,650 ਕਿਲੋਮੀਟਰ ਦਾ ਕੰਮ ਪਹਿਲਾਂ ਹੀ ਮੁਕੰਮਲ ਹੋ ਚੁੱਕਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਨੇ 4,557 ਕਰੋੜ ਰੁਪਏ ਦੀ ਲਾਗਤ ਨਾਲ 2,600 ਕਿਲੋਮੀਟਰ ਨਹਿਰ ਦੀ ਲਾਈਨਿੰਗ ਦਾ ਕਾਰਜ ਮੁਕੰਮਲ ਕਰ ਲਿਆ ਹੈ। ਇਸ ਦੇ ਨਤੀਜੇ ਵਜੋਂ ਪਹਿਲੀ ਵਾਰ ਨਹਿਰੀ ਪਾਣੀ ਲੱਗਭੱਗ 1,365 ਥਾਵਾਂ 'ਤੇ ਪਹੁੰਚ ਸਕਿਆ ਹੈ, ਜਿਸ ਵਿੱਚੋਂ ਸਾਲ 2025 ਵਿੱਚ 465 ਥਾਵਾਂ 'ਤੇ ਪਾਣੀ ਪਹੁੰਚਿਆ ਹੈ। ਲੰਬੇ ਸਮੇਂ ਤੋਂ ਲਟਕਿਆ ਸਰਹਿੰਦ ਫੀਡਰ ਨਹਿਰ ਦੀ ਰੀਲਾਈਨਿੰਗ ਸਬੰਧੀ ਪ੍ਰੋਜੈਕਟ ਵੀ ਮੁਕੰਮਲ ਹੋ ਗਿਆ ਹੈ।

ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅੱਗੇ ਦੱਸਿਆ ਕਿ ਕੰਢੀ ਖੇਤਰ ਦੇ ਅਰਧ ਪਹਾੜੀ ਖੇਤਰਾਂ ਨੂੰ ਪਹਿਲੀ ਵਾਰ ਨਹਿਰੀ ਪਾਣੀ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਨੇ 28 ਨਵੀਆਂ ਲਿਫ਼ਟ ਸਕੀਮਾਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਵਿੱਚੋਂ 15 ਸਕੀਮਾਂ ਪਹਿਲਾਂ ਹੀ ਸ਼ੁਰੂ ਕਰ ਦਿੱਤੀਆਂ ਗਈਆਂ ਹਨ।

ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਦੱਸਿਆ ਕਿ ਸਾਲ 2025-26 ਦੌਰਾਨ ਪੰਜਾਬ ਸਰਕਾਰ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੁਆਰਾ ਸਿਫ਼ਾਰਸ਼ ਕੀਤੇ ਬੀਟੀ ਕਾਟਨ ਹਾਈਬ੍ਰਿਡ ਬੀਜਾਂ 'ਤੇ 33 ਫ਼ੀਸਦ ਸਬਸਿਡੀ ਪ੍ਰਦਾਨ ਕੀਤੀ ਹੈ। ਪੰਜਾਬ ਵਿੱਚ ਸਾਉਣੀ ਸੀਜ਼ਨ ਦੌਰਾਨ ਮੱਕੀ ਹੇਠ ਰਕਬੇ ਨੂੰ ਵਧਾਉਣ ਲਈ ਛੇ ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਬਠਿੰਡਾ, ਸੰਗਰੂਰ, ਜਲੰਧਰ ਅਤੇ ਕਪੂਰਥਲਾ ਵਿੱਚ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਅਤੇ ਕਿਸਾਨਾਂ ਨੂੰ ਪ੍ਰਤੀ ਏਕੜ 17,500 ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਨੇ ਇਸ ਸਾਲ ਗੰਨੇ ਦੇ ਭਾਅ ਵਿੱਚ ਪਿਛਲੇ ਸਾਲ ਦੇ ਮੁਕਾਬਲੇ 15 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਹੈ। ਇਸ ਤੋਂ ਇਲਾਵਾ ਸੂਬਾ ਸਰਕਾਰ ਆਗਾਮੀ ਪਿੜਾਈ ਸੀਜ਼ਨ ਲਈ ਗੰਨੇ ਲਈ 416 ਰੁਪਏ ਪ੍ਰਤੀ ਕੁਇੰਟਲ ਦੇ ਰਹੀ ਹੈ ਜੋ ਕਿ ਦੇਸ਼ ਭਰ ਵਿੱਚ ਗੰਨਾ ਕਿਸਾਨਾਂ ਨੂੰ ਦਿੱਤੀ ਜਾ ਰਹੀ ਸਭ ਤੋਂ ਵੱਧ ਕੀਮਤ ਹੈ।

ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅੱਗੇ ਦੱਸਿਆ ਕਿ ਵਿੱਤੀ ਵਰ੍ਹੇ 2025-26 ਦੌਰਾਨ ਪੰਜਾਬ ਸਰਕਾਰ ਨੇ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ 33.96 ਕਰੋੜ ਰੁਪਏ ਦਾ 84,889.7 ਕੁਇੰਟਲ ਕਣਕ ਦਾ ਬੀਜ ਅਤੇ 65.15 ਲੱਖ ਰੁਪਏ ਦਾ 620.5 ਕੁਇੰਟਲ ਸਰ੍ਹੋਂ ਦਾ ਬੀਜ ਮੁਫ਼ਤ ਵੰਡਿਆ ਅਤੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਲਈ ਸਾਲ 2025-26 ਲਈ 9,992 ਕਰੋੜ ਰੁਪਏ ਰੱਖੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਵਿੱਚ ਬਾਗਬਾਨੀ ਦੇ ਟਿਕਾਊ ਵਿਕਾਸ ਲਈ ਜਾਪਾਨ ਇੰਟਰਨੈਸ਼ਨਲ ਕੋਆਪਰੇਸ਼ਨ ਏਜੰਸੀ ਨਾਲ 1,300 ਕਰੋੜ ਰੁਪਏ ਦਾ ਪ੍ਰੋਜੈਕਟ ਪ੍ਰਗਤੀ ਅਧੀਨ ਹੈ ਜੋ ਕਲੱਸਟਰ ਪੱਧਰ ਦੀ ਇੰਟੀਗ੍ਰੇਟਿਡ ਵੈਲਿਊ ਚੇਨ ਦੀ ਸਥਾਪਨਾ ਨੂੰ ਯਕੀਨੀ ਬਣਾਏਗਾ ਅਤੇ ਬਦਲਦੇ ਮੌਸਮੀ ਹਾਲਾਤਾਂ ਦੇ ਅਨੁਕੂਲ ਬਾਗਬਾਨੀ ਫਸਲਾਂ ਨੂੰ ਪੇਸ਼ ਕਰੇਗਾ।

ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਉਜਾਗਰ ਕਰਦਿਆਂ ਰਾਜਪਾਲ ਨੇ ਕਿਹਾ ਕਿ 12,597 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ 40,103 ਕਿਲੋਮੀਟਰ ਟੁੱਟੀਆਂ ਜਾਂ ਖਰਾਬ ਲਿੰਕ ਸੜਕਾਂ ਦੀ ਅਪਗ੍ਰੇਡੇਸ਼ਨ ਅਤੇ ਆਧੁਨਿਕੀਕਰਨ ਲਈ ਪੰਜਾਬ ਮੰਡੀ ਬੋਰਡ ਦਾ ਪ੍ਰੋਜੈਕਟ ਚੱਲ ਰਿਹਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਵਿੱਤੀ ਸਾਲ 2025-26 ਵਿੱਚ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮਟਿਡ ਨੇ 350.25 ਕਰੋੜ ਰੁਪਏ ਦਾ ਰਿਕਵਰੀ (ਵਸੂਲੀ) ਟੀਚਾ ਰੱਖਿਆ ਹੈ ਅਤੇ 12 ਦਸੰਬਰ, 2025 ਤੱਕ ਪਹਿਲਾਂ ਹੀ 220.54 ਕਰੋੜ ਰੁਪਏ ਦੀ ਰਿਕਵਰੀ ਵੀ ਕਰ ਲਈ ਹੈ।

ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ 2025-26 ਵਿੱਚ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਨੇ 959 ਪਲੇਸਮੈਂਟ ਕੈਂਪਾਂ ਅਤੇ ਨੌਕਰੀ ਮੇਲਿਆਂ ਰਾਹੀਂ 48,912 ਉਮੀਦਵਾਰਾਂ ਨੂੰ ਨੌਕਰੀ ਦੀ ਸਹੂਲਤ ਪ੍ਰਦਾਨ ਕੀਤੀ ਹੈ।

ਖੇਡਾਂ ਦੇ ਵਿਕਾਸ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਵਿੱਤੀ ਸਾਲ 2025-26 ਵਿੱਚ ਖੇਡਾਂ ਲਈ 362.24 ਕਰੋੜ ਦਾ ਬਜਟ ਰੱਖਿਆ ਹੈ ਅਤੇ ਖੇਡ ਵਿਭਾਗ ਖੇਡ ਉਪਕਰਣਾਂ ਦੀ ਖਰੀਦ ਲਈ ਸਿੱਧੇ ਲਾਭ ਟ੍ਰਾਂਸਫਰ ਰਾਹੀਂ 10,406 ਖਿਡਾਰੀਆਂ ਨੂੰ 12.15 ਕਰੋੜ ਰੁਪਏ, ਵਿਸ਼ਵ ਕੱਪ 2025 ਜਿੱਤਣ ਵਾਲੀਆਂ ਮਹਿਲਾ ਕ੍ਰਿਕਟਰਾਂ ਅਤੇ ਉਨ੍ਹਾਂ ਦੇ ਕੋਚਾਂ ਨੂੰ 4.91 ਕਰੋੜ ਰੁਪਏ ਅਤੇ ਅਪ੍ਰੈਲ 2023 ਤੋਂ ਮਾਰਚ 2025 ਦਰਮਿਆਨ ਹੋਈਆਂ ਰਾਸ਼ਟਰੀ ਚੈਂਪੀਅਨਸ਼ਿਪਾਂ, ਅੰਤਰ-ਯੂਨੀਵਰਸਿਟੀ ਟੂਰਨਾਮੈਂਟਾਂ ਅਤੇ ਜੂਨੀਅਰ ਤੇ ਸੀਨੀਅਰ ਚੈਂਪੀਅਨਸ਼ਿਪਾਂ ਵਿੱਚ 1060 ਖਿਡਾਰੀਆਂ ਦੀ ਪ੍ਰਾਪਤੀਆਂ ਨੂੰ ਮਾਨਤਾ ਦਿੰਦਿਆਂ 23.1 ਕਰੋੜ ਰੁਪਏ ਦੀ ਰਾਸ਼ੀ ਵੰਡ ਰਹਿਲਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਪਟਿਆਲਾ ਨੂੰ ਸਾਲ 2025-26 ਲਈ 15 ਕਰੋੜ ਰੁਪਏ ਦੀ ਰਾਸ਼ੀ ਅਲਾਟ ਕੀਤੀ ਗਈ ਹੈ ਅਤੇ ਪੰਜਾਬ ਭਰ ਵਿੱਚ 3,100 ਖੇਡ ਮੈਦਾਨਾਂ ਦੇ ਵਿਕਾਸ ਲਈ 190 ਕਰੋੜ ਰੁਪਏ ਅਲਾਟ ਕੀਤੇ ਗਏ ਹਨ।

ਨਿਵੇਸ਼ ਅਤੇ ਉਦਯੋਗਿਕ ਵਿਕਾਸ ਨੂੰ ਉਜਾਗਰ ਕਰਦਿਆਂ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਮਾਰਚ 2022 ਤੋਂ ਪੰਜਾਬ ਨੂੰ 8,261 ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ ਹਨ ਜਿਨ੍ਹਾਂ ਵਿੱਚ ਲਗਭਗ 1,50,817 ਕਰੋੜ ਦਾ ਪ੍ਰਸਤਾਵਿਤ ਨਿਵੇਸ਼ ਅਤੇ ਤਕਰੀਬਨ 5,31,619 ਵਿਅਕਤੀਆਂ ਲਈ ਰੋਜ਼ਗਾਰ ਦੀ ਸੰਭਾਵਨਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਜਾਪਾਨ, ਦੱਖਣੀ ਕੋਰੀਆ ਅਤੇ ਜਰਮਨੀ ਦੇ ਵਿਦੇਸ਼ੀ ਕਾਰੋਬਾਰਾਂ ਦੇ ਨਾਲ-ਨਾਲ ਦੇਸ਼ ਦੇ ਵੱਖ-ਵੱਖ ਰਾਜਾਂ ਦੇ ਕਾਰੋਬਾਰਾਂ ਨਾਲ ਸਰਗਰਮੀ ਨਾਲ ਤਾਲਮੇਲ ਕਰ ਰਹੀ ਹੈ ਅਤੇ 'ਉਦਯੋਗ ਕ੍ਰਾਂਤੀ ਪਹਿਲਕਦਮੀ' ਦੇ ਹਿੱਸੇ ਵਜੋਂ ਪੰਜਾਬ ਸਰਕਾਰ ਨੇ 2025 ਵਿੱਚ 24 ਸੈਕਟਰਲ ਕਮੇਟੀਆਂ ਦਾ ਗਠਨ ਵੀ ਕੀਤਾ ਹੈ।

ਰਾਜਪਾਲ ਨੇ ਕਿਹਾ ਕਿ ਸਾਉਣੀ ਮੰਡੀਕਰਨ ਸੀਜ਼ਨ 2025-26 ਦੌਰਾਨ ਸਰਕਾਰੀ ਖਰੀਦ ਏਜੰਸੀਆਂ ਨੇ 156.11 ਲੱਖ ਮੀਟ੍ਰਿਕ ਟਨ ਝੋਨਾ ਖਰੀਦਿਆ ਅਤੇ 37,294.68 ਕਰੋੜ ਦੀ ਐਮਐਸਪੀ ਰਾਸ਼ੀ ਲੱਗਭੱਗ 7.38 ਲੱਖ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਤਬਦੀਲ ਕੀਤੀ।

ਉਨ੍ਹਾਂ ਅੱਗੇ ਕਿਹਾ ਕਿ ਹਾੜ੍ਹੀ ਮੰਡੀਕਰਨ ਸੀਜ਼ਨ 2025-26 ਦੌਰਾਨ 116.17 ਲੱਖ ਮੀਟ੍ਰਿਕ ਟਨ ਕਣਕ ਖਰੀਦੀ ਗਈ ਅਤੇ 28,171.23 ਕਰੋੜ ਰੁਪਏ ਦੀ ਐਮਐਸਪੀ ਰਾਸ਼ੀ 7.30 ਲੱਖ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਤਬਦੀਲ ਕੀਤੀ ਗਈ। ਇਸ ਦੇ ਨਾਲ ਪੰਜਾਬ ਨੇ ਕੇਂਦਰੀ ਪੂਲ ਵਿੱਚ ਲੱਗਭੱਗ 40 ਫੀਸਦ ਕਣਕ ਦਾ ਯੋਗਦਾਨ ਪਾਇਆ।

ਉਨ੍ਹਾਂ ਕਿਹਾ ਕਿ ਲੱਗਭੱਗ 40 ਲੱਖ ਪਰਿਵਾਰ ਅਤੇ 1.52 ਕਰੋੜ ਲਾਭਪਾਤਰੀ ਭੋਜਨ ਵੰਡ ਪ੍ਰਣਾਲੀ ਅਧੀਨ ਰਜਿਸਟਰਡ ਹਨ ਅਤੇ ਪੰਜਾਬ ਸਰਕਾਰ ਦੇ ਖੁਰਾਕ ਪ੍ਰੋਗਰਾਮ ਅਧੀਨ ਮੁਫ਼ਤ ਕਣਕ ਲਈ ਯੋਗ ਪਰਿਵਾਰਾਂ ਨੂੰ ਹਰ ਤਿਮਾਹੀ 2 ਕਿਲੋ ਦਾਲ, 2 ਕਿਲੋ ਖੰਡ, 1 ਕਿਲੋ ਨਮਕ, 1 ਲੀਟਰ ਤੇਲ ਅਤੇ 200 ਗ੍ਰਾਮ ਹਲਦੀ ਵੀ ਮਿਲੇਗੀ।

ਰਾਜਪਾਲ ਨੇ ਅੱਗੇ ਕਿਹਾ ਕਿ 31 ਦਸੰਬਰ, 2025 ਤੱਕ ਮੁਫ਼ਤ ਬੱਸ ਯਾਤਰਾ ਯੋਜਨਾ ਤਹਿਤ ਔਰਤਾਂ ਨੇ ਲਗਭਗ 60 ਕਰੋੜ ਰੁਪਏ ਦੇ ਖਰਚ ਨਾਲ ਮੁਫ਼ਤ ਯਾਤਰਾ ਸਹੂਲਤ ਦਾ ਲਾਭ ਲਿਆ ਹੈ।

ਡਿਜੀਟਲ ਸ਼ਾਸਨ ਸੁਧਾਰਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਈਜ਼ੀ ਜਮ੍ਹਾਂਬੰਦੀ ਦੀ ਪਹਿਲਕਦਮੀ ਸ਼ੁਰੂ ਕੀਤੀ ਹੈ ਜਿਸ ਨਾਲ ਨਾਗਰਿਕ ਵਟਸਐਪ ਰਾਹੀਂ ਜਮ੍ਹਾਂਬੰਦੀ ਦੀਆਂ ਕਾਪੀਆਂ ਲਈ ਬਿਨੈ ਕਰ ਸਕਦੇ ਹਨ। ਇਸ ਦੇ ਨਾਲ ਹੀ ਸੂਬੇ ਦੇ ਨਾਗਰਿਕ ਇੰਤਕਾਲ ਸੇਵਾਵਾਂ, ਰਪਟ ਐਂਟਰੀਆਂ ਅਤੇ ਜ਼ਮੀਨ ਨਾਲ ਸਬੰਧਤ ਹੋਰ ਸੇਵਾਵਾਂ ਔਨਲਾਈਨ ਪੋਰਟਲਾਂ ਜਾਂ ਘਰ ਬੈਠੇ ਸੇਵਾ ਸਹਾਇਕਾਂ ਰਾਹੀਂ ਲੈ ਸਕਦੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਈਜ਼ੀ ਰਜਿਸਟਰੀ ਪ੍ਰੋਜੈਕਟ ਪੰਜਾਬ ਭਰ ਵਿੱਚ ਲਾਗੂ ਕੀਤਾ ਗਿਆ ਹੈ ਜੋ ਸਰਲ ਡੀਡ ਫਾਰਮੈਟਾਂ ਅਤੇ ਡਿਜੀਟਲ ਸੰਚਾਰ ਰਾਹੀਂ ਪਾਰਦਰਸ਼ੀ ਜਾਇਦਾਦ ਰਜਿਸਟ੍ਰੇਸ਼ਨ ਨੂੰ ਯਕੀਨੀ ਬਣਾਉਂਦਾ ਹੈ।

ਰਾਜਪਾਲ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਸ਼ੁਰੂ ਕੀਤੀ ਗਈ ਹੈ ਅਤੇ ਪੰਜਾਬ ਸਰਕਾਰ ਨੇ ਹਰ ਸਾਲ 7.50 ਲੱਖ ਨਾਗਰਿਕਾਂ ਨੂੰ ਤੀਰਥ ਯਾਤਰਾ ਦੀ ਸਹੂਲਤ ਪ੍ਰਦਾਨ ਕਰਨ ਦੀ ਯੋਜਨਾ ਬਣਾਈ ਹੈ।

ਉਨ੍ਹਾਂ ਅੱਗੇ ਕਿਹਾ ਕਿ ਸਮਾਰਟ ਸ਼ਹਿਰ ਮਿਸ਼ਨ ਤਹਿਤ ਲੁਧਿਆਣਾ ਵਿੱਚ 809.26 ਕਰੋੜ ਰੁਪਏ ਦੀ ਲਾਗਤ ਵਾਲੇ 75 ਪ੍ਰੋਜੈਕਟ, ਅੰਮ੍ਰਿਤਸਰ ਵਿੱਚ 686.51 ਕਰੋੜ ਰੁਪਏ ਦੀ ਲਾਗਤ ਵਾਲੇ 41 ਪ੍ਰੋਜੈਕਟ, ਜਲੰਧਰ ਵਿੱਚ 722.88 ਕਰੋੜ ਰੁਪਏ ਦੀ ਲਾਗਤ ਵਾਲੇ 58 ਪ੍ਰੋਜੈਕਟ ਅਤੇ ਸੁਲਤਾਨਪੁਰ ਲੋਧੀ ਵਿੱਚ 33.77 ਕਰੋੜ ਰੁਪਏ ਦੀ ਲਾਗਤ ਵਾਲੇ ਅੱਠ ਪ੍ਰੋਜੈਕਟ ਮੁਕੰਮਲ ਕੀਤੇ ਗਏ ਹਨ।

ਰਾਜਪਾਲ ਨੇ ਕਿਹਾ ਕਿ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਕਈ ਭਲਾਈ ਯੋਜਨਾਵਾਂ ਲਾਗੂ ਕਰ ਰਹੀ ਹੈ ਜਿਸ ਵਿੱਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਸ਼ਾਮਲ ਹੈ। ਇਸ ਤਹਿਤ 2025-26 ਵਿੱਚ 2.70 ਲੱਖ ਵਿਦਿਆਰਥੀਆਂ ਦੇ ਟੀਚੇ ਦੇ ਸਨਮੁਖ 1.65 ਲੱਖ ਵਿਦਿਆਰਥੀਆਂ ਨੂੰ 195.99 ਕਰੋੜ ਰੁਪਏ ਦੀ ਰਾਸ਼ੀ ਪਹਿਲਾਂ ਹੀ ਵੰਡੀ ਜਾ ਚੁੱਕੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਅਸ਼ੀਰਵਾਦ ਸਕੀਮ ਤਹਿਤ 47,588 ਪਰਿਵਾਰਾਂ ਨੂੰ ਲਾਭ ਪਹੁੰਚਾਉਂਦਿਆਂ 242.70 ਕਰੋੜ ਰੁਪਏ ਜਾਰੀ ਕੀਤੇ ਗਏ ਹਨ, ਜਦੋਂ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ ਨੇ 322 ਲਾਭਪਾਤਰੀਆਂ ਨੂੰ 6.85 ਕਰੋੜ ਰੁਪਏ ਅਤੇ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ ਨੇ ਸਵੈ-ਰੋਜ਼ਗਾਰ ਸਕੀਮਾਂ ਤਹਿਤ 286 ਲਾਭਪਾਤਰੀਆਂ ਨੂੰ 9.28 ਕਰੋੜ ਰੁਪਏ ਵੰਡੇ ਹਨ।

ਰਾਜਪਾਲ ਨੇ ਅੱਗੇ ਕਿਹਾ ਕਿ ਅੰਮ੍ਰਿਤਸਰ, ਬਠਿੰਡਾ, ਫਰੀਦਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਲਾਲੜੂ, ਲੁਧਿਆਣਾ, ਪਟਿਆਲਾ, ਜਲੰਧਰ, ਨੰਗਲ ਅਤੇ ਰੂਪਨਗਰ ਵਿੱਚ 11 ਉਦਯੋਗਿਕ ਸਿਖਲਾਈ ਸੰਸਥਾਵਾਂ ਨੂੰ ਸੈਂਟਰ ਆਫ਼ ਐਕਸੀਲੈਂਸ ਵਜੋਂ ਅਪਗ੍ਰੇਡ ਕੀਤਾ ਗਿਆ ਹੈ।

ਬਿਜਲੀ ਖੇਤਰ 'ਚ ਵੱਖ-ਵੱਖ ਸੁਧਾਰਾਂ ਨੂੰ ਉਜਾਗਰ ਕਰਦਿਆਂ ਰਾਜਪਾਲ ਨੇ ਕਿਹਾ ਕਿ ਪੰਜਾਬ ਸਰਕਾਰ 'ਰੌਸ਼ਨ ਪੰਜਾਬ' ਪਹਿਲਕਦਮੀ ਤਹਿਤ ਗਰਿੱਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ 5,000 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਪਛਵਾੜਾ ਤੋਂ ਪ੍ਰਾਪਤ ਹੋਣ ਵਾਲੇ ਚੰਗੇ ਗੁਣਵੱਤਾ ਵਾਲੇ ਕੋਲੇ ਨੇ ਥਰਮਲ ਪਲਾਂਟਾਂ ਦੇ ਸੰਚਾਲਨ ਵਿੱਚ ਸੁਧਾਰ ਕੀਤਾ ਹੈ ਜਿਸਦੇ ਨਤੀਜੇ ਵਜੋਂ ਕੋਲ ਇੰਡੀਆ ਲਿਮਟਿਡ ਦੇ ਕੋਲੇ ਦੇ ਮੁਕਾਬਲੇ ਲਗਭਗ 380 ਕਰੋੜ ਰੁਪਏ ਦੀ ਬੱਚਤ ਹੋਈ ਹੈ ਅਤੇ ਪੀਐਸਪੀਸੀਐਲ ਥਰਮਲ ਪਾਵਰ ਸਟੇਸ਼ਨਾਂ ਨੂੰ ਹੁਣ ਕੋਲੇ ਦੀ ਕੋਈ ਘਾਟ ਨਹੀਂ ਹੈ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੇ ਜੁਲਾਈ, 2022 ਤੋਂ ਘਰੇਲੂ ਖਪਤਕਾਰਾਂ ਲਈ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ ਯੋਜਨਾ ਲਾਗੂ ਕੀਤੀ ਹੈ, ਜਿਸ ਨਾਲ ਲਗਭਗ 90 ਫੀਸਦ ਪਰਿਵਾਰਾਂ ਨੂੰ ਦੋ ਮਹੀਨੇ ਦੇ ਬਿੱਲ ਸਾਈਕਲ ਪਿੱਛੇ ਜ਼ੀਰੋ ਬਿੱਲ ਆ ਰਹੇ ਹਨ। ਇਸਦੇ ਨਾਲ ਹੀ ਸਾਰੇ ਖੇਤੀਬਾੜੀ ਖਪਤਕਾਰਾਂ ਨੂੰ ਨਿਰਵਿਘਨ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ ਅਤੇ ਉਦਯੋਗਿਕ ਖਪਤਕਾਰਾਂ ਨੂੰ 5.837 ਰੁਪਏ ਪ੍ਰਤੀ ਯੂਨਿਟ ਸਬਸਿਡੀ ਦਰ 'ਤੇ ਬਿਜਲੀ ਪ੍ਰਦਾਨ ਕੀਤੀ ਜਾ ਰਹੀ ਹੈ।

## ਤਹਿਰਾਨ ਦੇ ਬਿਨਾਂ ਸ਼ਰਤ ਆਤਮ-ਸਮਰਪਣ

ਸਖ਼ਤ ਨਜ਼ਰ ਆ ਰਿਹਾ ਹੈ। ਈਰਾਨ ਨਾਲ ਵਧਦੇ ਟਕਰਾਅ ਦੇ ਮੱਦੇਨਜ਼ਰ, ਅਮਰੀਕਾ ਨੇ ਭਾਰਤੀ ਰਿਫਾਇਨਰੀਆਂ ਨੂੰ ਰੂਸੀ ਤੇਲ ਖਰੀਦਣ ਲਈ 30 ਦਿਨਾਂ ਦੀ ਆਰਜ਼ੀ ਛੋਟ ਦੇਣ ਦਾ ਐਲਾਨ ਕੀਤਾ ਹੈ। ਅਮਰੀਕੀ ਖਜ਼ਾਨਾ ਮੰਤਰੀ ਸਕੌਟ ਬੇਸੈਂਟ ਨੇ ਵੀਰਵਾਰ ਨੂੰ ਦੱਸਿਆ ਕਿ ਰਾਸ਼ਟਰਪਤੀ ਡੌਨਲਡ ਟਰੰਪ ਦੇ ਊਰਜਾ ਏਜੰਡੇ ਕਾਰਨ ਤੇਲ ਉਤਪਾਦਨ ਰਿਕਾਰਡ ਪੱਧਰ 'ਤੇ ਹੈ ਪਰ ਗਲੋਬਲ ਮਾਰਕੀਟ ਵਿੱਚ ਤੇਲ ਦੀ ਸਪਲਾਈ ਨੂੰ ਨਿਰੰਤਰ ਜਾਰੀ ਰੱਖਣ ਲਈ ਇਹ ਕਦਮ ਚੁੱਕਿਆ ਗਿਆ ਹੈ। ਬੇਸੈਂਟ ਨੇ ਸਪੱਸ਼ਟ ਕੀਤਾ ਕਿ ਇਹ ਇੱਕ ਸੋਚਿਆ-ਸਮਝਿਆ ਕਦਮ ਹੈ, ਜਿਸ ਨਾਲ ਰੂਸ ਨੂੰ ਕੋਈ ਵੱਡਾ ਵਿੱਤੀ ਫਾਇਦਾ ਨਹੀਂ ਹੋਵੇਗਾ ਕਿਉਂਕਿ ਇਹ ਸਿਰਫ਼ ਉਸ ਤੇਲ ਦੇ ਲੈਣ-ਦੇਣ ਲਈ ਹੈ ਜੋ ਪਹਿਲਾਂ ਹੀ ਸਮੁੰਦਰੀ ਰਸਤੇ ਵਿੱਚ ਫਸਿਆ ਹੋਇਆ ਹੈ।ਅਮਰੀਕੀ ਪ੍ਰਸ਼ਾਸਨ ਨੇ ਭਾਰਤ ਨੂੰ ਇੱਕ ਮਹੱਤਵਪੂਰਨ ਸਾਂਝੇਦਾਰ ਦੱਸਦਿਆਂ ਉਮੀਦ ਜਤਾਈ ਹੈ ਕਿ ਨਵੀਂ ਦਿੱਲੀ ਆਉਣ ਵਾਲੇ ਸਮੇਂ ਵਿੱਚ ਅਮਰੀਕੀ ਤੇਲ ਦੀ ਖਰੀਦ ਵਿੱਚ ਵਾਧਾ ਕਰੇਗੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਰੂਸ ਤੋਂ ਤੇਲ ਖਰੀਦਣ ਕਾਰਨ ਅਮਰੀਕਾ ਨੇ ਭਾਰਤ 'ਤੇ 25 ਫੀਸਦੀ ਟੈਰਿਫ ਲਗਾਇਆ ਸੀ, ਜਿਸ ਨੂੰ ਪਿਛਲੇ ਮਹੀਨੇ ਇੱਕ ਅੰਤਰਿਮ ਵਪਾਰਕ ਸਮਝੌਤੇ ਤੋਂ ਬਾਅਦ ਹਟਾ ਲਿਆ ਗਿਆ ਸੀ। ਇਸ ਛੋਟ ਦਾ ਮੁੱਖ ਮਕਸਦ ਈਰਾਨ ਵੱਲੋਂ ਵਿਸ਼ਵ ਊਰਜਾ ਸਪਲਾਈ ਵਿੱਚ ਪੈਦਾ ਕੀਤੇ ਜਾ ਰਹੇ ਦਬਾਅ ਨੂੰ ਘੱਟ ਕਰਨਾ ਹੈ, ਜਦੋਂਕਿ ਭਾਰਤ ਨੇ ਵੀ ਰੂਸ 'ਤੇ ਨਿਰਭਰਤਾ ਘਟਾ ਕੇ ਅਮਰੀਕੀ ਊਰਜਾ ਉਤਪਾਦਾਂ ਨੂੰ ਅਪਣਾਉਣ ਦੀ ਵਚਨਬੱਧਤਾ ਦਹੁਰਾਈ ਹੈ।

## ਈਰਾਨ ਨੇ ਬਹਿਰੀਨ ਦੀ ਸਰਕਾਰੀ ਤੇਲ ਰਿਫਾਇਨਰੀ

ਅਧਿਕਾਰੀਆਂ ਨੇ ਕਿਹਾ ਕਿ ਇਸ ਘਟਨਾ ਵਿੱਚ ਕੋਈ ਜ਼ਖ਼ਮੀ ਨਹੀਂ ਹੋਇਆ ਹੈ ਅਤੇ ਰਿਫਾਇਨਰੀ ਆਮ ਵਾਂਗ ਕੰਮ ਕਰ ਰਹੀ ਹੈ, ਹਮਲੇ ਕਾਰਨ ਹੋਏ ਨੁਕਸਾਨ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਇਹ ਹਮਲਾ ਉਦੋਂ ਹੋਇਆ ਹੈ ਜਦੋਂ ਈਰਾਨ ਨੇ ਅਮਰੀਕਾ ਅਤੇ ਇਜ਼ਰਾਈਲ ਦੇ ਹਮਲਿਆਂ ਤੋਂ ਬਾਅਦ ਖਾੜੀ ਖੇਤਰ ਵਿੱਚ ਜਵਾਬੀ ਕਾਰਵਾਈਆਂ ਤੇਜ਼ ਕਰ ਦਿੱਤੀਆਂ ਹਨ। ਖੇਤਰ ਵਿੱਚ ਵਧਦੇ ਤਣਾਅ ਦੇ ਵਿਚਕਾਰ, ਊਰਜਾ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਨਾਲ ਵਿਸ਼ਵ ਤੇਲ ਬਾਜ਼ਾਰ 'ਤੇ ਵੀ ਅਸਰ ਪੈਣ ਦਾ ਡਰ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਈਰਾਨ ਨੂੰ ਉਨ੍ਹਾਂ ਤੋਂ ਬਿਨਾਂ ਨਵਾਂ ਸੁਪਰੀਮ ਲੀਡਰ ਨਹੀਂ ਚੁਣਨਾ ਚਾਹੀਦਾ। ਉਨ੍ਹਾਂ ਕਿਹਾ ਕਿ ਨਵੇਂ ਨੇਤਾ ਦੀ ਚੋਣ ਵਿੱਚ ਅਮਰੀਕਾ ਦੀ ਭੂਮਿਕਾ ਜ਼ਰੂਰੀ ਹੈ ਅਤੇ ਅਮਰੀਕੀ ਸ਼ਮੂਲੀਅਤ ਤੋਂ ਬਿਨਾਂ ਅਜਿਹਾ ਕਰਨਾ ਸਮੇਂ ਦੀ ਬਰਬਾਦੀ ਹੋਵੇਗੀ।

ਟਰੰਪ ਨੇ ਇਹ ਵੀ ਕਿਹਾ ਕਿ ਅਲੀ ਖਾਮਨੇਈ ਦੇ ਪੁੱਤਰ, ਮੋਜਤਬਾ ਖਾਮਨੇਈ ਨੂੰ ਇੱਕ ਸੰਭਾਵੀ ਉੱਤਰਾਧਿਕਾਰੀ ਵਜੋਂ ਮੰਨਿਆ ਜਾ ਰਿਹਾ ਹੈ, ਪਰ ਉਹ ਇਸ ਨੂੰ ਸਵੀਕਾਰ ਨਹੀਂ ਕਰਨਗੇ।

ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਨਵਾਂ ਨੇਤਾ ਪੁਰਾਣੀ ਲੀਡਰਸ਼ਿਪ ਦੀਆਂ ਨੀਤੀਆਂ ਨੂੰ ਜਾਰੀ ਰੱਖਦਾ ਹੈ, ਤਾਂ ਆਉਣ ਵਾਲੇ ਸਾਲਾਂ ਵਿੱਚ ਅਮਰੀਕਾ ਅਤੇ ਈਰਾਨ ਨੂੰ ਇੱਕ ਹੋਰ ਟਕਰਾਅ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਟਰੰਪ ਨੇ ਕਿਹਾ ਕਿ ਅਮਰੀਕਾ ਇੱਕ ਅਜਿਹਾ ਨੇਤਾ ਚਾਹੁੰਦਾ ਹੈ ਜੋ ਈਰਾਨ ਵਿੱਚ ਸ਼ਾਂਤੀ ਅਤੇ ਸਥਿਰਤਾ ਲਿਆ ਸਕੇ।

## ਐਸ.ਜੀ.ਪੀ.ਸੀ. ਦਾ ਸਾਲਾਨਾ ਬਜਟ

ਉਨ੍ਹਾਂ ਦੱਸਿਆ ਕਿ ਸਿੱਖ ਇਤਿਹਾਸ ਦੇ ਮਹਾਨ ਸ਼ਹੀਦ ਭਾਈ ਤਾਰਾ ਸਿੰਘ ਦੇ 300ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪ੍ਰੋਗਰਾਮ 11 ਮਾਰਚ ਤੋਂ 14 ਮਾਰਚ ਤੱਕ ਆਯੋਜਿਤ ਕੀਤੇ ਜਾਣਗੇ। ਨਗਰ ਕੀਰਤਨ 11 ਮਾਰਚ ਨੂੰ ਅਤੇ ਗੁਰਮਤਿ ਸਮਾਗਮ 12 ਤੋਂ 14 ਮਾਰਚ ਤੱਕ ਹੋਣਗੇ। ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਹੁਣ ਆਪਣਾ ਯੂਟਿਊਬ ਚੈਨਲ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਵੱਖ-ਵੱਖ ਸੈਟੇਲਾਈਟ ਚੈਨਲਾਂ ਨਾਲ ਗੱਲਬਾਤ ਕੀਤੀ ਗਈ ਸੀ, ਪਰ ਧਾਰਮਿਕ ਚੈਨਲ ਚਲਾਉਣ ਲਈ ਭਾਰੀ ਖਰਚੇ ਦੀ ਮੰਗ ਕੀਤੀ ਜਾ ਰਹੀ ਸੀ, ਇਸ ਲਈ ਸ਼੍ਰੋਮਣੀ ਕਮੇਟੀ ਨੇ ਆਪਣਾ ਡਿਜੀਟਲ ਪਲੇਟਫਾਰਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।

## ਰਣਜੀਤ ਸਿੰਘ ਦੀ ਮਾਤਾ ਵੱਲੋਂ ਪਾਈ ਪਟੀਸ਼ਨ 'ਤੇ

ਅਤੇ ਨਿਰਪੱਖ ਜਾਂਚ ਨੂੰ ਯਕੀਨੀ ਬਣਾਉਣ ਲਈ ਜਾਂਚ ਕਿਸੇ ਮੌਜੂਦਾ ਜਾਂ ਸੇਵਾਮੁਕਤ ਜੱਜ ਦੀ ਨਿਗਰਾਨੀ ਹੇਠ ਕੀਤੀ ਜਾਵੇ। ਪਟੀਸ਼ਨ ਵਿੱਚ ਇਹ ਵਿਕਲਪ ਵੀ ਪ੍ਰਦਾਨ ਕੀਤਾ ਗਿਆ ਹੈ ਕਿ ਅਦਾਲਤ ਮਾਮਲੇ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ ਸੌਂਪਣ ਦਾ ਆਦੇਸ਼ ਦੇ ਸਕਦੀ ਹੈ। ਪਟੀਸ਼ਨ ਦੇ ਅਨੁਸਾਰ, ਮ੍ਰਿਤਕ, ਰਣਜੀਤ ਸਿੰਘ (19), ਬਿਕਰਮਜੀਤ ਸਿੰਘ ਦਾ ਪੁੱਤਰ, ਪਿੰਡ ਆਦੀ, ਡਾਕਘਰ ਦੁੱਗਰੀ, ਜ਼ਿਲ੍ਹਾ ਗੁਰਦਾਸਪੁਰ, ਇੱਕ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ ਸੀ। ਇਹ ਘਟਨਾ ਗੁਰਦਾਸਪੁਰ ਜ਼ਿਲ੍ਹੇ ਦੇ ਪੁਰਾਣਾ ਸ਼ਾਲਾ ਖੇਤਰ ਵਿੱਚ ਵਾਪਰੀ ਦੱਸੀ ਜਾਂਦੀ ਹੈ।

ਇਸ ਮਾਮਲੇ ਦੇ ਸਬੰਧ ਵਿੱਚ ਤਿੰਨ ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ: 22 ਫਰਵਰੀ, 2026 ਨੂੰ ਪੁਲਿਸ ਸਟੇਸ਼ਨ ਦੋਰੰਗਲਾ ਵਿਖੇ ਐਫ.ਆਈ.ਆਰ. ਨੰਬਰ 18, 25 ਫਰਵਰੀ, 2026 ਨੂੰ ਪੁਲਿਸ ਸਟੇਸ਼ਨ ਬਹਿਰਾਮਪੁਰ ਵਿਖੇ ਐਫ.ਆਈ.ਆਰ. ਨੰਬਰ 30, ਅਤੇ 24 ਪੁਲਿਸ ਸਟੇਸ਼ਨ ਪੁਰਾਣਾ ਸ਼ਾਲਾ ਵਿਖੇ। ਇਹ ਐਫ.ਆਈ.ਆਰ. ਭਾਰਤੀ ਦੰਡ ਵਿਧਾਨ (ਆਈ.ਪੀ.ਸੀ.) ਦੀਆਂ ਵੱਖ-ਵੱਖ ਧਾਰਾਵਾਂ ਦੇ ਨਾਲ-ਨਾਲ ਅਸਲਾ ਐਕਟ ਦੀ ਧਾਰਾ 25 ਦੀ ਵਰਤੋਂ ਕਰਦੀਆਂ ਹਨ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਪੁਲਿਸ ਕਾਰਵਾਈ ਨੂੰ ਨਿਰਪੱਖ ਜਾਂਚ ਤੋਂ ਬਿਨਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਅਤੇ ਇਹ ਮ੍ਰਿਤਕ ਦੇ ਮੌਲਿਕ ਅਧਿਕਾਰਾਂ, ਖਾਸ ਕਰਕੇ ਜੀਵਨ ਦੇ ਅਧਿਕਾਰ ਦੀ ਗੰਭੀਰ ਉਲੰਘਣਾ ਹੈ। ਸੁਖਜਿੰਦਰ ਕੌਰ ਨੇ ਅਦਾਲਤ ਨੂੰ ਦੱਸਿਆ ਕਿ ਰਣਜੀਤ ਸਿੰਘ ਉਸ ਦਾ ਇਕਲੌਤਾ ਪੁੱਤਰ ਸੀ ਅਤੇ ਉਸਦੀ ਮੌਤ ਨੇ ਪਰਿਵਾਰ ਨੂੰ ਤਬਾਹ ਕਰ ਦਿੱਤਾ ਹੈ। ਉਨ੍ਹਾਂ ਨੇ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਦੀ ਸੁਤੰਤਰ ਜਾਂਚ ਦਾ ਹੁਕਮ ਦਿੱਤਾ ਜਾਵੇ ਤਾਂ ਜੋ ਸੱਚਾਈ ਸਾਹਮਣੇ ਆ ਸਕੇ ਅਤੇ ਜੇਕਰ ਕੋਈ ਬੇਨਿਯਮੀਆਂ ਜਾਂ ਕਾਨੂੰਨ ਦੀ ਉਲੰਘਣਾ ਹੋਈ ਹੈ, ਤਾਂ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾ ਸਕੇ। ਪਟੀਸ਼ਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ ਕਥਿਤ ਪੁਲਿਸ ਮੁਕਾਬਲਿਆਂ ਬਾਰੇ ਲੰਬੇ ਸਮੇਂ ਤੋਂ ਸਵਾਲ ਉਠਾਏ ਜਾ ਰਹੇ ਹਨ। 1984 ਤੋਂ ਲੈ ਕੇ ਹੁਣ ਤੱਕ ਅਦਾਲਤਾਂ ਵਿੱਚ ਅਜਿਹੇ ਕਈ ਮਾਮਲੇ ਦਾਇਰ ਕੀਤੇ ਗਏ ਹਨ।

## ਵਿਧਾਨ ਸਭਾ ਲਈ ਮਾਰਚ ਤੋਂ ਪਹਿਲਾ

ਉਨ੍ਹਾਂ ਕਿਹਾ ਕਿ ਪੰਜਾਬ ਸਿਰ ਕਰਜ਼ਾ 4 ਲੱਖ ਕਰੋੜ ਰੁਪਏ ਤੋਂ ਪਾਰ ਹੋ ਚੁੱਕਾ ਹੈ ਅਤੇ ਜਲਦ ਹੀ 4.17 ਲੱਖ ਕਰੋੜ ਤੱਕ ਪਹੁੰਚ ਸਕਦਾ ਹੈ।

ਉਨ੍ਹਾਂ ਨੇ ਦੋਸ਼ ਲਗਾਇਆ ਕਿ ਪੰਜਾਬ ਵਿੱਚ ਕੋਈ ਵੱਡਾ ਵਿਕਾਸ ਨਹੀਂ ਹੋਇਆ ਹੈ, ਜਦਕਿ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਪੈਸੇ ਦਿੱਲੀ, ਗੁਜਰਾਤ ਅਤੇ ਗੋਆ ਵਿੱਚ ਚੋਣਾਂ ਲੜਨ ਲਈ ਖਰਚ ਕਰ ਦਿੱਤੇ। ਉਨ੍ਹਾਂ ਕਿਹਾ ਕਿ ਢਾਂਚਾਗਤ ਵਿਕਾਸ ਲਈ ਇਕ ਇੱਟ ਵੀ ਨਹੀਂ ਲਗਾਈ ਗਈ ਹੈ। ਇਸ ਦੌਰਾਨ ਹਜ਼ਾਰਾਂ ਕਰੋੜਾਂ ਰੁਪਏ ਸਿਰਫ਼ ਇਸ਼ਤਿਹਾਰਾਂ 'ਤੇ ਖਰਚ ਕੀਤੇ ਗਏ ਹਨ।

ਸੂਬਾ ਕਾਂਗਰਸ ਪ੍ਰਧਾਨ ਨੇ ਸਰਕਾਰ ਨੂੰ ਮਹਿਲਾਵਾਂ ਲਈ 1000 ਰੁਪਏ ਮਹੀਨਾ, ਕਰਮਚਾਰੀਆਂ ਲਈ ਪੁਰਾਣੀ ਪੈਨਸ਼ਨ ਸਕੀਮ, ਬਕਾਇਆ ਡੀਏ ਅਤੇ ਰੇਤ ਦੀ ਮਾਈਨਿੰਗ ਤੋਂ 20,000 ਕਰੋੜ ਰੁਪਏ ਦੀ ਆਮਦਨ ਦੇ ਦਾਅਵਿਆਂ ਦੀ ਵੀ ਯਾਦ ਦਵਾਈ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਦੇ ਲੋਕ ਆਪ ਸਰਕਾਰ ਦੇ ਚਾਰ ਸਾਲ ਹੋਣ ਤੇ ਇਨ੍ਹਾਂ ਪਾਸੋਂ ਜਵਾਬ ਮੰਗ ਰਹੇ ਹਨ।

ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਸੂਬੇ ਅੰਦਰ ਕਾਨੂੰਨ-ਵਿਵਸਥਾ ਦੀ ਸਥਿਤੀ ਬੇਹੱਦ ਖਰਾਬ ਹੋ ਚੁੱਕੀ ਹੈ। ਗੈਂਗਸਟਰ ਅਤੇ ਅਪਰਾਧੀ ਬਿਨਾ ਡਰ ਦੇ ਹੱਤਿਆਵਾਂ ਕਰ ਰਹੇ ਹਨ ਅਤੇ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ ਅਤੇ ਸਰਕਾਰ ਲੋਕਾਂ ਦੀਆਂ ਜਾਨਾਂ ਦੀ ਰਾਖੀ ਕਰਨ ਵਿੱਚ ਨਾਕਾਮ ਰਹੀ ਹੈ।

ਪੱਤਰਕਾਰਾਂ ਨਾਲ ਇੱਕ ਗੈਰ ਰਸਮੀ ਗੱਲਬਾਤ ਦੌਰਾਨ ਵੜਿੰਗ ਨੇ ਕਿਹਾ ਕਿ ਪੰਜਾਬ ਵਿੱਚ ਕਾਨੂੰਨ-ਵਿਵਸਥਾ ਪੂਰੀ ਤਰ੍ਹਾਂ ਢਹਿ ਚੁੱਕੇ ਹਨ, ਬੰਬ ਸੁੱਟੇ ਜਾ ਰਹੇ ਹਨ, ਬਾਬਾ ਸਾਹਿਬ ਦੇ ਬੁੱਤ ਨੂੰ ਨੁਕਸਾਨ ਪਹੁੰਚਾਇਆ ਗਿਆ ਅਤੇ ਨਸ਼ੇ ਦੀ ਸਮੱਸਿਆ ਵੀ ਵੱਡਾ ਮੁੱਦਾ ਬਣੀ ਹੋਈ ਹੈ। ਅਸੀਂ ਇਨ੍ਹਾਂ ਸਾਰਿਆਂ ਵਿਸ਼ਿਆਂ ਉੱਪਰ ਪ੍ਰਦਰਸ਼ਨ ਕਰ ਰਹੇ ਹਾਂ।

ਉਨ੍ਹਾਂ ਨੇ ਆਮ ਆਦਮੀ ਪਾਰਟੀ ਅਤੇ ਭਾਜਪਾ ਵਿਚਕਾਰ ਕੋਈ ਗੁਪਤ ਸਮਝੌਤਾ ਹੋਣ ਦਾ ਦੋਸ਼ ਲਗਾਇਆ, ਤਾਂ ਜੋ ਕਾਂਗਰਸ ਨੂੰ ਦੁਬਾਰਾ ਸੱਤਾ ਵਿੱਚ ਆਉਣ ਤੋਂ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਕੇਜਰੀਵਾਲ ਅਤੇ ਭਾਜਪਾ ਵਿਚਾਲੇ ਗੁਪਤ ਸਮਝੌਤਾ ਹੋ ਚੁੱਕਾ ਹੈ। ਇਸ ਦੌਰਾਨ ਪਾਰਟੀ ਵਰਕਰਾਂ ਦਾ ਧੰਨਵਾਦ ਕਰਦਿਆਂ, ਵੜਿੰਗ ਨੇ ਕਿਹਾ ਕਿ ਅੱਜ ਦੇ ਪ੍ਰੋਗਰਾਮ ਦੀ ਸਫਲਤਾ ਉਨ੍ਹਾਂ ਦੇ ਸਹਿਯੋਗ ਨਾਲ ਸੰਭਵ ਹੋਈ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਜ਼ਮੀਨੀ ਪੱਧਰ ਦੇ ਵਰਕਰਾਂ ਨੂੰ ਬਣਦਾ ਮਾਣ ਦੇ ਰਹੀ ਹੈ। ਉਨ੍ਹਾਂ ਜਿਕਰ ਕੀਤਾ ਕਿ ਕਿਵੇਂ ਹਿਮਾਚਲ ਪ੍ਰਦੇਸ਼ ਤੋਂ ਇਕ ਜ਼ਿਲ੍ਹਾ ਕਾਂਗਰਸ ਪ੍ਰਧਾਨ ਰਾਜ ਸਭਾ ਨਾਮਜ਼ਦ ਕੀਤਾ ਗਿਆ ਹੈ।

## ਬਾਘਾ ਪੁਰਾਣਾ 'ਚ ਦਿਨ ਦਿਹਾੜੇ ਮੌਜੂਦਾ ਸਰਪੰਚ ਦਾ

ਹਮਲਾਵਰਾਂ ਵੱਲੋਂ ਲਗਭਗ ਕਈ ਫਾਇਰ ਕੀਤੇ ਗਏ, ਜਿਸ ਕਾਰਨ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਦੋਸ਼ੀ ਮੌਕੇ ਤੋਂ ਫਰਾਰ ਹੋਣ ਵਿੱਚ ਕਾਮਯਾਬ ਹੋ ਗਏ।

ਗੋਲੀਆਂ ਲੱਗਣ ਕਾਰਨ ਸਰਪੰਚ ਹੈਪੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਮੌਕੇ 'ਤੇ ਮੌਜੂਦ ਲੋਕਾਂ ਵੱਲੋਂ ਤੁਰੰਤ ਉਸਨੂੰ ਸਿਵਲ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਉਸਦਾ ਇਲਾਜ ਕੀਤਾ ਜਾ ਰਿਹਾ ਹੈ। ਡਾਕਟਰਾਂ ਦੇ ਮੁਤਾਬਕ ਜ਼ਖਮੀ ਦੀ ਹਾਲਤ ਨਾਜ਼ੁਕ ਹੋਣ ਕਰ ਕੇ ਮੌਤ ਹੋ ਗਈ ਹੈ

ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਦੇ ਉੱਚ ਅਧਿਕਾਰੀ ਵੀ ਮੌਕੇ 'ਤੇ ਪਹੁੰਚ ਗਏ। ਮੋਗਾ ਦੇ ਐਸਐਸਪੀ ਵੱਲੋਂ ਖੁਦ ਮੌਕੇ 'ਤੇ ਪਹੁੰਚ ਕੇ ਘਟਨਾ ਸਥਲ ਦਾ ਜਾਇਜ਼ਾ ਲਿਆ ਗਿਆ ਅਤੇ ਪੁਲਿਸ ਟੀਮਾਂ ਨੂੰ ਜਾਂਚ ਦੇ ਹੁਕਮ ਦਿੱਤੇ ਗਏ। ਪੁਲਿਸ ਨੇ ਇਲਾਕੇ ਵਿੱਚ ਨਾਕਾਬੰਦੀ ਕਰਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਐਸਐਸਪੀ ਨੇ ਦੱਸਿਆ ਕਿ ਪ੍ਰਾਰੰਭਿਕ ਜਾਂਚ ਦੌਰਾਨ ਇਹ ਮਾਮਲਾ ਆਪਸੀ ਰੰਜਿਸ਼ ਨਾਲ ਜੁੜਿਆ ਹੋਇਆ ਲੱਗਦਾ ਹੈ। ਹਾਲਾਂਕਿ ਪੁਲਿਸ ਵੱਲੋਂ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ। ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਦੋਸ਼ੀਆਂ ਤੱਕ ਜਲਦੀ ਪਹੁੰਚਿਆ ਜਾ ਸਕੇ।

ਇਸ ਘਟਨਾ ਤੋਂ ਬਾਅਦ ਬਾਘਾ ਪੁਰਾਣਾ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਡਰ ਅਤੇ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ, ਜਦਕਿ ਪੁਲਿਸ ਵੱਲੋਂ ਜਲਦੀ ਹੀ ਦੋਸ਼ੀਆਂ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ।

## ਹਵਾਈ ਫ਼ੌਜ ਦੇ ਸੁਖੋਈ-30 ਨੂੰ

ਕੀਤਾ ਗਿਆ। ਹਵਾਈ ਫ਼ੌਜ ਦੀ ਖੋਜ ਅਤੇ ਬਚਾਅ ਟੀਮ ਨੇ ਸਿਵਲ ਪ੍ਰਸ਼ਾਸਨ, ਪੁਲਿਸ ਅਤੇ ਸਥਾਨਕ ਪਿੰਡ ਵਾਸੀਆਂ ਦੀ ਮਦਦ ਨਾਲ ਪੈਦਲ ਯਾਤਰਾ ਕਰਕੇ ਹਾਦਸੇ ਵਾਲੀ ਥਾਂ 'ਤੇ ਪਹੁੰਚ ਕੇ ਮਲਬੇ ਦੀ ਨਿਸ਼ਾਨਦੇਹੀ ਕੀਤੀ।

ਜ਼ਿਕਰਯੋਗ ਹੈ ਕਿ ਸੁਖੋਈ ਜਹਾਜ਼ਾਂ ਦੇ ਹਾਦਸਾਗ੍ਰਸਤ ਹੋਣ ਦੀਆਂ ਘਟਨਾਵਾਂ ਪਹਿਲਾਂ ਵੀ ਸਾਹਮਣੇ ਆਈਆਂ ਹਨ। ਇਸ ਤੋਂ ਪਹਿਲਾਂ ਜੂਨ 2024 'ਚ ਮਹਾਰਾਸ਼ਟਰ ਦੇ ਨਾਸਿਕ ਜ਼ਿਲ੍ਹੇ 'ਚ ਇਕ ਸੁਖੋਈ ਲੜਾਕੂ ਜਹਾਜ਼ ਹਾਦਸਾਗ੍ਰਸਤ ਹੋਇਆ ਸੀ। ਇਸੇ ਤਰ੍ਹਾਂ ਜਨਵਰੀ 2023 'ਚ ਗਵਾਲੀਅਰ ਏਅਰਬੇਸ ਤੋਂ ਉਡਾਣ ਭਰਨ ਤੋਂ ਬਾਅਦ ਵੀ ਇਕ ਸੁਖੋਈ-30 ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ।

## ਸਿਵਲ ਸਰਵਿਸਿਜ਼ ਪ੍ਰੀਖਿਆ 'ਚ ਰਾਜਸਥਾਨ

ਯੂ.ਪੀ.ਐਸ.ਸੀ. ਵਲੋਂ ਜਾਰੀ ਕੀਤੇ ਗਏ ਨਤੀਜਿਆਂ ਅਨੁਸਾਰ ਕੁੱਲ ਚੁਣੇ ਗਏ ਉਮੀਦਵਾਰਾਂ ਵਿੱਚੋਂ 180 ਉਮੀਦਵਾਰਾਂ ਦੀ ਚੋਣ ਆਈ.ਏ.ਐਸ. ਦੇ ਅਹੁਦੇ ਲਈ ਕੀਤੀ ਗਈ ਹੈ। ਇਸ ਤੋਂ ਇਲਾਵਾ ਭਾਰਤੀ ਵਿਦੇਸ਼ ਸੇਵਾ ਆਈ.ਐਫ.ਐਸ.ਲਈ 55 ਉਮੀਦਵਾਰ ਅਤੇ ਭਾਰਤੀ ਪੁਲੀਸ ਸੇਵਾ ਆਈ.ਪੀ.ਐਸ. ਲਈ 150 ਉਮੀਦਵਾਰ ਚੁਣੇ ਗਏ ਹਨ। ਬਾਕੀ ਬਚੇ ਹੋਏ ਉਮੀਦਵਾਰਾਂ ਦੀ ਨਿਯੁਕਤੀ ਹੋਰ ਵੱਖ-ਵੱਖ ਕੇਂਦਰੀ ਸੇਵਾਵਾਂ ਅਤੇ ਗਰੁੱਪਾਂ ਵਿੱਚ ਕੀਤੀ ਜਾਵੇਗੀ।

ਯੂ.ਪੀ.ਐਸ.ਸੀ. ਦੇ ਅਨੁਸਾਰ, ਸਿਵਲ ਸੇਵਾਵਾਂ (ਸ਼ੁਰੂਆਤੀ) ਪ੍ਰੀਖਿਆ 25 ਮਈ 2025 ਨੂੰ ਆਯੋਜਿਤ ਕੀਤੀ ਗਈ ਸੀ, ਜਿਸ ਲਈ 9,37,876 ਉਮੀਦਵਾਰਾਂ ਨੇ ਅਪਲਾਈ ਕੀਤਾ ਸੀ। ਇਨ੍ਹਾਂ 'ਚੋਂ 5,76,793 ਉਮੀਦਵਾਰ ਪ੍ਰੀਖਿਆ 'ਚ ਬੈਠੇ ਸਨ। ਮੁੱਖ ਪ੍ਰੀਖਿਆ (ਲਿਖਤੀ) ਲਈ 14,161 ਉਮੀਦਵਾਰਾਂ ਨੇ ਯੋਗਤਾ ਪੂਰੀ ਕੀਤੀ, ਜਿਨ੍ਹਾਂ 'ਚੋਂ 2,736 ਉਮੀਦਵਾਰਾਂ ਨੂੰ ਇੰਟਰਵਿਊ ਲਈ ਬੁਲਾਇਆ ਗਿਆ ਸੀ।

## ਭਾਰਤੀ ਖੇਤੀਬਾੜੀ ਨੂੰ ਨਿਰਯਾਤ-ਮੁਖੀ ਅਤੇ

ਅੱਜ ਦੁਨੀਆ ਸਿਹਤ ਪ੍ਰਤੀ ਵਧੇਰੇ ਜਾਗਰੂਕ ਹੋ ਰਹੀ ਹੈ ਅਤੇ ਸੰਪੂਰਨ ਸਿਹਤ ਸੰਭਾਲ ਅਤੇ ਜੈਵਿਕ ਭੋਜਨ 'ਤੇ ਵਿਸ਼ੇਸ਼ ਧਿਆਨ ਕੇਂਦਰਿਤ ਕਰ ਰਹੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਦੁਨੀਆ ਸਿਹਤ ਪ੍ਰਤੀ ਵਧੇਰੇ ਜਾਗਰੂਕ ਹੋ ਰਹੀ ਹੈ ਅਤੇ ਸੰਪੂਰਨ ਸਿਹਤ ਸੰਭਾਲ ਅਤੇ ਜੈਵਿਕ ਭੋਜਨ 'ਤੇ ਵਿਸ਼ੇਸ਼ ਧਿਆਨ ਕੇਂਦਰਿਤ ਕਰ ਰਹੀ ਹੈ। ਮੋਦੀ ਨੇ ਕਿਹਾ ਕਿ ਖੇਤੀਬਾੜੀ ਭਾਰਤ ਦੀ ਲੰਬੀ ਮਿਆਦ ਦੀ ਵਿਕਾਸ ਯਾਤਰਾ ਦਾ ਇੱਕ ਰਣਨੀਤਕ ਥੰਮ੍ਹ ਹੈ ਅਤੇ ਸਰਕਾਰ ਨੇ ਖੇਤੀਬਾੜੀ ਖੇਤਰ ਨੂੰ ਲਗਾਤਾਰ ਮਜ਼ਬੂਤ ਕੀਤਾ ਹੈ।

## ਚਾਂਦੀ 'ਚ 5 000 ਤੋਂ ਵੱਧ ਦਾ ਉਛਾਲ, ਸੋਨਾ

ਪ੍ਰਤੀ 10 ਗ੍ਰਾਮ ਅਤੇ ਚਾਂਦੀ 27,700 ਰੁਪਏ ਪ੍ਰਤੀ ਕਿਲੋਗ੍ਰਾਮ ਡਿੱਗ ਗਈ। ਆਲ ਇੰਡੀਆ ਸਰਾਫਾ ਐਸੋਸੀਏਸ਼ਨ ਦੇ ਅਨੁਸਾਰ, ਚਾਂਦੀ ਦੀਆਂ ਕੀਮਤਾਂ 27,700 ਰੁਪਏ ਜਾਂ 9.23 ਪ੍ਰਤੀਸ਼ਤ ਦੀ ਭਾਰੀ ਗਿਰਾਵਟ ਨਾਲ 2,72,300 ਰੁਪਏ ਪ੍ਰਤੀ ਕਿਲੋਗ੍ਰਾਮ (ਸਾਰੇ ਟੈਕਸਾਂ ਸਮੇਤ) 'ਤੇ ਆ ਗਈਆਂ।

ਲੈਮਨ ਮਾਰਕੀਟ ਡੈਸਕ ਦੇ ਖੋਜ ਵਿਸ਼ਲੇਸ਼ਕ ਗੌਰਵ ਗਰਗ ਨੇ ਕਿਹਾ, 'ਚਾਂਦੀ ਦੀਆਂ ਕੀਮਤਾਂ ਵਿੱਚ ਵੀਰਵਾਰ ਨੂੰ ਕਾਫ਼ੀ ਉਤਰਾਅ-ਚੜ੍ਹਾਅ ਦੇਖਣ ਨੂੰ ਮਿਲਿਆ ਕਿਉਂਕਿ ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਵਧ ਰਹੇ ਭੂ-ਰਾਜਨੀਤਿਕ ਤਣਾਅ ਕਾਰਨ ਸੁਰੱਖਿਅਤ-ਨਿਵਾਸ ਸੰਪਤੀਆਂ ਦੀ ਮਜ਼ਬੂਤ ਮੰਗ ਉੱਚ ਪੱਧਰਾਂ 'ਤੇ ਭਾਰੀ ਮੁਨਾਫ਼ਾ ਵਸੂਲੀ ਕਾਰਨ ਭਰ ਗਈ।'

ਹੋਲੀ ਦੇ ਕਾਰਨ ਮੰਗਲਵਾਰ ਅਤੇ ਬੁੱਧਵਾਰ ਨੂੰ ਸਰਾਫਾ ਬਾਜ਼ਾਰ ਬੰਦ ਰਹੇ। 99.9 ਪ੍ਰਤੀਸ਼ਤ ਸ਼ੁੱਧਤਾ ਵਾਲਾ ਸੋਨਾ ਵੀ 7,600 ਰੁਪਏ ਜਾਂ 4.4 ਪ੍ਰਤੀਸ਼ਤ ਡਿੱਗ ਕੇ 1,65,200 ਰੁਪਏ ਪ੍ਰਤੀ 10 ਗ੍ਰਾਮ (ਸਾਰੇ ਟੈਕਸਾਂ ਸਮੇਤ) 'ਤੇ ਆ ਗਿਆ। ਪਿਛਲੇ ਬਾਜ਼ਾਰ ਸੈਸ਼ਨ ਵਿੱਚ ਇਹ 1,72,800 ਰੁਪਏ ਪ੍ਰਤੀ 10 ਗ੍ਰਾਮ 'ਤੇ ਬੰਦ ਹੋਇਆ ਸੀ। ਐੱਚ.ਡੀ.ਐੱਫ.ਸੀ.ਸਿਕਿਓਰਿਟੀਜ਼ ਦੇ ਸੀਨੀਅਰ ਵਿਸ਼ਲੇਸ਼ਕ (ਵਸਤੂਆਂ) ਸੌਮਿਲ ਗਾਂਧੀ ਨੇ ਕਿਹਾ, 'ਕਮਜ਼ੋਰ ਗਲੋਬਲ ਸੰਕੇਤਾਂ ਦੇ ਵਿਚਕਾਰ ਵੀਰਵਾਰ ਨੂੰ ਸੋਨੇ ਦੀਆਂ ਕੀਮਤਾਂ ਵਿੱਚ ਗਿਰਾਵਟ ਆਈ, ਜਦੋਂ ਕਿ ਮਜ਼ਬੂਤ ਭਾਰਤੀ ਰੁਪਏ ਨੇ ਘਰੇਲੂ ਸਰਾਫਾ 'ਤੇ ਦਬਾਅ ਪਾਇਆ।'

## ਪਾਵਰਕਾਮ ਅਧਿਕਾਰੀਆਂ ਨੇ ਝੁੱਗੀਆਂ

ਉਹਨਾਂ ਦਾ ਕੋਈ ਵੀ ਪਹਿਚਾਣ ਪੱਤਰ ਨਹੀਂ ਹੈ ਅਤੇ ਨਾ ਹੀ ਇਹਨਾਂ ਪਲਾਟਾਂ ਅਤੇ ਜਗਾ ਦੇ ਮਾਲਕਾਂ ਨੇ ਇਹਨਾਂ ਝੁੱਗੀਆਂ ਸਬੰਧੀ ਕੋਈ ਵੀ ਇਤਲਾਹ ਸਬੰਧਤ ਥਾਣੇ ਵਿੱਚ ਦਿੱਤੀ ਹੈ ਕਿ ਉਹਨਾਂ ਦੇ ਪਲਾਟ ਜਾਂ ਜਮੀਨ ਉੱਪਰ ਕਿੰਨੀਆਂ ਝੁਗੀਆਂ ਲੱਗੀਆਂ ਹੋਈਆਂ ਹਨ ਅਤੇ ਇਹ ਝੁੱਗੀਆਂ ਉੱਪਰ ਰਹਿ ਰਹੇ ਲੋਕ ਕਿੱਥੋਂ ਦੇ ਪੁਰਾਣੇ ਵਸਨੀਕ ਹਨ ਅਤੇ ਉਹ ਕੀ ਕੰਮ ਕਰਦੇ ਹਨ।

ਅਜੇ ਤੱਕ ਇਹ ਜਾਣਕਾਰੀ ਕਿਸੇ ਵੀ ਥਾਣੇ ਵਿੱਚ ਉਪਲਬਧ ਨਹੀਂ ਹੈ। ਉਧਰ ਨਗਰ ਨਿਗਮ ਵੀ ਅਜੇ ਤੱਕ ਚੁੱਪ ਹੈ ਕਿਉਂਕਿ ਜੇਕਰ ਚਾਹੇ ਤਾਂ ਨਗਰ ਨਿਗਮ ਇਹਨਾਂ ਝੁਗੀਆਂ ਤੋਂ ਪਲਾਟ ਮਾਲਕਾਂ ਵੱਲੋਂ ਵਸੂਲੇ ਜਾ ਰਹੇ ਕਿਰਾਏ ਦੇ ਤਹਿਤ ਪ੍ਰਾਪਰਟੀ ਟੈਕਸ ਵਸੂਲ ਕਰ ਸਕਦਾ ਹੈ। ਨਗਰ ਨਿਗਮ ਨੇ ਅਜੇ ਤੱਕ ਅਜਿਹੀ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ। ਜਾਣਕਾਰੀ ਇਹ ਮਿਲ ਰਹੀ ਹੈ ਕਿ ਇੱਥੇ ਵੱਡੀ ਗਿਣਤੀ ਵਿੱਚ ਝੁਗੀਆਂ ਇਕ ਕਿਸੇ ਉੱਚੀ ਪਹੁੰਚ ਵਾਲੇ ਵਿਅਕਤੀ ਵੱਲੋਂ ਆਪਣੀ ਜਗ੍ਹਾ ਵਿੱਚ ਲਗਾਈਆਂ ਗਈਆਂ ਹਨ ਜੋ ਹਰ ਮਹੀਨੇ ਲੱਖਾਂ ਰੁਪਏ ਉਗਰਾਹੀ ਕਰਦਾ ਹੈ ਪਰ ਇਹਨਾਂ ਲੱਖਾਂ ਰੁਪਇਆ ਵਿੱਚੋਂ ਨਗਰ ਨਿਗਮ ਨੂੰ ਕੋਈ ਵੀ ਟੈਕਸ ਵਜੋਂ ਨਹੀਂ ਦਿੱਤਾ ਜਾ ਰਿਹਾ। ਹੁਣ ਜਦੋਂ ਬਿਜਲੀ ਵਿਭਾਗ ਅਤੇ ਇਨਫੋਰਸਮੈਂਟ ਦੇ ਅਧਿਕਾਰੀਆਂ ਨੇ ਬਿਜਲੀ ਕਨੈਕਸ਼ਨ ਕੱਟ ਦਿੱਤੇ ਹਨ ਤਾਂ ਬਿਜਲੀ ਵਿਭਾਗ ਦਾ ਕੰਮ ਵੀ ਇੱਥੇ ਹੀ ਖਤਮ ਨਹੀਂ ਹੋਇਆ ਜੇਕਰ ਆਉਣ ਵਾਲੇ ਸਮੇਂ ਚ ਲਗਾਤਾਰ ਬਿਜਲੀ ਵਿਭਾਗ ਗੇੜੇ ਤੇ ਗੇੜਾ ਰੱਖੇਗਾ ਤਾਂ ਫਿਰ ਹੀ ਇੱਥੇ ਇਹ ਝੁਗੀਆਂ ਵਿੱਚ ਆਉਣ ਵਾਲੀ ਬਿਜਲੀ ਨੂੰ ਰੋਕ ਲੱਗ ਸਕੇਗੀ ਅਤੇ ਦੂਜੇ ਪਾਸੇ ਪੰਜਾਬ ਪੁਲਿਸ ਵੱਲੋਂ ਵੀ ਆਪਣੇ ਪੱਧਰ 'ਤੇ ਕਾਰਵਾਈ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਆਸ ਪਾਸ ਦੇ ਲੋਕਾਂ ਦੀ ਮੰਗ ਪੂਰੀ ਹੋ ਸਕੇ। ਨੇੜਲੇ ਕਲੋਨੀਆਂ ਵਿੱਚ ਰਹਿਣ ਵਾਲੇ ਲੋਕ ਪ੍ਰਸ਼ਾਸ਼ਨ ਤੋਂ ਮੰਗ ਕਰਦੇ ਹਨ ਕਿ ਇਹਨਾਂ ਝੁਗੀਆਂ 'ਚ ਰਹਿਣ ਵਾਲਿਆਂ ਦੀ ਵੈਰੀਫਿਕੇਸ਼ਨ ਹੋਣੀ ਚਾਹੀਦੀ ਹੈ ਕਿ ਇਥੋਂ ਦੇ ਲੋਕਾਂ ਦਾ ਪਿਛੋਕੜ ਕੀ ਹੈ ਅਤੇ ਉਹਨਾਂ ਦਾ ਕਾਰੋਬਾਰ ਕੀ ਹੈ ਇੱਕ ਝੁੱਗੀ ਵਿੱਚ ਕਿੰਨੇ ਲੋਕ ਰਹਿੰਦੇ ਹਨ ਤੇ ਕੁੱਲ ਕਿੰਨੀਆਂ ਝੁਗੀਆਂ ਲੱਗੀਆਂ ਹੋਈਆਂ ਹਨ। ਉਹਨਾਂ ਦਾ ਕਿਰਾਇਆ ਕੀ ਹੈ ਜਿਸ ਦੇ ਆਧਾਰ 'ਤੇ ਨਗਰ ਨਿਗਮ ਸੰਬੰਧਤ ਮਾਲਕ ਤੋਂ ਪ੍ਰਾਪਰਟੀ ਟੈਕਸ ਵਸੂਲ ਕਰ ਸਕੇ।

## ਪੰਜਾਬ ਦੇ ਖਪਤਕਾਰਾਂ ਲਈ ਬਿਜਲੀ

ਨਾਲ-ਨਾਲ ਖਪਤਕਾਰਾਂ ਨੂੰ ਕਿਫ਼ਾਇਤੀ ਦਰਾਂ ਤੇ ਬਿਜਲੀ ਮਿਲੇਗੀ। ਘਰੇਲੂ ਖਪਤਕਾਰਾਂ ਨੂੰ ਖਪਤ ਸਲੈਬਾਂ ਦੇ ਆਧਾਰ 'ਤੇ ਪ੍ਰਤੀ ਯੂਨਿਟ 1.5 ਰੁਪਏ ਤੱਕ ਦੀ ਕਟੌਤੀ , ਵਪਾਰਕ ਅਦਾਰਿਆਂ ਨੂੰ ਪ੍ਰਤੀ ਯੂਨਿਟ 79 ਪੈਸੇ ਤੱਕ ਦੀ ਕਟੌਤੀ ਦਾ ਲਾਭ ਅਤੇ ਉਦਯੋਗਿਕ ਖਪਤਕਾਰਾਂ ਨੂੰ ਪ੍ਰਤੀ ਯੂਨਿਟ 74 ਪੈਸੇ ਤੱਕ ਦੀ ਕਟੌਤੀ ਦੀ ਰਾਹਤ ਮਿਲੇਗੀ।

ਮੀਡੀਆ ਨਾਲ ਗੱਲਬਾਤ ਕਰਦਿਆਂ ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਕਿਹਾ, ''ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਅਗਵਾਈ ਹੇਠ ਪੰਜਾਬ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਬਿਜਲੀ ਦਰਾਂ ਖਪਤਕਾਰ-ਅਨੁਕੂਲ ਰਹਿਣ ਅਤੇ ਸੂਬੇ ਵਿੱਚ ਉਦਯੋਗਿਕ ਵਿਕਾਸ ਅਤੇ ਆਰਥਿਕ ਵਿਕਾਸ ਨੂੰ ਵੀ ਹੁਲਾਰਾ ਮਿਲੇ।''

ਘਰੇਲੂ ਖਪਤਕਾਰਾਂ ਨੂੰ ਮਿਲਣ ਵਾਲੇ ਲਾਭਾਂ ਬਾਰੇ ਦੱਸਦੇ ਹੋਏ ਸੰਜੀਵ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਮੁਫ਼ਤ ਬਿਜਲੀ ਪਹਿਲਕਦਮੀ ਰਾਹੀਂ ਸੂਬੇ ਦੇ ਲੋਕਾਂ ਨੂੰ ਕਾਫ਼ੀ ਸਹਾਇਤਾ ਪਹਿਲਾਂ ਵਾਂਗ ਮਿਲਦੀ ਰਹੇਗੀ। ਉਨ੍ਹਾਂ ਕਿਹਾ ,''ਪ੍ਰਤੀ ਮਹੀਨਾ 300 ਯੂਨਿਟ ਬਿਜਲੀ, ਅਤੇ ਜੋ ਪ੍ਰਤੀ ਬਿਲਿੰਗ ਸਾਈਕਲ 600 ਯੂਨਿਟ ਹੈ, ਰਾਹੀਂ ਘਰਾਂ ਲਈ ਪੂਰੀ ਤਰ੍ਹਾਂ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਪੰਜਾਬ ਦੇ 90 ਫੀਸਦੀ ਤੋਂ ਵੱਧ ਘਰ ਪਹਿਲਾਂ ਹੀ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁਫ਼ਤ ਬਿਜਲੀ ਯੋਜਨਾ ਦਾ ਲਾਭ ਲੈ ਰਹੇ ਹਨ,।''

ਉਨ੍ਹਾਂ ਅੱਗੇ ਕਿਹਾ ਕਿ ਮੁਫ਼ਤ ਕੋਟੇ ਤੋਂ ਵੱਧ ਖ਼ਪਤ ਕਰਨ ਵਾਲੇ ਘਰਾਂ ਲਈ ਵੀ, ਟੈਰਿਫ ਘਟਾ ਦਿੱਤੇ ਗਏ ਹਨ।ਮੰਤਰੀ ਸੰਜੀਵ ਅਰੋੜਾ ਨੇ ਕਿਹਾ, "300 ਯੂਨਿਟਾਂ ਤੋਂ ਵੱਧ ਖਪਤ ਲਈ, ਟੈਰਿਫ ਵਿੱਚ ਪ੍ਰਤੀ ਯੂਨਿਟ 0.70 ਦੀ ਕਟੌਤੀ ਕੀਤੀ ਗਈ ਹੈ, ਜਿਸ ਨਾਲ ਵੱਧ ਖਪਤ ਵਾਲੇ ਘਰਾਂ ਨੂੰ ਵੀ ਕਾਫ਼ੀ ਰਾਹਤ ਮਿਲੇਗੀ ।

ਪੰਜਾਬ ਸਰਕਾਰ ਨੇ ਘਰੇਲੂ ਖਪਤਕਾਰਾਂ ਲਈ ਫਿਕਸਡ ਖ਼ਰਚੇ ਵੀ ਘਟਾ ਦਿੱਤੇ ਹਨ। 2 ਕਿਲੋਵਾਟ ਤੋਂ 7 ਕਿਲੋਵਾਟ ਦੇ ਵਿਚਕਾਰ ਲੋਡ ਵਾਲੇ ਘਰਾਂ ਲਈ, ਫਿਕਸਡ ਖਰਚਾ 5 ਪ੍ਰਤੀ ਕਿਲੋਵਾਟ , ਜਦਕਿ 7 ਕਿਲੋਵਾਟ ਤੋਂ 20 ਕਿਲੋਵਾਟ ਵਿਚਕਾਰ ਲੋਡ ਵਾਲੇ ਘਰਾਂ ਲਈ, ਫਿਕਸਡ ਖਰਚੇ 10 ਰੁਪਏ ਪ੍ਰਤੀ ਕਿਲੋਵਾਟ ਘਟਾ ਦਿੱਤੇ ਗਏ ਹਨ। *ਸੋਧੇ ਹੋਏ ਟੈਰਿਫ ਢਾਂਚੇ ਤੋਂ ਵਪਾਰਕ ਖਪਤਕਾਰਾਂ ਨੂੰ ਵੀ ਕਾਫ਼ੀ ਲਾਭ ਹੋਵੇਗਾ*

ਮੰਤਰੀ ਸੰਜੀਵ ਅਰੋੜਾ ਨੇ ਕਿਹਾ, "7 ਕਿਲੋਵਾਟ ਤੱਕ ਲੋਡ ਵਾਲੇ ਵਪਾਰਕ ਖਪਤਕਾਰਾਂ ਲਈ, 500 ਯੂਨਿਟਾਂ ਤੱਕ ਖਪਤ ਲਈ ਟੈਰਿਫ ਵਿੱਚ 0.79 ਪ੍ਰਤੀ ਯੂਨਿਟ ਅਤੇ 500 ਯੂਨਿਟਾਂ ਤੋਂ ਵੱਧ ਖਪਤ ਲਈ 0.65 ਪ੍ਰਤੀ ਯੂਨਿਟ ਦੀ ਕਟੌਤੀ ਕੀਤੀ ਗਈ ਹੈ,।

## ਨਾਭਾ-ਭਾਦਸੋਂ ਰੋਡ 'ਤੇ ਟਿੱਪਰ ਅਤੇ

ਦਾ ਇਲਾਜ ਚੱਲ ਰਿਹਾ, ਜਾਣਕਾਰੀ ਮਿਲੀ ਹੈ ਕਿ ਇਹ ਹਾਦਸਾ ਧੁੰਦ ਕਾਰਨ ਵਾਪਰਿਆ ਹੈ ਅਤੇ ਪ੍ਰਤੱਖ ਦਰਸੀਆ ਨੇ ਦੱਸਿਆ ਕਿ ਮੋਟਰਸਾਈਕਲ ਵਾਲੇ ਦੀ ਗਲਤੀ ਕਾਰਨ ਹਾਦਸਾ ਵਾਪਰਿਆ ਹੈ ਬੱਸ ਖੰਨੇ ਤੋਂ ਨਾਭੇ ਵੱਲ ਨੂੰ ਆ ਰਹੀ ਸੀ ਅਤੇ ਰੇਤੇ ਵਾਲਾ ਟਿੱਪਰ ਨਾਭੇ ਤੋਂ ਖੰਨੇ ਵੱਲ ਨੂੰ ਜਾ ਰਿਹਾ ਸੀ। ਇਹ ਹਾਦਸਾ ਨਾਭਾ ਭਾਦਸੋਂ ਰੋਡ ਤੇ ਪਿੰਡ ਲੁਬਾਣਾ ਦੇ ਕੋਲ ਵਾਪਰਿਆ ਹੈ ਚੋਕੀ ਇੰਚਾਰਜ ਜਸਵਿੰਦਰ ਸਿੰਘ ਨੇ ਦੱਸਿਆ ਹਾਦਸੇ ਚ ਮੋਟਰਸਾਇਕਲ ਸਵਾਰ ਸੁਰਜੀਤ ਸਿੰਘ ਤੇ ਸੇਵਾ ਵਾਸੀ ਪਿੰਡ ਲੁਬਾਣਾ ਮਾਡਲ ਟਾਉਨ ਦੀ ਮੋਕੇ ਤੇ ਮੌਤ ਹੋ ਗਈ ਅਤੇ ਬਸ ਭਰਾਇਵਰ ਵੀ ਇਲਾਜ ਦੋਰਾਨ ਦਮ ਤੋੜ ਗਿਆ ਬਾਕੀ ਜਖਮੀਆਂ ਨੂੰ ਨਾਭਾ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਜਿਨ੍ਹਾਂ ਵਿੱਚੋ ਚਾਰ ਸਵਾਰੀਆ ਨੂੰ ਗੰਭੀਰ ਹਾਲਤ ਚ ਪਟਿਆਲਾ ਰੈਫਰ ਕਰ ਦਿੱਤਾ ਹੈ ਬਾਕੀ ਜੇਰੇ ਇਲਾਜ ਹਨ ਅਤੇ ਮ੍ਰਿਕਾ ਦੇ ਵਾਰਿਸਾ ਦੇ ਬਿਆਨਾ ਉੱਪਰ ਮਾਮਲਾ ਦਰਜ ਕਰ ਲਿਆ ਹੈ ਤੇ ਹਾਦਸੇ ਦੀ ਡੂੰਗਾਈ ਨਾਲ ਚਾਜ ਕਰਕੇ ਦੋਸੀ ਖਿਲਾਫ ਕਾਰਵਾਈ ਅਮਲ ਚ ਲਿਆਦੀ ਜਾਵੇਗੀ

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਪੰਜਾਬ ਕੈਬਨਿਟ ਵੱਲੋਂ ਕਾਂਗਰਸ ਦੀ ਰਾਜਪਾਲ ਦੇ ਭਾਸ਼ਣ 'ਤੇ ਟਿੱਪਣੀ ਦੀ ਨਿਖੇਧੀ

- ਕਾਂਗਰਸ ਨੇ ਸਿਰਫ਼ ਸ਼ਰਾਬ, ਰੇਤ ਤੇ ਟਰਾਂਸਪੋਰਟ ਮਾਫ਼ੀਆ ਨੂੰ ਪ੍ਰਮੋਟ ਕੀਤਾ, ਜਦਕਿ ਖਜ਼ਾਨਾ ਖਾਲੀ ਰੱਖਿਆ : ਚੀਮਾ
- ਰਾਜਪਾਲ ਦੇ ਭਾਸ਼ਣ ਦਾ ਕਾਂਗਰਸ ਵੱਲੋਂ ਬਾਈਕਾਟ ਕਰਨਾ ਸਾਬਤ ਕਰਦੈ ਕਿ ਉਹ ਪੰਜਾਬ ਦੀ ਤਰੱਕੀ ਨੂੰ ਬਰਦਾਸ਼ਤ ਨਹੀਂ ਕਰ ਸਕਦੇ : ਅਮਨ ਅਰੋੜਾ
- ਕਾਂਗਰਸ ਨੇ ਦਲਿਤਾਂ ਤੇ ਗਰੀਬਾਂ ਨੂੰ ਸਿਰਫ਼ ਵੋਟ ਬੈਂਕ ਸਮਝਿਆ: ਈਟੀਓ

ਚੰਡੀਗੜ੍ਹ, 6 ਮਾਰਚ (ਚ.ਨ.ਸ.): ਪੰਜਾਬ ਦੇ ਕੈਬਨਿਟ ਮੰਤਰੀਆਂ ਹਰਪਾਲ ਸਿੰਘ ਚੀਮਾ, ਅਮਨ ਅਰੋੜਾ ਤੇ ਹਰਭਜਨ ਸਿੰਘ ਈਟੀਓ ਨੇ ਕਾਂਗਰਸ ਵੱਲੋਂ ਰਾਜਪਾਲ ਦੇ ਭਾਸ਼ਣ ਦਾ ਬਾਈਕਾਟ ਕਰਨ ਦੇ ਫੈਸਲੇ ਦੀ ਤਿੱਖੇ ਸ਼ਬਦਾਂ ਵਿੱਚ ਨਿੰਦਾ ਕੀਤੀ। ਕੈਬਨਿਟ ਮੰਤਰੀਆਂ ਨੇ ਜ਼ੋਰ ਦੇ ਕੇ ਕਿਹਾ ਕਿ ਵਿਰੋਧੀ ਧਿਰ ਦਾ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਉਣ ਵਾਲਾ ਰਵੱਈਆ ਤੇ ਬੇਲੋੜੀ ਨਾਅਰੇਬਾਜ਼ੀ ਸੂਬੇ ਸਰਕਾਰ ਦੀਆਂ ਵਿਕਾਸ ਪਹਿਲਕਦਮੀਆਂ ਤੋਂ ਲੋਕਾਂ ਦਾ ਧਿਆਨ ਪਾਸੇ ਕਰਨ ਲਈ ਉਨ੍ਹਾਂ ਦੀਆਂ ਬੇਚੈਨ ਕੋਸ਼ਿਸ਼ਾਂ ਦਾ ਹਿੱਸਾ ਹੈ। ਆਪਣੇ ਸੰਬੋਧਨ ਵਿੱਚ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਸਰਕਾਰ ਨੂੰ ਰਾਜ ਦੇ ਖਜ਼ਾਨੇ ਜਾਂ ਇਸਦੇ ਲੋਕਾਂ ਵੱਲ ਧਿਆਨ ਦੇਣ ਦੀ ਬਜਾਏ ਸ਼ਰਾਬ, ਰੇਤ ਅਤੇ ਟਰਾਂਸਪੋਰਟ ਮਾਫੀਆ ਨੂੰ ਪ੍ਰਮੋਟ ਕਰਨ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਪਿਛਲੀਆਂ ਸਰਕਾਰਾਂ ਨੇ ਰਾਜ ਦੇ ਸਰੋਤਾਂ ਨੂੰ ਲੁੱਟਣ ਦੀ ਇਜਾਜ਼ਤ ਦਿੱਤੀ 'ਆਪ' ਦੀ ਸਰਕਾਰ ਨੇ ਵਿੱਤੀ ਅਨੁਸ਼ਾਸਨ ਅਤੇ ਸੂਬੇ ਦੇ ਅਸਲ ਮਾਇਨੇ ਵਿੱਚ ਵਿਕਾਸ 'ਤੇ ਧਿਆਨ ਕੇਂਦਰਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ, ਜੋ ਕਿ ਦਿੱਲੀ ਅਤੇ ਬਿਹਾਰ ਵਰਗੇ ਰਾਜਾਂ ਵਿੱਚ ਪਹਿਲਾਂ ਹੀ ਹਾਸ਼ੀਏ 'ਤੇ ਜਾ ਚੁੱਕੀ ਹੈ, ਹੁਣ ਆਪਣੇ ਲੋਕ ਵਿਰੋਧੀ ਤੇ ਦਲਿਤ ਵਿਰੋਧੀ ਰੁਖ ਕਾਰਨ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਵੀ ਇਸਦਾ ਮੁਕੰਮਲ ਸਫਾਇਆ ਯਕੀਨੀ ਹੋ ਗਿਆ ਹੈ।



ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਦਨ ਵਿੱਚ ਵਿਰੋਧੀ ਧਿਰ ਦੇ ਵਿਵਹਾਰ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਪੰਜਾਬ ਦੇ ਰਾਜਪਾਲ ਨੇ ਕਾਂਗਰਸ ਪਾਰਟੀ ਨੂੰ ਦੋ ਵਾਰ ਬੈਠਣ, ਸੁਣਨ ਅਤੇ ਚਰਚਾ ਦੌਰਾਨ ਆਪਣਾ ਜਵਾਬ ਦੇਣ ਲਈ ਕਿਹਾ, ਪਰ ਕਾਂਗਰਸ ਨੇ ਪੂਰੀ ਤਰ੍ਹਾਂ ਲੋਕਤੰਤਰ ਵਿਰੋਧੀ ਰਵੱਈਆਂ ਅਪਨਾਇਆ, ਜਿਨ੍ਹਾਂ ਦਾ ਵਿਵਹਾਰ ਸਾਬਤ ਕਰਦਾ ਹੈ ਕਿ ਉਨ੍ਹਾਂ ਨੂੰ ਸੰਵਿਧਾਨਕ ਮਰਿਆਦਾ ਦੀ ਕੋਈ ਕਦਰ ਨਹੀਂ ਹੈ। ਆਪਣੇ ਕੈਬਨਿਟ ਸਾਥੀ ਨਾਲ ਹੋਏ ਅਪਮਾਨਜਨਕ ਵਿਵਹਾਰ ਦਾ ਹਵਾਲਾ ਦਿੰਦਿਆਂ ਉਨ੍ਹਾਂ ਨੇ ਕਾਂਗਰਸ ਦੀ ਦਲਿਤ ਭਾਈਚਾਰੇ ਵਿਰੋਧੀ ਮਾਨਸਿਕਤਾ ਲਈ ਕਰੜੀ ਨਿੰਦਾ ਕੀਤੀ ਅਤੇ ਕਿਹਾ ਕਿ ਲੋਕ ਵੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਕਾਂਗਰਸ ਹਮੇਸ਼ਾ ਤੋਂ ਦਲਿਤ ਵਿਰੋਧੀ ਰਹੀ ਹੈ। ਉਨ੍ਹਾਂ ਨੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਦੀ ਮਿਸਾਲ ਦਿੰਦਿਆਂ ਕਿਹਾ ਕਿ ਉਹ ਅਜਿਹੀ ਸ਼ਖ਼ਸੀਅਤ ਹਨ ਜਿਨ੍ਹਾਂ ਨੇ ਪਹਿਲਾਂ ਸਿਵਲ ਸੇਵਾਵਾਂ ਦੀ ਪ੍ਰੀਖਿਆ ਪਾਸ ਕੀਤੀ ਅਤੇ ਫਿਰ ਜਨਤਾ ਦੀ ਸੇਵਾ ਕਰਨ ਲਈ 'ਆਪ' ਵਿੱਚ ਸ਼ਾਮਲ ਹੋਏ। ਉਨ੍ਹਾਂ ਕਿਹਾ ਕਿ ਅਜਿਹੇ ਵਿੱਚ ਵੀ ਕਾਂਗਰਸ ਲੀਡਰਸ਼ਿਪ ਨੇ ਅਜਿਹੇ ਯੋਗ ਵਿਅਕਤੀ ਦੀ ਤੁਲਨਾ 'ਬੈਂਡ ਬਾਜੇ' ਨਾਲ ਕਰਨ ਦੀ ਹਿੰਮਤ ਕੀਤੀ, ਜੋ ਪੂਰੀ ਤਰ੍ਹਾਂ ਨਿੰਦਣਯੋਗ ਹੈ। ਅੱਜ ਜਦੋਂ ਸਾਡੇ ਸਾਥੀਆਂ ਨੇ ਆਪਣੇ ਨਾਲ ਬੈਂਡ-ਬਾਜੇ ਵਾਲੇ ਲਿਆ ਕੇ ਆਪਣਾ ਰੋਸ ਜ਼ਾਹਰ ਕੀਤਾ ਤਾਂ ਕਾਂਗਰਸੀ ਆਗੂ ਭੜਕ ਉੱਠੇ ਕਿਉਂਕਿ ਉਹ ਖੁਦ ਹੀ ਆਪਣੇ ਹਉਮੈ ਦੇ ਸੱਚ ਦਾ ਸਾਹਮਣਾ ਨਹੀਂ ਕਰ ਸਕੇ।

ਇਸ ਦੌਰਾਨ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਕਾਂਗਰਸ ਦਾ ਅੱਜ ਦਾ ਰਵੱਈਆ ਇੱਕ ਸ਼ਰਮਨਾਕ ਕਾਰਾ ਹੈ, ਜੋ ਲੋਕਤੰਤਰੀ ਸਿਧਾਂਤਾਂ 'ਤੇ ਸਿੱਧੇ ਹਮਲੇ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਅਜਿਹਾ ਵਿਵਹਾਰ ਸਦਨ ਅਤੇ ਸੂਬੇ ਦੀਆਂ 75 ਸਾਲ ਪੁਰਾਣੀਆਂ ਸੰਸਦੀ ਪਰੰਪਰਾਵਾਂ ਦਾ ਘੋਰ ਅਪਮਾਨ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਪਿਛਲੇ 75 ਸਾਲਾਂ ਤੋਂ ਰਾਜਪਾਲ ਦਾ ਭਾਸ਼ਣ ਲੋਕਾਂ ਅੱਗੇ ਸੂਬੇ ਦਾ ਰਿਪੋਰਟ ਕਾਰਡ ਰੱਖਣ ਤੇ ਭਵਿੱਖ ਦੇ ਰੋਡਮੈਪ ਨੂੰ ਪੇਸ਼ ਕਰਨ ਦਾ ਮਹੱਤਵਪੂਰਨ ਪਲ ਰਿਹਾ ਹੈ। ਇਹ ਸਭ ਜਾਣਦੇ ਹੋਏ ਵੀ ਕਾਂਗਰਸ ਨੇ ਰਾਜਪਾਲ, ਜੋ ਇੱਕ ਸੰਵਿਧਾਨਕ ਮੁਖੀ ਹਨ, ਦੇ ਭਾਸ਼ਣ ਵਿੱਚ ਪਹਿਲੇ ਸ਼ਬਦ ਤੋਂ ਹੀ ਅਣਉਚਿਤ ਨਾਅਰਿਆਂ ਨਾਲ ਵਿਘਨ ਪਾਉਣ ਅਤੇ ਸੰਸਦ ਦੀ ਕਾਰਵਾਈ ਦੇ ਬਾਈਕਾਟ ਦਾ ਮੰਦਭਾਗਾ ਫੈਸਲਾ ਲਿਆ। ਉਨ੍ਹਾਂ ਅੱਗੇ ਕਿਹਾ ਕਿ ਕਾਂਗਰਸ ਵੱਲੋਂ ਇਹ ਹਫੜਾ-ਦਫੜੀ ਪੰਜਾਬ ਸਰਕਾਰ ਦੀ ਅਗਵਾਈ ਵਾਲੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਅਤੇ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਜਾਣਬੁੱਝ ਕੇ ਰਚੀ ਗਈ ਸਾਜਿਸ਼ ਦਾ ਹਿੱਸਾ ਸੀ ਕਿਉਂਕਿ ਉਨ੍ਹਾਂ ਨੂੰ ਲੋਕਾਂ ਦੀ ਭਲਾਈ ਸਬੰਧੀ ਕਿਸੇ ਵੀ ਚਰਚਾ 'ਚ ਕੋਈ ਦਿਲਚਸਪੀ ਨਹੀਂ ਹੈ।

'ਆਪ' ਸਰਕਾਰ ਦੀਆਂ ਅਹਿਮ ਪ੍ਰਾਪਤੀਆਂ, ਜਿਨ੍ਹਾਂ ਵਿੱਚ ਸਰਕਾਰੀ ਵਿਭਾਗਾਂ ਵਿੱਚ 63,000 ਤੋਂ ਵੱਧ ਨੌਜਵਾਨਾਂ ਨੂੰ ਨੌਕਰੀ ਦੇਣਾ, ਹਰੇਕ ਨਾਗਰਿਕ ਤੱਕ ਸਿਹਤ ਸੰਭਾਲ ਸੇਵਾਵਾਂ ਪਹੁੰਚਾਉਣ ਲਈ ਆਮ ਆਦਮੀ ਕਲੀਨਿਕ ਸ਼ੁਰੂ ਕਰਨਾ ਅਤੇ 90 ਫ਼ੀਸਦ ਪਰਿਵਾਰਾਂ ਨੂੰ ਨਿਰਵਿਘਨ ਮੁਫ਼ਤ ਬਿਜਲੀ ਸਪਲਾਈ ਦੇਣਾ ਸ਼ਾਮਲ ਹੈ, ਦਾ ਹਵਾਲਾ ਦਿੰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਕਾਂਗਰਸ-ਅਕਾਲੀ ਸਰਕਾਰਾਂ ਵੇਲੇ ਕਿਸਾਨਾਂ ਨੂੰ ਰਾਤ ਵੇਲੇ ਖੇਤਾਂ ਦੇ ਵਾਰ-ਵਾਰ ਗੇੜੇ ਲਾਉਣੇ ਪੈਂਦੇ ਸਨ, ਜਦਕਿ ਉਨ੍ਹਾਂ ਦੀ ਸਰਕਾਰ ਨੇ ਅੰਨਦਾਤਾ ਨੂੰ ਦਿਨ ਵੇਲੇ ਵੀ ਨਿਰਵਿਘਨ ਬਿਜਲੀ ਸਪਲਾਈ ਪ੍ਰਦਾਨ ਕਰਕੇ ਉਨ੍ਹਾਂ ਨੂੰ ਵੱਡੀ ਰਾਹਤ ਪਹੁੰਚਾਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਵਿੱਚ ਪਹਿਲੀ ਵਾਰੀ ਕਿਸੇ ਸਰਕਾਰ ਨੇ ਨਹਿਰੀ ਪਾਣੀ ਟੇਲਾਂ ਤੱਕ ਪਹੁੰਚਿਆ ਹੈ, ਜਿਸ ਨਾਲ ਸਾਡੇ ਕਿਸਾਨਾਂ ਨੂੰ ਵੱਡਾ ਫਾਇਦਾ ਹੋ ਰਿਹਾ ਹੈ।

ਅਮਨ ਅਰੋੜਾ ਨੇ ਅੱਗੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਗੈਂਗਸਟਰਾਂ ਨੂੰ ਸਰਪ੍ਰਸਤੀ ਦਿੱਤੀ, ਇਸ ਦੇ ਉਲਟ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਉਨ੍ਹਾਂ ਦੀਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਾਹ ਕੇ ਉਨ੍ਹਾਂ ਵਿਰੁੱਧ ਕੇਸ ਦਰਜ ਕੀਤੇ ਅਤੇ ਨਸ਼ਿਆਂ ਦਾ ਜੜ੍ਹੋਂ ਖਾਤਮਾ ਕਰਨ ਲਈ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਸ਼ੁਰੂ ਕਰਕੇ ਪ੍ਰਸ਼ਾਸਨ ਵਿੱਚ ਸੂਬੇ ਦੇ ਲੋਕਾਂ ਦੇ ਵਿਸ਼ਵਾਸ ਨੂੰ ਮੁੜ ਬਹਾਲ ਕੀਤਾ।

ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕਾਂਗਰਸ ਪਾਰਟੀ ਨੇ ਤੱਕ ਦਲਿਤਾਂ, ਗਰੀਬਾਂ ਅਤੇ ਮਜ਼ਦੂਰਾਂ ਨੂੰ ਇਨਸਾਨ ਸਮਝਣ ਦੀ ਬਜਾਏ ਉਨ੍ਹਾਂ ਨਾਲ ਸਿਰਫ਼ ਇੱਕ ਸਮੱਗਰੀ ਅਤੇ ਵੋਟ ਬੈਂਕ ਵਜੋਂ ਵਿਵਹਾਰ ਕੀਤਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ 6 ਫਰਵਰੀ ਨੂੰ ਜੰਡਿਆਲਾ ਗੁਰੂ ਵਿਖੇ ਪ੍ਰਤਾਪ ਸਿੰਘ ਬਾਜਵਾ ਵੱਲੋਂ ਦਲਿਤ ਭਾਈਚਾਰੇ ਵਿਰੁੱਧ ਕੀਤੀਆਂ ਟਿੱਪਣੀਆਂ ਨੇ ਕਾਂਗਰਸੀ ਆਗੂਆਂ ਦੀ ਦਲਿਤ ਵਿਰੋਧੀ ਮਾਨਸਿਕਤਾ ਨੂੰ ਉਜਾਗਰ ਕੀਤਾ ਅਤੇ ਕਾਂਗਰਸ ਪਾਰਟੀ ਦੇ ਅਸਲ ਚਿਹਰੇ ਨੂੰ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੀਆਂ ਦਲਿਤ ਵਿਰੋਧੀ ਨੀਤੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਸਦੇ ਤਾਬੂਤ 'ਚ ਆਖਰੀ ਕਿੱਲ ਸਾਬਤ ਹੋਣਗੀਆਂ।

# 'ਮਹਿਲਾ ਉੱਦਮੀ ਸਨਮਾਨ ਪ੍ਰੋਗਰਾਮ' ਤਹਿਤ ਸਰਕਾਰ ਵੱਲੋਂ 117 ਹਲਕਿਆਂ 'ਚ 11,700 ਮਹਿਲਾ ਉੱਦਮੀਆਂ ਦਾ ਸਨਮਾਨ

ਚੰਡੀਗੜ੍ਹ, 6 ਮਾਰਚ (ਅੰਮ੍ਰਿਤਪਾਲ ਸਿੰਘ): ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ 'ਤੇ ਮਹਿਲਾ ਉੱਦਮਤਾ ਦੀ ਭਾਵਨਾ ਦਾ ਜਸ਼ਨ ਮਨਾਉਣ ਲਈ ਸ਼ੁਰੂ ਕੀਤੇ ਗਏ ਭਗਵੰਤ ਮਾਨ ਸਰਕਾਰ ਦੇ "ਮਹਿਲਾ ਉੱਦਮੀ ਸਨਮਾਨ ਪ੍ਰੋਗਰਾਮ" ਨੂੰ ਸੂਬੇ ਭਰ ਦੀਆਂ ਔਰਤਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਹ ਪਹਿਲਕਦਮੀ ਮਹਿਲਾ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨ ਅਤੇ ਉੱਦਮਤਾ ਰਾਹੀਂ ਆਪਣੀ ਪਛਾਣ ਬਣਾਉਣ ਵਾਲੀਆਂ ਔਰਤਾਂ ਦੀ ਮਦਦ ਕਰਨ ਲਈ 'ਆਪ' ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਪ੍ਰੋਗਰਾਮ ਦਾ ਪਹਿਲਾ ਪੜਾਅ 2 ਮਾਰਚ ਤੋਂ 6 ਮਾਰਚ ਤੱਕ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿੱਚ ਆਯੋਜਿਤ ਕੀਤਾ ਗਿਆ ਸੀ, ਜਿੱਥੇ ਵਪਾਰ ਅਤੇ ਸਵੈ-ਰੁਜ਼ਗਾਰ ਦੇ ਵੱਖ-ਵੱਖ ਰੂਪਾਂ ਵਿੱਚ ਕੰਮ ਕਰ ਰਹੀਆਂ ਔਰਤਾਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਹਰੇਕ ਹਲਕੇ ਵਿੱਚ ਪਿੰਡਾਂ ਜਾਂ ਸ਼ਹਿਰੀ ਖੇਤਰਾਂ ਦੀਆਂ 100 ਮਹਿਲਾ ਉੱਦਮੀਆਂ ਨੂੰ ਸਵੈ-ਨਿਰਭਰਤਾ ਵੱਲ ਉਨ੍ਹਾਂ ਦੇ ਯਤਨਾਂ ਲਈ ਮਾਨਤਾ ਦਿੱਤੀ ਗਈ।



ਇਸ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ, ਜਿਸ ਤਹਿਤ "ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ" ਪੋਰਟਲ ਰਾਹੀਂ 28,000 ਤੋਂ ਵੱਧ ਨਾਮਜ਼ਦਗੀਆਂ ਪ੍ਰਾਪਤ ਹੋਈਆਂ ਹਨ। ਇੰਨੀ ਵੱਡੀ ਗਿਣਤੀ ਵਿੱਚ ਨਾਮਜ਼ਦਗੀਆਂ ਉੱਦਮਤਾ ਵਿੱਚ ਔਰਤਾਂ ਦੀ ਵਧਦੀ ਭਾਗੀਦਾਰੀ ਤੇ ਆਰਥਿਕ ਤੌਰ 'ਤੇ ਸੁਤੰਤਰ ਹੋਣ ਦੇ ਉਨ੍ਹਾਂ ਦੇ ਦ੍ਰਿੜ ਇਰਾਦੇ ਨੂੰ ਉਜਾਗਰ ਕਰਦੀਆਂ ਹਨ। ਹੁਣ ਤੱਕ ਹਲਕਾ ਪੱਧਰ 'ਤੇ ਸਨਮਾਨ ਸਮਾਰੋਹ ਸਫਲਤਾਪੂਰਵਕ ਕਰਵਾਏ ਜਾ ਚੁੱਕੇ ਹਨ, ਜਿੱਥੇ ਸਥਾਨਕ ਨੁਮਾਇੰਦਿਆਂ ਤੇ ਭਾਈਚਾਰੇ ਦੇ ਮੈਂਬਰਾਂ ਦੀ ਹਾਜ਼ਰੀ ਵਿੱਚ ਮਹਿਲਾ ਉੱਦਮੀਆਂ ਦਾ ਸਨਮਾਨ ਕੀਤਾ ਗਿਆ। ਇਸ ਤੋਂ ਬਾਅਦ ਜ਼ਿਲ੍ਹਾ ਤੇ ਰਾਜ ਪੱਧਰੀ ਸਮਾਗਮ ਹੋਣਗੇ, ਜਿਨ੍ਹਾਂ ਵਿੱਚ ਛੋਟੇ ਕਾਰੋਬਾਰਾਂ, ਘਰੇਲੂ ਉਦਯੋਗਾਂ, ਖੇਤੀਬਾੜੀ ਨਾਲ ਸਬੰਧਤ ਉੱਦਮਾਂ ਤੇ ਵੱਖ-ਵੱਖ ਸੇਵਾ ਖੇਤਰਾਂ ਵਿੱਚ ਆਪਣੀ ਪਛਾਣ ਬਣਾਉਣ ਵਾਲੀਆਂ ਔਰਤਾਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਇਆ ਜਾਵੇਗਾ। ਪ੍ਰੋਗਰਾਮ ਅਧੀਨ ਸਨਮਾਨ ਦੇਣ ਦੀ ਪ੍ਰਕਿਰਿਆ ਕਈ ਪੜਾਵਾਂ ਵਿੱਚ ਚਲਾਈ ਜਾ ਰਹੀ ਹੈ। ਹਲਕਾ ਪੱਧਰ 'ਤੇ ਲਗਭਗ 11,700 ਮਹਿਲਾ ਉੱਦਮੀਆਂ ਨੂੰ ਸਨਮਾਨਿਤ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ 2,300 ਔਰਤਾਂ ਦੀ ਚੋਣ 23 ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਪੱਧਰੀ ਮਾਨਤਾ ਲਈ ਕੀਤੀ ਜਾਵੇਗੀ, ਜਿੱਥੇ ਹਰੇਕ ਜ਼ਿਲ੍ਹੇ ਵਿੱਚੋਂ 100 ਔਰਤਾਂ ਨੂੰ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਸਨਮਾਨਿਤ ਕੀਤਾ ਜਾਵੇਗਾ।

ਪ੍ਰੋਗਰਾਮ ਦਾ ਅੰਤਿਮ ਪੜਾਅ 18 ਮਾਰਚ ਨੂੰ ਰਾਜ ਪੱਧਰੀ ਸਮਾਗਮ ਵਿੱਚ ਹੋਵੇਗਾ, ਜਿੱਥੇ ਪੰਜਾਬ ਭਰ ਦੀਆਂ ਚੋਟੀ ਦੀਆਂ 100 ਮਹਿਲਾ ਉੱਦਮੀਆਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਨਮਾਨਿਤ ਕੀਤਾ ਜਾਵੇਗਾ। ਚੁਣੀਆਂ ਗਈਆਂ ਇਨ੍ਹਾਂ ਔਰਤਾਂ ਵਿੱਚੋਂ ਹਰੇਕ ਨੂੰ ਉਨ੍ਹਾਂ ਦੀਆਂ ਉੱਦਮੀ ਪ੍ਰਾਪਤੀਆਂ ਦੀ ਮਾਨਤਾ ਵਜੋਂ 25,000 ਰੁਪਏ ਦਾ ਨਕਦ ਪੁਰਸਕਾਰ ਦਿੱਤਾ ਜਾਵੇਗਾ। ਪੰਜਾਬ ਸਰਕਾਰ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਿਰਫ਼ 8 ਮਾਰਚ ਦੇ ਇੱਕ ਦਿਨ ਦੇ ਸਮਾਗਮ ਵਜੋਂ ਨਹੀਂ, ਸਗੋਂ ਮਹਿਲਾ ਸਸ਼ਕਤੀਕਰਨ ਨੂੰ ਸਮਰਪਿਤ ਮਹੀਨਾ ਭਰ ਚੱਲਣ ਵਾਲੇ ਜਸ਼ਨ ਵਜੋਂ ਮਨਾ ਰਹੀ ਹੈ। 'ਮਹਿਲਾ ਉੱਦਮੀ ਸਨਮਾਨ ਪ੍ਰੋਗਰਾਮ' ਵਰਗੀਆਂ ਪਹਿਲਕਦਮੀਆਂ ਰਾਹੀਂ ਸਰਕਾਰ ਦਾ ਉਦੇਸ਼ ਵੱਧ ਤੋਂ ਵੱਧ ਔਰਤਾਂ ਨੂੰ ਉੱਦਮਤਾ ਦੇ ਖੇਤਰ ਵਿੱਚ ਕਦਮ ਰੱਖਣ ਤੇ ਆਪਣੇ ਭਾਈਚਾਰਿਆਂ ਵਿੱਚ ਆਰਥਿਕ ਤਬਦੀਲੀ ਦੀਆਂ ਆਗੂ ਬਣਨ ਲਈ ਉਤਸ਼ਾਹਿਤ ਕਰਨਾ ਹੈ। ਸੂਬੇ ਦੀ ਆਰਥਿਕਤਾ ਵਿੱਚ ਔਰਤਾਂ ਦੇ ਯੋਗਦਾਨ ਨੂੰ ਮਾਨਤਾ ਦੇਣ ਅਤੇ ਹਜ਼ਾਰਾਂ ਹੋਰਨਾਂ ਨੂੰ ਸਵੈ-ਨਿਰਭਰਤਾ ਅਤੇ ਨਵੀਨਤਾ ਲਈ ਪ੍ਰੇਰਿਤ ਕਰਨ ਵੱਲ ਇਸ ਕਦਮ ਦੀ ਚੁਫੇਰਿਓਂ ਸ਼ਲਾਘਾ ਕੀਤੀ ਜਾ ਰਹੀ ਹੈ।

# ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਅਧਿਆਪਕਾਂ ਨਾਲ ਮਿਲਾਪ ਨੇ ਸਿੱਖਿਆ ਖੇਤਰ ਲਈ ਨਵਾਂ ਹੌਸਲਾ ਬਖ਼ਸ਼ਿਆ : ਕਾਲਕਾ

ਨਵੀਂ ਦਿੱਲੀ, 6 ਮਾਰਚ (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਕਾਨਫਰੰਸ ਹਾਲ ਵਿੱਚ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਅਧਿਆਪਕਾਂ ਤੇ ਸਟਾਫ਼ ਮੈਂਬਰਾਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਅਧਿਆਪਕਾਂ ਤੇ ਸਟਾਫ਼ ਨਾਲ ਹੋਈ ਇਹ ਮਿਲਣੀ ਬਹੁਤ ਹੀ ਪ੍ਰੇਰਣਾਦਾਇਕ ਤੇ ਉਤਸ਼ਾਹ ਭਰਪੂਰ ਰਹੀ ਹੈ। ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਕੀਤੇ ਗਏ ਸਮਝੌਤਾ ਪੱਤਰ (MoU) ਬਾਰੇ ਅਧਿਆਪਕਾਂ ਵੱਲੋਂ ਦਿੱਤੇ ਗਏ ਹੌਸਲੇਮੰਦ ਸ਼ਬਦ ਤੇ ਸਹਿਯੋਗ ਲਈ ਉਹ ਦਿਲੋਂ ਧੰਨਵਾਦੀ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਸੰਸਥਾਵਾਂ ਦੀ ਤਰੱਕੀ ਵਿੱਚ ਅਧਿਆਪਕਾਂ ਦੀ ਵਡਮੁੱਲਾ ਯੋਗਦਾਨ ਹੈ ਤੇ ਅਧਿਆਪਕਾਂ ਦੀ ਸਹਿਯੋਗੀ ਸੋਚ ਹੀ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਮਜ਼ਬੂਤ ਨੀਂਹ ਬਣਦੀ ਹੈ।




ਉਨ੍ਹਾਂ ਅੱਗੇ ਕਿਹਾ ਕਿ ਸਿੱਖ ਕੌਮ ਵਿੱਚ ਉੱਚ ਗੁਣਵੱਤਾ ਵਾਲੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਲਈ ਅਧਿਆਪਕਾਂ ਦਾ ਉਤਸ਼ਾਹ ਤੇ ਸਹਿਯੋਗ ਬੇਹੱਦ ਪ੍ਰੇਰਣਾਦਾਇਕ ਹੈ। ਇਹ ਹੌਸਲਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੇ ਸਿੱਖਿਆ ਸੰਸਥਾਨਾਂ ਦੇ ਵਿਕਾਸ ਅਤੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਵਧੇਰੇ ਸਮਰਪਣ ਅਤੇ ਦ੍ਰਿੜਤਾ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ। ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਕਮੇਟੀ ਸਿੱਖਿਆ ਦੇ ਖੇਤਰ ਵਿੱਚ ਨਵੀਆਂ ਪਹਿਲਕਦਮੀਆਂ ਤੇ ਸੁਧਾਰ ਲਿਆਂਦੇ ਜਾਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਤਾਂ ਜੋ ਭਵਿੱਖ ਵਿੱਚ ਵਿਦਿਆਰਥੀਆਂ ਨੂੰ ਉੱਤਮ ਸਿੱਖਿਆ ਦੇ ਨਾਲ ਨਾਲ ਚੰਗੇ ਸੰਸਕਾਰਾਂ ਦੀ ਵੀ ਮਜ਼ਬੂਤ ਨੀਂਹ ਪ੍ਰਦਾਨ ਕੀਤੀ ਜਾ ਸਕੇ।

# "ਗੈਂਗਸਟਰਾਂ 'ਤੇ ਵਾਰ" ਦੇ 45ਵੇਂ ਦਿਨ 400 ਥਾਵਾਂ ਉੱਤੇ ਛਾਪੇਮਾਰੀ ਦੌਰਾਨ 126 ਕਾਬੂ

ਚੰਡੀਗੜ੍ਹ, 6 ਮਾਰਚ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ "ਗੈਂਗਸਟਰਾਂ 'ਤੇ ਵਾਰ" ਮੁਹਿੰਮ ਦੇ 45ਵੇਂ ਦਿਨ ਪੰਜਾਬ ਪੁਲਿਸ ਨੇ ਰਾਜ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਤੇ ਮੈਪ ਕੀਤੀਆਂ 400 ਥਾਵਾਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ "ਗੈਂਗਸਟਰਾਂ ਤੇ ਵਾਰ" - ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਇੱਕ ਫੈਸਲਾਕੁੰਨ ਜੰਗ ਹੈ , ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਦੁਆਰਾ ਸ਼ੁਰੂ ਕੀਤੀ ਗਈ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਰਾਜ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ।

45ਵੇਂ ਦਿਨ, ਪੁਲਿਸ ਟੀਮਾਂ ਨੇ 126 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਪੰਜ ਹਥਿਆਰ ਬਰਾਮਦ ਕੀਤੇ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ 13045 ਗ੍ਰਿਫਤਾਰੀਆਂ ਹੋਈਆਂ ਹਨ। ਇਸ ਤੋਂ ਇਲਾਵਾ 64 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 55 ਵਿਅਕਤੀਆਂ ਦੀ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ ਤਿੰਨ ਭਗੋੜੇ ਅਪਰਾਧੀਆਂ ਨੂੰ ਵੀ ਗ੍ਰਿਫਤਾਰ ਕੀਤਾ ਹੈ।

ਲੋਕ ਲੋੜੀਂਦੇ ਐਂਟੀ ਗੈਂਗਸਟਰ ਹੈਲਪਲਾਈਨ 93946 93946 ਤੇ ਅਪਰਾਧੀਆਂ ਤੇ ਗੈਂਗਸਟਰਾਂ ਨਾਲ ਸਬੰਧਤ ਜਾਣਕਾਰੀ ਗੁਪਤ ਰੂਪ ਵਿੱਚ ਰਿਪੋਰਟ ਕਰ ਸਕਦੇ ਹਨ, ਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ/ਜਾਣਕਾਰੀ ਵੀ ਸਾਂਝੀ ਕਰ ਸਕਦੇ ਹਨ। ਇਸ ਦੌਰਾਨ, ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" 370ਵੇਂ ਦਿਨ ਵੀ ਜਾਰੀ ਰੱਖੀ ਹੈ, ਜਿਸ ਤਹਿਤ ਅੱਜ 97 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 551 ਗ੍ਰਾਮ ਹੈਰੋਇਨ, 1.9 ਕਿਲੋਗ੍ਰਾਮ ਅਫੀਮ, 435 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 28,850 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਨਾਲ, ਸਿਰਫ 370 ਦਿਨਾਂ ਵਿੱਚ ਗ੍ਰਿਫਤਾਰ ਕੀਤੇ ਗਏ ਕੁੱਲ ਨਸ਼ੇ ਤਸਕਰਾਂ ਦੀ ਗਿਣਤੀ 52,428 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ 40 ਵਿਅਕਤੀਆਂ ਨੂੰ ਨਸ਼ਾ ਛੁਡਾਉ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਤਰਨਜੀਤ ਸਿੰਘ ਸੰਧੂ ਦੀ ਉਪ ਰਾਜਪਾਲ ਵਜੋਂ ਨਿਯੁਕਤੀ ਦਿੱਲੀ ਦੀ ਤਰੱਕੀ ਲਈ ਮੀਲ ਪੱਥਰ ਸਾਬਤ ਹੋਵੇਗੀ : ਕਾਲਕਾ

ਨਵੀਂ ਦਿੱਲੀ, 6 ਮਾਰਚ (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਤਰਨਜੀਤ ਸਿੰਘ ਸੰਧੂ ਨੂੰ ਦਿੱਲੀ ਦੇ ਉਪ ਰਾਜਪਾਲ ਵਜੋਂ ਨਿਯੁਕਤ ਹੋਣ 'ਤੇ ਦਿਲੋਂ ਵਧਾਈਆਂ ਤੇ ਸ਼ੁਭਕਾਮਨਾਵਾਂ ਭੇਟ ਕੀਤੀਆਂ ਹਨ। ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਤਰਨਜੀਤ ਸਿੰਘ ਸੰਧੂ ਦੇ ਕੋਲ ਵਿਸ਼ਾਲ ਪ੍ਰਸ਼ਾਸਕੀ ਤਜਰਬਾ, ਦੂਰਦਰਸ਼ੀ ਅਗਵਾਈ ਅਤੇ ਦੇਸ਼ ਸੇਵਾ ਦੀ ਮਜ਼ਬੂਤ ਭਾਵਨਾ ਹੈ, ਜੋ ਦਿੱਲੀ ਦੇ ਸ਼ਾਸਨ ਪ੍ਰਬੰਧ ਨੂੰ ਹੋਰ ਮਜ਼ਬੂਤ ਤੇ ਪ੍ਰਭਾਵਸ਼ਾਲੀ ਬਣਾਉਣ ਵਿੱਚ ਅਹਿਮ ਯੋਗਦਾਨ ਪਾਵੇਗੀ। ਉਨ੍ਹਾਂ ਨੇ ਉਮੀਦ ਜਤਾਈ ਕਿ ਤਰਨਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਦਿੱਲੀ ਰਾਜਧਾਨੀ ਦੇ ਵਿਕਾਸ ਅਤੇ ਲੋਕ-ਹਿਤੈਸ਼ੀ ਨੀਤੀਆਂ ਨੂੰ ਨਵੀਂ ਦਿਸ਼ਾ ਤੇ ਗਤੀ ਮਿਲੇਗੀ।



ਉਨ੍ਹਾਂ ਕਿਹਾ ਕਿ ਸੰਧੂ ਦੀ ਦੂਰਦਰਸ਼ੀ ਸੋਚ ਤੇ ਵਿਸ਼ਾਲ ਅਨੁਭਵ ਦਿੱਲੀ ਨੂੰ ਤਰੱਕੀ ਦੇ ਨਵੇਂ ਆਸਮਾਨਾਂ ਤੱਕ ਲੈ ਜਾਣ ਵਿੱਚ ਸਹਾਇਕ ਸਾਬਤ ਹੋਣਗੇ ਅਤੇ ਸ਼ਹਿਰ ਦੇ ਵਿਕਾਸ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਨਗੇ। ਹਰਮੀਤ ਸਿੰਘ ਕਾਲਕਾ ਨੇ ਤਰਨਜੀਤ ਸਿੰਘ ਸੰਧੂ ਦੇ ਸਫਲ ਤੇ ਲੋਕ-ਹਿਤੈਸ਼ੀ ਕਾਰਜਕਾਲ ਲਈ ਤਹਿ ਦਿਲੋਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਉਹ ਆਪਣੀ ਯੋਗਤਾ ਤੇ ਦ੍ਰਿੜ ਨਿਸ਼ਚੇ ਨਾਲ ਦਿੱਲੀ ਦੇ ਪ੍ਰਸ਼ਾਸਨ ਨੂੰ ਨਵੀਆਂ ਉੱਚਾਈਆਂ ਤੱਕ ਲੈ ਕੇ ਜਾਵੇਗੀ।

# ਬਾਬਾ ਬਲਬੀਰ ਸਿੰਘ ਵੱਲੋਂ ਹੋਲਾ-ਮਹੱਲਾ ਸਮਾਗਮਾਂ ਦੀ ਸੰਪੂਰਨਤਾ 'ਤੇ ਸਮੂਹ ਜਥੇਬੰਦੀਆਂ ਤੇ ਸੰਗਤਾਂ ਦਾ ਧੰਨਵਾਦ

ਸ੍ਰੀ ਅਨੰਦਪੁਰ ਸਾਹਿਬ, 6 ਮਾਰਚ (ਤਰਲੋਚਨ ਸਿੰਘ): ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਰਭੇ ਹੋਲੇ ਮਹੱਲੇ ਦਾ ਪਾਵਨ ਤਿਉਹਾਰ ਸਮੁੱਚੇ ਰੂਪ ਵਿੱਚ ਅਮਨ ਸ਼ਾਂਤੀ ਤੇ ਸਫਲਤਾ ਪੂਰਵਕ ਸੰਪੂਰਨ ਹੋਣ 'ਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਨੇ ਸਮੁੱਚੀ ਸਿੱਖ ਸੰਗਤ, ਸਮੂਹ ਨਿਹੰਗ ਸਿੰਘ ਦਲਾਂ ਦੇ ਮੁਖੀਆਂ, ਸੰਤ ਮਹਾਂਪੁਰਸਾਂ, ਸੇਵਾ ਸਭਾ ਸੁਸਾਇਟੀਆਂ ਤੇ ਪ੍ਰਸ਼ਾਸਨ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।



ਬੁੱਢਾ ਦਲ ਦੇ ਮੈਨੇਜਰ ਪਰਮਜੀਤ ਸਿੰਘ ਬਾਜਵਾ ਨੇ ਕਿਹਾ ਕਿ 4 ਮਾਰਚ ਨੂੰ ਬੁੱਢਾ ਦਲ ਦੀ ਅਗਵਾਈ ਹੇਠ ਸਜਾਏ ਗਏ ਹੋਲਾ ਮਹੱਲੇ ਮੌਕੇ ਸਮੁੱਚੇ ਹੀ ਨਿਹੰਗ ਸਿੰਘ ਦਲਾਂ ਦੇ ਜਥੇਦਾਰ ਸਾਹਿਬਾਨ ਤੇ ਨਿਹੰਗ ਸਿੰਘਾਂ ਨੇ ਪੂਰੇ ਖਾਲਸਾਈ ਜਾਹੋ-ਜਲਾਲ ਨਾਲ ਸ਼ਮੂਲੀਅਤ ਕੀਤੀ ਉਨ੍ਹਾਂ ਕਿਹਾ ਕਿ ਸਤਿਗੁਰਾਂ ਦੀ ਰਹਿਮਤ ਸਦਕਾ ਹੋਲੇ ਮਹੱਲੇ ਦੇ ਸਾਰੇ ਸਮਾਗਮ ਸ਼ਾਂਤੀਪੂਰਵਕ ਸੰਪੰਨ ਹੋਏ ਹਨ। ਉਨ੍ਹਾਂ ਕਿਹਾ ਕਿ ਜੰਗਜੂ ਕਲਾ ਨੂੰ ਰੂਪਮਾਨ ਕਰਦੇ ਇਸ ਤਿਉਹਾਰ ਮੌਕੇ ਬੁੱਢਾ ਦਲ ਸਮੇਤ ਹੋਰਨਾਂ ਜਥੇਬੰਦੀਆਂ ਵੱਲੋਂ ਕਰਵਾਏ ਗਏ। ਅੰਮ੍ਰਿਤ ਸੰਚਾਰ ਸਮਾਗਮਾਂ ਸਮੇਂ ਅਨੇਕਾਂ ਪ੍ਰਾਣੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਗੁਰੂ ਵਾਲੇ ਬਣੇ ਹਨ ਇਤਿਹਾਸਕ ਅਸਥਾਨ ਗੁ: ਗੁਰੂ ਕਾ ਬਾਗ ਛਾਉਣੀ ਬੁੱਢਾ ਦਲ ਵਿਖੇ 1 ਤੋਂ ਲੈ ਕੇ 4 ਮਾਰਚ ਤੱਕ ਗੁਰਮਤਿ ਸਮਾਗਮ ਕਰਵਾਏ ਗਏ। ਜਿਸ ਵਿਚ ਰਾਗੀਆਂ, ਗੁਰਬਾਣੀ ਦਾ ਮਨੋਹਰ ਕੀਰਤਨ ਰਾਗੀਆਂ, ਢਾਡੀਆਂ, ਕਥਾਵਾਚਕਾਂ, ਪ੍ਰਚਾਰਕਾਂ ਨੇ ਸਿੱਖ ਇਤਿਹਾਸ ਦਾ ਗੌਰਵਮਈ ਸੰਗ ਸੰਗਤਾਂ ਨੂੰ ਸਰਵਨ ਕਰਵਾਇਆ। ਉਨ੍ਹਾਂ ਕਿਹਾ ਕਿਹਾ ਕਿ ਇਨ੍ਹਾਂ ਸਮਾਗਮਾਂ ਵਿਚ ਸੇਵਾਵਾਂ ਨਿਭਾਉਣ ਵਾਲੇ ਵੱਖ-ਵੱਖ ਸੰਤਾਂ-ਮਹਾਂਪੁਰਖਾਂ, ਸੇਵਾ ਸੁਸਾਇਟੀਆਂ, ਧਾਰਮਿਕ ਸਭਾਵਾਂ ਜਿਨ੍ਹਾਂ ਨੇ ਲੰਗਰਾਂ ਤੇ ਹੋਰ ਸੰਗਤ ਦੀ ਆਉ-ਭਗਤ ਲਈ ਉਪਰਾਲੇ ਕੀਤੇ ਉਨ੍ਹਾਂ ਦਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕੋਟਨ ਕੋਟਿ ਧੰਨਵਾਦ ਕਰਦਿਆਂ, ਸਤਿਗੁਰਾਂ ਅਗੇ ਅਰਦਾਸ ਕੀਤੀ ਕਿ ਪਾਵਨ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਉਣ ਵਾਲੀਆਂ ਸੰਗਤਾਂ ਦੀਆਂ ਸਭ ਮਨੋਕਾਮਨਾਵਾਂ, ਭਾਵਨਾ ਅਕਾਲ ਪੁਰਖ ਪੂਰਨ ਕਰਨ।

# ਸਰਹੱਦ ਪਾਰੋਂ ਚੱਲ ਰਹੇ ਹਥਿਆਰ ਤਸਕਰੀ ਮਾਡਿਊਲ ਦੇ 6 ਕਾਰਕੁੰਨ ਪੰਜ ਪਿਸਤੌਲਾਂ ਸਣੇ ਕਾਬੂ

ਚੰਡੀਗੜ੍ਹ/ਅੰਮ੍ਰਿਤਸਰ, 6 ਮਾਰਚ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਪੰਜ ਆਧੁਨਿਕ ਪਿਸਤੌਲਾਂ ਅਤੇ ਇੱਕ ਤੇਜ਼ਧਾਰ ਹਥਿਆਰ ਸਮੇਤ ਛੇ ਵਿਅਕਤੀਆਂ, ਜਿਨ੍ਹਾਂ ਵਿੱਚੋਂ ਇੱਕ ਨਾਬਾਲਗ ਹੈ, ਨੂੰ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਰੋਹਿਤ ਕੁਮਾਰ (18) ਵਾਸੀ ਮਕਬੂਲਪੁਰਾ, ਅੰਮ੍ਰਿਤਸਰ; ਕਰਨਬੀਰ ਸਿੰਘ ਉਰਫ਼ ਅਜੈ (24) ਵਾਸੀ ਪਿੰਡ ਕਾਲੇ ਤਰਨਤਾਰਨ; ਜਸ਼ਨਦੀਪ ਸਿੰਘ ਉਰਫ਼ ਗਿਆਨੀ (18), ਓਂਕਾਰ ਸਿੰਘ ਉਰਫ਼ ਵੰਸ਼ (21) ਅਤੇ ਆਕਾਸ਼ਦੀਪ ਸਿੰਘ (24), ਤਿੰਨੋਂ ਵਾਸੀ ਪਿੰਡ ਮਰੀ ਮੇਘਾ, ਤਰਨਤਾਰਨ ਅਤੇ 16 ਸਾਲਾ ਨਾਬਾਲਗ ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਇੱਕ .30 ਬੋਰ, ਇੱਕ 9 ਐਮਐਮ ਗਲੌਕ, ਇੱਕ .30 ਬੋਰ ਪੀਐਕਸ5, ਇੱਕ 9 ਐਮਐਮ ਟੌਰਸ ਤੇ ਇੱਕ 9 ਐਮਐਮ ਗ੍ਰੇਟਾ (ਪਾਕਿਸਤਾਨ ਵਿੱਚ ਬਣਿਆ) ਅਤੇ 34 ਜ਼ਿੰਦਾ ਕਾਰਤੂਸ ਸ਼ਾਮਲ ਹਨ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਸੋਸ਼ਲ ਮੀਡੀਆ ਰਾਹੀਂ ਪਾਕਿਸਤਾਨ ਅਧਾਰਤ ਤਸਕਰਾਂ ਦੇ ਸੰਪਰਕ ਵਿੱਚ ਸਨ ਤੇ ਡਰੋਨ ਰਾਹੀਂ ਸਰਹੱਦ ਪਾਰੋਂ ਹਥਿਆਰਾਂ ਦੀ ਖੇਪ ਪ੍ਰਾਪਤ ਕਰਦੇ ਸਨ।



ਉਨ੍ਹਾਂ ਅੱਗੇ ਦੱਸਿਆ ਕਿ ਦੋਸ਼ੀ ਵਿਅਕਤੀ ਆਪਣੇ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਹਥਿਆਰਾਂ ਦੀ ਖੇਪ ਪ੍ਰਾਪਤ ਕਰਕੇ ਵੱਖ-ਵੱਖ ਖੇਤਰਾਂ 'ਚ ਉਨ੍ਹਾਂ ਦੀ ਸਪਲਾਈ ਕਰਦੇ ਸਨ।

ਕਮਿਸ਼ਨਰ ਆਫ਼ ਪੁਲਿਸ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਾਰਵਾਈ ਸਬੰਧੀ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਗਸ਼ਤ ਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਦੌਰਾਨ ਤੇਜ਼ੀ ਨਾਲ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਰੋਹਿਤ ਕੁਮਾਰ ਨੂੰ ਇੱਕ ਨਾਬਾਲਗ ਸਮੇਤ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ .30 ਬੋਰ ਪਿਸਤੌਲ ਤੇ ਇੱਕ ਤੇਜ਼ਧਾਰ ਹਥਿਆਰ ਬਰਾਮਦ ਕੀਤਾ। ਉਨ੍ਹਾਂ ਕਿਹਾ ਕਿ ਪੁੱਛਗਿੱਛ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੇ ਖੁਲਾਸਾ ਕੀਤਾ ਕਿ ਇਹ ਗੈਰ-ਕਾਨੂੰਨੀ ਹਥਿਆਰ ਉਨ੍ਹਾਂ ਨੂੰ ਕਰਨਬੀਰ ਉਰਫ਼ ਅਜੈ ਨੇ ਸਪਲਾਈ ਕੀਤਾ ਸੀ। ਉਨ੍ਹਾਂ ਅੱਗੇ ਦੱਸਿਆ ਕਿ ਇਸ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਉਕਤ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ। ਸੀਪੀ ਨੇ ਕਿਹਾ ਕਿ ਕਰਨਬੀਰ ਉਰਫ਼ ਅਜੈ ਤੋਂ ਹੋਰ ਜਾਂਚ ਅਤੇ ਪੁੱਛਗਿੱਛ ਕਰਕੇ ਹਥਿਆਰ ਸਪਲਾਇਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ ਦੀ ਪਛਾਣ ਓਂਕਾਰ ਸਿੰਘ ਉਰਫ਼ ਵੰਸ਼, ਆਕਾਸ਼ਦੀਪ ਸਿੰਘ ਤੇ ਜਸ਼ਨਦੀਪ ਉਰਫ਼ ਗਿਆਨੀ ਵਜੋਂ ਹੋਈ ਹੈ ਤੇ ਉਨ੍ਹਾਂ ਕੋਲੋਂ ਚਾਰ ਹੋਰ ਪਿਸਤੌਲ ਬਰਾਮਦ ਹੋਏ ਹਨ। ਇਸ ਸਬੰਧੀ ਥਾਣਾ ਮਕਬੂਲਪੁਰਾ ਅੰਮ੍ਰਿਤਸਰ ਵਿਖੇ ਅਸਲਾ ਐਕਟ ਦੀ ਧਾਰਾ 25 (6,7,8) ਤਹਿਤ ਐਫਆਈਆਰ ਨੰਬਰ 59 ਮਿਤੀ 28-02-2026 ਦਰਜ ਕੀਤੀ ਗਈ ਹੈ।

# ਪ੍ਰਤਾਪ ਸਿੰਘ ਬਾਜਵਾ ਦੀਆਂ ਟਿੱਪਣੀਆਂ ਦੇ ਵਿਰੋਧ ਵਿੱਚ "ਬੈਂਡ ਵਾਜੇ" ਨਾਲ ਪੰਜਾਬ ਵਿਧਾਨ ਸਭਾ ਪੁੱਜੇ 'ਆਪ' ਆਗੂ

ਚੰਡੀਗੜ੍ਹ, 6 ਮਾਰਚ (ਅੰਮ੍ਰਿਤਪਾਲ ਸਿੰਘ): ਆਮ ਆਦਮੀ ਪਾਰਟੀ (ਆਪ) ਦੇ ਆਗੂਆਂ ਨੇ ਸ਼ੁੱਕਰਵਾਰ ਨੂੰ ਪੰਜਾਬ ਵਿਧਾਨ ਸਭਾ ਦੇ ਬਾਹਰ 'ਬੈਂਡ ਵਾਜੇ' (ਬ੍ਰਾਸ ਬੈਂਡ) ਨਾਲ ਪਹੁੰਚ ਕੇ ਇੱਕ ਵਿਲੱਖਣ ਰੋਸ ਪ੍ਰਦਰਸ਼ਨ ਕੀਤਾ। ਇਹ ਪ੍ਰਦਰਸ਼ਨ ਕਾਂਗਰਸੀ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ 'ਆਪ' ਮੰਤਰੀ ਹਰਭਜਨ ਸਿੰਘ ਈ.ਟੀ.ਓ. ਵਿਰੁੱਧ ਕੀਤੀਆਂ ਗਈਆਂ ਅਪਮਾਨਜਨਕ ਟਿੱਪਣੀਆਂ ਦੀ ਸਖ਼ਤ ਨਿਖੇਧੀ ਕਰਨ ਲਈ ਕੀਤਾ ਗਿਆ। ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੀ ਅਗਵਾਈ ਵਿੱਚ 'ਆਪ' ਦੇ ਕਈ ਵਿਧਾਇਕਾਂ ਅਤੇ ਪਾਰਟੀ ਆਗੂਆਂ ਨੇ ਬੈਂਡ ਸਮੇਤ ਵਿਧਾਨ ਸਭਾ ਵੱਲ ਮਾਰਚ ਕੀਤਾ। ਇਹ ਮਾਰਚ ਜੰਡਿਆਲਾ ਗੁਰੂ ਵਿੱਚ ਇੱਕ ਰੈਲੀ ਦੌਰਾਨ ਬਾਜਵਾ ਵੱਲੋਂ ਦਿੱਤੇ ਗਏ ਵਿਵਾਦਤ ਬਿਆਨ ਦੇ ਵਿਰੋਧ ਵਿੱਚ ਇੱਕ ਸੰਕੇਤਕ ਪ੍ਰਦਰਸ਼ਨ ਸੀ। ਇਸ ਪ੍ਰਦਰਸ਼ਨ ਨੇ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ, ਕਿਉਂਕਿ ਬੈਂਡ ਵੱਜਣ ਦੇ ਨਾਲ-ਨਾਲ 'ਆਪ' ਆਗੂਆਂ ਨੇ ਕਾਂਗਰਸੀ ਆਗੂ ਤੋਂ ਮੁਆਫੀ ਦੀ ਮੰਗ ਕਰਦਿਆਂ ਨਾਅਰੇਬਾਜ਼ੀ ਵੀ ਕੀਤੀ।

ਮੀਡੀਆ ਨਾਲ ਗੱਲਬਾਤ ਕਰਦਿਆਂ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਬਾਜਵਾ ਵੱਲੋਂ ਕੀਤੀਆਂ ਟਿੱਪਣੀਆਂ ਬੇਹੱਦ ਇਤਰਾਜ਼ਯੋਗ ਹਨ ਤੇ ਇਹ ਨਾ ਸਿਰਫ਼ ਉਨ੍ਹਾਂ ਲਈ ਬਲਕਿ ਸਮੁੱਚੇ ਦਲਿਤ ਭਾਈਚਾਰੇ ਲਈ ਅਪਮਾਨਜਨਕ ਹਨ। ਉਨ੍ਹਾਂ ਕਿਹਾ ਕਿ ਬਾਜਵਾ ਨੇ ਪਛੜੇ ਵਰਗਾਂ ਦੀ ਰੋਜ਼ੀ-ਰੋਟੀ ਦਾ ਮਜ਼ਾਕ ਉਡਾਇਆ ਹੈ, ਜੋ ਕਾਂਗਰਸ ਲੀਡਰਸ਼ਿਪ ਦੀ ਮਾਨਸਿਕਤਾ ਨੂੰ ਦਰਸਾਉਂਦਾ ਹੈ। 'ਆਪ' ਆਗੂ ਨੇ ਅੱਗੇ ਕਿਹਾ ਕਿ ਪੰਜਾਬ ਦੇ ਲੋਕ ਕਾਂਗਰਸੀ ਆਗੂਆਂ ਦੇ ਹੰਕਾਰ ਨੂੰ ਬੜੀ ਬਾਰੀਕੀ ਨਾਲ ਦੇਖ ਰਹੇ ਹਨ ਅਤੇ ਗਰੀਬ ਤੇ ਦਲਿਤ ਭਾਈਚਾਰਿਆਂ ਦੀ ਇੱਜ਼ਤ ਤੇ ਰੋਜ਼ੀ-ਰੋਟੀ ਦਾ ਅਪਮਾਨ ਕਰਨ ਵਾਲਿਆਂ ਨੂੰ ਮੂੰਹਤੋੜ ਜਵਾਬ ਦੇਣਗੇ। ਈ.ਟੀ.ਓ. ਨੇ ਕਿਹਾ ਕਿ 'ਆਪ' ਨੇ ਪਹਿਲਾਂ ਵੀ ਬਾਜਵਾ ਨੂੰ ਉਨ੍ਹਾਂ ਦੇ ਬਿਆਨ ਲਈ ਮੁਆਫੀ ਮੰਗਣ ਲਈ ਕਿਹਾ ਸੀ, ਪਰ ਅਫਸੋਸ ਪ੍ਰਗਟ ਕਰਨ ਦੀ ਬਜਾਏ ਉਹ ਲਗਾਤਾਰ ਚੁੱਪ ਧਾਰੀ ਬੈਠੇ ਹਨ। ਉਨ੍ਹਾਂ ਕਿਹਾ ਕਿ ਜਦੋਂ ਬਾਜਵਾ ਅੱਜ ਸਾਡੇ ਸਾਹਮਣੇ ਹੋਣਗੇ, ਅਸੀਂ ਉਨ੍ਹਾਂ ਨੂੰ ਫਿਰ ਪੁੱਛਾਂਗੇ ਕਿ ਕੀ ਉਹ ਦਲਿਤ ਭਾਈਚਾਰੇ ਵਿਰੁੱਧ ਵਰਤੇ ਗਏ ਆਪਣੇ ਸ਼ਬਦਾਂ 'ਤੇ ਅੱਜ ਵੀ ਕਾਇਮ ਹਨ।




'ਆਪ' ਆਗੂਆਂ ਨੇ ਜ਼ੋਰ ਦੇ ਕੇ ਕਿਹਾ ਕਿ ਗਰੀਬ ਤੇ ਪਛੜੇ ਲੋਕਾਂ ਦੀ ਇੱਜ਼ਤ ਤੇ ਰੋਜ਼ੀ-ਰੋਟੀ ਦਾ ਅਪਮਾਨ ਕਰਨਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਕਾਂਗਰਸ ਲੀਡਰਸ਼ਿਪ ਨੂੰ ਅਜਿਹੀਆਂ ਟਿੱਪਣੀਆਂ ਦਾ ਜਵਾਬ ਦੇਣਾ ਪਵੇਗਾ। ਉਨ੍ਹਾਂ ਦੁਹਰਾਇਆ ਕਿ ਬਾਜਵਾ ਨੂੰ ਆਪਣੇ ਗੈਰ-ਸੰਵੇਦਨਸ਼ੀਲ ਬਿਆਨ ਲਈ ਦਲਿਤ ਭਾਈਚਾਰੇ ਤੋਂ ਤੁਰੰਤ ਮੁਆਫੀ ਮੰਗਣੀ ਚਾਹੀਦੀ ਹੈ।

# ਨਗਰ ਨਿਗਮ ਦੀ ਨਾਜਾਇਜ਼ ਕਬਜ਼ਿਆਂ 'ਤੇ ਸਖ਼ਤੀ

## ਪੁਰਾਣੇ ਲਾਲ ਬਾਗ਼ 'ਚ ਗਲ਼ੀ ਰੋਕ ਕੇ ਬਣਾਏ ਨਾਜਾਇਜ਼ ਥੜ੍ਹੇ ਢਾਹੇ

ਪਟਿਆਲਾ, 6 ਮਾਰਚ (ਰੁਪਾਣਾ): ਨਗਰ ਨਿਗਮ ਪਟਿਆਲਾ ਵੱਲੋਂ ਸ਼ਹਿਰ ਦੀਆਂ ਗਲੀਆਂ ਤੇ ਸੜਕਾਂ ਨੂੰ ਕਬਜ਼ਾ ਮੁਕਤ ਕਰਨ ਲਈ ਚਲਾਈ ਗਈ ਮੁਹਿੰਮ ਤਹਿਤ ਅੱਜ ਪੁਰਾਣੇ ਲਾਲ ਬਾਗ ਇਲਾਕੇ 'ਚ ਵੱਡੀ ਕਾਰਵਾਈ ਕੀਤੀ ਗਈ। ਨਿਗਮ ਦੀ ਟੀਮ ਨੇ ਇਲਾਕੇ 'ਚ ਘਰਾਂ ਦੇ ਬਾਹਰ ਗਲੀ ਵਾਲੇ ਹਿੱਸੇ ਵਿੱਚ ਨਜਾਇਜ਼ ਤੌਰ ਤੇ ਬਣੇ ਹੋਏ ਪੱਕੇ ਥੜ੍ਹਿਆਂ ਨੂੰ ਮੌਕੇ 'ਤੇ ਹੀ ਢਾਹ ਦਿੱਤਾ। ਮੇਅਰ ਕੁੰਦਨ ਗੋਗੀਆ, ਕਮਿਸ਼ਨਰ ਪਰਮਜੀਤ ਸਿੰਘ ਅਤੇ ਸਕੱਤਰ ਸੁਰਜੀਤ ਸਿੰਘ ਚੀਮਾ, ਸੁਪਰਡੈਂਟ ਲੈਂਡ ਸ਼ਾਖਾ ਦਰਪਣ ਕੁਮਾਰ ਦੀ ਅਗਵਾਈ 'ਚ ਹੋਈ ਇਸ ਕਾਰਵਾਈ ਨੂੰ ਨਿਗਮ ਇੰਸਪੈਕਟਰ ਵਿਸ਼ਾਲ ਵਰਮਾ ਵੱਲੋਂ ਨੇਪਰੇ ਚਾੜ੍ਹਿਆ ਗਿਆ। ਜਾਣਕਾਰੀ ਅਨੁਸਾਰ, ਓਲਡ ਲਾਲ ਬਾਗ ਦੀ ਇੱਕ ਤੰਗ ਗਲੀ ਵਿੱਚ ਇੱਕ ਘਰ ਦੇ ਮਾਲਕ ਵੱਲੋਂ ਆਪਣੀ ਹੱਦ ਤੋਂ ਬਾਹਰ ਨਿਕਲ ਕੇ ਗਲੀ ਦੇ ਹਿੱਸੇ ਵਿੱਚ ਉੱਚੇ ਤੇ ਪੱਕੇ ਥੜ੍ਹੇ ਬਣਾ ਲਏ ਗਏ ਸਨ। ਇਸ ਕਾਰਨ ਗਲੀ ਵਿੱਚੋਂ ਲੰਘਣ ਵਾਲੇ ਰਾਹਗੀਰਾਂ ਤੇ ਵਾਹਨ ਚਾਲਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਲਾਕਾ ਨਿਵਾਸੀਆਂ ਵੱਲੋਂ ਇਸ ਸਬੰਧੀ ਨਿਗਮ ਕੋਲ ਸ਼ਿਕਾਇਤ ਵੀ ਕੀਤੀ ਗਈ ਸੀ ਕਿ ਇਨ੍ਹਾਂ ਨਜਾਇਜ਼ ਕਬਜ਼ਿਆਂ ਕਾਰਨ ਗਲੀ ਹੋਰ ਵੀ ਭੀੜੀ ਹੋ ਗਈ ਹੈ।



ਨਿਗਮ ਇੰਸਪੈਕਟਰ ਵਿਸ਼ਾਲ ਵਰਮਾ ਨੇ ਦੱਸਿਆ ਕਿ ਨਿਗਮ ਵੱਲੋਂ ਲੋਕਾਂ ਨੂੰ ਲਗਾਤਾਰ ਅਪੀਲ ਕੀਤੀ ਜਾਂਦੀ ਹੈ ਕਿ ਉਹ ਗਲੀਆਂ ਵਿੱਚ ਰੈਪ ਆਦਿ ਨਾ ਬਣਾਉਣ ਤਾਂ ਜੋ ਉਥੇ ਰਹਿਣ ਵਾਲੇ ਲੋਕਾਂ ਨੂੰ ਤੰਗੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਪਰ ਕਈ ਘਰ ਮਾਲਕ ਵੱਲੋਂ ਇਸ ਨੂੰ ਅਣਗੌਲਿਆ ਕੀਤਾ ਜਾਂਦਾ ਹੈ। ਇਸੇ ਤਹਿਤ ਪੁਰਾਣੇ ਲਾਲ ਬਾਗ ਵਿਖੇ ਵੀ ਨਿਗਮ ਦੀ ਡਿਮੋਲਿਸ਼ਨ ਟੀਮ ਨੇ ਮੌਕੇ 'ਤੇ ਪਹੁੰਚ ਕੇ ਜੇ.ਸੀ.ਬੀ. ਤੇ ਮਜ਼ਦੂਰਾਂ ਦੀ ਸਹਾਇਤਾ ਨਾਲ ਗਲੀ ਵਿੱਚ ਬਣੇ ਇਨ੍ਹਾਂ ਥੜ੍ਹਿਆਂ ਨੂੰ ਪੂਰੀ ਤਰ੍ਹਾਂ ਹਟਾ ਦਿੱਤਾ ਤੇ ਗਲੀ ਨੂੰ ਮੁੜ ਚੌੜਾ ਕਰ ਦਿੱਤਾ। ਇਸ ਮੌਕੇ ਇੰਸਪੈਕਟਰ ਵਿਸ਼ਾਲ ਵਰਮਾ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਨਗਰ ਨਿਗਮ ਦੀ ਹਦੂਦ ਅੰਦਰ ਕਿਸੇ ਵੀ ਤਰ੍ਹਾਂ ਦਾ ਨਜਾਇਜ਼ ਕਬਜ਼ਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੋਕ ਅਕਸਰ ਆਪਣੇ ਘਰਾਂ ਦੇ ਬਾਹਰ ਥੜ੍ਹੇ, ਰੈਂਪ ਜਾਂ ਲੋਹੇ ਦੇ ਜੰਗਲੇ ਲਗਾ ਕੇ ਜਨਤਕ ਗਲੀਆਂ ਨੂੰ ਰੋਕ ਲੈਂਦੇ ਹਨ, ਜੋ ਕਿ ਕਾਨੂੰਨੀ ਜੁਰਮ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਿਗਮ ਦਾ ਸਹਿਯੋਗ ਕਰਨ ਤੇ ਸਰਕਾਰੀ ਜਗ੍ਹਾ 'ਤੇ ਕਬਜ਼ਾ ਨਾ ਕਰਨ।

ਉਨ੍ਹਾਂ ਕਿਹਾ ਕਿ ਇਸ ਮੌਕੇ ਇੱਕ ਵਿਅਕਤੀ ਵੱਲੋਂ ਨਿਗਮ ਦੀ ਕਾਰਵਾਈ ਵਿੱਚ ਦਖਲ ਅੰਦਾਜੀ ਕਰ ਕੇ ਕੰਮ ਰੋਕਣ ਦੀ ਕੋਸ਼ਿਸ਼ ਵੀ ਕੀਤੀ ਗਈ ਸੀ ਜਿਸਦੀ ਸ਼ਿਕਾਇਤ ਨਿਗਮ ਦੇ ਸਬੰਧਤ ਅਧਿਕਾਰੀਆ ਨੂੰ ਨੋਟ ਕਰਵਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਮੇਅਰ ਤੇ ਕਮਿਸ਼ਨਰ ਵੱਲੋਂ ਸਪੱਸ਼ਟ ਹਦਾਇਤਾਂ ਹਨ ਕਿ ਸ਼ਹਿਰ ਦੇ ਸੁੰਦਰੀਕਰਨ ਤੇ ਟ੍ਰੈਫਿਕ ਵਿਵਸਥਾ ਵਿੱਚ ਰੁਕਾਵਟ ਬਣਨ ਵਾਲੇ ਹਰ ਨਜਾਇਜ਼ ਨਿਰਮਾਣ ਨੂੰ ਹਟਾਇਆ ਜਾਵੇ। ਦੱਸ ਦਈਏ ਕਿ ਇਸ ਕਾਰਵਾਈ ਤੋਂ ਬਾਅਦ ਇਲਾਕਾ ਨਿਵਾਸੀਆਂ ਨੇ ਸੁਖ ਦਾ ਸਾਹ ਲਿਆ ਤੇ ਨਗਰ ਨਿਗਮ ਦੇ ਇਸ ਕਦਮ ਦੀ ਸ਼ਲਾਘਾ ਕੀਤੀ।

# ਕੈਪਟਨ ਨੂੰ ਪਰਿਵਾਰ ਸਮੇਤ ਲਗਾਤਾਰ ਅੱਖੋਂ-ਪਰੋਖੇ ਕਰ ਰਹੀ ਹੈ ਭਾਜਪਾ



ਪਟਿਆਲਾ, 6 ਮਾਰਚ (ਗੁਰਮੁਖ ਸਿੰਘ ਰੁਪਾਣਾ): ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਨੇਤਾ ਕੈਪਟਨ ਅਮਰਿੰਦਰ ਸਿੰਘ ਨੂੰ ਪਾਰਟੀ ਲਗਾਤਾਰ ਅੱਖੋਂ ਪਰੋਖੇ ਕਰਦੀ ਨਜ਼ਰ ਆ ਰਹੀ ਹੈ। ਇਸ ਤੋਂ ਪਹਿਲਾਂ ਭਾਜਪਾ ਨੇ ਕੈਪਟਨ ਅਮਰਿੰਦਰ ਸਿੰਘ ਪਰਿਵਾਰ ਨੂੰ ਖਾਸ ਕਰ ਉਨਾਂ ਦੀ ਧਰਮਪਤਨੀ ਪਰਨੀਤ ਕੌਰ ਨੂੰ ਅੱਖੋਂ ਪਰੋਖੇ ਕਰਕੇ ਰਵਨੀਤ ਸਿੰਘ ਬਿੱਟੂ ਨੂੰ ਕੇਂਦਰੀ ਰੇਲਵੇ ਰਾਜ ਮੰਤਰੀ ਬਣਾਇਆ ਗਿਆ, ਜੋ ਕਿ ਪਰਨੀਤ ਕੌਰ ਦੇ ਨਾਲ ਨਾਲ ਕੈਪਟਨ ਰਵਨੀਤ ਸਿੰਘ ਬਿੱਟੂ ਵੀ ਲੋਕ ਸਭਾ ਦੀ ਚੋਣ ਹਾਰ ਚੁੱਕੇ ਸਨ ਅਤੇ ਉਨਾਂ ਨੂੰ ਰਾਜ ਸਭਾ ਰਾਹੀਂ ਰਾਜ ਮੰਤਰੀ ਦੇ ਪਦ ਤੇ ਭੇਜਿਆ ਗਿਆ। ਦੂਜੀ ਵਾਰ ਫਿਰ ਪੰਜਾਬ ਦੇ ਹੀ ਜੰਮਪਲ ਤਰਨਜੀਤ ਸਿੰਘ ਸੰਧੂ ਜੋ ਲੋਕ ਸਭਾ ਸੀਟ ਹਾਰ ਚੁੱਕੇ ਸਨ ਅਤੇ ਉਹਨਾਂ ਨੂੰ ਦਿੱਲੀ ਦੇ ਉਪ ਰਾਜਪਾਲ ਬਣਾ ਦਿੱਤਾ ਗਿਆ।

ਪਿਛਲੇ ਲੰਬੇ ਸਮੇਂ ਤੋਂ ਕਿਆਸਰਾਈਆਂ ਲਗਾਈਆਂ ਜਾ ਰਹੀਆਂ ਸਨ ਕਿ ਕੈਪਟਨ ਅਮਰਿੰਦਰ ਸਿੰਘ ਦਾ ਜਿਸ ਹਿਸਾਬ ਨਾਲ ਸਿਆਸੀ ਕਦ ਹੈ। ਉਹਨਾਂ ਨੂੰ ਉਮਰ ਦੇ ਲਿਹਾਜ਼ ਨਾਲ ਘੱਟੋ ਘੱਟ ਕਿਸੇ ਵੀ ਸੂਬੇ ਦਾ ਰਾਜਪਾਲ ਜਾਂ ਉਪ ਰਾਜਪਾਲ ਲਗਾਇਆ ਜਾ ਸਕਦਾ ਹੈ, ਕਈ ਵਾਰ ਤਾਂ ਕੁਝ ਸੋਸ਼ਲ ਮੀਡੀਆ ਤੇ ਖਬਰਾਂ ਵੀ ਪ੍ਰਕਾਸ਼ਿਤ ਹੋ ਗਈਆਂ ਸਨ ਕਿ ਕੈਪਟਨ ਅਮਰਿੰਦਰ ਸਿੰਘ ਰਾਜਪਾਲ ਬਣਾਏ ਗਏ ਪਰ ਅੱਜ ਤੱਕ ਇਹ ਸੱਚ ਨਾ ਹੋਇਆ, ਹੁਣ ਜਦੋਂ ਪੰਜਾਬ ਦੇ ਹੀ ਜੰਮਪਲ ਰਵਨੀਤ ਸਿੰਘ ਬਿੱਟੂ ਕੇਂਦਰੀ ਰਾਜ ਮੰਤਰੀ ਬਣਨ ਵਿੱਚ ਸਫਲ ਹੋ ਗਏ ਅਤੇ ਤਰਨਜੀਤ ਸਿੰਘ ਸੰਧੂ ਦਿੱਲੀ ਦੇ ਉੱਪ ਰਾਜਪਾਲ ਬਣਨ ਵਿੱਚ ਸਫਲਤਾ ਹਾਸਿਲ ਕਰ ਗਏ ਤਾਂ ਹੁਣ ਇੱਕ ਨਵੀਂ ਚਰਚਾ ਸ਼ੁਰੂ ਹੋ ਗਈ ਹੈ ਕਿ ਕੀ ਕੈਪਟਨ ਪਰਿਵਾਰ ਭਾਜਪਾ ਦੇ ਤਰਾਜੂ ਵਿੱਚ ਖਰਾ ਨਹੀਂ ਉਤਰ ਰਿਹਾ ਜਾਂ ਫਿਰ ਕੈਪਟਨ ਪਰਿਵਾਰ ਨੂੰ ਭਾਜਪਾ ਨੇ ਖੁੱਡੇ ਲਾਈਨ ਲਗਾ ਦਿੱਤਾ ਹੈ। ਬੇਸ਼ੱਕ ਉਹਨਾਂ ਦੀ ਬੇਟੀ ਜੈਇੰਦਰ ਕੌਰ ਭਾਜਪਾ ਮਹਿਲਾ ਮੋਰਚਾ ਦੇ ਪ੍ਰਧਾਨ ਹਨ ਪਰ ਫਿਰ ਵੀ ਉਹਨਾਂ ਦੇ ਪਰਿਵਾਰ ਨੂੰ ਕੋਈ ਸੰਵਿਧਾਨਿਕ ਅਹੁਦਾ ਨਾ ਦਿੱਤੇ ਜਾਣ ਕਰਕੇ ਇਹ ਚਰਚਾ ਹੁਣ ਤੋਂ ਮੁੜ ਤੇਜ਼ ਹੋ ਗਈ ਹੈ। ਕੁਝ ਸਮਾਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਭਾਜਪਾ ਵਿੱਚ ਘੁਟਨ ਮਹਿਸੂਸ ਕੀਤੀ ਸੀ, ਜਿਸ ਦੇ ਜਵਾਬ ਚ ਬੀਬਾ ਜੈਇੰਦਰ ਕੌਰ ਨੇ ਕਿਹਾ ਸੀ ਕਿ ਅਸੀਂ ਭਾਜਪਾ ਵਿੱਚ ਹੀ ਹਾਂ ਅਤੇ ਭਾਜਪਾ ਵਿੱਚ ਹੀ ਰਹਾਂਗੇ। ਅੱਜ ਸਵੇਰ ਤੋਂ ਮੁੜ ਚਰਚਾ ਸ਼ੁਰੂ ਹੋ ਗਈ ਹੈ ਕਿ ਕੈਪਟਨ ਪਰਿਵਾਰ ਹੁਣ ਭਾਜਪਾ ਵਿੱਚ ਹੀ ਰਹੇਗਾ ਜਾਂ ਫਿਰ ਰਾਜਨੀਤਿਕ ਤੌਰ ਤੇ ਕਿਸੇ ਹੋਰ ਪਾਰਟੀ ਦਾ ਪੱਲਾ ਫੜ ਸਕਦਾ ਹੈ। ਇਹ ਤਾਂ ਸਮਾਂ ਹੀ ਦੱਸੇਗਾ ਪਰ ਇੱਕ ਗੱਲ ਜ਼ਰੂਰ ਹੈ ਕਿ ਭਾਜਪਾ ਲਗਾਤਾਰ ਕੈਪਟਨ ਪਰਿਵਾਰ ਦਾ ਵੱਡਾ ਕੱਦ ਹੋਣ ਦੇ ਬਾਵਜੂਦ ਵੀ ਅੱਖੋਂ ਪਰੋਖੇ ਕਰ ਰਹੀ ਹੈ।

# ਤਰਨਜੀਤ ਸਿੰਘ ਸੰਧੂ ਦਾ ਪਿਛੋਕੜ ਤੇ ਸ਼ਖ਼ਸੀਅਤ

## 'ਪਦਮ ਸ਼੍ਰੀ' ਜਗਜੀਤ ਸਿੰਘ ਦਰਦੀ ਨੇ ਦਿੱਤੀ ਵਧਾਈ

ਪਟਿਆਲਾ, 6 ਮਾਰਚ (ਗੁਰਮੁਖ ਸਿੰਘ ਰੁਪਾਣਾ): ਤਰਨਜੀਤ ਸਿੰਘ ਸੰਧੂ ਨੂੰ ਦਿੱਲੀ ਦਾ ਨਵਾਂ ਲੈਫਟੀਨੈਂਟ ਗਵਰਨਰ (ਐਲਜੀ) ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨੂੰ ਪਦਮਸ਼੍ਰੀ ਜਗਜੀਤ ਸਿੰਘ ਦਰਦੀ ਚੇਅਰਮੈਨ ਚੜ੍ਹਦੀਕਲਾ ਗਰੁੱਪ ਨੇ ਵਧਾਈ ਦਿੱਤੀ। ਪੰਜਾਬ ਦੇ ਅੰਮ੍ਰਿਤਸਰ ਤੋਂ ਚੋਣ ਲੜੀ ਸੀ, ਪਰ ਹਾਰ ਗਏ ਸਨ। ਹਾਲਾਂਕਿ, ਉਨ੍ਹਾਂ ਦਾ ਕਰੀਅਰ ਬੇਮਿਸਾਲ ਰਿਹਾ ਹੈ। ਉਹ ਇੱਕ ਉੱਚ ਪੜ੍ਹੇ-ਲਿਖੇ ਪਰਿਵਾਰ ਤੋਂ ਹਨ। ਉਨ੍ਹਾਂ ਦੇ ਦਾਦਾ ਸ਼੍ਰੋਮਣੀ ਕਮੇਟੀ ਦੇ ਸੰਸਥਾਪਕ ਸਨ। ਮੈਂਬਰ ਤਰਨਜੀਤ ਸਿੰਘ ਸੰਧੂ ਦੇ ਪਿਤਾ, ਤੇਜਾ ਸਿੰਘ ਸਮੁੰਦਰੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਸੰਸਥਾਪਕ ਮੈਂਬਰ ਸਨ। ਸਮੁੰਦਰੀ ਵੀ ਇੱਕ ਕਾਂਗਰਸੀ ਨੇਤਾ ਸਨ। ਤਰਨਜੀਤ ਸਿੰਘ ਸੰਧੂ 1988 ਬੈਚ ਦੇ ਭਾਰਤੀ ਵਿਦੇਸ਼ ਸੇਵਾ (IFS) ਅਧਿਕਾਰੀ ਹਨ। ਉਨ੍ਹਾਂ ਨੇ 2024 ਦੀਆਂ ਲੋਕ ਸਭਾ ਚੋਣਾਂ ਭਾਰਤੀ ਜਨਤਾ ਪਾਰਟੀ ਦੀ ਟਿਕਟ 'ਤੇ ਲੜੀਆਂ ਸਨ, ਹਾਲਾਂਕਿ ਉਹ ਹਾਰ ਗਏ ਸਨ। ਤਰਨਜੀਤ ਸਿੰਘ ਸੰਧੂ ਦਾ ਜਨਮ 23 ਜਨਵਰੀ, 1963 ਨੂੰ ਹੋਇਆ ਸੀ। ਸੰਧੂ ਨੇ ਤਿੰਨ ਵਾਰ ਅਮਰੀਕਾ ਵਿੱਚ ਡਿਪਲੋਮੈਟ ਵਜੋਂ ਸੇਵਾ ਨਿਭਾਈ ਹੈ। ਜਦੋਂ ਭਾਰਤ ਨੇ 1990 ਦੇ ਦਹਾਕੇ ਵਿੱਚ ਪੋਖਰਣ ਪ੍ਰੀਖਣ ਕੀਤੇ ਸਨ, ਤਾਂ ਸੰਧੂ ਇੱਕ ਜੂਨੀਅਰ ਡਿਪਲੋਮੈਟ ਸਨ। ਹਾਲਾਂਕਿ, ਉਹ ਬਾਅਦ ਵਿੱਚ ਡਿਪਟੀ ਚੀਫ਼ ਆਫ਼ ਮਿਸ਼ਨ ਬਣ ਗਏ। ਸੰਧੂ ਨੂੰ ਭਾਰਤ ਤੇ ਅਮਰੀਕਾ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ ਦਾ ਸਿਹਰਾ ਦਿੱਤਾ ਜਾਂਦਾ ਹੈ। ਦਰਅਸਲ, 1998 ਵਿੱਚ ਪੋਖਰਣ ਪ੍ਰਮਾਣੂ ਪ੍ਰੀਖਣਾਂ ਦੌਰਾਨ ਦੋਵਾਂ ਦੇਸ਼ਾਂ ਦੇ ਸਬੰਧ ਕਾਫ਼ੀ ਵਿਗੜ ਗਏ ਸਨ। ਸੰਧੂ ਨੇ ਉਨ੍ਹਾਂ ਨੂੰ ਸੁਧਾਰਨ ਵਿੱਚ ਮੁੱਖ ਭੂਮਿਕਾ ਨਿਭਾਈ। ਅਮਰੀਕੀ ਰਾਜਨੀਤੀ ਵਿੱਚ, ਰਿਪਬਲਿਕਨ ਅਤੇ ਡੈਮੋਕ੍ਰੇਟਿਕ ਦੋਵੇਂ ਪਾਰਟੀਆਂ ਸੰਧੂ ਦੇ ਕੰਮ ਦੀ ਪ੍ਰਸ਼ੰਸਾ ਕਰਦੀਆਂ ਹਨ। ਸੰਧੂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਤੇ ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਦੀ ਭਾਰਤ ਫੇਰੀ ਵਿੱਚ ਮੁੱਖ ਭੂਮਿਕਾ ਨਿਭਾਈ। ਸੰਧੂ ਦੇ ਪਿਤਾ, ਬਿਸ਼ਨ ਸਿੰਘ ਸਮੁੰਦਰੀ, ਗੁਰੂ ਨਾਨਕ ਯੂਨੀਵਰਸਿਟੀ ਦੇ ਸੰਸਥਾਪਕ ਵਾਈਸ ਚਾਂਸਲਰ ਸਨ। ਉਸਦੀ ਮਾਂ, ਜਗਜੀਤ ਕੌਰ ਸੰਧੂ ਨੇ ਅਮਰੀਕਾ ਵਿੱਚ ਆਪਣੀ ਡਾਕਟਰੇਟ ਪੂਰੀ ਕੀਤੀ ਅਤੇ ਵਾਪਸੀ 'ਤੇ, ਅੰਮ੍ਰਿਤਸਰ ਦੇ ਸਰਕਾਰੀ ਕਾਲਜ ਫਾਰ ਵੂਮੈਨ ਵਿੱਚ ਪ੍ਰਿੰਸੀਪਲ ਵਜੋਂ ਸ਼ਾਮਲ ਹੋ ਗਈ। ਸ ਦਰਦੀ ਨੇ ਦੱਸਿਆ ਕਿ ਕਰੀਬ 2 ਦਹਾਕੇ ਪਹਿਲਾਂ ਵਾਈਟ ਹਾਊਸ ਚ 31 ਤੋਪਾਂ ਦੀ ਸਲਾਮੀ ਦਿੱਤੀ ਗਈ ਸੀ, ਉਦੋਂ ਮੇਰੇ ਨਾਲ ਸੰਧੂ ਵੀ ਓਥੇ ਮੌਜੂਦ ਸਨ।

## ਸੰਪਾਦਕੀ

# ਤੇਲ ਸੰਕਟ ਦਾ ਖ਼ਤਰਾ

ਪਹਿਲਾਂ ਹੀ ਇਹ ਡਰ ਸੀ ਕਿ ਈਰਾਨ 'ਤੇ ਇਜ਼ਰਾਈਲ-ਅਮਰੀਕੀ ਸਾਂਝੇ ਹਮਲੇ ਨਾਲ ਜੰਗ ਦਾ ਘੇਰਾ ਦੂਜੇ ਖੇਤਰਾਂ ਤੱਕ ਵਧੇਗਾ, ਜਿਸ ਨਾਲ ਸਿੱਧੇ ਤੌਰ 'ਤੇ ਸ਼ਾਮਲ ਨਾ ਹੋਣ ਵਾਲੇ ਦੇਸ਼ ਪ੍ਰਭਾਵਿਤ ਹੋਣਗੇ। ਦੋਵਾਂ ਧਿਰਾਂ ਵਿਚਕਾਰ ਘਾਤਕ ਹਥਿਆਰਾਂ ਦੀ ਵਰਤੋਂ ਕਰਕੇ ਚੱਲ ਰਹੇ ਹਮਲੇ ਜੰਗ ਦਾ ਸਿੱਧਾ ਪ੍ਰਗਟਾਵਾ ਹਨ ਅਤੇ ਸਮਾਨਾਂਤਰ, ਫੈਸਲੇ ਉਭਰ ਰਹੇ ਹਨ ਜੋ ਜੇਕਰ ਲੰਬੇ ਸਮੇਂ ਤੱਕ ਜਾਰੀ ਰਹੇ ਤਾਂ ਦੁਨੀਆ ਭਰ ਦੇ ਕਈ ਦੇਸ਼ਾਂ ਦੀ ਆਰਥਿਕਤਾ 'ਤੇ ਗੰਭੀਰ ਪ੍ਰਭਾਵ ਪਾਉਣਗੇ। ਇਹ ਧਿਆਨ ਦੇਣ ਯੋਗ ਹੈ ਕਿ ਅਮਰੀਕਾ ਅਤੇ ਇਜ਼ਰਾਈਲੀ ਹਮਲਿਆਂ ਦੇ ਜਵਾਬ ਵਿੱਚ ਈਰਾਨ ਨੇ ਮਿਜ਼ਾਈਲਾਂ ਦੀ ਵਰਤੋਂ ਕਰਕੇ ਫੌਜੀ ਹਮਲਾ ਵੀ ਸ਼ੁਰੂ ਕੀਤਾ ਹੈ। ਹਾਲਾਂਕਿ, ਇੱਕ ਵੱਡੇ ਰਣਨੀਤਕ ਫੈਸਲੇ ਵਿੱਚ ਇਸਨੇ ਹੋਰਮੁਜ਼ ਜਲਡਮਰੂ ਨੂੰ ਬੰਦ ਕਰ ਦਿੱਤਾ ਹੈ, ਜੋ ਇਸਦੇ ਪ੍ਰਭਾਵ ਦੇ ਖੇਤਰ ਵਿੱਚ ਆਉਂਦਾ ਹੈ। ਜੇਕਰ ਇਸਨੂੰ ਜਲਦੀ ਹੀ ਦੁਬਾਰਾ ਖੋਲ੍ਹਣ ਲਈ ਠੋਸ ਯਤਨ ਨਹੀਂ ਕੀਤੇ ਜਾਂਦੇ ਹਨ, ਤਾਂ ਬਹੁਤ ਸਾਰੇ ਦੇਸ਼ਾਂ ਦਾ ਸਾਹਮਣਾ ਕਰ ਰਿਹਾ ਊਰਜਾ ਸੰਕਟ ਹੋਰ ਡੂੰਘਾ ਹੋ ਸਕਦਾ ਹੈ। ਹੋਰਮੁਜ਼ ਨੂੰ ਸਭ ਤੋਂ ਮਹੱਤਵਪੂਰਨ ਸਮੁੰਦਰੀ ਮਾਰਗਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਜੋ ਦੁਨੀਆ ਦੇ ਤੇਲ ਅਤੇ ਗੈਸ ਸਪਲਾਈ ਦਾ ਲਗਭਗ 20 ਤੋਂ 25 ਪ੍ਰਤੀਸ਼ਤ ਲੈ ਕੇ ਜਾਂਦਾ ਹੈ। ਕੁਦਰਤੀ ਤੌਰ 'ਤੇ ਪਹਿਲਾਂ ਹੀ ਡਰ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਜੇਕਰ ਸੰਕਟ ਡੂੰਘਾ ਹੁੰਦਾ ਹੈ ਤਾਂ ਕੱਚੇ ਤੇਲ ਦੀਆਂ ਕੀਮਤਾਂ ਅਸਮਾਨ ਛੂਹ ਸਕਦੀਆਂ ਹਨ, ਜਿਸ ਨਾਲ ਹਵਾਈ ਕਿਰਾਏ, ਮਾਲ ਭਾੜੇ ਅਤੇ ਭੋਜਨ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਸਕਦਾ ਹੈ। ਇਸ ਤੋਂ ਇਲਾਵਾ ਕੇਂਦਰੀ ਬੈਂਕਾਂ ਨੂੰ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਵਿਆਜ ਦਰਾਂ ਨੂੰ ਅਨੁਕੂਲ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ। ਸਿੱਟੇ ਵਜੋਂ, ਹੋਰਮੁਜ਼ ਜਲਡਮਰੂ ਦੀ ਰੁਕਾਵਟ ਦੇ ਵਿਆਪਕ ਅਤੇ ਬਹੁਪੱਖੀ ਪ੍ਰਭਾਵ ਪੈ ਸਕਦੇ ਹਨ। ਵਰਤਮਾਨ ਵਿੱਚ ਈਰਾਨ ਨੇ ਸਿਰਫ਼ ਚੀਨੀ ਜਹਾਜ਼ਾਂ ਨੂੰ ਇਸ ਰਸਤੇ ਰਾਹੀਂ ਯਾਤਰਾ ਕਰਨ ਦੀ ਇਜਾਜ਼ਤ ਦਿੱਤੀ ਹੈ ਅਤੇ ਕਿਹਾ ਹੈ ਕਿ ਦੂਜੇ ਦੇਸ਼ਾਂ ਦੇ ਜਹਾਜ਼ਾਂ, ਖਾਸ ਕਰਕੇ ਇਜ਼ਰਾਈਲ ਅਤੇ ਅਮਰੀਕਾ-ਸਹਿਯੋਗੀ ਦੇਸ਼ਾਂ ਦੇ ਟੈਂਕਰਾਂ ਨੂੰ ਲੰਘਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਹ ਕਲਪਨਾ ਕਰਨਾ ਆਸਾਨ ਹੈ ਕਿ ਈਰਾਨ ਦੇ ਇਸ ਫੈਸਲੇ ਦਾ ਉਨ੍ਹਾਂ ਦੇਸ਼ਾਂ 'ਤੇ ਕੀ ਪ੍ਰਭਾਵ ਪੈ ਸਕਦਾ ਹੈ ਜੋ ਤੇਲ ਅਤੇ ਊਰਜਾ ਲਈ ਹੋਰਮੁਜ਼ ਜਲਡਮਰੂ 'ਤੇ ਨਿਰਭਰ ਕਰਦੇ ਹਨ। ਭਾਰਤ ਬਿਨਾਂ ਸ਼ੱਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ ਅਤੇ ਹੱਲ ਲੱਭਣ ਲਈ ਕੋਸ਼ਿਸ਼ਾਂ ਪਹਿਲਾਂ ਹੀ ਸ਼ੁਰੂ ਹੋ ਗਈਆਂ ਹਨ। ਹਾਲਾਂਕਿ, ਉਸ ਰਸਤੇ ਦਾ ਤੁਰੰਤ ਇੱਕ ਨਵਾਂ ਵਿਕਲਪ ਲੱਭਣ ਲਈ ਇੱਕ ਮਹੱਤਵਪੂਰਨ ਯਤਨ ਦੀ ਲੋੜ ਹੋਵੇਗੀ, ਜਿਸ ਰਾਹੀਂ ਭਾਰਤ ਆਪਣੇ ਤੇਲ ਦਾ 40% ਸਪਲਾਈ ਕਰਦਾ ਹੈ। ਸਿਰਫ਼ ਇੱਕ ਤੰਗ ਸਮੁੰਦਰੀ ਰਸਤੇ ਤੋਂ ਵੱਧ, ਹੋਰਮੁਜ਼ ਜਲਡਮਰੂ ਨੂੰ ਆਧੁਨਿਕ ਵਿਸ਼ਵ ਅਰਥਵਿਵਸਥਾ ਦਾ ਥਿਰ ਕਰਨ ਵਾਲਾ ਤੰਤੂ ਮੰਨਿਆ ਜਾਂਦਾ ਹੈ ਅਤੇ ਊਰਜਾ ਸੁਰੱਖਿਆ ਲਈ ਮਹੱਤਵਪੂਰਨ ਹੈ। ਇਸਦਾ ਵਿਘਨ ਕਈ ਦੇਸ਼ਾਂ ਨੂੰ ਪ੍ਰਭਾਵਿਤ ਕਰੇਗਾ। ਭਾਰਤ ਕੋਲ ਇਸ ਸਮੇਂ ਛੇ ਤੋਂ ਅੱਠ ਹਫ਼ਤਿਆਂ ਲਈ ਕਾਫ਼ੀ ਤੇਲ ਭੰਡਾਰ ਹਨ ਅਤੇ ਜੇਕਰ ਹੋਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਦੀਆਂ ਕੋਸ਼ਿਸ਼ਾਂ ਅਸਫਲ ਹੋ ਜਾਂਦੀਆਂ ਹਨ ਤਾਂ ਊਰਜਾ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਰੂਸ ਤੋਂ ਤੇਲ ਖਰੀਦਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਸਕਦੀਆਂ ਹਨ। ਅੰਤਰਰਾਸ਼ਟਰੀ ਤੇਲ ਕੀਮਤਾਂ ਵਿੱਚ ਥੋੜ੍ਹਾ ਜਿਹਾ ਵਾਧਾ ਵੀ ਭਾਰਤ ਦੀ ਦਰਾਮਦ ਲਾਗਤ ਵਿੱਚ ਕਾਫ਼ੀ ਵਾਧਾ ਕਰ ਸਕਦਾ ਹੈ ਅਤੇ ਇਸਦਾ ਘਰੇਲੂ ਬਾਜ਼ਾਰ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ 'ਤੇ ਗੰਭੀਰ ਪ੍ਰਭਾਵ ਪਵੇਗਾ। ਇਹ ਸਮਝਣਾ ਔਖਾ ਨਹੀਂ ਹੈ ਕਿ ਤੇਲ ਅਤੇ ਊਰਜਾ ਲਈ ਹੋਰਮੁਜ਼ ਜਲਡਮਰੂ 'ਤੇ ਨਿਰਭਰ ਹੋਰ ਦੇਸ਼ ਈਰਾਨ ਦੇ ਫੈਸਲੇ ਨਾਲ ਕਿਸ ਹੱਦ ਤੱਕ ਪ੍ਰਭਾਵਿਤ ਹੋਣਗੇ। ਇਸ ਲਈ, ਬਿਨਾਂ ਦੇਰੀ ਦੇ ਸ਼ਾਮਲ ਧਿਰਾਂ ਨਾਲ ਗੱਲਬਾਤ ਦੇ ਮੌਕੇ ਲੱਭਣਾ ਜੰਗ ਦੇ ਫੈਲਣ ਨੂੰ ਰੋਕਣ ਅਤੇ ਪੱਛਮੀ ਏਸ਼ੀਆ ਵਿੱਚ ਤਣਾਅ ਘਟਾਉਣ ਲਈ ਬਹੁਤ ਜ਼ਰੂਰੀ ਹੈ।

-ਜਗਜੀਤ ਸਿੰਘ ਦਰਦੀ

### ਆਮ ਪੰਜਾਬੀ ਹੁਣ ਕਿਵੇਂ ਜੀਵੇ ?

# ਅੱਜ ਪੰਜਾਬ ਦੀ ਬੌਧਿਕ ਕੰਗਾਲੀ ਤੇ ਰਾਜਨੀਤੀ ਨੇ ਭਵਿੱਖ ਲਈ ਨਕਾਰਾ ਕੀਤਾ ਪੰਜਾਬ ਦਾ ਜੇਨ ਜੀ ?

## ਕੌਣ ਦੇਊਗਾ ਜਵਾਬ ਇਹਨਾਂ ਸਵਾਲਾਂ ਦਾ ?

## ਪੰਜਾਬ ਦੇ ਰੈਪਰ ਬਾਦਸ਼ਾਹ ਤੇ ਲੱਚਰ ਗੀਤ ਸੰਗੀਤ ਇੰਡਸਟਰੀ ਨੇ ਪੰਜਾਬ ਦਾ ਸੱਭਿਆਚਾਰ ਵਿਗਾੜਿਆ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪੰਜਾਬ ਦੀ ਬੌਧਿਕ ਕੰਗਾਲੀ ਤੇ ਰਾਜਨੀਤੀ ਨੇ ਭਵਿੱਖ ਲਈ ਨਕਾਰਾ ਕੀਤਾ ਪੰਜਾਬ ਦਾ ਜੇਨ ਜੀ ? ਅੱਜ ਕੌਣ ਦੇਊਗਾ ਜਵਾਬ ਇਹਨਾਂ ਸਵਾਲਾਂ ਦਾ । ਇਹ ਸਵਾਲ ਨਹੀਂ, ਇੱਕ ਦਰਦ ਭਰੀ ਚੀਖ ਹੈ ਜੋ ਪੰਜਾਬ ਦੇ ਹਰ ਘਰ ਵਿੱਚ, ਹਰ ਖੇਤ ਵਿੱਚ ਹਰ ਨੌਜਵਾਨ ਦੇ ਦਿਲ ਵਿੱਚ ਗੂੰਜ ਰਹੀ ਹੈ। ਪੰਜਾਬ ਦੀਆਂ ਦੁੱਖ ਭਰੀਆਂ ਖਬਰਾਂ ਦੇ ਵਿੱਚ ਕਦੀ ਸੁਪਰੀਮ ਕੋਰਟ ਪੰਜਾਬ ਪੁਲਿਸ ਨੂੰ ਤਾੜਨਾ ਕਰਦੀ ਹੈ, ਉਹ ਵੀ ਪੁਲਿਸ ਦੇ ਮੁਖੀ ਨੂੰ ਪਰੰਤੂ ਸਵਾਲ ਇਹ ਹੈ ਕਿ ਜਦੋਂ ਅਮਰੀਕਾ ਵਿੱਚ ਬੇਗੈਰਤ ਪੰਜਾਬੀ ਸਿੰਗਰ ਚਲੋ ਬੁਲਾਵਾ ਆਇਆ ਹੈ ਟਰੰਪ ਨੇ ਬੁਲਾਇਆ ਵਰਗੇ ਗੀਤ ਗਾਉਂਦੇ ਹਨ ਤਾਂ ਉਦੋਂ ਧਾਰਮਿਕ ਸੰਸਥਾਵਾਂ ਤੇ ਹੋਰ ਲੋਕ ਕਿੱਥੇ ਹਨ ਇਹਨਾਂ ਰੈਪਰਾਂ 'ਤੇ ਇਹਨਾਂ ਅਣਚਾਹੀਆਂ ਦੋਅਰਥੀਆਂ ਸੰਵਾਦ ਵਾਲੀਆਂ ਪੰਜਾਬੀ ਫਿਲਮਾਂ ਤੇ ਗੀਤਾਂ 'ਤੇ ਕੋਈ ਪਾਬੰਦੀ ਕਿਉਂ ਨਹੀਂ।

ਚੱਲੋ ਟਰੰਪ ਦਾ ਬੁਲਾਵਾ ਆਇਆ ਹੈ ਇਹ ਪੰਜਾਬੀ ਗਾਇਕਾਂ ਦਾ ਪੱਧਰ ਹੈ। ਇਹ ਅਮਰੀਕਾ ਦੀ ਖ਼ਬਰ ਹੈ ਜੋ ਚੈਨਲਾਂ ਤੋਂ ਵਾਰ ਵਾਰ ਨਸ਼ਰ ਕੀਤੀ ਜਾ ਰਹੀ ਹੈ। ਇਹ ਸੋਚਿਆ ਚੈਨਲ ਵੀ ਆਪਣੀ ਮੰਡੀ ਵਿੱਚ ਨੰਗੇ ਹੋ ਰਹੇ ਹਨ ਕਿ ਉਹ ਪੰਜਾਬੀ ਦੇ ਨੌਜਵਾਨਾਂ ਨੂੰ ਤੇ ਪੰਜਾਬ ਦੇ ਜ਼ਿਹਨ ਨੂੰ ਕੀ ਸਿਖਾ ਰਹੇ ਹਨ।

ਅੱਜ ਹਾਲਤ ਇਹ ਹੈ ਕਿ ਇਹਨਾਂ ਲੋਕਾਂ ਨੂੰ ਵੀ ਲੱਖਾਂ ਰੁਪਈਆ ਦੇ ਕੇ ਸ਼ਾਦੀ ਮੈਰਿਜ ਹਾਲ ਤੇ ਹੋਰ ਫੰਕਸ਼ਨ ਵਿੱਚ ਰੰਗਲੇ ਪੰਜਾਬ ਦੀ ਗੰਧਲੀ ਤਸਵੀਰ ਪੇਸ਼ ਕੀਤੀ ਜਾਂਦੀ ਹੈ ।

ਅੱਜ ਇਹਨਾਂ ਦਾ ਜਵਾਬ ਕੌਣ ਦੇਵੇਗਾ, ਇਸ ਸਵਾਲ ਅੱਜ ਉਸ ਪੰਜਾਬੀ ਤੇ ਸਿਵਲ ਸੋਸਾਇਟੀ ਦੇ ਸਾਹਮਣੇ ਹੈ ਜੋ ਪੰਜਾਬ ਨੂੰ ਬਚਾਉਣਾ ਚਾਹੁੰਦੇ ਹਨ ਇਹ ਸੰਕਟ ਦੀ ਘੜੀ ਹੈ। ਪੰਜਾਬ, ਜੋ ਕਦੇ ਸੱਭਿਆਚਾਰ ਦੀ ਰੌਣਕ, ਖੇਤੀ ਦੀ ਖੁਸ਼ਹਾਲੀ ਅਤੇ ਸੱਜਣ ਸੁਭਾਅ ਵਾਲੇ ਲੋਕਾਂ ਦਾ ਘਰ ਸੀ, ਅੱਜ ਇੱਕ ਅਜਿਹੀ ਗਹਿਰੀ ਅੰਧੇਰੀ ਵਿੱਚ ਡੁੱਬਿਆ ਹੋਇਆ ਹੈ, ਜਿੱਥੇ ਨਿਰਾਸ਼ਾ, ਨਮੋਸ਼ੀ ਅਤੇ ਬੇਬੱਸੀ ਦਾ ਸਾਹ ਲੈ ਰਹੀ ਹੈ । ਪਿਛਲੇ ਦੋ ਦਹਾਕਿਆਂ ਵਿੱਚ ਪੰਜਾਬੀ ਸਿੰਗਰਾਂ ਅਤੇ ਰੈਪਰਾਂ ਨੇ ਜਿਸ ਤਰ੍ਹਾਂ ਗੰਨ ਕਲਚਰ, ਨਸ਼ੇ, ਹਿੰਸਾ ਅਤੇ ਔਰਤਾਂ ਨੂੰ ਵਸਤੂ ਵਾਂਗ ਪੇਸ਼ ਕਰਕੇ ਸਮਾਜ ਨੂੰ ਬਰਬਾਦ ਕੀਤਾ ਹੈ, ਉਹ ਇੱਕ ਜਾਣਬੁੱਝ ਕੇ ਕੀਤੀ ਗਈ ਸੱਭਿਆਚਾਰਕ ਹੱਤਿਆ ਵਰਗੀ ਹੈ। ਇਸ ਨਾਲ ਜੁੜੇ ਬੁੱਧਿਕ ਕੰਗਾਲ ਅਤੇ ਬੇਈਮਾਨ ਰਾਜਨੀਤੀਵਾਨਾਂ ਨੇ ਬਿਨਾਂ ਕਿਸੇ ਏਜੰਡੇ ਤੋਂ ਪਰਿਵਾਰਕ ਰਾਜਨੀਤੀ ਕਰਕੇ, ਖੋਖਲੇ ਵਾਅਦੇ ਕਰਕੇ ਅਤੇ ਭ੍ਰਿਸ਼ਟਾਚਾਰ ਨੂੰ ਵਧਾ ਕੇ ਪੰਜਾਬ ਨੂੰ ਲਹੂ-ਲੁਹਾਨ ਕਰ ਦਿੱਤਾ ਹੈ। ਅੱਜ ਇਹ ਲੇਖ ਉਹਨਾਂ ਦਰਦਾਂ ਨੂੰ ਸੰਵੇਦਨਸ਼ੀਲਤਾ ਨਾਲ ਖੋਲ੍ਹਦਿਆਂ, ਅੰਕੜਿਆਂ ਨਾਲ ਸੱਚਾਈ ਨੂੰ ਸਾਹਮਣੇ ਲਿਆਉਂਦਾ ਹੈ ਅਤੇ ਪੁੱਛਦਾ ਹੈ—ਆਖਿਰ ਆਮ ਪੰਜਾਬੀ ਨੂੰ ਜੀਣ ਦਾ ਹੱਕ ਕਦੋਂ ਮਿਲੇਗਾ ? ਪੰਜਾਬੀ ਸਿੰਗਰਾਂ ਅਤੇ ਰੈਪਰਾਂ ਦੀ ਨਸ਼ੇ-ਹਿੰਸਾ ਵਾਲੀ ਲਹਿਰ: ਸੱਭਿਆਚਾਰ ਦੀ ਲਹੂ-ਲੁਹਾਨ ਹੱਤਿਆ ਪਿਛਲੇ 20-25 ਸਾਲਾਂ ਵਿੱਚ ਪੰਜਾਬੀ ਮਿਊਜ਼ਿਕ ਇੰਡਸਟਰੀ ਨੇ ਇੱਕ ਅਜਿਹਾ ਜ਼ਹਿਰ ਫੈਲਾਇਆ ਹੈ ਜੋ ਨੌਜਵਾਨਾਂ ਦੇ ਦਿਲ-ਦਿਮਾਗ ਨੂੰ ਖੋਖਲਾ ਕਰ ਰਿਹਾ ਹੈ। ਗੰਨਾਂ ਨੂੰ ਸੈਲਫ-ਰਿਲਾਇੰਸ ਅਤੇ ਮੈਸਕੂਲਿਨਿਟੀ ਦਾ ਪ੍ਰਤੀਕ ਬਣਾ ਕੇ, ਨਸ਼ੇ ਨੂੰ ਕੂਲ ਲਾਈਫਸਟਾਈਲ ਵਜੋਂ ਪੇਸ਼ ਕਰਕੇ ਅਤੇ ਹਿੰਸਾ ਨੂੰ ਗਲੋਰੀਫਾਈ ਕਰਕੇ ਇਹਨਾਂ ਸਿੰਗਰਾਂ ਨੇ ਪੰਜਾਬੀ ਸੱਭਿਆਚਾਰ ਨੂੰ ਬਦਲ ਦਿੱਤਾ ਹੈ। ਪੰਜਾਬ ਜਿੱਥੇ ਕਦੇ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ, ਸੂਫੀਆਨਾ ਸੰਗੀਤ ਅਤੇ ਖੇਤੀ-ਬਾੜੀ ਵਾਲੀ ਜ਼ਿੰਦਗੀ ਸੀ, ਉੱਥੇ ਹੁਣ ਗੈਂਗਸਟਰ ਰੈਪ, ਗੰਨਾਂ ਦੀ ਫਾਇਰਿੰਗ ਅਤੇ ਨਸ਼ੇ ਦੀ ਗੱਲ ਛਾਈ ਹੋਈ ਹੈ।ਅਧਿਐਨਾਂ ਅਨੁਸਾਰ, 60% ਨੌਜਵਾਨ ਅਜਿਹੇ ਗੀਤ ਸੁਣਦੇ ਹਨ ਜੋ ਨਸ਼ੇ, ਹਿੰਸਾ ਅਤੇ ਔਰਤਾਂ ਨੂੰ ਅਪਮਾਨਿਤ ਕਰਦੇ ਹਨ। ਇੱਕ ਰਿਸਰਚ ਵਿੱਚ ਪਾਇਆ ਗਿਆ ਕਿ ਪੰਜਾਬੀ ਗੀਤਾਂ ਵਿੱਚ ਨਸ਼ੇ ਅਤੇ ਹਥਿਆਰਾਂ ਦੀ ਗਲੋਰੀਫਿਕੇਸ਼ਨ ਨੌਜਵਾਨਾਂ ਵਿੱਚ ਅਪਰਾਧੀ ਮਨਸਿਕਤਾ ਪੈਦਾ ਕਰ ਰਹੀ ਹੈ। ਸਿੱਧੂ ਮੂਸੇ ਵਾਲਾ ਵਰਗੇ ਸਿੰਗਰਾਂ ਨੇ ਗੰਨਾਂ ਨੂੰ ਸੈਲਫ-ਰਿਲਾਇੰਸ ਦਾ ਪ੍ਰਤੀਕ ਬਣਾਇਆ, ਜਿਸ ਨੇ ਗੈਂਗ ਵਾਰ ਅਤੇ ਹਿੰਸਾ ਨੂੰ ਵਧਾਇਆ ਤੇ ਉਨ੍ਹਾਂ ਨੇ ਵੀ ਅਜਿਹੇ ਗੀਤ ਗਾਏ, ਜਿਨ੍ਹਾਂ ਵਿੱਚ ਹਥਿਆਰਾਂ ਅਤੇ ਨਸ਼ੇ ਨੂੰ ਮੈਸਕੂਲਿਨਿਟੀ ਨਾਲ ਜੋੜਿਆ ਗਿਆ। ਅੱਜ ਇਹ ਗੀਤ ਨੌਜਵਾਨਾਂ ਨੂੰ ਇਹ ਸੰਦੇਸ਼ ਦਿੰਦੇ ਹਨ ਕਿ ਹਿੰਸਾ ਅਤੇ ਨਸ਼ਾ ਕੂਲ ਹੈ, ਜਿਸ ਨੇ ਪੰਜਾਬ ਵਿੱਚ ਗੈਂਗਸਟਰ ਕਲਚਰ ਨੂੰ ਜਨਮ ਦਿੱਤਾ। ਪੰਜਾਬੀ ਫਿਲਮਾਂ ਵੀ ਇਸ ਪ੍ਰਭਾਵ ਤੋਂ ਬਚ ਨਹੀਂ ਸਕੀਆਂ । ਜਿੱਥੇ ਕਦੇ ਪੰਜਾਬੀ ਸਿਨੇਮਾ ਪਰਿਵਾਰਕ ਮੁੱਲਾਂ, ਪਿਆਰ ਅਤੇ ਸੱਭਿਆਚਾਰ ਨੂੰ ਦਰਸਾਉਂਦਾ ਸੀ, ਹੁਣ ਗੈਂਗਸਟਰ ਰੈਪ ਅਤੇ ਸਿੰਗਰਾਂ ਦੇ ਪ੍ਰਭਾਵ ਨਾਲ ਇਹ ਵੀ ਹਿੰਸਾ, ਨਸ਼ੇ ਅਤੇ ਗਲੈਮਰਸ ਵਾਲੇ ਗੈਂਗਸਟਰ ਥੀਮ ਵੱਲ ਝੁਕ ਗਈ ਹੈ। ਬਹੁਤ ਸਾਰੀਆਂ ਫਿਲਮਾਂ ਵਿੱਚ ਸਿੰਗਰਾਂ ਨੇ ਐਕਟਿੰਗ ਕੀਤੀ ਅਤੇ ਉਹਨਾਂ ਦੇ ਗੀਤਾਂ ਨੇ ਫਿਲਮਾਂ ਨੂੰ ਵੀ ਇਸ ਜ਼ਹਿਰ ਨਾਲ ਭਰ ਦਿੱਤਾ।

**ਅੱਜ ਨਤੀਜਾ ?**

ਪੰਜਾਬੀ ਸੱਭਿਆਚਾਰ ਦੀ ਇੱਕ ਵੱਡੀ ਹਿੱਸਾ ਖਤਮ ਹੋ ਰਹੀ ਹੈ—ਉਹ ਪਿਆਰ, ਸੇਵਾ ਅਤੇ ਗੁਰੂ ਦੀਆਂ ਸਿੱਖਿਆਵਾਂ ਵਾਲਾ ਸੱਭਿਆਚਾਰ ਜੋ ਸਦੀਆਂ ਤੋਂ ਸਾਡੀ ਪਛਾਣ ਸੀ।ਨਸ਼ੇ ਦੀ ਮਹਾਂਮਾਰੀ: ਨੌਜਵਾਨਾਂ ਦੇ ਜੀਵਨ ਨੂੰ ਖਾ ਰਿਹਾ ਜ਼ਹਿਰ ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਅੱਜ ਇੱਕ ਮਹਾਂਮਾਰੀ ਬਣ ਚੁੱਕੀ ਹੈ। ਅਧਿਐਨਾਂ ਅਨੁਸਾਰ 15.4% ਲੋਕ ਨਸ਼ੇ ਵਿੱਚ ਫਸੇ ਹਨ। 2015 ਵਿੱਚ 2.3 ਲੱਖ ਤੋਂ ਵੱਧ ਓਪੀਓਇਡ ਨਸ਼ੇੜੀ ਸਨ। NCRB ਅਨੁਸਾਰ 2023 ਵਿੱਚ 89 ਓਵਰਡੋਜ਼ ਮੌਤਾਂ ਹੋਈਆਂ, ਜੋ ਦੇਸ਼ ਵਿੱਚ ਸਭ ਤੋਂ ਵੱਧ ਸਨ। 2024-2025 ਵਿੱਚ ਜਨਵਰੀ ਤੋਂ ਅਪ੍ਰੈਲ ਤੱਕ 782 ਓਵਰਡੋਜ਼ ਮੌਤਾਂ ਦਰਜ ਹੋਈਆਂ। ਸਰਕਾਰੀ ਅੰਕੜੇ ਅਨੁਸਾਰ 10-17 ਸਾਲ ਦੇ ਲਗਭਗ 7 ਲੱਖ ਨੌਜਵਾਨ ਨਸ਼ੇ ਵਿੱਚ ਫਸੇ ਹਨ। ਇਹ ਨਸ਼ਾ ਸਿਰਫ਼ ਜਾਨਾਂ ਨਹੀਂ ਲੈ ਰਿਹਾ, ਬਲਕਿ ਪੂਰੇ ਪਰਿਵਾਰਾਂ ਨੂੰ ਤਬਾਹ ਕਰ ਰਿਹਾ ਹੈ। ਮਾਪੇ ਆਪਣੇ ਬੱਚਿਆਂ ਨੂੰ ਨਸ਼ੇ ਵਿੱਚ ਡੁੱਬਦੇ ਵੇਖ ਕੇ ਰੋਂਦੇ ਹਨ, ਪਰ ਸਮਾਜ ਵਿੱਚ ਇਹ ਗੀਤ ਗਾਉਣ ਵਾਲੇ ਸਿੰਗਰ ਆਪਣੇ ਗੀਤਾਂ ਨਾਲ ਇਸ ਨੂੰ ਕੂਲ ਬਣਾ ਰਹੇ ਹਨ।

ਸੋਚਣ ਵਾਲੀ ਗੱਲ ਇਹ ਹੈ ਕਿ ਇਹ ਇੱਕ ਅਜਿਹੀ ਬੇਈਮਾਨੀ ਹੈ ਜੋ ਨੌਜਵਾਨਾਂ ਦੇ ਭਵਿੱਖ ਨੂੰ ਖਾ ਰਹੀ ਹੈ।ਰਾਜਨੀਤੀਵਾਨਾਂ ਦੀ ਬੁੱਧਿਕ ਕੰਗਾਲੀ ਅਤੇ ਪਰਿਵਾਰਕ ਰਾਜਨੀਤੀ: ਖੋਖਲੇ ਵਾਅਦੇ ਅਤੇ ਭ੍ਰਿਸ਼ਟਾਚਾਰ ਪੰਜਾਬ ਦੇ ਰਾਜਨੀਤੀਵਾਨ ਬੁੱਧਿਕ ਤੌਰ 'ਤੇ ਕੰਗਾਲ ਹਨ। ਉਹਨਾਂ ਕੋਲ ਨਾ ਕੋਈ ਵਿਜ਼ਨ ਹੈ, ਨਾ ਇਮਾਨਦਾਰੀ ਅਤੇ ਨਾ ਹੀ ਪੰਜਾਬ ਨੂੰ ਬਚਾਉਣ ਦੀ ਇੱਛਾ। ਬਿਨਾਂ ਕਿਸੇ ਏਜੰਡੇ ਤੋਂ ਪਰਿਵਾਰਕ ਰਾਜਨੀਤੀ ਕਰਨ ਵਾਲੇ ਇਹ ਲੋਕ ਸਿਰਫ਼ ਆਪਣੇ ਪਰਿਵਾਰ ਨੂੰ ਅੱਗੇ ਵਧਾਉਣ ਵਿੱਚ ਲੱਗੇ ਹਨ। ਸਰਕਾਰ ਨੇ 2022 ਵਿੱਚ ਵੱਡੇ ਵਾਅਦੇ ਕੀਤੇ—25 ਲੱਖ ਨੌਕਰੀਆਂ, ਔਰਤਾਂ ਲਈ 1,000 ਮਹੀਨਾ, ਭ੍ਰਿਸ਼ਟਾਚਾਰ ਖਤਮ ਕਰਨਾ—ਪਰ ਤਿੰਨ ਸਾਲ ਬਾਅਦ ਵੀ ਜ਼ਿਆਦਾਤਰ ਵਾਅਦੇ ਖੋਖਲੇ ਸਾਬਤ ਹੋਏ ਹਨ। ਵਿਰੋਧੀ ਪਾਰਟੀਆਂ ਨੇ ਇਸ ਨੂੰ ਫੇਲੀਅਰ ਅਤੇ ਕਰੱਪਸ਼ਨ ਦਾ ਕਾਲ ਕਿਹਾ ਹੈ।

ਪੰਜਾਬ ਵਿੱਚ ਭ੍ਰਿਸ਼ਟਾਚਾਰ ਅੱਜ ਵੀ ਚਰਮ 'ਤੇ ਹੈ—ਕਚਹਿਰੀਆਂ ਵਿੱਚ ਦਲਾਲ, ਵਜ਼ੀਰ ਅਤੇ ਅਮੀਰ ਲੁੱਟੇਰੇ ਬਣੇ ਹੋਏ ਹਨ। ਆਮ ਆਦਮੀ ਨਿਰਾਸ਼ ਹੈ, ਨਿਠੱਲਾ ਬੈਠਾ ਵਾਅਦਿਆਂ ਦੀ ਉਡੀਕ ਕਰ ਰਿਹਾ ਹੈ। ਇਹ ਰਾਜਨੀਤੀਵਾਨ ਪੰਜਾਬ ਨੂੰ ਬਚਾਉਣ ਦੀ ਬਜਾਏ ਆਪਣੇ ਲਾਭ ਲਈ ਵਰਤ ਰਹੇ ਹਨ।

**ਆਰਥਿਕ ਸੰਕਟ ਅਤੇ ਕਿਸਾਨਾਂ ਦੀ ਤਬਾਹੀ:** ਕਰਜ਼ੇ ਦਾ ਪਹਾੜ ਪੰਜਾਬ ਦਾ ਕਰਜ਼ਾ 4 ਲੱਖ ਕਰੋੜ ਤੋਂ ਵੱਧ ਹੈ। ਕਿਸਾਨਾਂ 'ਤੇ ਔਸਤਨ 3 ਲੱਖ ਕਰਜ਼ਾ ਹੈ ਅਤੇ ਖੁਦਕੁਸ਼ੀਆਂ ਅੱਜ ਵੀ ਹੋ ਰਹੀਆਂ ਹਨ। ਬੇਰੁਜ਼ਗਾਰੀ 18.9% ਹੈ ਅਤੇ ਨੌਜਵਾਨ ਵਿਦੇਸ਼ ਜਾ ਰਹੇ ਹਨ। ਇਹ ਸਭ ਮਿਲ ਕੇ ਆਮ ਪੰਜਾਬੀ ਨੂੰ ਬੇਬੱਸ ਕਰ ਰਹੇ ਹਨ।

ਅੱਜ ਆਮ ਪੰਜਾਬੀ ਦਾ ਦਰਦ ਅਤੇ ਆਮ ਪੰਜਾਬੀ ਅੱਜ ਇੱਕ ਅਜਿਹੀ ਜੰਗ ਲੜ ਰਿਹਾ ਹੈ ਜਿੱਥੇ ਸਿੰਗਰਾਂ ਨੇ ਸੱਭਿਆਚਾਰ ਨੂੰ ਬਰਬਾਦ ਕੀਤਾ, ਰਾਜਨੀਤੀਵਾਨਾਂ ਨੇ ਭਵਿੱਖ ਨੂੰ ਲੁੱਟਿਆ ਅਤੇ ਨਸ਼ੇ ਨੇ ਜਾਨਾਂ ਖੋਹ ਲਈਆਂ। ਪਰ ਅਸੀਂ ਹਾਰ ਨਹੀਂ ਮੰਨ ਸਕਦੇ। ਪੰਜਾਬ ਨੂੰ ਬਚਾਉਣ ਲਈ ਇਮਾਨਦਾਰ ਰਾਜਨੀਤੀ, ਸੱਭਿਆਚਾਰਕ ਸੁਧਾਰ ਅਤੇ ਨਸ਼ਾ ਰੋਕੂ ਲੋੜੀਂਦੇ ਹਨ।

ਅੱਜ ਆਮ ਪੰਜਾਬੀ ਨੂੰ ਜੀਣ ਦਾ ਹੱਕ ਹੈ—ਅਤੇ ਇਹ ਹੱਕ ਅਸੀਂ ਆਪਣੇ ਹੱਥਾਂ ਨਾਲ ਲੈਣਾ ਹੈ। ਨਹੀਂ ਤਾਂ ਇਹ ਨਮੋਸ਼ੀ ਅਤੇ ਉਦਾਸੀ ਹੋਰ ਗਹਿਰੀ ਹੁੰਦੀ ਜਾਵੇਗੀ। ਪੰਜਾਬ ਨੂੰ ਬਚਾਓ—ਇਹ ਸਾਡੀ ਜ਼ਿੰਮੇਵਾਰੀ ਹੈ।

# ਭਾਜਪਾ ਨੇ ਬਿਹਾਰ ਨੂੰ ਮਾਰ ਲਿਆ ਜੱਫ਼ਾ



ਕਮਲਜੀਤ ਸਿੰਘ ਬਨਵੈਤ
98147 34035

- ☛ ਨਿਤੀਸ਼ ਕੁਮਾਰ ਦੇ ਬੇਟੇ ਨਿਸ਼ਾਂਤ ਦਾ ਡਿਪਟੀ ਮੁੱਖ ਮੰਤਰੀ ਬਣਨਾ ਤੈਅ
- ☛ ਭਾਜਪਾ ਨੇ ਮਹਾਂਰਾਸ਼ਟਰ, ਹਰਿਆਣਾ, ਉੜੀਸਾ ਅਤੇ ਮੱਧ ਪ੍ਰਦੇਸ਼ ਤੋਂ ਬਾਅਦ ਬਿਹਾਰ ਨੂੰ ਮਾਰ ਲਿਆ ਜੱਫਾ
- ☛ ਬਿਹਾਰ ਦੇ ਅਗਲੇ ਮੁੱਖ ਮੰਤਰੀ ਲਈ ਭਾਜਪਾ ਦੇ ਸਮਰਾਟ ਚੌਧਰੀ ਦਾ ਨਾਂ ਸਭ ਤੋਂ ਅੱਗੇ
- ☛ ਨਿਤੀਸ਼ ਕੁਮਾਰ ਜਾਣੇ ਜਾਂਦੇ ਰਹੇ ਨੇ ਪਲਟੂ ਰਾਮ ਦੇ ਨਾਂ ਨਾਲ, ਕਦੇ ਰਹੇ ਯੂਪੀਏ ਤੇ ਕਦੇ ਐਨਡੀਏ ਵੱਲ

ਭਾਰਤੀ ਜਨਤਾ ਪਾਰਟੀ ਦੀ ਸਿਆਸਤ ਵਿੱਚ ਚਤੁਰਾਈ ਚੱਲ ਰਹੀ ਹੈ। ਭਾਜਪਾ ਖੇਤਰੀ ਪਾਰਟੀਆਂ ਨਾਲ ਪਹਿਲਾਂ ਸਾਂਝ ਭਿਆਲੀ ਪਾਉਂਦੀ ਹੈ ਅਤੇ ਪਿੱਛੋਂ ਨਿਗਲ ਲੈਂਦੀ ਹੈ। ਹਰਿਆਣਾ, ਮਹਾਰਾਸ਼ਟਰ, ਮੱਧ ਪ੍ਰਦੇਸ਼ ਅਤੇ ਉੜੀਸਾ ਤੋਂ ਬਾਅਦ ਹੁਣ ਬਿਹਾਰ ਵਿੱਚ ਵੀ ਇਹੋ ਹੋਇਆ ਹੈ। ਬਿਹਾਰ ਦੀ ਸਿਆਸਤ ਨੇ ਵੱਡਾ ਪਲਟਾ ਖਾਧਾ ਹੈ। ਇੱਥੋਂ ਦੇ ਰਿਕਾਰਡ 10 ਵਾਰ ਮੁੱਖ ਮੰਤਰੀ ਰਹੇ ਨਿਤੀਸ਼ ਕੁਮਾਰ ਨੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਅਤੇ ਮੁਲਕ ਦੇ ਗ੍ਰਹਿ ਮੰਤਰੀ ਸ਼ਾਹ ਦੀ ਹਾਜ਼ਰੀ ਵਿੱਚ ਰਾਜ ਸਭਾ ਲਈ ਆਪਣੇ ਨਾਮਜ਼ਦਗੀ ਪੱਤਰ ਦਾਖ਼ਲ ਕਰ ਦਿੱਤੇ ਹਨ। ਉਹਨਾਂ ਦਾ ਰਾਜ ਸਭਾ ਲਈ ਚੁਣੇ ਜਾਣਾ ਤੈਅ ਹੈ। ਬਿਹਾਰ ਵਿੱਚ ਭਾਜਪਾ ਜਨਤਾ ਦਲ ਯੂਨਾਈਟਿਡ ਨੂੰ ਸਰਕਾਰ ਵਿੱਚ ਵੱਡਾ ਬਹੁਮਤ ਪ੍ਰਾਪਤ ਹੈ। ਰਾਜ ਸਭਾ ਲਈ ਚੁਣੇ ਜਾਣ ਤੋਂ ਬਾਅਦ ਨਿਤੀਸ਼ ਕੁਮਾਰ ਨੂੰ ਮੁੱਖ ਮੰਤਰੀ ਦਾ ਅਹੁਦਾ ਛੱਡਣਾ ਪਵੇਗਾ। ਭਾਜਪਾ ਨੇ ਨਿਤੀਸ਼ ਕੁਮਾਰ ਨੂੰ ਉਹਨਾਂ ਦੇ ਪੁੱਤਰ ਨਿਸ਼ਾਂਤ ਨੂੰ ਉਪ ਮੁੱਖ ਮੰਤਰੀ ਬਣਾਏ ਜਾਣ ਦਾ ਲਾਲੀ ਪਾਪ ਦੇ ਦਿੱਤਾ ਹੈ। ਇੱਕ ਗੱਲ ਇੱਟ ਵਰਗੀ ਪੱਕੀ ਹੈ ਕਿ ਬਿਹਾਰ ਦਾ ਅਗਲਾ ਮੁੱਖ ਮੰਤਰੀ ਭਾਜਪਾ ਵਿੱਚੋਂ ਹੋਵੇਗਾ।

ਪਲਟੂ ਰਾਮ ਵਜੋਂ ਜਾਣੇ ਜਾਂਦੇ ਨਿਤੀਸ਼ ਦੇ ਇਸ ਫੈਸਲੇ ਨਾਲ ਬਿਹਾਰ ਦੇ ਸਿਆਸੀ ਜ਼ਰਬ ਤਕਸੀਮ ਬਦਲ ਜਾਣਗੇ। ਨਿਤੀਸ਼ ਦੀ ਸਰਦਾਰੀ ਇੱਕ ਤਰ੍ਹਾਂ ਨਾਲ ਬਿਹਾਰ ਦੀ ਸਿਆਸਤ ਵਿੱਚੋਂ ਖ਼ਤਮ ਹੋਣ ਜਾ ਰਹੀ ਹੈ। ਬਿਹਾਰ ਦੇ ਲੋਕ ਹਿਰਖ ਜਤਾਉਣ ਲੱਗੇ ਹਨ ਕਿ ਉਹਨਾਂ ਨੇ ਤਾਂ ਬਿਹਾਰ ਨਿਤੀਸ਼ ਕੁਮਾਰ ਦੇ ਹੱਥਾਂ ਵਿੱਚ ਰਹਿਣ ਦਾ ਸੁਪਨਾ ਦੇਖਿਆ ਸੀ। ਭਾਰਤੀ ਜਨਤਾ ਪਾਰਟੀ ਏਨੀ ਕੱਚੀ ਨਹੀਂ ਕਿ ਉਹ ਭਾਰਤੀ ਜਨਤਾ ਦਲ ਯੂਨਾਈਟਡ ਨਿਤੀਸ਼ ਕੁਮਾਰ ਨੂੰ ਮੋੜ ਤੋਂ ਉੱਠਣ ਜੋਗੀ ਛੱਡੇਗੀ। ਹਾਂ, ਖ਼ਬਰਾਂ ਇਹ ਵੀ ਹਨ ਕਿ ਨਿਤੀਸ਼ ਕੁਮਾਰ ਦੀ ਸਿਹਤ ਨਾਸਾਜ਼ ਚੱਲ ਰਹੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਿੱਲੀ ਤੋਂ ਵਿਸ਼ੇਸ਼ ਤੌਰ 'ਤੇ ਨਿਤੀਸ਼ ਕੁਮਾਰ ਦੇ ਪੇਪਰ ਭਰਵਾਉਣ ਲਈ ਬਿਹਾਰ ਗਏ। ਨਿਤੀਸ਼ ਕੁਮਾਰ ਨੇ ਰਾਜ ਸਭਾ ਵਿੱਚ ਜਾਣ ਦੇ ਆਪਣੇ ਇਰਾਦੇ ਜਾਹਿਰ ਕਰਦਿਆਂ ਕਿਹਾ ਸੀ ਕਿ ਇਹ ਇੱਕੋ ਇੱਕ ਸਦਨ ਹੈ, ਜਿਸ ਦੇ ਉਹ ਹੁਣ ਤੱਕ ਮੈਂਬਰ ਨਹੀਂ ਰਹੇ ਹਨ। ਸਾਲ 2005 ਤੋਂ ਮੁੱਖ ਮੰਤਰੀ ਵਜੋਂ ਸੇਵਾ ਨਿਭਾ ਰਹੇ ਨਿਤੀਸ਼ ਕੁਮਾਰ ਨੇ ਕਿਹਾ ਕਿ ਸੂਬੇ ਵਿੱਚ ਬਣਨ ਵਾਲੀ ਨਵੀਂ ਸਰਕਾਰ ਨੂੰ ਉਹਨਾਂ ਦਾ ਪੂਰਾ ਸਹਿਯੋਗ ਅਤੇ ਮਾਰਗਦਰਸ਼ਨ ਮਿਲੇਗਾ।

ਨਿਤੀਸ਼ ਕੁਮਾਰ ਦੇ ਰਾਜ ਸਭਾ ਲਈ ਨਾਮਜ਼ਦਗੀ ਪੱਤਰ ਭਰਨ ਨਾਲ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੀ ਨਵੀਂ ਸਰਕਾਰ ਦੇ ਗਠਨ ਦਾ ਰਾਹ ਪੱਧਰ ਹੋ ਗਿਆ ਹੈ। ਭਾਜਪਾ ਬਿਹਾਰ ਵਿੱਚ ਆਪਣੀ ਪਾਰਟੀ ਦਾ ਮੁੱਖ ਮੰਤਰੀ ਬਣਾਉਣ ਦਾ ਸੁਪਨਾ ਪੂਰਾ ਹੁੰਦਾ ਦੇਖ ਰਹੀ ਹੈ। ਭਾਜਪਾ ਵਿੱਚ ਮੁੱਖ ਮੰਤਰੀ ਦੀ ਕੁਰਸੀ ਲਈ ਸਮਰਾਟ ਚੌਧਰੀ ਦਾ ਨਾਂ ਸਭ ਤੋਂ ਅੱਗੇ ਚੱਲ ਰਿਹਾ ਹੈ। ਜਿਹੜੇ ਕਿ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਹਨ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਖਾਸ ਦੱਸੇ ਜਾ ਰਹੇ ਹਨ। ਇਸ ਤੋਂ ਇਲਾਵਾ ਸੰਘ ਪਰਿਵਾਰ ਨਾਲ ਜੁੜੇ ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਦੇ ਨਾਂ ਦੀ ਵੀ ਚਰਚਾ ਚੱਲ ਰਹੀ ਹੈ। ਵੈਸੇ ਹੀ ਭਾਜਪਾ ਦੇ ਹਲਕਿਆਂ ਨੇ ਕਿਹਾ ਕਿ ਪਾਰਟੀ ਬਿਹਾਰ ਵਿੱਚ ਕਿਸੇ ਸਧਾਰਨ ਆਗੂ ਨੂੰ ਮੁੱਖ ਮੰਤਰੀ ਦੇ ਅਹੁਦੇ 'ਤੇ ਬਿਠਾ ਸਕਦੀ ਹੈ। ਇਸ ਨਾਲ ਤਾਂ ਇੱਕ ਗੱਲ ਪੱਕੀ ਹੋ ਗਈ ਹੈ ਕਿ ਬਿਹਾਰ ਦਾ ਅਗਲਾ ਮੁੱਖ ਮੰਤਰੀ ਜਨਤਾ ਦਲ ਯੂਨਾਈਟਿਡ ਵਿੱਚੋਂ ਨਹੀਂ ਹੋਵੇਗਾ।

ਦਿਲਚਸਪ ਗੱਲ ਇਹ ਹੈ ਕਿ ਨਿਤੀਸ਼ ਮੁੱਖ ਮੰਤਰੀ ਹੁੰਦਿਆਂ ਰਾਜ ਸਭਾ ਵਿੱਚ ਜਾਣ ਵਾਲੇ ਪਹਿਲੇ ਮੁੱਖ ਮੰਤਰੀ ਹੋਣਗੇ। 3 ਮਾਰਚ 2000 ਨੂੰ ਪਹਿਲੀ ਵਾਰ ਸੀਐਮ ਤਾਂ ਬਣੇ ਪਰ ਬਹੁਮੱਤ ਸਿੱਧ ਨਾ ਕਰ ਸਕਣ ਕਰਕੇ ਸੱਤ ਦਿਨਾਂ ਬਾਅਦ ਅਸਤੀਫਾ ਦੇਣਾ ਪਿਆ ਸੀ। 24 ਨਵੰਬਰ 2005 ਨੂੰ ਭਾਰਤੀ ਜਨਤਾ ਪਾਰਟੀ ਦੀ ਮਾਇਕ ਨਾਲ ਮਿਸਟਰ ਬਣੇ। ਉਸ ਤੋਂ ਬਾਅਦ 2013 ਵਿੱਚ ਐਨਡੀਏ ਨੂੰ ਅਲਵਿਦਾ ਕਿਹਾ ਅਤੇ ਮਈ 14 ਵਿੱਚ ਮਾਂਝੀ ਨੂੰ ਸੀਐਮ ਬਣਾ ਦਿੱਤਾ ਗਿਆ ਸੀ। 2015 ਵਿੱਚ ਦੁਬਾਰਾ ਸੀਐਮ ਬਣ ਗਏ। ਨਵੰਬਰ 2015 ਵਿੱਚ ਦੁਬਾਰਾ ਚੋਣ ਜਿੱਤ ਕੇ ਮੁੱਖ ਮੰਤਰੀ ਦੇ ਅਹੁਦੇ 'ਤੇ ਪਹੁੰਚੇ। 2017 ਵਿੱਚ ਐਨਡੀਏ ਦੀ ਹਮਾਇਤ ਨਾਲ ਫਿਰ ਸੀਐਮ ਬਣੇ। ਅਗਸਤ 2022 ਵਿੱਚ ਦੁਬਾਰਾ ਗੱਠਜੋੜ ਸਰਕਾਰ ਬਣਾਈ। 2023 ਵਿੱਚ ਇੰਡੀਆ ਗਠਬੰਧਨ ਵਿੱਚ ਸ਼ਾਮਿਲ ਹੋਏ ਪਰ ਜਨਵਰੀ 2024 ਦੀਆਂ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਐਨਡੀਏ ਵਿੱਚ ਆਪ ਪਰਤੇ। ਉਹ ਐਨਡੀਏ ਅਤੇ ਯੂਪੀਏ ਵਿੱਚ ਬਾਰ-ਬਾਰ ਚੱਕਰ ਕੱਟਦੇ ਰਹੇ, ਇਸ ਕਰਕੇ ਉਹਨਾਂ ਨੂੰ ਪਲਟੂ ਰਾਮ ਵੀ ਕਿਹਾ ਜਾਣ ਲੱਗਾ ਹੈ। ਨਿਤੀਸ਼ ਕੁਮਾਰ ਸਾਫ਼ ਸੁਥਰੇ ਅਕਸ ਦੇ ਲੀਡਰ ਹਨ ਤੇ ਪਰਿਵਾਰਵਾਦ ਦਾ ਵੀ ਕੋਈ ਦੋਸ਼ ਨਹੀਂ ਹੈ। ਇੱਥੇ ਇਹ ਜ਼ਿਕਰ ਕਰਨਾ ਹੋਰ ਵੀ ਦਿਲਚਸਪ ਹੋਵੇਗਾ ਕਿ ਬਿਹਾਰ ਦੀਆਂ ਚੋਣਾਂ ਤੋਂ ਪਹਿਲਾਂ ਸਿਆਸੀ ਪੰਡਤ ਅਤੇ ਰਾਜਨੀਤਿਕ ਪਾਰਟੀਆਂ ਇਹ ਕਹਿੰਦੀਆਂ ਆ ਰਹੀਆਂ ਸਨ ਕਿ ਚੋਣਾਂ ਤੋਂ ਬਾਅਦ ਨਿਤੀਸ਼ ਮੁੱਖ ਮੰਤਰੀ ਨਹੀਂ ਹੋਣਗੇ, ਉਹੋ ਹੋਇਆ।

ਭਾਰਤੀ ਜਨਤਾ ਪਾਰਟੀ ਦੀ ਅੱਖ ਹੁਣ ਪੰਜਾਬ ਵੱਲ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ 23 ਸਾਲ ਗਠਜੋੜ ਚੱਲਿਆ ਪਰ ਦਿੱਲੀ ਦੀਆਂ ਬਰੂਹਾਂ 'ਤੇ ਚੱਲੇ ਕਿਸਾਨ ਅੰਦੋਲਨ ਦੌਰਾਨ ਦੋਹਾਂ ਦੀ ਤੜਿੱਕ ਕਰਕੇ ਟੁੱਟ ਗਈ ਸੀ। ਕੇਂਦਰ ਸਰਕਾਰ ਵਿੱਚ ਬਾਦਲਾਂ ਦੀ ਨੂੰਹ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਵਜ਼ਾਰਤ ਵਿੱਚੋਂ ਅਸਤੀਫ਼ਾ ਦੇ ਕੇ ਬਾਹਰ ਆ ਗਏ ਸਨ। ਵਿਧਾਨ ਸਭਾ ਦੀਆਂ ਚੋਣਾਂ ਸਿਰ 'ਤੇ ਹਨ। ਦੁਬਾਰਾ ਤੋਂ ਦੋਵੇਂ ਤਰ੍ਹਾਂ ਬਗਲਗੀਰ ਹੁੰਦੀਆਂ ਹਨ ਜਾਂ ਆਪੋ ਆਪਣੇ ਦਮ 'ਤੇ ਮੈਦਾਨ ਵਿੱਚ ਨਿਤਰਨਗੀਆਂ, ਹਾਲੇ ਤੱਕ ਇਹ ਭੇਦ ਹੈ। ਰਾਜਨੀਤਿਕ ਤੌਰ 'ਤੇ ਦੋਵੇਂ ਰਲ ਕੇ ਚੱਲਣ ਵਿੱਚ ਭਰੋਸਾ ਹੋਣ ਦੇ ਬਾਵਜੂਦ ਵੀ ਹਾਲ ਦੀ ਘੜੀ ਇੱਕ ਦੂਜੇ ਦੀ ਲੋੜ ਨਾ ਹੋਣ ਦੇ ਲਲਕਾਰੇ ਮਾਰ ਰਹੀਆਂ ਹਨ। ਭਾਜਪਾ ਦੀ ਕਾਂਗਰਸ ਨਾਲ ਦਾਲ ਬਿਲਕੁਲ ਨਹੀਂ ਗਲ ਰਹੀ ਹੈ। ਆਮ ਆਦਮੀ ਪਾਰਟੀ ਨਾਲ ਚੋਣ ਸਮਝੌਤਾ ਅਸੰਭਵ ਵਰਗੀ ਗੱਲ ਹੈ ਪਰ ਭਾਜਪਾ, 'ਆਪ' ਨੂੰ ਆਪਣੀ ਲੋੜ ਅਨੁਸਾਰ ਵਰਤਣ ਲਈ ਚੋਗਾ ਪਾਉਣ ਲੱਗੀ ਹੈ। ਹਾਲ ਦੀ ਘੜੀ ਪੰਜਾਬ ਵਿੱਚ ਕੋਈ ਅਜਿਹੀ ਸਿਆਸੀ ਧਿਰ ਨਜ਼ਰ ਨਹੀਂ ਆ ਰਹੀ, ਜਿਸ ਨੂੰ ਨਿਗਲ ਕੇ ਭਾਜਪਾ ਸੂਬੇ ਦੀ ਸੱਤਾ ਉੱਤੇ ਕਾਬਜ਼ ਹੋ ਜਾਵੇ। ਭਾਜਪਾ ਨੂੰ ਹਾਲੇ ਸਬਰ ਰੱਖਣਾ ਪੈਣਾ ਹੈ। ਪੰਜਾਬੀਆਂ ਦੀ ਤਾਸੀਰ ਵੱਖਰੀ ਹੈ। ਉਹ ਭਾਵਕ ਤਾਂ ਹਨ ਪਰ ਆਪਣੀ ਅਣਖ ਮਰਨ ਨਹੀਂ ਦਿੰਦੇ ਹਨ। ਪੰਜਾਬੀ ਖਾਸ ਕਰਕੇ ਸਿੱਖ ਇੱਕ ਅਜਿਹੀ ਕੌਮ ਹੈ, ਜਿਸ ਦੀ ਬੜਕ ਅਤੇ ਮੜਕ ਤੋਂ ਭਾਜਪਾ ਭੈਅ ਖਾਂਦੀ ਹੈ। ਅਸੀਂ ਇਸ ਗੱਲ ਤੋਂ ਵੀ ਮੁਨਕਰ ਨਹੀਂ ਇਹ ਸਿਆਸਤ ਵਿੱਚ ਦੀਨ ਧਰਮ ਕਿਸੇ ਵੀ ਧਿਰ ਦਾ ਨਹੀਂ ਰਿਹਾ ਹੈ। ਜ਼ਮੀਰਾਂ ਦੇ ਸੌਦੇ ਹੋਣ ਲੱਗੇ ਹਨ। ਜ਼ਮੀਰਾਂ ਵਿੱਕ ਵੀ ਰਹੀਆਂ ਹਨ।



ਵਿੰਕਲਜੀਤ ਸਿੰਘ ਸਰਾ
9501477889

### ਅਮੂਲ ਡੇਅਰੀ ਆਨੰਦ

# ਸ਼ੋਸ਼ਣ ਵਿਰੁੱਧ ਬਗ਼ਾਵਤ ਤੋਂ ਵਿਸ਼ਵ ਵਿਆਪੀ ਡਿਜ਼ੀਟਲ ਸਾਮਰਾਜ ਤੱਕ

**ਭਾਰਤੀ ਕਿਸਾਨੀ ਦੀ ਆਤਮ-ਨਿਰਭਰਤਾ ਦਾ ਪ੍ਰਤੀਕ :** ਭਾਰਤ ਦੇ ਆਰਥਿਕ ਇਤਿਹਾਸ ਵਿੱਚ 'ਅਮੂਲ' (Amul) ਦਾ ਨਾਮ ਕੇਵਲ ਇੱਕ ਡੇਅਰੀ ਬ੍ਰਾਂਡ ਵਜੋਂ ਨਹੀਂ ਸਗੋਂ ਇੱਕ ਅਜਿਹੇ ਸਮਾਜਿਕ ਅਤੇ ਆਰਥਿਕ ਅੰਦੋਲਨ ਵਜੋਂ ਜਾਣਿਆ ਜਾਂਦਾ ਹੈ, ਜਿਸ ਨੇ ਦੇਸ਼ ਦੇ ਕਰੋੜਾਂ ਪੇਂਡੂ ਪਰਿਵਾਰਾਂ ਦੀ ਕਿਸਮਤ ਬਦਲ ਦਿੱਤੀ। ਗੁਜਰਾਤ ਦੇ ਆਨੰਦ ਸ਼ਹਿਰ ਤੋਂ ਸ਼ੁਰੂ ਹੋਇਆ ਇਹ ਸਫ਼ਰ ਅੱਜ 'ਡਿਜ਼ੀਟਲ ਇੰਡੀਆ' ਅਤੇ 'ਮੇਕ ਇਨ ਇੰਡੀਆ' ਦੀ ਸਭ ਤੋਂ ਸਫ਼ਲ ਮਿਸਾਲ ਪੇਸ਼ ਕਰਦਾ ਹੈ। ਹਾਲ ਹੀ ਵਿੱਚ ਪ੍ਰੈੱਸ ਇਨਫਾਰਮੇਸ਼ਨ ਬਿਊਰੋ (PIB) ਜਲੰਧਰ ਵੱਲੋਂ ਆਯੋਜਿਤ ਮੀਡੀਆ ਦੌਰੇ ਦੌਰਾਨ ਪੰਜਾਬ ਅਤੇ ਚੰਡੀਗੜ੍ਹ ਦੇ ਪੱਤਰਕਾਰਾਂ ਨੂੰ ਇਸ ਸੰਸਥਾ ਦੀ ਅੰਦਰੂਨੀ ਕਾਰਜਪ੍ਰਣਾਲੀ ਦੇਖਣ ਦਾ ਮੌਕਾ ਮਿਲਿਆ। ਇਸ ਦੌਰੇ ਨੇ ਸਪੱਸ਼ਟ ਕਰ ਦਿੱਤਾ ਕਿ ਕਿਵੇਂ ਇੱਕ ਸਹਿਕਾਰੀ ਸੰਸਥਾ ਨੇ ਰਵਾਇਤੀ ਖੇਤੀਬਾੜੀ ਨੂੰ ਅਤਿ-ਆਧੁਨਿਕ ਤਕਨਾਲੋਜੀ ਨਾਲ ਜੋੜ ਕੇ ਵਿਸ਼ਵ ਪੱਧਰ 'ਤੇ ਆਪਣਾ ਲੋਹਾ ਮੰਨਵਾਇਆ ਹੈ।

**ਅਮੂਲ ਦਾ ਇਤਿਹਾਸਕ ਜਨਮ, ਸ਼ੋਸ਼ਣ ਵਿਰੁੱਧ ਇੱਕ ਨਵੀਂ ਸਵੇਰ :** ਅਮੂਲ ਦੀ ਬੁਨਿਆਦ 1946 ਵਿੱਚ ਉਸ ਸਮੇਂ ਰੱਖੀ ਗਈ ਸੀ ਜਦੋਂ ਭਾਰਤ ਅਜੇ ਆਜ਼ਾਦੀ ਦੀ ਦਹਿਲੀਜ਼ 'ਤੇ ਖੜ੍ਹਾ ਸੀ। ਗੁਜਰਾਤ ਦੇ ਖੇੜਾ ਜ਼ਿਲ੍ਹੇ ਦੇ ਕਿਸਾਨ ਉਸ ਸਮੇਂ 'ਪੋਲਸਨ ਡੇਅਰੀ' ਨਾਮ ਦੀ ਇੱਕ ਨਿੱਜੀ ਕੰਪਨੀ ਦੇ ਚੰਗੁਲ ਵਿੱਚ ਫਸੇ ਹੋਏ ਸਨ। ਇਹ ਕੰਪਨੀ ਬ੍ਰਿਟਿਸ਼ ਸਰਕਾਰ ਦੀ ਮਦਦ ਨਾਲ ਕਿਸਾਨਾਂ ਤੋਂ ਬਹੁਤ ਹੀ ਸਸਤੇ ਭਾਅ 'ਤੇ ਦੁੱਧ ਖਰੀਦਦੀ ਸੀ ਅਤੇ ਭਾਰੀ ਮੁਨਾਫ਼ਾ ਕਮਾ ਕੇ ਦੂਰ-ਦੂਰ ਤੱਕ ਵੇਚਦੀ ਸੀ। ਕਿਸਾਨਾਂ ਦੀ ਮਿਹਨਤ ਦਾ ਮੁੱਲ ਵਿਚੋਲੇ ਖਾ ਜਾਂਦੇ ਸਨ। ਇਸ ਅਨਿਆਂ ਵਿਰੁੱਧ ਕਿਸਾਨਾਂ ਨੇ ਸਰਦਾਰ ਵੱਲਭ ਭਾਈ ਪਟੇਲ ਨਾਲ ਸੰਪਰਕ ਕੀਤਾ। ਸਰਦਾਰ ਪਟੇਲ ਨੇ ਉਨ੍ਹਾਂ ਨੂੰ ਇੱਕ ਕ੍ਰਾਂਤੀਕਾਰੀ ਰਾਹ ਦਿਖਾਇਆ, ਜੇਕਰ ਤੁਸੀਂ ਸ਼ੋਸ਼ਣ ਤੋਂ ਮੁਕਤੀ ਚਾਹੁੰਦੇ ਹੋ, ਤਾਂ ਆਪਣਾ ਦੁੱਧ ਕਿਸੇ ਨੂੰ ਵੇਚਣ ਦੀ ਬਜਾਏ ਆਪਣੀ ਸਹਿਕਾਰੀ ਸਭਾ ਬਣਾਓ।

ਇਸੇ ਪ੍ਰੇਰਨਾ ਨਾਲ ਤ੍ਰਿਭੁਵਨਦਾਸ ਪਟੇਲ ਦੀ ਅਗਵਾਈ ਹੇਠ ਕਿਸਾਨ ਇਕੱਠੇ ਹੋਏ ਅਤੇ 14 ਦਸੰਬਰ 1946 ਨੂੰ ਅਮੂਲ ਦੀ ਰਜਿਸਟਰੇਸ਼ਨ ਹੋਈ। ਸ਼ੁਰੂਆਤ ਵਿੱਚ ਇਹ ਸਿਰਫ਼ ਦੋ ਪਿੰਡਾਂ ਦੀਆਂ ਸਹਿਕਾਰੀ ਸਭਾਵਾਂ ਸਨ ਜੋ ਰੋਜ਼ਾਨਾ ਕੇਵਲ 247 ਲੀਟਰ ਦੁੱਧ ਇਕੱਠਾ ਕਰਦੀਆਂ ਸਨ। ਪਰ ਕਿਸਾਨਾਂ ਦਾ ਇਰਾਦਾ ਅਟੱਲ ਸੀ। ਉਨ੍ਹਾਂ ਨੇ ਫੈਸਲਾ ਕੀਤਾ ਕਿ ਉਹ ਆਪਣਾ ਦੁੱਧ ਪੋਲਸਨ ਡੇਅਰੀ ਨੂੰ ਨਹੀਂ ਦੇਣਗੇ, ਭਾਵੇਂ ਦੁੱਧ ਸੜਕਾਂ 'ਤੇ ਡੋਲ੍ਹਣਾ ਪਵੇ। ਇਸ ਹੜਤਾਲ ਨੇ ਸਰਕਾਰ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ ਅਤੇ ਕਿਸਾਨਾਂ ਦੀ ਆਪਣੀ ਡੇਅਰੀ ਦਾ ਸੁਪਨਾ ਹਕੀਕਤ ਵਿੱਚ ਬਦਲ ਗਿਆ।

**ਡਾ. ਵਰਗੀਜ਼ ਕੁਰਿਅਨ ਅਤੇ ਚਿੱਟੀ ਕ੍ਰਾਂਤੀ ਦਾ ਆਗਾਜ਼ :** ਅਮੂਲ ਦੇ ਸਫ਼ਰ ਵਿੱਚ ਸਭ ਤੋਂ ਵੱਡਾ ਮੋੜ 1949 ਵਿੱਚ ਆਇਆ, ਜਦੋਂ ਇੱਕ ਨੌਜਵਾਨ ਇੰਜੀਨੀਅਰ ਡਾ. ਵਰਗੀਜ਼ ਕੁਰਿਅਨ ਆਨੰਦ ਪਹੁੰਚੇ। ਕੁਰਿਅਨ ਨੇ ਦੇਖਿਆ ਕਿ ਕਿਸਾਨਾਂ ਕੋਲ ਮਿਹਨਤ ਤਾਂ ਹੈ ਪਰ ਤਕਨੀਕ ਦੀ ਕਮੀ ਹੈ।



ਉਨ੍ਹਾਂ ਨੇ ਦੁਨੀਆ ਵਿੱਚ ਪਹਿਲੀ ਵਾਰ ਮੱਝ ਦੇ ਦੁੱਧ ਤੋਂ ਮਿਲਕ ਪਾਊਡਰ ਬਣਾਉਣ ਦੀ ਤਕਨੀਕ ਵਿਕਸਿਤ ਕੀਤੀ, ਜਿਸ ਨੇ ਡੇਅਰੀ ਉਦਯੋਗ ਦੀ ਦੁਨੀਆ ਵਿੱਚ ਤਰਥੱਲੀ ਮਚਾ ਦਿੱਤੀ। ਇਸ ਕਾਢ ਸਦਕਾ ਅਮੂਲ ਕੋਲ ਵਾਧੂ ਦੁੱਧ ਨੂੰ ਸਟੋਰ ਕਰਨ ਦੀ ਸ਼ਕਤੀ ਆ ਗਈ। ਇਸ ਤੋਂ ਬਾਅਦ ਅਮੂਲ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਅਤੇ ਭਾਰਤ ਨੂੰ ਦੁੱਧ ਦੀ ਕਿੱਲਤ ਵਾਲੇ ਦੇਸ਼ ਤੋਂ ਦੁਨੀਆ ਦਾ ਸਭ ਤੋਂ ਵੱਡਾ ਦੁੱਧ ਉਤਪਾਦਕ ਦੇਸ਼ ਬਣਾ ਦਿੱਤਾ, ਜਿਸ ਨੂੰ 'ਚਿੱਟੀ ਕ੍ਰਾਂਤੀ' (White Revolution) ਵਜੋਂ ਜਾਣਿਆ ਜਾਂਦਾ ਹੈ।

**ਅਮਰਜੀਤ ਸਿੰਘ ਦਾ ਯੋਗਦਾਨ, ਆਧੁਨਿਕ ਮੈਨੇਜਮੈਂਟ ਅਤੇ ਸਸਟੇਨੇਬਿਲਟੀ :** ਅਮੂਲ ਦੇ ਮੌਜੂਦਾ ਹਾਈ-ਟੈਕ ਸਰੂਪ ਨੂੰ ਦਿਸ਼ਾ ਦੇਣ ਵਿੱਚ ਸੀਨੀਅਰ ਮੈਨੇਜਰ ਅਮਰਜੀਤ ਸਿੰਘ (Senior Manager – Milk Procurement, Third-Party Operations & Sustainability) ਦਾ ਬਹੁਤ ਵੱਡਾ ਯੋਗਦਾਨ ਹੈ। ਮੀਡੀਆ ਦੌਰੇ ਦੌਰਾਨ ਉਨ੍ਹਾਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅਮੂਲ ਦੀ ਸਫਲਤਾ ਸਿਰਫ਼ ਦੁੱਧ ਵੇਚਣ ਵਿੱਚ ਨਹੀਂ, ਸਗੋਂ ਇੱਕ ਅਜਿਹਾ 'ਈਕੋ-ਸਿਸਟਮ' ਬਣਾਉਣ ਵਿੱਚ ਹੈ, ਜਿੱਥੇ ਕਿਸਾਨ, ਪਸ਼ੂ ਅਤੇ ਵਾਤਾਵਰਣ ਸਾਰੇ ਤਰੱਕੀ ਕਰ ਸਕਣ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਅਮੂਲ ਹੁਣ ਪੂਰੀ ਤਰ੍ਹਾਂ 'ਸਸਟੇਨੇਬਲ' (Sustainable) ਮਾਡਲ 'ਤੇ ਕੰਮ ਕਰ ਰਿਹਾ ਹੈ। ਉਨ੍ਹਾਂ ਦੀ ਅਗਵਾਈ ਵਿੱਚ ਅਮੂਲ ਨੇ ਤੀਜੀ ਧਿਰ (Third-Party) ਦੇ ਕੰਮਕਾਜ ਵਿੱਚ ਵੀ ਪਾਰਦਰਸ਼ਤਾ ਲਿਆਂਦੀ ਹੈ ਅਤੇ ਇਹ ਯਕੀਨੀ ਬਣਾਇਆ ਹੈ ਕਿ ਕਿਸਾਨਾਂ ਨੂੰ ਸਿਰਫ਼ ਦੁੱਧ ਦੀ ਕੀਮਤ ਹੀ ਨਹੀਂ ਸਗੋਂ ਬਿਹਤਰ ਪਸ਼ੂ ਖ਼ੁਰਾਕ ਅਤੇ ਡਾਕਟਰੀ ਸਹੂਲਤਾਂ ਵੀ ਮਿਲਣ। ਅਮਰਜੀਤ ਸਿੰਘ ਨੇ ਡਿਜ਼ੀਟਲ ਟੈਕਨਾਲੋਜੀ ਦੀ ਵਰਤੋਂ ਰਾਹੀਂ ਦੁੱਧ ਇਕੱਠਾ ਕਰਨ ਦੀ ਪ੍ਰਕਿਰਿਆ ਨੂੰ ਇੰਨਾ ਸਰਲ ਬਣਾ ਦਿੱਤਾ ਹੈ ਕਿ ਅੱਜ ਕਿਸਾਨ ਨੂੰ ਆਪਣੀ ਪੇਮੈਂਟ ਲਈ ਇੱਕ ਦਿਨ ਵੀ ਇੰਤਜ਼ਾਰ ਨਹੀਂ ਕਰਨਾ ਪੈਂਦਾ।

**ਡਿਜ਼ੀਟਲ ਕ੍ਰਾਂਤੀ, ਪੂਰੀ ਤਰ੍ਹਾਂ ਕਾਗਜ਼-ਰਹਿਤ (Paperless) ਪ੍ਰਣਾਲੀ :** ਅਮੂਲ ਦੀ ਸਭ ਤੋਂ ਵੱਡੀ ਤਾਕਤ ਇਸ ਦੀ ਪੂਰੀ ਤਰ੍ਹਾਂ ਡਿਜ਼ੀਟਲ ਹੋ ਚੁੱਕੀ ਪ੍ਰਣਾਲੀ ਹੈ। ਅੱਜ ਅਮੂਲ ਵਿੱਚ ਕਾਗਜ਼ਾਂ ਦਾ ਕੰਮ ਲਗਭਗ ਖ਼ਤਮ ਹੋ ਚੁੱਕਾ ਹੈ। ਪਿੰਡਾਂ ਦੀਆਂ ਸਹਿਕਾਰੀ ਸਭਾਵਾਂ ਵਿੱਚ ਆਟੋਮੈਟਿਕ ਮਿਲਕ ਕਲੈਕਸ਼ਨ ਯੂਨਿਟ (AMCU) ਲੱਗੇ ਹੋਏ ਹਨ। ਜਦੋਂ ਕਿਸਾਨ ਦੁੱਧ ਲੈ ਕੇ ਆਉਂਦਾ ਹੈ ਤਾਂ ਉਸ ਦੇ ਪਸ਼ੂ ਦੀ ਆਈਡੀ ਸਕੈਨ ਹੁੰਦੀ ਹੈ ਅਤੇ ਦੁੱਧ ਦਾ ਭਾਰ, ਫੈਟ ਅਤੇ ਕੁਆਲਿਟੀ ਤੁਰੰਤ ਕੰਪਿਊਟਰ 'ਤੇ ਦਰਜ ਹੋ ਜਾਂਦੀ ਹੈ। ਇਹ ਸਾਰਾ ਡਾਟਾ ਸੈਟੇਲਾਈਟ ਰਾਹੀਂ ਆਨੰਦ ਦੇ ਮੁੱਖ ਸਰਵਰ ਨਾਲ ਜੁੜਿਆ ਹੋਇਆ ਹੈ। ਕਿਸਾਨ ਨੂੰ ਤੁਰੰਤ ਡਿਜ਼ੀਟਲ ਰਸੀਦ ਮਿਲ ਜਾਂਦੀ ਹੈ ਅਤੇ ਉਸ ਦੇ ਮੋਬਾਈਲ 'ਤੇ ਸਾਰੀ ਜਾਣਕਾਰੀ ਪਹੁੰਚ ਜਾਂਦੀ ਹੈ। ਇਸ ਨਾਲ ਕਿਸੇ ਵੀ ਪੱਧਰ 'ਤੇ ਹੇਰਾਫੇਰੀ ਦੀ ਕੋਈ ਗੁੰਜਾਇਸ਼ ਨਹੀਂ ਰਹੀ।

**ਹਰ ਪਸ਼ੂ ਦਾ ਆਪਣਾ 'ਆਧਾਰ' ਰਿਕਾਰਡ:** ਅਮੂਲ ਨੇ ਤਕਨਾਲੋਜੀ ਨੂੰ ਪਸ਼ੂਆਂ ਦੀ ਸਿਹਤ ਨਾਲ ਵੀ ਜੋੜਿਆ ਹੈ। ਹਰ ਪਸ਼ੂ ਦੀ ਆਪਣੀ ਇੱਕ ਡਿਜ਼ੀਟਲ ਪ੍ਰੋਫਾਈਲ ਹੈ। ਇਸ ਵਿੱਚ ਪਸ਼ੂ ਦੀ ਨਸਲ, ਉਮਰ, ਦੁੱਧ ਦੇਣ ਦਾ ਇਤਿਹਾਸ ਅਤੇ ਟੀਕਾਕਰਨ ਦਾ ਪੂਰਾ ਵੇਰਵਾ ਹੁੰਦਾ ਹੈ। ਅਮੂਲ ਵੱਲੋਂ ਦਿੱਤੀ ਗਈ ਮੋਬਾਈਲ ਐਪ ਰਾਹੀਂ ਕਿਸਾਨਾਂ ਨੂੰ ਪਤਾ ਲੱਗਦਾ ਰਹਿੰਦਾ ਹੈ ਕਿ ਉਨ੍ਹਾਂ ਦੇ ਪਸ਼ੂ ਨੂੰ ਅਗਲਾ ਟੀਕਾ ਕਦੋਂ ਲੱਗਣਾ ਹੈ ਜਾਂ ਉਨ੍ਹਾਂ ਨੂੰ ਕਿਸ ਤਰ੍ਹਾਂ ਦੀ ਖ਼ੁਰਾਕ ਦੇਣੀ ਚਾਹੀਦੀ ਹੈ। ਜੇਕਰ ਕੋਈ ਪਸ਼ੂ ਬਿਮਾਰ ਹੁੰਦਾ ਹੈ ਤਾਂ ਐਪ ਰਾਹੀਂ ਹੀ ਵੈਟਰਨਰੀ ਡਾਕਟਰ ਦੀ ਸੇਵਾ ਲਈ ਬੇਨਤੀ ਭੇਜੀ ਜਾ ਸਕਦੀ ਹੈ। ਇਹ 'ਡਿਜ਼ੀਟਲ ਪਸ਼ੂ ਪਾਲਣ' ਅਮੂਲ ਦੀ ਸਭ ਤੋਂ ਵੱਡੀ ਨਵੀਨਤਾ ਹੈ।

**ਵਿਸ਼ਵਵਿਆਪੀ ਪਸਾਰ ਅਤੇ ਅੰਤਰਰਾਸ਼ਟਰੀ ਪ੍ਰੋਜੈਕਟ :** ਅੱਜ ਅਮੂਲ ਕੇਵਲ 'ਭਾਰਤ ਦਾ ਸੁਆਦ' ਨਹੀਂ ਰਿਹਾ ਸਗੋਂ ਇਹ 'ਵਿਸ਼ਵ ਦਾ ਸੁਆਦ' ਬਣ ਚੁੱਕਾ ਹੈ। ਅਮੂਲ ਦੁਨੀਆ ਦੇ 50 ਤੋਂ ਵੱਧ ਦੇਸ਼ਾਂ ਵਿੱਚ ਆਪਣੇ ਉਤਪਾਦ ਨਿਰਯਾਤ ਕਰ ਰਿਹਾ ਹੈ। ਅਮਰੀਕਾ ਵਿੱਚ ਅਮੂਲ ਨੇ ਸਥਾਨਕ ਡੇਅਰੀਆਂ ਨਾਲ ਮਿਲ ਕੇ ਤਾਜ਼ਾ ਦੁੱਧ ਉਤਪਾਦਨ ਸ਼ੁਰੂ ਕੀਤਾ ਹੈ ਜੋ ਕਿਸੇ ਵੀ ਭਾਰਤੀ ਸਹਿਕਾਰੀ ਸੰਸਥਾ ਲਈ ਇੱਕ ਇਤਿਹਾਸਕ ਪਲਾਂਟ ਹੈ। ਅਮੂਲ ਦੀਆਂ ਚਾਕਲੇਟਾਂ, ਪਨੀਰ ਅਤੇ ਮੱਖਣ ਦੀ ਮੰਗ ਯੂਰਪ ਤੋਂ ਲੈ ਕੇ ਖਾੜੀ ਦੇਸ਼ਾਂ ਤੱਕ ਬਹੁਤ ਜ਼ਿਆਦਾ ਹੈ। ਇਸ ਤੋਂ ਇਲਾਵਾ ਸ਼੍ਰੀਲੰਕਾ ਅਤੇ ਅਫਰੀਕੀ ਦੇਸ਼ਾਂ ਵਿੱਚ ਅਮੂਲ ਆਪਣੇ ਵਿਸ਼ੇਸ਼ ਪ੍ਰੋਜੈਕਟਾਂ ਰਾਹੀਂ ਉੱਥੋਂ ਦੇ ਕਿਸਾਨਾਂ ਨੂੰ ਸਿਖਲਾਈ ਦੇ ਰਿਹਾ ਹੈ ਤਾਂ ਜੋ ਉਹ ਵੀ ਅਮੂਲ ਵਾਂਗ ਆਤਮ-ਨਿਰਭਰ ਬਣ ਸਕਣ।

**ਨਵੀਨਤਾਕਾਰੀ ਉਤਪਾਦ, ਆਰਗੈਨਿਕ ਅਤੇ ਹਾਈ-ਪ੍ਰੋਟੀਨ ਰੇਂਜ :** ਅਮੂਲ ਨੇ ਖਪਤਕਾਰਾਂ ਦੀ ਬਦਲਦੀ ਜੀਵਨ ਸ਼ੈਲੀ ਨੂੰ ਦੇਖਦੇ ਹੋਏ ਕਈ ਨਵੇਂ ਉਤਪਾਦ ਲਾਂਚ ਕੀਤੇ ਹਨ। ਅਮਰਜੀਤ ਸਿੰਘ ਨੇ ਦੱਸਿਆ ਕਿ ਅਮੂਲ ਹੁਣ 'ਆਰਗੈਨਿਕ' (Organic) ਸੈਕਟਰ ਵਿੱਚ ਵੱਡੇ ਪੱਧਰ 'ਤੇ ਕੰਮ ਕਰ ਰਿਹਾ ਹੈ। ਅਮੂਲ ਆਰਗੈਨਿਕ ਆਟਾ, ਦਾਲਾਂ ਅਤੇ ਚੌਲ ਹੁਣ ਬਾਜ਼ਾਰ ਵਿੱਚ ਉਪਲਬਧ ਹਨ। ਨੌਜਵਾਨਾਂ ਲਈ 'ਹਾਈ-ਪ੍ਰੋਟੀਨ' ਦੁੱਧ, ਲੱਸੀ ਅਤੇ ਪਨੀਰ ਲਾਂਚ ਕੀਤੇ ਗਏ ਹਨ ਤਾਂ ਜੋ ਉਹ ਸਿਹਤਮੰਦ ਰਹਿ ਸਕਣ। ਅਮੂਲ ਦੇ ਫਰੋਜ਼ਨ ਸਨੈਕਸ (Frozen Snacks) ਨੇ ਵੀ ਅੰਤਰਰਾਸ਼ਟਰੀ ਬ੍ਰਾਂਡਾਂ ਨੂੰ ਵੱਡੀ ਟੱਕਰ ਦਿੱਤੀ ਹੈ।

**ਭਵਿੱਖ ਦੀ ਡਿਜ਼ੀਟਲ ਸਫ਼ੇਦ ਕ੍ਰਾਂਤੀ :** ਅਮੂਲ ਡੇਅਰੀ ਆਨੰਦ ਦੀ ਇਹ ਯਾਤਰਾ ਸਾਨੂੰ ਸਿਖਾਉਂਦੀ ਹੈ ਕਿ ਜੇਕਰ ਨੀਤੀ ਸਪੱਸ਼ਟ ਹੋਵੇ ਅਤੇ ਤਕਨੀਕ ਦਾ ਸਹੀ ਸੁਮੇਲ ਹੋਵੇ ਤਾਂ ਕੋਈ ਵੀ ਰੁਕਾਵਟ ਤਰੱਕੀ ਦੇ ਰਾਹ ਵਿੱਚ ਨਹੀਂ ਆ ਸਕਦੀ। 1946 ਵਿੱਚ ਛੋਟੀ ਜਿਹੀ ਸ਼ੁਰੂਆਤ ਕਰਨ ਵਾਲੀ ਇਹ ਸੰਸਥਾ ਅੱਜ ਵਿਸ਼ਵ ਪੱਧਰੀ ਸਾਮਰਾਜ ਬਣ ਚੁੱਕੀ ਹੈ। ਅਮਰਜੀਤ ਸਿੰਘ ਵਰਗੇ ਦੂਰਅੰਦੇਸ਼ੀ ਪ੍ਰਬੰਧਕਾਂ ਅਤੇ ਲੱਖਾਂ ਕਿਸਾਨਾਂ ਦੇ ਭਰੋਸੇ ਨੇ ਅਮੂਲ ਨੂੰ 'ਭਾਰਤ ਦਾ ਮਾਣ' ਬਣਾ ਦਿੱਤਾ ਹੈ। ਅੱਜ ਅਮੂਲ ਸਿਰਫ਼ ਇੱਕ ਬ੍ਰਾਂਡ ਨਹੀਂ, ਸਗੋਂ ਇਹ 'ਆਤਮ-ਨਿਰਭਰ ਭਾਰਤ' ਦਾ ਇੱਕ ਚਮਕਦਾ ਸੂਰਜ ਹੈ ਜੋ ਕਰੋੜਾਂ ਲੋਕਾਂ ਦੇ ਜੀਵਨ ਵਿੱਚ ਖੁਸ਼ਹਾਲੀ ਦੀ ਰੋਸ਼ਨੀ ਫੈਲਾ ਰਿਹਾ ਹੈ।

# ਕਬੂਤਰਬਾਜ਼ੀ ਝਗੜੇ ਕਾਰਨ ਚੱਲੀਆਂ ਗੋਲੀਆਂ, ਦੋ ਮੌਤਾਂ

ਮਮਦੋਟ, 6 ਮਾਰਚ (ਚ.ਨ.ਸ): ਥਾਣਾ ਮਮਦੋਟ ਅਧੀਨ ਪਿੰਡ ਕੜਮਾਂ ਵਿੱਚ ਬੱਚਿਆਂ ਵਿੱਚ ਕਬੂਤਰਬਾਜ਼ੀ ਨੂੰ ਲੈ ਕੇ ਹੋਏ ਝਗੜੇ ਮਗਰੋਂ ਰਾਜ਼ੀਨਾਮੇ ਲਈ ਇਕੱਠੀਆਂ ਹੋਈਆਂ ਦੋਵੇਂ ਧਿਰਾਂ ਵਿੱਚ ਗੋਲੀਆਂ ਚੱਲ ਗਈਆਂ। ਇਸ ਦੌਰਾਨ 2 ਵਿਅਕਤੀਆਂ ਦੀ ਮੌਤ ਹੋ ਗਈ। ਬੱਚਿਆਂ ਵਿੱਚ ਕਬੂਤਰਬਾਜ਼ੀ ਦੇ ਝਗੜੇ ਮਗਰੋਂ ਪਿੰਡ ਕੜਮਾਂ ਵਿੱਚ ਖਿਲਾਰਾ ਉਰਫ ਮੁੰਨਾ ਪੁੱਤਰ ਲਾਲ ਦੇ ਘਰ ਦੋਵੇਂ ਧਿਰਾਂ ਰਾਜ਼ੀਨਾਮੇ ਲਈ ਇਕੱਠੀਆਂ ਹੋਈਆਂ ਸਨ, ਜਿੱਥੇ ਦੁਬਾਰਾ ਲੜਾਈ ਹੋਣ ਮਗਰੋਂ ਦੋਵਾਂ ਧਿਰਾਂ ਵਿੱਚ ਗੋਲੀਆਂ ਚੱਲ ਗਈਆਂ। ਇਸ ਦੌਰਾਨ ਖਿਲਾਰਾ ਉਰਫ ਮੁੰਨਾ ਜ਼ਖ਼ਮੀ ਹੋ ਗਿਆ। ਉਸ ਨੂੰ ਫਿਰੋਜ਼ਪੁਰ ਦੇ ਨਿੱਜੀ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।



ਦੂਜੀ ਧਿਰ ਦੇ ਵਿਅਕਤੀ ਜੱਗੀ ਪੁੱਤਰ ਕਾਲਾ ਦੀ ਵੀ ਗੋਲੀ ਲੱਗਣ ਕਾਰਨ ਮੌਤ ਹੋ ਗਈ। ਡੀਐਸਪੀ ਕਰਨ ਸ਼ਰਮਾ ਨੇ ਕਿਹਾ ਕਿ ਮ੍ਰਿਤਕ ਪਰਿਵਾਰਾਂ ਦੇ ਬਿਆਨਾਂ ’ਤੇ ਕੇਸ ਦਰਜ ਕਰ ਲਿਆ ਹੈ।

# ਅਵਾਰਾ ਕੁੱਤਿਆਂ ਦੇ ਹਮਲੇ ’ਚ ਢਾਈ ਸਾਲਾ ਬੱਚੇ ਦੀ ਮੌਤ

ਧਾਰੀਵਾਲ, 6 ਮਾਰਚ (ਚ.ਨ.ਸ): ਇਥੇ ਸ਼ਹਿਰ ਦੀ ਕਲੋਨੀ ਵਿੱਚ ਅੱਜ ਅਵਾਰਾ ਕੁੱਤਿਆਂ ਨੇ ਮਾਪਿਆਂ ਦੇ ਇਕਲੌਤੇ ਢਾਈ ਸਾਲ ਦੇ ਬੱਚੇ ਨੂੰ ਨੋਚ -ਨੋਚ ਕੇ ਮਾਰ ਦਿੱਤਾ। ਮ੍ਰਿਤਕ ਬੱਚੇ ਦੀ ਪਛਾਣ ਇਸਮਾਈਲ ਪੁੱਤਰ ਇੰਦਰਿਆਸ ਵਾਸੀ ਪਿੰਡ ਫੱਤੇਨੰਗਲ ਵਜੋਂ ਹੋਈ। ਉਹ ਧਾਰੀਵਾਲ ਸ਼ਹਿਰ ਵਿੱਚ ਬਟਾਲਾ ਰੋਡ ’ਤੇ ਪੈਂਦੇ ਸ਼ਾਹ ਪੈਟਰੋਲ ਪੰਪ ਸਾਹਮਣੇ ਕਲੋਨੀ ਵਿੱਚ ਘਰ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿ ਰਿਹਾ ਸੀ। ਕਲੋਨੀ ਵਾਸੀ ਹਰਮੀਤ ਸਿੰਘ ਉਰਫ ਲੱਕੀ ਸੱਭਰਵਾਲ ਨੇ ਦੱਸਿਆ ਕਿ ਉਨ੍ਹਾਂ ਦੇ ਮਕਾਨ ਵਿੱਚ ਇੰਦਰਿਆਸ ਆਪਣੀ ਪਤਨੀ ਮੋਨਿਕਾ ਸਣੇ ਰਹਿ ਰਿਹਾ ਹੈ, ਜੋ ਮਜ਼ਦੂਰੀ ਕਰਦੇ ਹਨ। ਅੱਜ ਇੰਦਰਿਆਸ ਮਜ਼ਦੂਰੀ ਲਈ ਘਰੋਂ ਬਾਹਰ ਗਿਆ ਸੀ। ਬਾਅਦ ਦੁਪਹਿਰ ਉਸ ਦੀ ਪਤਨੀ ਮੋਨਿਕਾ ਰਸੋਈ ਵਿੱਚ ਦੁੱਧ ਗਰਮ ਕਰ ਰਹੀ ਸੀ। ਇਸਮਾਈਲ ਵਿਹੜੇ ਵਿੱਚ ਗੇਟ ਕੋਲ ਖੇਡ ਰਿਹਾ ਸੀ। ਇਸ ਦੌਰਾਨ ਬਾਹਰੋਂ ਆਏ ਅਵਾਰਾ ਕੁੱਤੇ ਉਸ ਨੂੰ ਘਰੋਂ ਬਾਹਰ ਧੂਹ ਕੇ ਪਲਾਟ ਵਿੱਚ ਲੈ ਗਏ। ਮੁਹੱਲਾ ਵਾਸੀਆਂ ਨੂੰ ਇਸ ਸਬੰਧੀ ਪਤਾ ਲੱਗਣ ’ਤੇ ਇਸਮਾਈਲ ਨੂੰ ਜ਼ਖ਼ਮੀ ਹਾਲਤ ਵਿੱਚ ਕੁੱਤਿਆਂ ਕੋਲੋਂ ਛੁਡਵਾ ਕੇ ਹਸਪਤਾਲ ਪਹੁੰਚਾਇਆ ਗਿਆ ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਮੁਹੱਲਾ ਵਾਸੀਆਂ ਨੇ ਦੱਸਿਆ ਕਿ ਪਰਿਵਾਰ ਬਹੁਤ ਗਰੀਬ ਹੈ, ਇਨ੍ਹਾਂ ਦੀ ਸਹਾਇਤਾ ਕੀਤੀ ਜਾਵੇ।



## ‘ਵਿਚਾਰ ਗੋਸ਼ਟੀ ਤੇ ਕਵੀ ਦਰਬਾਰ ਅੱਜ’

# ਸੁਖਬੀਰ ਸਿੰਘ ਭੁੱਲਰ ਦੀ ਕਿਤਾਬ ‘ਹਵਾ ’ਚ ਲਟਕਦੇ ਪਲ’ ਲੋਕ ਅਰਪਣ ਕੀਤੀ ਜਾਵੇਗੀ

ਫਤਹਿਗੜ੍ਹ ਚੂੜੀਆਂ, 6 ਮਾਰਚ (ਰਾਜਨ ਸ਼ਰਮਾ): ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਮਜੀਠਾ ਵੱਲੋਂ ਦਾਣਾ ਮੰਡੀ ਮਜੀਠਾ ਵਿਖੇ 7 ਸੱਤ ਮਾਰਚ ਦੁਪਹਿਰ 1 ਵਜੇ ਸ਼ਨੀਵਾਰ ਨੂੰ ਵਿਚਾਰ ਗੋਸ਼ਟੀ ਤੇ ਕਵੀ ਦਰਬਾਰ, ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਦੂਰੋਂ ਨੇੜਿਓਂ ਸਾਹਿਤਕਾਰ ਤੇ ਸਾਹਿਤ ਨਾਲ ਮੋਹ ਰੱਖਣ ਵਾਲੇ ਪਾਠਕ ਹਾਜ਼ਰੀ ਭਰਨਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਮਜੀਠਾ ਦੇ ਮੈਂਬਰਾਂ ਨੇ ਦੱਸਿਆ ਕਿ ਇਹ ਨਿਰੋਲ ਸਾਹਿਤਕ ਸਮਾਗਮ ਹੋਵੇਗਾ, ਜਿਸ ਵਿੱਚ ਵਿਚਾਰ ਚਰਚਾ ਤੇ ਹਾਜ਼ਰ ਕਵੀਆਂ ਦਾ ਕਵੀ ਦਰਬਾਰ ਹੋਵੇਗਾ। ਇਸ ਮੌਕੇ ਲੇਖਕ ਸੁਖਬੀਰ ਸਿੰਘ ਭੁੱਲਰ ਦੀ ਕਿਤਾਬ ਹਵਾ ’ਚ ਲਟਕਦੇ ਪਲ ਲੋਕ ਅਰਪਣ ਕੀਤੀ ਜਾਵੇਗੀ। ਇਸ ਸਮਾਗਮ ਵਿੱਚ ਪ੍ਰਸਿੱਧ ਕਲਾਕਾਰ ਸੁਰਿੰਦਰ ਫਰਿਸ਼ਤਾ ਘੁੱਲੇਸ਼ਾਹ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਡਾ. ਹੀਰਾ ਸਿੰਘ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਣਗੇ। ਇਸ ਮੌਕੇ ਸਰਪ੍ਰਸਤ ਨਰਿੰਜਣ ਸਿੰਘ ਗਿੱਲ, ਕੁਲਦੀਪ ਸਿੰਘ ਕਾਹਲੋਂ, ਭੁਪਿੰਦਰ ਸਿੰਘ ਸੰਧੂ, ਸੁੱਚਾ ਸਿੰਘ ਰੰਧਾਵਾ, ਧਰਮਿੰਦਰ ਸਿੰਘ ਔਲਖ, ਪ੍ਰਧਾਨ ਸੁਖਬੀਰ ਸਿੰਘ ਭੁੱਲਰ, ਨਿਰਮਲ ਕੌਰ ਕੋਟਲਾ, ਨਵਜੋਤ ਕੌਰ ਭੁੱਲਰ, ਰਾਜਪਾਲ ਸ਼ਰਮਾ, ਬਲਵਿੰਦਰ ਕੌਰ ਪੰਧੇਰ, ਰਮੇਸ਼ ਯਾਦਵ, ਰਾਜਪਾਲ ਬਾਠ ਆਦਿ ਹਾਜ਼ਰ ਹੋਣਗੇ।



# ਹਲਕਾ ਧਰਮਕੋਟ ’ਚ ਵਿਧਾਇਕ ਲਾਡੀ ਢੋਸ ਦੀ ਸਰਦਾਰੀ ਕਾਇਮ



ਧਰਮਕੋਟ, 6 ਮਾਰਚ (ਗੁਰਦੇਵ ਖੁਰਾਣਾ/ਹਰਜੀਤ ਛਾਬੜਾ): ਹਲਕਾ ਧਰਮਕੋਟ ਦੇ ਬਲਾਕ ਸੰਮਤੀ ਜ਼ੋਨ ਧਰਮਕੋਟ ਤੇ ਬਲਾਕ ਕੋਟ ਈਸੇ ਖਾਂ ਵਿੱਚ ਬਲਾਕ ਸੰਮਤੀ ਦੇ ਚੇਅਰਮੈਨ ਤੇ ਵਾਈਸ ਚੇਅਰਮੈਨ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਬਲਾਕ ਧਰਮਕੋਟ ਤੋਂ ਅਮਰਦੀਪ ਸਿੰਘ ਭਿੰਡਰ ਕਲਾਂ ਨੂੰ ਚੇਅਰਮੈਨ ਤੇ ਬੀਬੀ ਬੇਅੰਤ ਕੌਰ ਬੱਡੂਵਾਲ ਨੂੰ ਵਾਈਸ ਚੇਅਰਮੈਨ ਚੁਣਿਆ ਗਿਆ।ਕੋਟ ਈਸੇ ਖਾਂ ਬਲਾਕ ਸੰਮਤੀ ਜ਼ੋਨ ਤੋਂ ਸੁਖਦੇਵ ਸਿੰਘ ਖੋਸਾ ਕੋਟਲਾ ਨੂੰ ਚੇਅਰਮੈਨ ਤੇ ਸਤਨਾਮ ਸਿੰਘ ਭੁੱਲਰ ਨੂੰ ਵਾਈਸ ਚੇਅਰਮੈਨ ਵਜੋਂ ਚੁਣਿਆ ਗਿਆ। ਸਮੂਹ ਅਹੁਦੇਦਾਰ ਸਾਹਿਬਾਨ ਦਾ ਮੂੰਹ ਮਿੱਠਾ ਕਰਵਾ ਕੇ ਵਧਾਈ ਤੇ ਸ਼ੁਭਕਾਮਨਾਵਾਂ ਦਿੱਤੀਆਂ।

# ਹਲਕਾ ਸ੍ਰੀ ਹਰਿਗੋਬਿੰਦਪੁਰ ਤੋਂ ਭਾਜਪਾ ਦੀ ਮੋਗਾ ਰੈਲੀ ਲਈ 40 ਬੱਸਾਂ ਦਾ ਕਾਫ਼ਲਾ ਹੋਵੇਗਾ ਰਵਾਨਾ: ਲਾਟੀ ਮਚਰਾਵਾਂ



ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 6 ਮਾਰਚ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਭਾਰਤੀ ਜਨਤਾ ਪਾਰਟੀ ਵੱਲੋਂ 14 ਮਾਰਚ ਨੂੰ ਮੋਗਾ ਵਿੱਚ ਕਰਵਾਈ ਜਾ ਰਹੀ ਵਿਸ਼ਾਲ ਰੈਲੀ ਨੂੰ ਲੈ ਕੇ ਸੂਬੇ ਭਰ ਵਿੱਚ ਜੋਸ਼ ਦਾ ਮਾਹੌਲ ਬਣਿਆ ਹੋਇਆ ਹੈ।ਇਸ ਰੈਲੀ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸੰਬੋਧਨ ਕਰਨਗੇ। ਰੈਲੀ ਦੌਰਾਨ ਪੰਜਾਬ ਦੇ ਵਿਕਾਸ, ਕਾਨੂੰਨ-ਵਿਵਸਥਾ, ਕਿਸਾਨਾਂ ਦੇ ਮੁੱਦੇ, ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਤੇ ਕੇਂਦਰ ਸਰਕਾਰ ਦੀਆਂ ਲੋਕ-ਹਿਤੈਸ਼ੀ ਯੋਜਨਾਵਾਂ ਸਬੰਧੀ ਵਿਸਥਾਰ ਨਾਲ ਵਿਚਾਰ ਪ੍ਰਗਟ ਕੀਤੇ ਜਾਣਗੇ। ਇਸ ਰੈਲੀ ਨੂੰ ਕਾਮਯਾਬ ਕਰਨ ਲਈ ਸਿਵਬੀਰ ਸਿੰਘ ਰਾਜਨ (ਗੁਰਦਾਸਪੁਰ) ਰੈਲੀ ਇੰਚਾਰਜ ਨੇ ਜ਼ਿਲ੍ਹਾ ਬਟਾਲਾ ਦੇ ਮਹਾਂਮੰਤਰੀ ਤੇ ਸਰਪੰਚ ਲਾਜਵੰਤ ਸਿੰਘ ਲਾਟੀ ਮਚਰਾਵਾਂ ਦੇ ਗ੍ਰਹਿ ਪਿੰਡ ਮਚਰਾਵਾਂ ਵਿਖੇ ਭਾਜਪਾ ਆਗੂਆਂ ਦੀਆਂ ਰੈਲੀ ਸਬੰਧੀ ਡਿਊਟੀਆਂ ਲਗਾਉਣ ਤੇ ਵਰਕਰਾਂ ਨੂੰ ਲਾਮਬੰਦ ਕਰਨ ਲਈ ਪਹੁੰਚਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ। ਉਨ੍ਹਾਂ ਆਖਿਆ ਹਲਕਾ ਇਹ ਰੈਲੀ ਪੰਜਾਬ ਵਿੱਚ ਸੁਸ਼ਾਸਨ, ਵਿਕਾਸ ਤੇ ਬਦਲਾਅ ਦੇ ਸੰਦੇਸ਼ ਨਾਲ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੋਗਾ ਦੀ ਧਰਤੀ ਤੋਂ ਪੰਜਾਬ ਲਈ ਨਵੀਂ ਦਿਸ਼ਾ ਤੇ ਮਜ਼ਬੂਤ ਨੇਤ੍ਰਿਤਵ ਦਾ ਸੰਦੇਸ਼ ਦਿੱਤਾ ਜਾਵੇਗਾ। ਇਸ ਮੌਕੇ ਸਰਪੰਚ ਲਾਜਵੰਤ ਸਿੰਘ ਲਾਟੀ ਮਚਰਾਵਾਂ ਜ਼ਿਲ੍ਹਾ ਬਟਾਲਾ ਮਹਾਂ ਮੰਤਰੀ ਤੇ ਵਰਕਰਾਂ ਵੱਲੋਂ ਰੈਲੀ ਇੰਚਾਰਜ ਸਿਵਬੀਰ ਸਿੰਘ ਦਾ ਗ੍ਰਹਿ ਵਿਖੇ ਪਹੁੰਚਣ ਦਾ ਭਰਵਾਂ ਸਵਾਗਤ ਕੀਤਾ ਗਿਆ ਤੇ ਸਰਪੰਚ ਲਾਜਵੰਤ ਸਿੰਘ ਲਾਟੀ ਮਚਰਾਵਾਂ ਨੇ ਰੈਲੀ ਇੰਚਾਰਜ ਸਿਵਬੀਰ ਸਿੰਘ ਨੂੰ ਵਿਸ਼ਵਾਸ ਦਿਵਾਇਆ ਕਿ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਤੋਂ 40 ਬੱਸਾਂ ਦੇ ਕਾਫ਼ਲੇ ਵਿੱਚ ਵੱਡੀ ਗਿਣਤੀ ਵਿੱਚ ਵਰਕਰ ਤੇ ਸਮਰਥਕ ਮੋਗਾ ਰੈਲੀ ਵੱਲ ਰਵਾਨਾ ਹੋਣਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਬਟਾਲਾ ਹਰਸਿਮਰਨ ਸਿੰਘ ਹੀਰਾ ਵਾਲੀਆ, ਨਵਤੇਜ ਸਿੰਘ ਚੀਮਾ ਸਰਕਲ ਪ੍ਰਧਾਨ ਸ੍ਰੀ ਹਰਿਗੋਬਿੰਦਪੁਰ ਸਾਹਿਬ, ਗੁਰਸੇਵਕ ਸਿੰਘ ਸਰਕਲ ਪ੍ਰਧਾਨ ਮਚਰਾਏ, ਸਰਪੰਚ ਸੁਰਿੰਦਰ ਸਿੰਘ ਮਿੱਠਾਪੁਰ, ਅਮਿਤ ਕੁਮਾਰ ਸਰਕਲ ਪ੍ਰਧਾਨ ਹਰਚੋਵਾਲ, ਸਿਕੰਦਰ ਸਿੰਘ ਭਾਮੜੀ, ਜਸਵਿੰਦਰ ਸਿੰਘ ਮਾੜੀ ਬੁਚਿਆਂ, ਸਹਿਜਪ੍ਰੀਤ ਸਿੰਘ ਨੂਰਪੁਰ ਹਾਜ਼ਰ ਸਨ।

# ਵਿਧਾਇਕ ਕਲਸੀ ਨੇ ਪਿੰਡ ਲੱਖੋ ਰਾਹ ਦੇ ਸਰਪੰਚ ਹਰਜਿੰਦਰ ਸਿੰਘ ਨੂੰ ਵਿਕਾਸ ਕਾਰਜਾਂ ਲਈ 5 ਲੱਖ ਰੁਪਏ ਦਾ ਚੈਕ ਸੌਂਪਿਆ

## ☛ਪਿੰਡਾਂ ਅੰਦਰ ਚਹੁੰਪੱਖੀ ਵਿਕਾਸ ਕਾਰਜ ਕਰਵਾਉਣ ’ਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ: ਵਿਧਾਇਕ

ਬਟਾਲਾ, 6 ਮਾਰਚ (ਬਲਵਿੰਦਰ ਸਿੰਘ ਪੰਜਗਰਾਈਂ/ਡਾ.ਸਤਨਾਮ ਸਿੰਘ ਸੰਧੂ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਹਲਕੇ ਦੇ ਪਿੰਡਾਂ ਅੰਦਰ ਕਰੋੜਾਂ ਰੁਪਏ ਦੇ ਲਾਗਤ ਨਾਲ ਵਿਕਾਸ ਕਾਰਜ ਕਰਵਾਏ ਗਏ ਹਨ ਤੇ ਪਿੰਡਾਂ ਦੇ ਚਹੁੰਪੱਖੀ ਵਿਕਾਸ ਕੰਮਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਵਿਧਾਇਕ ਸ਼ੈਰੀ ਕਲਸੀ ਨੇ ਪਿੰਡ ਲੱਖੋ ਰਾਹ ਦੀ ਸਰਬਸੰਮਤੀ ਨਾਲ ਚੁਣੀ ਗਈ ਪੰਚਾਇਤ ਦੇ ਸਰਪੰਚ ਹਰਜਿੰਦਰ ਸਿੰਘ ਨੂੰ ਪਿੰਡ ਦੇ ਵਿਕਾਸ ਕਾਰਜਾਂ ਲਈ 5 ਲੱਖ ਰੁਪਏ ਦਾ ਚੈਕ ਸੌਂਪਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਸਰਬਸੰਮਤੀ ਨਾਲ ਚੁਣੀਆਂ ਜਾਣ ਵਾਲੀਆਂ ਪੰਚਾਇਤਾਂ ਨਾਲ ਕੀਤੇ ਵਾਅਦੇ ਤਹਿਤ ਇਹ ਰਾਸ਼ੀ ਸੌਂਪੀ ਗਈ ਹੈ। ਇਸ ਮੌਕੇ ਚੇਅਰਮੈਨ ਮਾਨਿਕ ਮਹਿਤਾ ਵੀ ਮੌਜੂਦ ਸਨ।ਵਿਧਾਇਕ ਸ਼ੈਰੀ ਕਲਸੀ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਵਿਧਾਨ ਸਭਾ ਹਲਕਾ ਬਟਾਲਾ ਦਾ ਸਰਬਪੱਖੀ ਵਿਕਾਸ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਤੇ ਹਲਕੇ ਦੇ ਵਿਕਾਸ ਕੰਮਾਂ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਬਟਾਲਾ ਹਲਕੇ ਦੇ ਲੋਕਾਂ ਨੇ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ, ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਤੇ ਲੋਕਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਤੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਦੁੱਖ-ਤਕਲੀਫਾਂ ਦੂਰ ਕੀਤੀਆਂ ਜਾ ਰਹੀਆਂ ਹਨ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪਿੰਡਾਂ ਦੀ ਚੁਣੀਆਂ ਹੋਈਆਂ ਪੰਚਾਇਤਾਂ ਨੂੰ ਕਿਹਾ ਗਿਆ ਹੈ ਕਿ ਉਹ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਪਾਰਦਰਸ਼ੀ ਢੰਗ ਨਾਲ ਵਿਕਾਸ ਕਾਰਜ ਕਰਵਾਉਣ ਤੇ ਪਿੰਡ ਵਿੱਚ ਵਿਕਾਸ ਕਾਰਜ ਕਰਵਾਉਣ ਲਈ ਪੂਰੀ ਮਿਹਨਤ ਨਾਲ ਕੰਮ ਕਰਨ।



# ਰਾਜ ਪੱਧਰੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਡੀ.ਸੀ. ਔਲਖ ਵੱਲੋਂ ਖਟਕੜ ਕਲਾਂ ਦਾ ਦੌਰਾ

## ☛ਐਸ.ਐਸ.ਪੀ. ਗੁਪਤਾ ਨੇ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕੀਤੀ



ਬੰਗਾ, 6 ਮਾਰਚ (ਸੁਖਦੇਵ ਸਿੰਘ ਉੜਾਪੜ): ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵੱਲੋਂ 23 ਮਾਰਚ ਨੂੰ ਰਾਜ ਸਰਕਾਰ ਵੱਲੋਂ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਦੇ ਸ਼ਹੀਦੀ ਦਿਵਸ ’ਤੇ ਖਟਕੜ ਕਲਾਂ ਵਿਖੇ ਮਨਾਏ ਜਾਣ ਵਾਲੇ ਰਾਜ ਪੱਧਰੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਦੌਰਾ ਕੀਤਾ ਗਿਆ। ਇਸ ਮੌਕੇ ’ਤੇ ਉਨ੍ਹਾਂ ਨਾਲ ਐਸ.ਐਸ.ਪੀ. ਤੁਸ਼ਾਰ ਗੁਪਤਾ, ਵਧੀਕ ਡਿਪਟੀ ਕਮਿਸ਼ਨਰ (ਜ) ਬਲਬੀਰ ਰਾਜ ਸਿੰਘ, ਐਸ.ਡੀ.ਐਮ. ਵਿਪਨ ਭੰਡਾਰੀ, ਸਹਾਇਕ ਕਮਿਸ਼ਨਰ ਜਨਰਲ ਜਗਦੀਪ ਸਿੰਘ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ। ਇਸ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਹੈਲੀਪੈਡ ਤੇ ਸਮਾਗਮ ਵਾਲੇ ਸਥਾਨ ਦਾ ਨਿਰੀਖਣ ਕੀਤਾ ਗਿਆ ਤੇ ਅਧਿਕਾਰੀਆਂ ਨੂੰ ਢੁੱਕਵੇਂ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਗਏ। ਉਨ੍ਹਾਂ ਸੁਰੱਖਿਆ, ਪਾਰਕਿੰਗ, ਬੈਰੀਕੇਡਿੰਗ, ਪੰਡਾਲ, ਸਟੇਜ, ਆਰਜ਼ੀ ਵਾਸ਼ਰੂਮ, ਸਾਫ-ਸਫਾਈ, ਡਾਕਟਰੀ ਸਹਾਇਤਾ, ਸਜਾਵਟ, ਸਾਊਂਡ ਸਿਸਟਮ, ਪੀਣ ਵਾਲੇ ਪਾਣੀ, ਫਾਇਰ ਬ੍ਰਿਗੇਡ, ਨਿਰਵਿਘਨ ਬਿਜਲੀ ਸਪਲਾਈ, ਰਿਫਰੈਸ਼ਮੈਂਟ, ਪ੍ਰਚਾਰ-ਪ੍ਰਸਾਰ ਤੇ ਹੋਰਨਾਂ ਪ੍ਰਬੰਧਾਂ ਸਬੰਧੀ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਇਸ ਮੌਕੇ ’ਤੇ ਐਸ.ਐਸ.ਪੀ. ਤੁਸ਼ਾਰ ਗੁਪਤਾ ਵੱਲੋਂ ਸਮਾਗਮ ਦੇ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਸਮੀਖਿਆ ਕੀਤੀ ਗਈ। ਉਨ੍ਹਾਂ ਅਧਿਕਾਰੀਆਂ ਨੂੰ ਆਪਣੀਆਂ ਡਿਊਟੀਆਂ ਮਿਹਨਤ, ਤਨਦੇਹੀ ਤੇ ਸੇਵਾ ਭਾਵਨਾ ਨਾਲ ਨਿਭਾਉਣ ਦੀ ਤਾਕੀਦ ਕੀਤੀ ਤਾਂ ਜੋ ਇਸ ਸਮਾਗਮ ਨੂੰ ਵਧੀਆ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

# ਰਾਜ ਪੱਧਰੀ ਸਮਾਗਮ ਦੇ ਤੌਰ ’ਤੇ ਮਨਾਇਆ ਜਾਵੇਗਾ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ: ਔਲਖ



ਨਵਾਂਸ਼ਹਿਰ, 6 ਮਾਰਚ (ਸੁਖਦੇਵ ਸਿੰਘ ਉੜਾਪੜ): ਪੰਜਾਬ ਸਰਕਾਰ ਵੱਲੋਂ 23 ਮਾਰਚ ਨੂੰ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਦੇ ਸ਼ਹੀਦੀ ਦਿਵਸ ਨੂੰ ਖਟਕੜ ਕਲਾਂ ਵਿਖੇ ਰਾਜ ਪੱਧਰੀ ਸਮਾਗਮ ਦੇ ਤੌਰ ’ਤੇ ਮਨਾਉਣ ਦਾ ਫ਼ੈਸਲਾ ਲਿਆ ਗਿਆ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਇਸ ਸਮਾਗਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਦਿੱਤੀ। ਵੱਖ-ਵੱਖ ਅਧਿਕਾਰੀਆਂ ਨੂੰ ਡਿਊਟੀਆਂ ਸੌਂਪਦਿਆਂ ਉਨ੍ਹਾਂ ਹਦਾਇਤ ਕੀਤੀ ਕਿ ਹੁਣ ਤੋਂ ਹੀ ਸਮਾਗਮ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਜਾਣ। ਇਸ ਦੌਰਾਨ ਉਨ੍ਹਾਂ ਸੁਰੱਖਿਆ, ਪਾਰਕਿੰਗ, ਪ੍ਰਚਾਰ-ਪ੍ਰਸਾਰ ਤੇ ਹੋਰਨਾਂ ਪ੍ਰਬੰਧਾਂ ਸਬੰਧੀ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਆਪਣੀਆਂ ਡਿਊਟੀਆਂ ਮਿਹਨਤ, ਤਨਦੇਹੀ ਤੇ ਸੇਵਾ ਭਾਵਨਾ ਨਾਲ ਨਿਭਾਉਣ ਦੀ ਤਾਕੀਦ ਕੀਤੀ ਤਾਂ ਜੋ ਇਸ ਸਮਾਗਮ ਨੂੰ ਵਧੀਆ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਬਲਵੀਰ ਰਾਜ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿ) ਅਵਨੀਤ ਕੌਰ, ਐਸ.ਡੀ.ਐਮ. ਬੰਗਾ ਵਿਪਨ ਭੰਡਾਰੀ, ਸਹਾਇਕ ਕਮਿਸ਼ਨਰ (ਜ) ਜਗਦੀਪ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਾ ਛੁਡਾਊ ਮੁਲਾਜ਼ਮ ਯੂਨੀਅਨ ਵੱਲੋਂ ਡਾਇਰੈਕਟਰ ਸਿਹਤ ਵਿਭਾਗ ਦੇ ਦਫ਼ਤਰ ਵਿਖੇ ਰੋਸ ਧਰਨਾ

ਕੋਟ ਈਸੇ ਖਾਂ, 6 ਮਾਰਚ (ਗੁਰਦੇਵ ਖੁਰਾਣਾ/ਹਰਜੀਤ ਛਾਬੜਾ): ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਾ ਛੁਡਾਊ ਮੁਲਾਜ਼ਮ ਯੂਨੀਅਨ ਦੇ ਕਰਮਚਾਰੀਆਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਅੱਜ ਡਾਇਰੈਕਟਰ ਸਿਹਤ ਵਿਭਾਗ ਦੇ ਦਫਤਰ ਵਿਖੇ ਇੱਕ ਵਿਸ਼ਾਲ ਧਰਨਾ ਦਿੱਤਾ ਗਿਆ। ਯੂਨੀਅਨ ਦੇ ਸੂਬਾ ਪ੍ਰਧਾਨ ਪਰਮਿੰਦਰ ਸਿੰਘ ਨੇ ਦੱਸਿਆ ਕਿ ਦੁੱਖ ਦੀ ਗੱਲ ਹੈ ਕਿ ਸਾਡੇ ਮੁਲਾਜ਼ਮ ਜੋ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਦਿਨ-ਰਾਤ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਮੂਹਰਲੀ ਕਤਾਰ ਵਿੱਚ ਰਹਿ ਕੇ ਕੰਮ ਕਰ ਰਹੇ ਹਨ, ਅੱਜ ਖੁਦ ਆਪਣੀਆਂ ਜਾਇਜ਼ ਮੰਗਾਂ ਲਈ ਸੰਘਰਸ਼ ਕਰਨ ਲਈ ਮਜਬੂਰ ਹਨ। ਸਰਕਾਰ ਇੱਕ ਪਾਸੇ ਨਸ਼ਾ ਖਤਮ ਕਰਨ ਦੇ ਦਾਅਵੇ ਕਰਦੀ ਹੈ, ਪਰ ਦੂਜੇ ਪਾਸੇ ਇਸ ਮੁਹਿੰਮ ਦੀ ਰੀੜ੍ਹ ਦੀ ਹੱਡੀ ਕਹੇ ਜਾਣ ਵਾਲੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ ਹੈ। ਸਮੇਂ-ਸਮੇਂ ਸਿਰ ਸਰਕਾਰ ਦੇ ਨਾਲ ਮੀਟਿੰਗਾਂ ਹੋਈਆਂ ਪ੍ਰੰਤੂ ਬੇਸਿੱਟਾ ਰਹੀਆਂ। ਅਸੀਂ ਲੰਬੇ ਸਮੇਂ ਤੋਂ ਸਰਕਾਰ ਨੂੰ ਆਪਣੀਆਂ ਮੁਸ਼ਕਿਲਾਂ ਬਾਰੇ ਜਾਣੂੰ ਕਰਵਾ ਰਹੇ ਹਾਂ, ਪ੍ਰੰਤੂ ਹਰ ਵਾਰ ਡੰਗ ਟਪਾਊ ਨੀਤੀ ਅਪਣਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਸੁਣਵਾਈ ਨਾ ਹੋਣ ਕਾਰਨ ਅੱਜ ਸਾਨੂੰ ਸੰਘਰਸ਼ ਦਾ ਰਾਹ ਚੁਣਨਾ ਪਿਆ ਹੈ। ਉਨ੍ਹਾਂ ਯੁੱਧ ਨਸ਼ਿਆਂ ਵਿਰੁੱਧ ਤਹਿਤ ਗਰਾਊਂਡ ਪੱਧਰ ’ਤੇ ਹੋ ਰਹੇ ਮੁਲਾਜ਼ਮਾਂ ਦੇ ਸ਼ੋਸ਼ਣ ਬਾਰੇ ਜਨਤਾ ਨੂੰ ਜਾਣੂੰ ਕਰਵਾਇਆ ਤੇ ਮੀਡੀਆ ਨੂੰ ਮੁੱਖ ਮੰਗਾਂ ਬਾਰੇ ਦੱਸਦੇ ਹੋਏ ਕਿਹਾ ਕਿ ਮੁਲਾਜ਼ਮਾਂ ਦਾ 12% ਵਿਤੀ ਭੱਤਾ ਜੋ ਕਿ ਇੱਕ ਸਾਲ ਤੋਂ ਰੁਕਿਆ ਹੋਇਆ ਹੈ ਉਸ ਨੂੰ ਬਹਾਲ ਕੀਤਾ ਜਾਵੇ, ਮੁਲਾਜ਼ਮਾਂ ਦੀ ਸੇਫਟੀ ਤੇ ਸਕਿਉਰਿਟੀ ਲਈ ਨਸ਼ਾ ਮੁਕਤੀ ਕੇਂਦਰਾਂ ਵਿੱਚ ਪੁਲਿਸ ਮੁਲਾਜ਼ਮ ਜਾਂ ਸਕਿਉਰਿਟੀ ਤੈਨਾਤ ਕੀਤੀ ਜਾਵੇ, ਮੁਲਾਜ਼ਮਾ ਦੀਆਂ ਸੇਵਾਵਾਂ ਨੂੰ ਨਿਯਮਤ ਕਰ ਸੁਸਾਇਟੀਆਂ ਭੰਗ ਕਰਕੇ ਡਾਇਰੈਕਟਰ ਸਿਹਤ ਵਿਭਾਗ ਵਿੱਚ ਲਿਆ ਜਾਵੇ ਤੇ ਪੰਜਾਬ ਸਟੇਟ ਡਿਵੈਲਪਮੈਂਟ ਟੈਕਸ 200 ਰੁਪਏ ਪ੍ਰਤੀ ਮਹੀਨਾ ਜੋ ਇਸ ਸਰਕਾਰ ਵਿੱਚ ਲੱਗਿਆ ਹੈ ਉਸ ਨੂੰ ਬੰਦ ਕੀਤਾ ਜਾਵੇ। ਅੰਤ ਵਿੱਚ ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਪੰਜਾਬ ਰਾਜ ਦੇ ਮੁਲਾਜ਼ਮਾਂ ਦੇ ਮੁੱਦਿਆਂ ਦਾ ਹੱਲ ਕਰਕੇ ਹੀ ਆਉਣ ਵਾਲੀ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਸਕਦੇ ਹੋ ਨਹੀਂ ਤਾਂ ਇਸ ਦਾ ਖਮਿਆਜ਼ਾ ਸਰਕਾਰ ਨੂੰ ਭੁਗਤਣਾ ਪਵੇਗਾ।



# ਰਮਨ ਬਹਿਲ ਵੱਲੋਂ ‘ਆਪਣਾ ਕਾਰੋਬਾਰ, ਆਪਣੀ ਪਹਿਚਾਣ’ ਮੁਹਿੰਮ ਤਹਿਤ ਮਹਿਲਾ ਉਦਮੀਆਂ ਦਾ ਸਨਮਾਨ

ਗੁਰਦਾਸਪੁਰ, 6 ਮਾਰਚ (ਜਗੀਰ ਸਿੰਘ/ਸੁਰਿੰਦਰ ਸਿੰਘ ਬਸਰਾ): ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਪੰਜਾਬ ਸਰਕਾਰ ਵੱਲੋਂ ਕਲਾ ਕੇਂਦਰ ਗੁਰਦਾਸਪੁਰ ਵਿੱਚ ‘ਆਪਣਾ ਕਾਰੋਬਾਰ, ਆਪਣੀ ਪਹਿਚਾਣ’ ਮੁਹਿੰਮ ਤਹਿਤ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਹਲਕਾ ਇੰਚਾਰਜ ਗੁਰਦਾਸਪੁਰ ਰਮਨ ਬਹਿਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਆਪਣੇ ਉਦਮ ਨਾਲ ਸਮਾਜ ਵਿੱਚ ਮਿਸਾਲ ਬਣੀਆਂ ਸੈਂਕੜੇ ਮਹਿਲਾ ਉਦਮੀਆਂ ਨੂੰ ਪ੍ਰਸ਼ੰਸਾ ਪੱਤਰ ਤੇ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਰਮਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਨੂੰ ਆਰਥਿਕ ਤੌਰ ’ਤੇ ਮਜ਼ਬੂਤ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸੈਲਫ ਹੈਲਪ ਗਰੁੱਪਾਂ ਰਾਹੀਂ ਔਰਤਾਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ ਵਧੀਆ ਪਲੇਟਫਾਰਮ ਮੁਹੱਈਆ ਕਰਵਾਇਆ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਦੇ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਰਾਹੀਂ ਮਹਿਲਾਵਾਂ ਨੂੰ ਸਵੈ-ਨਿਰਭਰ ਬਣਾਉਣ ਲਈ ਲਗਾਤਾਰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਸ ਮਿਸ਼ਨ ਤਹਿਤ ਔਰਤਾਂ ਨੂੰ ਖੇਤੀਬਾੜੀ, ਘਰੇਲੂ ਉਦਯੋਗਾਂ ਤੇ ਸੇਵਾ ਖੇਤਰ ਨਾਲ ਜੋੜ ਕੇ ਆਰਥਿਕ ਤੌਰ ’ਤੇ ਮਜ਼ਬੂਤ ਬਣਾਇਆ ਜਾ ਰਿਹਾ ਹੈ। ਉਨ੍ਹਾਂ ਮਹਿਲਾਵਾਂ ਨੂੰ ਅਪੀਲ ਕੀਤੀ ਕਿ ਉਹ ਖੁਦ ਦਾ ਕਾਰੋਬਾਰ ਸ਼ੁਰੂ ਕਰਕੇ ਆਪਣੀ ਵੱਖਰੀ ਪਹਿਚਾਣ ਬਣਾਉਣ।ਇਸ ਮੌਕੇ ਅਰਚਨਾ ਬਹਿਲ, ਐਡਵੋਕੇਟ ਸੁੱਚਾ ਸਿੰਘ ਮੁਲਤਾਨੀ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਸੁਗਰੀਵ ਕੁਮਾਰ, ਰਾਣੀ ਮਹਿਲਾ ਵਿੰਗ ਇੰਚਾਰਜ, ਡੀ.ਐਫ.ਐਮ ਵਰਿੰਦਰ ਸਿੰਘ, ਸਿਮਰਨਜੀਤ ਸਿੰਘ ਬੀ.ਐਮ.ਐਮ. ਬਲਾਕ ਇੰਚਾਰਜ ਵਿਨੇਤਾ ਸ਼ਰਮਾ, ਕੁਲਦੀਪ ਸਿੰਘ, ਜੋਤੀ ਸ਼ਰਮਾ, ਕਰਮਜੀਤ ਕੌਰ, ਸੁਪਰਡੈਂਟ ਗੁਰਮੇਲ ਸਿੰਘ ਪੰਚਾਇਤ ਦਫ਼ਤਰ ਗੁਰਦਾਸਪੁਰ ਤੇ ਸੋਸ਼ਲ ਵਰਕਰ ਯੁਵਿਕਾ ਆਦਿ ਹਾਜ਼ਰ ਸਨ।



# ਜਗਰੂਪ ਸਿੰਘ ਸੇਖਵਾਂ ਨੇ ਪਿੰਡ ਡੇਅਰੀਵਾਲ ਦਰੋਗਾ ’ਚ ਨਵੀਂ ਸੜਕ ਬਣਾਉਣ ਦਾ ਨੀਂਹ ਪੱਥਰ ਰੱਖਿਆ



ਕਾਦੀਆਂ, 6 ਮਾਰਚ (ਸਿਕੰਦਰ ਸਿੰਘ ਸੰਧੂ): ਹਲਕਾ ਇੰਚਾਰਜ ਕਾਦੀਆਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵੱਲੋਂ ਹਲਕੇ ਅੰਦਰ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਪਿੰਡ ਡੇਅਰੀਵਾਲ ਦਰੋਗਾ ਵਿੱਚ ਨਵੀਂ ਸੜਕ, ਜਿਸ ਦੀ ਲਾਗਤ ਲਗਭਗ 30 ਲੱਖ ਰੁਪਏ ਹੈ, ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਜੋਬਨ ਰੰਧਾਵਾ, ਚੇਅਰਮੈਨ ਜ਼ਿਲ੍ਹਾ ਪਲਾਨਿੰਗ ਕਮੇਟੀ ਗੁਰਦਾਸਪੁਰ ਸਮੇਤ ਹਲਕੇ ਦੀਆਂ ਵੱਖ-ਵੱਖ ਸ਼ਖ਼ਸੀਅਤਾਂ ਮੌਜੂਦ ਸਨ। ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਇਹ ਸੜਕ ਅੰਤਰਰਾਸ਼ਟਰੀ ਖਿਡਾਰੀ ਵਰਿੰਦਰ ਸਿੰਘ ਜੌਹਲ ਦੇ ਘਰ ਤੱਕ ਬਣਾਈ ਜਾ ਰਹੀ ਹੈ, ਜਿਸ ਨਾਲ ਪਿੰਡ ਦੇ ਲੋਕਾਂ ਨੂੰ ਵੀ ਆਵਾਜਾਈ ਵਿੱਚ ਵੱਡੀ ਸੁਵਿਧਾ ਮਿਲੇਗੀ।ਇਸ ਮੌਕੇ ਉਹ ਅੰਤਰਰਾਸ਼ਟਰੀ ਖਿਡਾਰੀ ਵਰਿੰਦਰ ਸਿੰਘ ਜੌਹਲ ਦੇ ਘਰੇ ਵੀ ਗਏ ਤੇ ਪਰਿਵਾਰ ਨਾਲ ਮੁਲਾਕਾਤ ਕਰਦਿਆਂ ਕਿਹਾ ਕਿ ਖਿਡਾਰੀ ਸਾਡਾ ਮਾਣ ਹਨ, ਜਿਨ੍ਹਾਂ ਵੱਲੋਂ ਆਪਣੇ ਇਲਾਕੇ ਦਾ ਨਾਮ ਦੇਸ਼-ਵਿਦੇਸ਼ ਦੀ ਧਰਤੀ ਤੱਕ ਪਹੁੰਚਾਇਆ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਵਿਧਾਨ ਸਭਾ ਹਲਕਾ ਕਾਦੀਆਂ ਦੇ ਸਰਬਪੱਖੀ ਵਿਕਾਸ ਲਈ ਉਹ ਵਚਨਬੱਧ ਹਨ ਤੇ ਦਿਨ-ਰਾਤ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿੰਡਾਂ ਵਿੱਚ ਚੁਣੀਆਂ ਗਈਆਂ ਨਵੀਆਂ ਪੰਚਾਇਤਾਂ ਰਾਹੀਂ ਪਿੰਡ ਵਾਸੀਆਂ ਦੀ ਸਹੂਲਤ ਲਈ ਵੱਖ-ਵੱਖ ਵਿਕਾਸ ਕਾਰਜ ਜਾਰੀ ਹਨ ਤੇ ਹਲਕੇ ਅੰਦਰ ਵਿਕਾਸ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਰਕੇਸ਼ ਸੋਮਨ ਆਮ ਆਦਮੀ ਪਾਰਟੀ ਵੱਲੋਂ ਡਾ. ਜੈਸਨ ਪੌਲ ਸਨਮਾਨਤ



ਗੜ੍ਹਦੀਵਾਲ, 6 ਮਾਰਚ (ਗੌਰਵ): ਹੁਸ਼ਿਆਰਪੁਰ ਦੇ ਕਸਬਾ ਗੜ੍ਹਦੀਵਾਲਾ ਤੇ ਇਲਾਕੇ ਨੂੰ ਉਸ ਸਮੇਂ ਵੱਡਾ ਮਾਣ ਪ੍ਰਾਪਤ ਹੋਇਆ, ਜਦ ਸ਼ਰਮਾ ਹਸਪਤਾਲ ਗੜ੍ਹਦੀਵਾਲਾ ਦੇ ਨੌਜਵਾਨ ਡਾ. ਜੈਸਨ ਪੌਲ ਸ਼ਰਮਾ ਐਮਬੀਬੀਐਸ, ਐਮਡੀ (ਇੰਟਰਨਲ ਮੈਡੀਸਨ), ਕੰਸਲਟੈਂਟ ਫਿਜ਼ੀਸ਼ਨ, ਡਾਇਬਟੀਲੋਜਿਸਟ ਤੇ ਸ਼ਰਮਾ ਹਸਪਤਾਲ, ਗੜ੍ਹਦੀਵਾਲਾ ਵਿਖੇ ਸਿਹਤ ਸੇਵਾਵਾਂ ਨਿਭਾਉਣ ਵਾਲੇ ਮਾਹਿਰ ਡਾਕਟਰ ਨੂੰ ਭਾਰਤ ਦੇ ਰਾਜ ਹੈਦਰਾਬਾਦ ਵਿਖੇ ਆਯੋਜਿਤ ਕੀਤੇ ਗਏ ਵੱਡੇ ਗਲੋਬਲ ਡਾਇਬਟੀਜ਼ ਕਾਂਗਰਸ ਦੌਰਾਨ ਦੁਨੀਆਂ ਦੇ ਲਗਭਗ 120 ਪੰਜਾਬ ਰਾਜ ਦੇ ਡਾਕਟਰਾਂ ਵਿੱਚੋਂ ਇੱਕੋ-ਇੱਕ ਮਾਹਿਰ ਡਾ. ਜੈਸਨ ਪੌਲ ਸ਼ਰਮਾ ਨੂੰ ਡਾਇਬਟੀਜ਼ ਇੰਡੀਆ ਫੈਲੋਸ਼ਿਪ ਕਨਵੋਕੇਸ਼ਨ 2026 ਵਿੱਚ ਸ਼ਾਨਦਾਰ ਡਾਇਬਟੀਜ਼ ਫੈਲੋਸ਼ਿਪ ਨਾਲ ਸਨਮਾਨਤ ਕੀਤਾ ਗਿਆ। ਅੱਜ ਗੜ੍ਹਦੀਵਾਲਾ ਵਿਖੇ ਉਨ੍ਹਾਂ ਦਫਤਰ ਵਿਖੇ ਰਾਕੇਸ਼ ਸੋਮਨ ਆਮ ਆਦਮੀ ਪਾਰਟੀ ਨੇ ਡਾ. ਜੈਸਨ ਪੌਲ ਨੂੰ ਵਧਾਈ ਦਿੱਤੀ ਤੇ ਇਲਾਕੇ ਦਾ ਨਾਮ ਰੌਸ਼ਨ ਕਰਨ ਲਈ ਸਨਮਾਨਤ ਕੀਤਾ। ਇਸ ਮੌਕੇ ’ਤੇ ਪਵਨ ਕੁਮਾਰ ਐਮਸੀ, ਰਾਮਜੀਤ ਐਮਸੀ, ਦੇਵੀ ਚੰਦ, ਮਹਿੰਦਰ ਸੋਮਲ ਹਾਜ਼ਰ ਸਨ।

# ਖੇਤੀਬਾੜੀ ਵਿਭਾਗ ਸ੍ਰੀ ਹਰਿਗੋਬਿੰਦਪੁਰ ਸਾਹਿਬ ਨੇ ਬਲਾਕ ਪੱਧਰੀ ਕੈਂਪ ਲਗਾਇਆ

ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 6 ਮਾਰਚ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀਆਂ ਹਦਾਇਤਾਂ ’ਤੇ ਮੁੱਖ ਖੇਤੀਬਾੜੀ ਅਫਸਰ ਡਾ. ਰਣਧੀਰ ਸਿੰਘ ਠਾਕੁਰ ਦੇ ਦਿਸ਼ਾ ਨਿਰਦੇਸ਼ਾਂ ਤੇ ਬਲਾਕ ਖੇਤੀਬਾੜੀ ਅਫਸਰ ਡਾ. ਪਰਮਬੀਰ ਸਿੰਘ ਕਾਹਲੋਂ ਦੀ ਯੋਗ ਅਗਵਾਈ ਹੇਠ ਬਲਾਕ ਸ੍ਰੀ ਹਰਿਗੋਬਿੰਦਪੁਰ ਦੇ ਪਿੰਡ ਲੱਧਾ ਮੁੰਡਾ ਵਿਖੇ ਆਈਈਸੀ ਐਕਟੀਵਿਟੀ ਅਧੀਨ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਕੈਂਪ ਵਿੱਚ ਰਜਿੰਦਰ ਕੁਮਾਰ ਖੇਤੀਬਾੜੀ ਵਿਸਥਾਰ ਅਫਸਰ ਨੇ ਕਿਸਾਨਾਂ ਨੂੰ ਮਹਿਕਮੇ ਦੀਆਂ ਵੱਖ-ਵੱਖ ਚੱਲ ਰਹੀਆਂ ਸਕੀਮਾਂ ਬਾਰੇ ਜਾਣੂੰ ਕਰਵਾਇਆ। ਇਸ ਦੌਰਾਨ ਉਨ੍ਹਾਂ ਨੇ ਕਿਸਾਨਾਂ ਨਾਲ ਕਣਕ ਦੀ ਫਸਲ ਦੀ ਮੌਜੂਦਾ ਸਥਿਤੀ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਕਿਸਾਨਾਂ ਨੂੰ ਬੇ-ਲੋੜੀਂਦੇ ਸਪਰੇਅ ਕਰਨ ਤੋਂ ਗੁਰੇਜ ਕਰਨ ਲਈ ਕਿਹਾ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸਾਨ ਵੀਰ ਕਣਕ ਦੀ ਕਟਾਈ ਤੋਂ ਬਾਅਦ ਕਣਕ ਦੇ ਨਾੜ ਨੂੰ ਅੱਗ ਬਿਲਕੁਲ ਵੀ ਨਾ ਲਗਾਉਣ। ਕਿਸਾਨਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਕਣਕ ਦੀ ਕਟਾਈ ਤੋਂ ਬਾਅਦ ਝੋਨਾ ਲਗਾਉਣ ਵਿੱਚ ਕਾਫੀ ਸਮਾਂ ਮਿਲ ਜਾਂਦਾ ਹੈ, ਇਸ ਦੌਰਾਨ ਕਿਸਾਨ ਵੀਰ ਮੂੰਗੀ ਜੰਤਰ ਦੀ ਬਜਾਈ ਕਰ ਸਕਦੇ ਹਨ ਤੇ ਉਸ ਨੂੰ ਹਰੀ ਖਾਦ ਦੇ ਤੌਰ ਤੇ ਵੀ ਵਰਤ ਸਕਦੇ ਹਨ। ਜਿਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੁੰਦਾ ਹੈ। ਕੈਂਪ ਵਿੱਚ ਰਜਿੰਦਰ ਕੁਮਾਰ ਖੇਤੀਬਾੜੀ ਵਿਸਥਾਰ ਅਫਸਰ ਨੇ ਕਿਸਾਨਾਂ ਨੂੰ ਫਾਰਮਰ ਰਜਿਸਟਰੀ ਤਹਿਤ ਕਿਸਾਨ ਆਈਡੀ ਬਣਾਉਣ ਲਈ ਕਿਹਾ। ਕੈਂਪ ਵਿੱਚ ਰਣਵੀਰ ਸਿੰਘ, ਸ਼ੁਭਪ੍ਰੀਤ ਸਿੰਘ, ਸਰਪੰਚ ਹਰਕਿਰਤ ਸਿੰਘ, ਨੰਬਰਦਾਰ ਦਵਿੰਦਰ ਸਿੰਘ, ਸਤਨਾਮ ਸਿੰਘ ਪ੍ਰਧਾਨ, ਸਰਬਜੀਤ ਸਿੰਘ ਪ੍ਰਧਾਨ ਤੇ ਚੰਨਪ੍ਰੀਤ ਸਿੰਘ ਹਾਜ਼ਰ ਹੋਏ।



# ਸ੍ਰੀ ਚੋਲਾ ਸਾਹਿਬ ਦੇ ਮੇਲੇ ਨੂੰ ਸਮਰਪਿਤ ਕਬੱਡੀ ਕੱਪ ਕਰਵਾਇਆ



ਘੁਮਾਣ/ਸ੍ਰੀ ਹਰਿਗੋਬਿੰਦਪੁਰ ਸਾਹਿਬ, 6 ਮਾਰਚ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪਿੰਡ ਭਾਮ ਦੇ ਨੌਜਵਾਨ ਕਬੱਡੀ ਖਿਡਾਰੀ ਤੇ ਇੰਟਰਨੈਸ਼ਨਲ ਰੈਫਰੀ ਇੰਦਰਜੀਤ ਸਿੰਘ ਰਿਆੜ ਦੀ ਅਗਵਾਈ ਹੇਠ ਨੌਜਵਾਨਾਂ ਵੱਲੋਂ ਐਨਆਰਆਈ ਵੀਰਾਂ ਤੇ ਇਲਾਕੇ ਦੇ ਸਹਿਯੋਗ ਨਾਲ ਸ੍ਰੀ ਚੋਲਾ ਸਾਹਿਬ ਦੇ ਮੇਲੇ ਨੂੰ ਸਮਰਪਿਤ ਸਾਲਾਨਾ ਕਬੱਡੀ ਕੱਪ ਔਲਖ ਮੋੜ (ਭਾਮ) ਵਿਖੇ ਕਰਵਾਇਆ ਗਿਆ। ਇਸ ਕਬੱਡੀ ਕੱਪ ਦੇ ਫਸਵੇਂ ਮੁਕਾਬਲੇ ਕਰਵਾਏ ਗਏ। ਇਸ ਕਬੱਡੀ ਕੱਪ ਵਿੱਚ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਦੇ ਭਰਾ ਅਮਰੀਕ ਸਿੰਘ ਗੋਲਡੀ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਹਰਵਿੰਦਰਪਾਲ ਸਿੰਘ ਸ਼ਾਹਬਾਦ ਸੀਨੀਅਰ ਕਾਂਗਰਸੀ ਆਗੂ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਨੇ ਵਿਸ਼ੇਸ਼ ਤੌਰ ’ਤੇ ਪਹੁੰਚ ਕੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਹਰਵਿੰਦਰਪਾਲ ਸਿੰਘ ਸ਼ਾਹਬਾਦ ਵੱਲੋਂ ਪ੍ਰਬੰਧਕਾਂ ਨੂੰ 11000 ਹਜ਼ਾਰ ਰੁਪਏ ਦੀ ਨਗਦ ਰਾਸ਼ੀ ਦਿੱਤੀ ਗਈ। ਇਸ ਮੌਕੇ ਹਰਦੇਵ ਸਿੰਘ ਰਿਆੜ, ਕੰਵਲਜੀਤ ਸਿੰਘ ਰਿਆੜ, ਪੱਪੂ ਕੰਡੀਲਾ, ਦਲਬੀਰ ਸਿੰਘ, ਸੁਖਦੇਵ ਸਿੰਘ ਭਾਮ, ਯਕੀਨ ਸਿੰਘ ਔਲਖ, ਬਲਰਾਜ ਸਿੰਘ ਰਿਆੜ, ਇੰਦਰਪਾਲ ਸਿੰਘ, ਸਤਨਾਮ ਸਿੰਘ ਸੱਤਾ, ਬਲਜੀਤ ਸਿੰਘ ਭਾਮ ਮੈਂਬਰ ਪੰਚਾਇਤ, ਮਾਸਟਰ ਹਰਪਾਲ ਸਿੰਘ, ਵਿੱਕੀ ਹਰਚੋਵਾਲ, ਨਰਿੰਦਰ ਸਿੰਘ ਮਿੱਠੂ ਭਰਥ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਤੋਂ ਇਲਾਵਾ ਵੱਡੀ ਗਿਣਤੀ ਖੇਡ ਪ੍ਰੇਮੀ ਹਾਜ਼ਰ ਸਨ।

# ਚੀਮਾ ਪਬਲਿਕ ਸਕੂਲ ਕ੍ਰਿਸ਼ਨਕੋਟ ਦੇ ਅੱਠਵੀਂ ਕਲਾਸ ਦੀਆਂ ਵਿਦਿਆਰਥਣਾਂ ਨੇ ਮਾਰੀਆਂ ਮੱਲਾਂ

ਸ੍ਰੀ ਹਰਿਗੋਬਿੰਦਪੁਰ, 6 ਮਾਰਚ (ਸੁਖ ਅੰਮ੍ਰਿਤ ਘੁਮਾਣ/ਡਾ. ਸਰਬਜੀਤ ਭਿੰਡਰ): ਸ੍ਰੀ ਹਰਿਗੋਬਿੰਦਪੁਰ ਦੇ ਨਜ਼ਦੀਕ ਚੀਮਾ ਪਬਲਿਕ ਸਕੂਲ ਕ੍ਰਿਸ਼ਨਕੋਟ ਦੀਆਂ ਵਿਦਿਆਰਥਣਾਂ ਨੇ ਅੱਠਵੀਂ ਕਲਾਸ ਵਿੱਚੋਂ ਪਹਿਲਾ ਦੂਜਾ ਤੇ ਤੀਸਰਾ ਸਥਾਨ ਹਾਸਲ ਕਰਕੇ ਚੀਮਾ ਪਬਲਿਕ ਸਕੂਲ ਕ੍ਰਿਸ਼ਨਕੋਟ ਤੇ ਅਪਣੇ ਮਾਪਿਆਂ ਦਾ ਨਾ ਰੋਸ਼ਨ ਕੀਤਾ। ਇਥੇ ਜ਼ਿਕਰਯੋਗ ਹੈ ਕਿ ਵਿਦਿਆਰਥਣ ਪ੍ਰਿਅੰਕਾ ਨੇ ਦਿਨ-ਰਾਤ ਪੜ੍ਹਾਈ ਕਰਕੇ ਅੱਠਵੀਂ ਕਲਾਸ ਪਾਸ ਕਰਕੇ ਪਹਿਲਾ ਸਥਾਨ ਹਾਸਲ ਕੀਤਾ ਹੈ ਤੇ ਵਿਦਿਆਰਥਣ ਗੁਰਸੀਰਤ ਕੌਰ ਨੇ ਵੀ ਲਗਨ ਨਾਲ ਪੜ੍ਹਾਈ ਕਰਕੇ ਦੂਜਾ ਸਥਾਨ ਹਾਸਲ ਕੀਤਾ ਤੇ ਵਿਦਿਆਰਥਣ ਜਪਨੂਰ ਕੌਰ ਨੇ ਵੀ ਪੂਰੀ ਮਿਹਨਤ ਨਾਲ ਪੜ੍ਹਾਈ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਇਸੇ ਖੁਸ਼ੀ ਵਿੱਚ ਸਕੂਲ ਦੇ ਮੁਖ ਸੰਚਾਲਕ ਸਰਦੂਲ ਸਿੰਘ ਚੀਮਾ ਤੇ ਅਮਰਿੰਦਰ ਸਿੰਘ ਚੀਮਾ ਤੇ ਸਕੂਲ ਦੇ ਪ੍ਰਿੰਸੀਪਲ ਡਾ. ਮਨਦੀਪ ਕੌਰ ਤੇ ਵਾਈਸ ਪ੍ਰਿੰਸੀਪਲ ਆਰਤੀ ਨੰਦਾ ਤੇ ਕਲਾਸ ਇੰਚਾਰਜ ਅਰਸ਼ਦੀਪ ਕੌਰ ਤੇ ਪੂਰੇ ਸਟਾਫ ਵੱਲੋਂ ਮਾਪਿਆਂ ਨੂੰ ਵਧਾਈ ਦਿੱਤੀ ਤੇ ਭਵਿੱਖ ਵਿੱਚ ਇਸ ਤੋਂ ਵੱਧ ਤਰੱਕੀਆਂ ਕਰਨ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਤੇ ਮਾਪਿਆਂ ਵੱਲੋਂ ਵੀ ਸਕੂਲ ਸੰਚਾਲਕ ਤੇ ਪ੍ਰਿੰਸੀਪਲ ਸਾਹਿਬਾਨ ਤੇ ਪੂਰੇ ਸਟਾਫ ਦਾ ਧੰਨਵਾਦ ਕੀਤਾ।




# ਗੁਰੂ ਨਾਨਕ ਨਿਸ਼ਕਾਮ ਸੇਵਕ ਜੱਥੇ ਨੇ ਅੱਖਾਂ ਦਾ ਵਿਸ਼ਾਲ ਮੁਫ਼ਤ ਆਪ੍ਰੇਸ਼ਨ ਕੈਂਪ ਲਗਾਇਆ

ਗੜ੍ਹਸ਼ੰਕਰ, 6 ਮਾਰਚ (ਅਜਮੇਰ ਸਿੰਘ ਭਨੋਟ): ਸਮਾਜ ਸੇਵਾ ਦੇ ਵੱਖ-ਵੱਖ ਖੇਤਰਾਂ ਵਿੱਚ ਉਚ ਪੱਧਰ ਦੀਆਂ ਸੇਵਾਵਾਂ ਨਿਭਾ ਰਹੀ ਸੰਸਥਾ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਵੱਲੋਂ ਪਿੰਡ ਗੁੜਾ ਵਿਖੇ ਅੱਖਾਂ ਤੇ ਹੋਰ ਬਿਮਾਰੀਆਂ ਦਾ ਵਿਸ਼ਾਲ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ 500 ਤੋਂ ਵੱਧ ਮਰੀਜ਼ਾਂ ਦਾ ਚੈਕਅੱਪ ਕੀਤਾ ਗਿਆ ਤੇ 110 ਮਰੀਜ਼ਾਂ ਨੂੰ ਅੱਖਾਂ ਦੇ ਆਪ੍ਰੇਸ਼ਨਾਂ ਲਈ ਚੁਣਿਆ ਗਿਆ। ਸੰਸਥਾ ਦੇ ਮੁਖੀ ਸਤਿਕਾਰਯੋਗ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਦੀ ਅਗਵਾਈ ਹੇਠ ਇਲਾਕੇ ਵਿੱਚ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਇਹ ਨਿਵੇਕਲਾ ਉਪਰਾਲਾ ਕੀਤਾ ਗਿਆ। ਇਸ ਕੈਂਪ ਦਾ ਆਯੋਜਨ ਸੰਸਥਾ ਦੇ ਬਾਨੀ ਸਤਿਕਾਰਯੋਗ ਸੰਤ ਬਾਬਾ ਪੂਰਨ ਸਿੰਘ ਤੇ ਜਨਮ ਅਸਥਾਨ ਪਿੰਡ ਗੁੜਾ ਜ਼ਿਲ੍ਹਾ ਜਲੰਧਰ ਵਿਖੇ ਚਲਾਏ ਜਾ ਰਹੇ ਨਿਸ਼ਕਾਮ ਸਕੂਲ ਵਿਖੇ ਕੀਤਾ ਗਿਆ। ਗੁਰੂ ਨਾਨਕ ਮਿਸ਼ਨ ਚੈਰੀਟੇਬਲ ਹਸਪਤਾਲ ਕੁੱਕੜ ਮਜਾਰਾ ਦੇ ਸਹਿਯੋਗ ਨਾਲ ਲਗਾਏ ਗਏ ਇਸ ਕੈਂਪ ਵਿੱਚ ਅੱਖਾਂ ਦੀਆਂ ਬਿਮਾਰੀਆਂ ਦੇ ਮਾਹਿਰ ਡਾ. ਵਰੁਣ ਸ਼ਰਮਾ ਐਮਐਸ ਦੀ ਅਗਵਾਈ ਵਿੱਚ ਡਾ. ਭਾਨੂ ਯਾਦਵ ਨੇ ਅੱਖਾਂ ਤੇ ਸਰੀਰ ਦੀਆਂ ਹੋਰ ਵੱਖ-ਵੱਖ ਬਿਮਾਰੀਆਂ ਦੇ ਮਾਹਿਰ ਡਾ. ਸਤੀਸ਼ ਆਨੰਦ ਨੇ ਮਰੀਜ਼ਾਂ ਦਾ ਚੈਕਅੱਪ ਕੀਤਾ, ਜਿਨ੍ਹਾਂ ਵਿੱਚ ਬਲੱਡ ਪ੍ਰੈਸ਼ਰ ਸ਼ੂਗਰ ਤੇ ਹੋਰ ਬਿਮਾਰੀਆਂ ਦੇ ਮਰੀਜ਼ਾਂ ਨੇ ਡਾਕਟਰੀ ਸਹੂਲਤਾਂ ਦਾ ਲਾਭ ਲਿਆ।ਇਸ ਮੁਫਤ ਮੈਡੀਕਲ ਕੈਂਪ ਦਾ ਉਦਘਾਟਨ ਜਥੇ ਦੇ ਸਤਿਕਾਰਯੋਗ ਮੈਂਬਰ ਸੁਖਦੇਵ ਸਿੰਘ ਤੇ ਹਰਦੇਵ ਸਿੰਘ ਦਿੱਲੀ ਵਾਲਿਆਂ ਨੇ ਕੀਤਾ।ਇਸ ਕੈਂਪ ਵਿੱਚ ਅੱਖਾਂ ਦੇ ਮਰੀਜ਼ਾਂ ਲਈ ਖਾਸ ਸਹੂਲਤ ਮੁਹੱਈਆ ਕਰਵਾਈ ਗਈ ਜਿਸ ਤਹਿਤ 110 ਤੋਂ ਦੀ ਕਰੀਬ ਮਰੀਜ਼ਾਂ ਦੇ ਅੱਖਾਂ ਦੇ ਮੋਤੀਏ ਦੇ ਆਪ੍ਰੇਸ਼ਨ ਲੈਨਜ਼ ਪਾ ਕੇ ਕੀਤੇ ਜਾਣਗੇ।



# ਬਲਾਕ ਸੰਮਤੀ ਦਿੜ੍ਹਬਾ ਦੀ ਚੋਣ



ਦਿੜ੍ਹਬਾ ਮੰਡੀ, 6 ਮਾਰਚ (ਸੁਖਵਿੰਦਰ ਸਿੰਘ ਵਿਰਕ): ਬਲਾਕ ਸੰਮਤੀ ਦਿੜ੍ਹਬਾ ਅਤੇ ਬਲਾਕ ਸੰਮਤੀ ਛਾਜਲੀ ਦੇ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੀ ਚੋਣ ਪ੍ਰਕਿਰਿਆ ਸੰਪੰਨ ਹੋਈ ਇਸ ਦੌਰਾਨ ਪਿੰਡ ਲਾਡਬਣਜਾਰਾ ਕਲਾਂ ਦੀ ਮਨਜੀਤ ਕੌਰ ਨੂੰ ਬਲਾਕ ਸੰਮਤੀ ਦਿੜ੍ਹਬਾ ਦਾ ਚੇਅਰਮੈਨ ਚੁਣਿਆ ਗਿਆ, ਜਦਕਿ ਪਿੰਡ ਮੌੜਾਂ ਦੀ ਪਰਮਜੀਤ ਕੌਰ ਮਾਨ ਨੂੰ ਵਾਈਸ ਚੇਅਰਮੈਨ ਵਜੋਂ ਚੁਣਿਆ ਗਿਆ। ਇਸੇ ਤਰ੍ਹਾਂ ਬਲਾਕ ਸੰਮਤੀ ਛਾਜਲੀ ਦੇ ਚੇਅਰਮੈਨ ਵਜੋਂ ਪਿੰਡ ਉਗਰਾਹਾਂ ਦੇ ਰਣਜੀਤ ਸਿੰਘ ਅਤੇ ਵਾਈਸ ਚੇਅਰਮੈਨ ਵਜੋਂ ਪਿੰਡ ਚੱਠਾ ਨਨਹੇੜਾ ਦੇ ਬਲਵੰਤ ਸਿੰਘ ਦੀ ਚੋਣ ਹੋਈ।ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦੇ ਓ.ਐੱਸ.ਡੀ. ਤਪਿੰਦਰ ਸਿੰਘ ਸੋਹੀ ਨੇ ਨਵੇਂ ਚੁਣੇ ਗਏ ਚੇਅਰਮੈਨਾਂ ਅਤੇ ਵਾਈਸ ਚੇਅਰਮੈਨਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਬਲਾਕ ਸੰਮਤੀਆਂ ਪਿੰਡ ਪੱਧਰ 'ਤੇ ਵਿਕਾਸ ਕਾਰਜਾਂ ਨੂੰ ਗਤੀ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਨੇ ਉਮੀਦ ਜਤਾਈ ਕਿ ਨਵੇਂ ਅਹੁਦੇਦਾਰ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਇਮਾਨਦਾਰੀ, ਪਾਰਦਰਸ਼ਤਾ ਅਤੇ ਤਨਦੇਹੀ ਨਾਲ ਨਿਭਾਉਂਦੇ ਹੋਏ ਖੇਤਰ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਰਹਿਣਗੇ। ਸੋਹੀ ਨੇ ਕਿਹਾ ਕਿ ਸਰਕਾਰ ਵੱਲੋਂ ਪਿੰਡਾਂ ਦਾ ਬੁਨਿਆਦੀ ਢਾਂਚਾਗਤ ਸੁਵਿਧਾਵਾਂ, ਸੜਕਾਂ, ਪੀਣ ਵਾਲੇ ਪਾਣੀ, ਸਿਹਤ ਅਤੇ ਸਿੱਖਿਆ ਖੇਤਰ ਵਿੱਚ ਵੱਡੇ ਪੱਧਰ 'ਤੇ ਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ ਅਤੇ ਬਲਾਕ ਸੰਮਤੀਆਂ ਦੀ ਸਹਿਯੋਗੀ ਭੂਮਿਕਾ ਨਾਲ ਇਹ ਯੋਜਨਾਵਾਂ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਹੋ ਸਕਦੀਆਂ ਹਨ।ਚੁਣੇ ਗਏ ਅਹੁਦੇਦਾਰਾਂ ਨੇ ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਉਹ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰਣ ਲਈ ਪੂਰੀ ਤਨਦੇਹੀ, ਇਮਾਨਦਾਰੀ ਅਤੇ ਪਾਰਦਰਸ਼ਿਤਾ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣਗੇ। ਬਲਾਕ ਪੱਧਰ 'ਤੇ ਵਿਕਾਸ ਕਾਰਜਾਂ ਨੂੰ ਤੀਵਰ ਗਤੀ ਨਾਲ ਅੱਗੇ ਵਧਾਇਆ ਜਾਵੇਗਾ ਤੇ ਪਿੰਡਾਂ ਦੇ ਸਮੁੱਚੇ ਵਿਕਾਸ ਲਈ ਸਰਕਾਰ ਦੀਆਂ ਲੋਕ-ਭਲਾਈ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕੀਤਾ ਜਾਵੇਗਾ। ਇਸ ਸਮਾਗਮ ਦੌਰਾਨ ਪਾਰਟੀ ਦੇ ਅਹੁਦੇਦਾਰਾਂ ਸਮੇਤ ਵੱਖ-ਵੱਖ ਪਿੰਡਾਂ ਤੋਂ ਆਏ ਪ੍ਰਤੀਨਿਧੀਆਂ ਨੇ ਨਵੇਂ ਅਹੁਦੇਦਾਰਾਂ ਦਾ ਸਨਮਾਨ ਕੀਤਾ।

# ਦੋ ਕਿਸਾਨਾਂ ਦੇ ਖੇਤਾਂ 'ਚ ਲੱਗੇ ਟਰਾਂਸਫਾਰਮਰਾਂ ਦੇ ਵਿੱਚੋਂ ਸਮਾਨ ਚੋਰੀ



ਮਲੋਟ, 6 ਮਾਰਚ (ਅਮਨਦੀਪ ਸਿੰਘ ਮਹਿਰਾ): ਇਲਾਕੇ ਵਿੱਚ ਟ੍ਰਾਂਸਫਾਰਮਰਾਂ ਵਿੱਚੋਂ ਤੇਲ ਅਤੇ ਹੋਰ ਸਮਾਨ ਚੋਰੀ ਹੋਣ ਦੀਆਂ ਘਟਨਾਵਾਂ ਲਗਾਤਾਰ ਸਾਹਮਣੇ ਆ ਰਹੀਆਂ ਹਨ। ਇਸੇ ਕੜੀ ਵਿੱਚ ਪਿੰਡ ਔਲਖ ਦੇ ਇੱਕ ਕਿਸਾਨ ਦੇ ਖੇਤ ਵਿੱਚ ਲੱਗੇ ਬਿਜਲੀ ਦੇ ਟ੍ਰਾਂਸਫਾਰਮਰ ਵਿੱਚੋਂ ਸਮਾਨ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਪਿੰਡ ਔਲਖ ਨਿਵਾਸੀ ਕਿਸਾਨ ਸੁਖਪਾਲ ਸਿੰਘ ਪੁੱਤਰ ਲਾਭ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਪਿੰਡ ਔਲਖ ਨੇ ਦੱਸਿਆ ਕਿ ਉਸ ਦਾ ਖੇਤ ਮੰਡੀ ਪਿੰਡ ਔਲਖ ਦੇ ਨਾਲ ਦੇ ਰਸਤੇ ਤੇ ਲੱਗਦਾ ਤੇ ਇਹ ਕਨੈਕਸ਼ਨ ਰਸਤੇ ਤੋਂ ਕਰੀਬ ਦੋ ਕਿੱਲੇ ਪਿੱਛੇ ਸੀ ਤੇ ਚਾਰ ਮਾਰਚ ਦੀ ਰਾਤ ਨੂੰ ਅਣਪਛਾਤੇ ਵਿਅਕਤੀਆਂ ਵੱਲੋਂ ਟ੍ਰਾਂਸਫਾਰਮਰ ਦੇ ਵਿੱਚੋਂ ਕੀਮਤੀ ਸਮਾਨ ਚੋਰੀ ਕਰ ਲਿਆ ਗਿਆ ਜਿਸ ਦਾ ਪਤਾ ਉਸ ਨੂੰ ਅਗਲੇ ਦਿਨ ਦਿਨ ਚੜ੍ਹਦਿਆਂ ਲੱਗਿਆ ਇਸੇ ਤਰਹਾਂ ਹੀ ਗੁਰਮੀਤ ਸਿੰਘ ਪੁੱਤਰ ਕਰਮ ਸਿੰਘ ਪੁੱਤਰ ਮੁਨਸ਼ੀ ਸਿੰਘ ਵਾਸੀ ਪਿੰਡ ਔਲਖ ਨੇ ਦੱਸਿਆ ਕਿ ਉਸ ਦਾ ਖੇਤ ਵੀ ਪਿਡੌਲਖ ਦੀ ਅਨਾਜ ਮੰਡੀ ਦੇ ਰਸਤੇ ਤੇ ਲੱਗਦਾ ਤੇ ਕਨੈਕਸ਼ਨ ਰਸਤੇ ਤੋਂ ਕਰੀਬ ਇਕ ਕਿਲਾ ਪਿੱਛੇ ਪਿੱਛੇ ਹੈ ਜਿਸ ਨੂੰ ਚਾਰ ਮਾਰਚ ਦੀ ਰਾਤ ਨੂੰ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਕੀਮਤੀ ਸਮਾਨ ਟਰਾਂਸਫਾਰਮਰ ਦੇ ਵਿੱਚੋਂ ਕੱਢ ਲਿਆ ਗਿਆ ਇਸ ਤੋਂ ਪਹਿਲਾਂ ਵੀ ਪਿੰਡ ਵਿੱਚ ਅਜਿਹੀਆਂ ਚੋਰੀ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ ਕਿਸਾਨਾਂ ਨੇ ਦੱਸਿਆ ਕਿ ਇਸ ਘਟਨਾ ਦਾ ਪਤਾ ਉਸ ਵੇਲੇ ਲੱਗਿਆ ਜਦੋਂ ਉਹ ਖੇਤ ਵਿੱਚ ਪਹੁੰਚਿਆ ਅਤੇ ਟ੍ਰਾਂਸਫਾਰਮਰ ਨੂੰ ਟੁੱਟੀ-ਫੁੱਟੀ ਹਾਲਤ ਵਿੱਚ ਪਿਆ ਦੇਖਿਆ ਕਿ ਟ੍ਰਾਂਸਫਾਰਮਰ ਤੋਂ ਸਮਾਨ ਚੋਰੀ ਹੋਣ ਕਾਰਨ ਉਸ ਦੇ ਖੇਤ ਦੀ ਬਿਜਾਈ ਪ੍ਰਭਾਵਿਤ ਹੋ ਰਹੀ ਹੈ, ਜਿਸ ਨਾਲ ਉਸ ਨੂੰ ਆਰਥਿਕ ਨੁਕਸਾਨ ਵੀ ਝੱਲਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਬਿਜਲੀ ਸਪਲਾਈ ਬੰਦ ਹੋਣ ਕਰਕੇ ਖੇਤੀ ਨਾਲ ਜੁੜੇ ਕਈ ਜ਼ਰੂਰੀ ਕੰਮ ਰੁਕ ਗਏ ਹਨ। ਕਿਸਾਨ ਨੇ ਸੰਬੰਧਿਤ ਵਿਭਾਗ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਮਾਮਲੇ ਦੀ ਜਾਂਚ ਕਰਕੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ ਅਤੇ ਜਲਦੀ ਤੋਂ ਜਲਦੀ ਨਵਾਂ ਟ੍ਰਾਂਸਫਾਰਮਰ ਜਾਰੀ ਕੀਤਾ ਜਾਵੇ, ਤਾਂ ਜੋ ਉਸ ਦੀ ਖੇਤੀ ਦਾ ਕੰਮ ਸੁਚਾਰੂ ਤਰੀਕੇ ਨਾਲ ਚੱਲ ਸਕੇ।

**SHRIRAM Finance**

**ਸ਼੍ਰੀਰਾਮ ਫਾਈਨੈਂਸ ਲਿਮਟਿਡ**

ਰਜਿਸਟਰਡ ਦਫ਼ਤਰ: ਲਿਮਟਿਡ ਰਜਿਸਟਰਡ ਦਵਤਰ ਸ਼੍ਰੀ ਟਾਵਰਜ਼, ਪਲਾਟ ਨੰ. 14ਏ, ਸਾਊਥ ਫੇਜ਼, ਇੰਡਸਟਰੀਅਲ ਅਸਟੇਟ, ਗਿੰਡੀ, ਚੇਨਈ ਤਾਮਿਲਨਾਡੂ-600032, ਤਾਮਿਲਨਾਡੂ, ਅਤੇ ਵੌਕਹਾਰਟ ਟਾਵਰਜ਼, ਲੈਵਲ-3, ਸੀ-2, ਜੀ ਬਲਾਕ, ਬਦਰਾ-ਕੁਰਲਾ ਕੰਪਲੈਕਸ, ਬਾਂਦਰਾ (ਪੂਰਬੀ) ਮੁੰਬਈ-40051

ਜ਼ੋਨਲ ਦਫਤਰ ਵਿਖੇ ਪਹਿਲੀ ਮੰਜ਼ਿਲ, ਐਸਸੀਓ 58, 59, ਜੀਕੇ ਮਾਲ, ਨੇੜੇ ਜਵੱਦੀ ਬ੍ਰਿਜ, ਕਨਾਲ ਰੋਡ, ਲੁਧਿਆਣਾ, ਲੁਧਿਆਣਾ

ਸ਼ਾਖਾ ਦਫਤਰ : ਰਾਇਲ ਕੰਪਲੈਕਸ ਦੁਕਾਨ ਨੰ. 26 ਨੇੜੇ ਅੰਬੇਡਕਰ ਚੌਕ ਸਮਾਣਾ 147101

**ਸੰਕੇਤਕ ਕਬਜ਼ਾ ਸੂਚਨਾ**

ਜਿੱਥੇ, ਹੇਠਾਂ ਹਸਤਾਖਰ ਕਰਨ ਵਾਲੇ ਨੇ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਉਕਤ ਐਕਟ) ਦੇ ਉਪਬੰਧਾਂ ਦੇ ਤਹਿਤ ਸ਼੍ਰੀਰਾਮ ਫਾਈਨੈਂਸ ਲਿਮਟਿਡ (SFL) ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 (ਉਕਤ ਨਿਯਮ) ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(12) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਕਰਜ਼ਦਾਰਾਂ ਦੇ ਵੇਰਵਿਆਂ ਨੂੰ ਮੰਗ ਨੋਟਿਸ ਜਾਰੀ ਕੀਤੇ।
ਜਿਨ੍ਹਾਂ ਵਿੱਚੋਂ ਹੇਠਾਂ ਦਿੱਤੀ ਸਾਰਣੀ ਵਿੱਚ ਉਕਤ ਮੰਗ ਨੋਟਿਸਾਂ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ ਦੱਸਿਆ ਗਿਆ ਹੈ। ਕਰਜ਼ਦਾਰ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ **3 ਮਾਰਚ**, 2026 ਨੂੰ ਉਕਤ ਨਿਯਮਾਂ ਦੇ ਨਿਯਮ 8 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(4) ਦੇ ਤਹਿਤ ਉਸਨੂੰ/ਉਸਨੂੰ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਮ ਅਤੇ ਪਤਾ | ਜਾਇਦਾਦ ਦਾ ਵੇਰਵਾ | ਮੰਗ ਨੋਟਿਸ ਅਨੁਸਾਰ ਬਕਾਇਆ ਰਕਮ ਅਤੇ ਮੰਗ ਸੂਚਨਾ ਦੀ ਮਿਤੀ |
|---|---|---|
| ਸ਼੍ਰੀ ਰਣਜੀਤ ਸਿੰਘ ਪੁੱਤਰ ਟਹਿਲ ਸਿੰਘ ਨਿਵਾਸੀ ਵਾਰਡ 03 ਚੀਮਾ ਕਲੋਨੀ, ਸਮਾਣਾ, ਪਟਿਆਲਾ ਪੰਜਾਬ-147101 ਸ਼੍ਰੀ ਗਗਨਦੀਪ ਸਿੰਘ ਪੁੱਤਰ ਰਣਜੀਤ ਸਿੰਘ, ਵਾਰਡ ਨੰਬਰ 3. ਚੀਮਾ ਕਲੋਨੀ, ਸਮਾਣਾ ਪਟਿਆਲਾ ਪੰਜਾਬ-147101 | 0 ਕਨਾਲ- 13 ਮਰਲੇ ਜ਼ਮੀਨ ਜਿਸ ਵਿੱਚ ਖੇਵਟ/ਖਟੌਨੀ ਨੰਬਰ 142/237, ਖਸਰਾ ਨੰਬਰ 110/5 (-19), 6/2 (4-0), 15 (6-4), 16 (2-11), 111//12 (7-12), 7/1/1 (2-12), 8 (-16), 9 (8-0), 10 (8-0), 11 (8-0), 12 (7-8), 111//119/1 (5-3), 20 (7-7), 21/2/2 (1-19), 22/1 (2-0), 26 (0-12), 28 (0-9), ਕੁੱਲ 80 ਕਨਾਲ 12 ਮਰਲੇ ਸ਼ਾਮਲ | 5394596.00 ਰੁਪਏ ਤਰਵੰਜਾ ਲੱਖ ਚੁਰਾਨਵੇਂ ਹਜ਼ਾਰ ਪੰਜ ਸੌ ਛਿਆਨਵੇਂ ਦਾ ਭੁਗਤਾਨ ਕਰਨਾ ਖਾਤਾ ਨੰਬਰ:- PATIATF1601270007 ਮੰਗ ਨੋਟਿਸ ਮਿਤੀ 10-12-2025 |

ਹਨ ਜਿਸ ਵਿੱਚੋਂ 13-1/3/612 ਹਿੱਸਾ ਪਿੰਡ ਸਮਾਣਾ ਵਿਖੇ ਸਥਿਤ ਹੈ, ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ, ਗਗਨਦੀਪ ਸਿੰਘ ਪੁੱਤਰ ਰਣਜੀਤ ਸਿੰਘ, ਪਿੰਡ ਚੀਮਾ ਕਲੋਨੀ, ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ ਦੀ ਮਲਕੀਅਤ ਹੈ।

ਇਹ ਨੋਟਿਸ ਆਮ ਜਨਤਾ ਨੂੰ ਇਹ ਵੀ ਚੇਤਾਵਨੀ ਦੇਣ ਲਈ ਹੈ ਕਿ SFL ਦਾ ਅਧਿਕਾਰਤ ਅਧਿਕਾਰੀ ਉੱਪਰ ਦੱਸੀ ਗਈ ਅਚੱਲ ਜਾਇਦਾਦ ਦੇ ਕਾਨੂੰਨੀ ਸੰਕੇਤਕ ਕਬਜ਼ੇ ਵਿੱਚ ਹੈ ਅਤੇ ਕਰਜ਼ਦਾਰ ਜਾਂ ਕੋਈ ਵੀ ਵਿਅਕਤੀ ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ, SFL ਦੀ ਪੂਰਵ ਲਿਖਤੀ ਸਹਿਮਤੀ ਤੋਂ ਬਿਨਾਂ, ਇਸ ਨੋਟਿਸ ਵਿੱਚ ਜ਼ਿਕਰ ਕੀਤੀ ਗਈ ਉਪਰੋਕਤ ਸੁਰੱਖਿਅਤ ਸੰਪਤੀਆਂ ਵਿੱਚੋਂ ਕਿਸੇ ਨੂੰ ਵੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਟ੍ਰਾਂਸਫਰ ਨਹੀਂ ਕਰੇਗਾ।

ਮਿਤੀ : 03.03.2026 | ਸਥਾਨ : ਪਟਿਆਲਾ | ਅਧਿਕਾਰਤ ਅਧਿਕਾਰੀ, ਸ਼੍ਰੀਰਾਮ ਫਾਇਨਾਂਸ ਲਿਮਟਿਡ

## ਪੰਜਾਬ ਸਰਕਾਰ ਵੱਲੋਂ ਗੁਰੂ ਜੀਆਂ ਦੇ 650ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਉਣੇ ਪ੍ਰਸ਼ੰਸਾ ਯੋਗ ਉਪਰਾਲੇ : ਸੰਤ ਜਗਦੀਸ਼ ਦਾਸ



ਖਨੌਰੀ, 6 ਮਾਰਚ (ਓਮਪ੍ਰਕਾਸ਼ ਮੁਆਲ): ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਸ਼ਿਰੋਮਣੀ ਸੰਤ ਸ੍ਰੀ ਗੁਰੂ ਰਵਿਦਾਸ ਜੀਆਂ ਦੇ 650 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਉਣ ਦੇ ਜ਼ੋ ਉਪਰਾਲੇ ਕਰਵਾਏ ਜਾ ਰਹੇ ਹਨ, ਉਹ ਪ੍ਰੰਸ਼ਸਾ ਯੋਗ ਹਨ। ਇਸ ਬਾਰੇ ਗੁਰੂ ਰਵਿਦਾਸ ਮੰਦਿਰ ਬੇਗਮਪੁਰਾ ਧਰਮ ਅਸਥਾਨ ਡੇਰਾ ਬੋਪੁਰ ਦੇ ਮੁੱਖ ਸੰਚਾਲਕ ਸ੍ਰੀ ਮਾਨ ਸੰਤ ਬਾਬਾ ਜਗਦੀਸ ਦਾਸ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰਤੀ ਪੰਜਾਬ ਅਤੇ ਹਰਿਆਣਾ ਦੀਆਂ ਸੰਗਤਾਂ ਵਿੱਚਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਸੰਗਤਾਂ ਵੱਲੋਂ ਪ੍ਰੋਗਰਾਮ ਰੱਖਕੇ ਸਤਸੰਗ ਕਰਵਾਏ ਜਾ ਰਹੇ ਹਨ। ਜਿਨ੍ਹਾਂ ਵਿੱਚ ਭਾਰੀ ਗਿਣਤੀ ਵਿੱਚ ਪੰਜਾਬ ਹਰਿਆਣਾ ਤੋਂ ਪਹੁੰਚ ਕੇ ਸੰਗਤਾਂ ਸਤਸੰਗ ਵਿਚ ਹਾਜ਼ਰੀ ਲਗਵਾਉਣ ਲਈ ਪਹੁੰਚ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਜਿਵੇਂ ਲੋਕ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਹਿੱਸਾ ਲੈ ਕੇ ਨਸ਼ਿਆਂ ਦੇ ਸਮੁੰਦਰ ਵਿੱਚ ਡੁੱਬ ਰਹੇ ਲੋਕਾਂ ਨੂੰ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਸਹਿਯੋਗ ਨਾਲ ਬਚਾ ਰਹੇ ਹਨ। ਇਸੇ ਪ੍ਰਕਾਰ ਗੁਰੂ ਜੀਆਂ ਦੇ 650 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮਾਂ ਵਿੱਚ ਹਿੱਸਾ ਲੈ ਕੇ ਲੋਕ ਨਸ਼ਿਆਂ ਅਤੇ ਭੇੜੀਆਂ ਸਮਾਜਿਕ ਬੁਰਾਈਆਂ ਦਾ ਤਿਆਗ ਕਰ ਰਹੇ ਹਨ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਮੁੱਚੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਦਾ ਧੰਨਵਾਦ ਪ੍ਰਗਟ ਕਰਦਿਆਂ ਦੱਸਿਆ ਕਿ ਗੁਰੂ ਰਵਿਦਾਸ ਜੀਆਂ ਦੇ 650 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮਾਂ ਵਿੱਚ ਪੂਰਾ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਹੁਣ ਵੀ ਹਰ ਰੋਜ਼ ਸੰਗਤਾਂ ਵੱਲੋਂ ਕੀਤੇ ਜਾ ਰਹੇ ਧਾਰਮਿਕ ਸਮਾਗਮਾਂ ਵਿੱਚ ਹਾਜ਼ਰੀ ਭਰਨ ਲਈ ਲਗਾਤਾਰ ਦਿਨ ਰਾਤ ਪਹੁੰਚ ਰਹੇ ਹਨ। ਇਸ ਮੌਕੇ ਉਨ੍ਹਾਂ ਨਾਲ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ, ਅੰਬੇਡਕਰ ਲੋਕ ਭਲਾਈ ਕਲੱਬ ਦੇ ਮੈਂਬਰ ਨਾਲ ਅਹੁੱਦੇਦਾਰ ਤੇ ਪਿੰਡ ਵਾਸੀ ਹਾਜ਼ਰ ਸਨ।

# ਰਾਮ ਨੌਮੀ ਸਬੰਧੀ 24 ਨੂੰ ਵਿਸ਼ਾਲ ਸ਼ੋਭਾ ਯਾਤਰਾ ਮਹਾਦੇਵ ਮੰਦਿਰ ਤੋਂ ਪੋਸਟਰ ਰਿਲੀਜ਼ : ਦੀਪਕ ਬਹਿਲ



ਟਾਂਡਾ ਉੜਮੁੜ, 6 ਮਾਰਚ (ਅਰਜੁਨ ਜੈਨ): ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਰਾਮ ਨੌਮੀ ਤਿਓਹਾਰ ਸਬੰਧੀ ਸਨਾਤਮ ਧਰਮ ਸਭਾ ਉੜਮੁੜ ਵੱਲੋਂ 24 ਮਾਰਚ ਨੂੰ ਮਹਾਦੇਵ ਮੰਦਿਰ ਤੋਂ ਕੱਢੀ ਜਾ ਰਹੀ ਸ਼ੋਭਾ ਯਾਤਰਾ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਸਭਾ ਦੇ ਪ੍ਰਧਾਨ ਦੀਪਕ ਬਹਿਲ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਦੁਸਹਿਰਾ ਕਮੇਟੀ ਤੋਂ ਇਲਾਵਾ ਟਾਂਡਾ, ਉੜਮੁੜ ਅਤੇ ਅਹਿਆਪੁਰ ਰਾਮਲੀਲਾ ਕਮੇਟੀ ਮੈਂਬਰਾਂ ਅਤੇ ਸ਼ਹਿਰ ਦੇ ਬੁੱਧੀਜੀਵੀਆਂ ਨੇ ਭਾਗ ਲਿਆ।

ਮੀਟਿੰਗ ਤੋਂ ਪਹਿਲਾਂ ਮਹਾਦੇਵ ਮੰਦਿਰ ਵਿੱਚ ਦੀਪਕ ਬਹਿਲ ਦੀ ਅਗਵਾਈ ਵਿੱਚ ਪੰਡਿਤ ਰਜਿੰਦਰ ਜੀ ਵੱਲੋਂ ਭਗਵਾਨ ਸ਼੍ਰੀ ਰਾਮ ਚੰਦਰ ਜੀ ਦੀ ਪੂਜਾ ਅਰਚਨਾ ਕਰਨ ਉਪਰੰਤ ਜੈ ਸ਼੍ਰੀ ਰਾਮ ਅਤੇ ਜੈ ਵੀਰ ਬਜਰੰਗੀ ਹਰ ਹਰ ਮਹਾਦੇਵ ਦੇ ਜੈਕਾਰੇ ਲਗਾ ਕੇ ਸ਼ੰਖਨਾਦ ਕੀਤਾ ਗਿਆ। ਇਸ ਮੌਕੇ ਤੇ ਉਨ੍ਹਾਂ ਨਾਲ ਮਹੰਤ ਮੁਰਲੀਧਰ, ਅਸ਼ੋਕ ਬਹਿਲ, ਸੁਰਿੰਦਰ ਨਈਅਰ, ਜੀਵਨ ਕੁਮਾਰ ਬਬਲੀ, ਸ਼ਿਵ ਸੈਨਾ ਪੰਜਾਬ ਦੇ ਉੱਤਰ ਭਾਰਤ ਪ੍ਰਮੁੱਖ ਮਿੱਕੀ ਪੰਡਿਤ, ਦਿਲਬਾਗ ਰਾਏ, ਸੁਭਾਸ਼ ਸੌਂਧੀ, ਸੰਜੀਵ ਸ਼ਰਮਾ, ਰਾਜਨ ਸੌਂਧੀ, ਰਣਜੀਤ ਜੀਤਾ, ਅਰੁਣ ਟੰਡਨ, ਰੋਹਿਤ ਟੰਡਨ, ਆਸ਼ੂ ਵੈਦ, ਬਾਬੂ ਰੂਪ ਲਾਲ, ਪਵਨ ਚੱਡਾ, ਸੋਨੂੰ ਖੁਲਰ, ਗੁਰਮੁਖ ਸਿੰਘ, ਸੋਨੂੰ ਖੁੱਲਰ, ਵਿਕਾਸ ਚੱਡਾ, ਵਿਨੋਦ ਕੁਮਾਰ ਸੁੰਦਰੀ, ਰਿੰਪਾ ਬਹਿਲ, ਨਵਦੀਪ ਛਿਤਰੂ, ਅਨਿਲ ਕੁਮਾਰ, ਹੀਰਾ ਪੁਰੀ, ਸ਼ੁਭਮ ਬਿੱਲਾ, ਪਰਮਜੀਤ ਬਾਬੂ, ਅਰੁਣ ਪੁਰੀ, ਦੇਵ ਸ਼ਰਮਾ, ਰਾਜ ਠਾਕੁਰ, ਰਿੰਪਾ ਬਹਿਲ, ਆਤਮਜੀਤ ਸਿੰਘ ਸੋਢੀ, ਸੇਠ ਰਾਮ ਸੇਠੀ, ਬਿਮਲ ਅਰੋੜਾ, ਸਾਹਿਬ ਸਿੰਘ ਅਰੁਣ ਪੁਰੀ, ਸੋਬਤੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਧਾਰਮਿਕ ਸੰਸਥਾਵਾਂ ਦੇ ਸ਼ਰਧਾਲੂਆਂ ਨੇ ਪ੍ਰਭੂ ਦੇ ਚਰਨਾਂ ਵਿੱਚ ਫੁੱਲ ਅਰਪਣ ਕੀਤੇ।

ਮੀਟਿੰਗ ਚ ਸ਼ਾਮਿਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਸਨਾਤਨ ਧਰਮ ਸਭਾ ਉੜਮੁੜ ਦੇ ਪ੍ਰਧਾਨ ਦੀਪਕ ਬਹਿਲ ਨੇ ਕਿਹਾ ਕਿ 26 ਮਾਰਚ ਨੂੰ ਮਰਿਆਦਾ ਪੁਰਸ਼ੋਤਮ ਭਗਵਾਨ ਸ਼੍ਰੀ ਰਾਮ ਚੰਦਰ ਜੀ ਦੇ ਪਵਿੱਤਰ ਅਵਤਾਰ ਦਿਵਸ ਸਬੰਧੀ 24 ਮਾਰਚ ਨੂੰ ਸ਼ਹਿਰ ਦੀਆਂ ਵੱਖ-ਵੱਖ ਧਾਰਮਿਕ ਸੰਸਥਾਵਾਂ ਦੇ ਸਹਿਯੋਗ ਨਾਲ ਮਹਾਂਦੇਵ ਮੰਦਿਰ ਤੋਂ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਜਾ ਰਹੀ ਹੈ ਜਿਸ ਦੀਆਂ ਤਿਆਰੀਆਂ ਸਬੰਧੀ ਵੱਖ-ਵੱਖ ਕਮੇਟੀਆਂ ਦਾ ਗਠਨ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਸੀ ਮਤਭੇਦ ਭੁਲਾ ਕੇ ਭਗਵਾਨ ਸ਼੍ਰੀ ਰਾਮ ਚੰਦਰ ਜੀ ਦੇ ਅਵਤਾਰ ਦਿਵਸ ਨੂੰ ਸਮਰਪਿਤ 24 ਮਾਰਚ ਨੂੰ ਕੱਢੀ ਜਾ ਰਹੀ ਇਸ ਅਲੌਕਿਕ ਸ਼ੋਭਾ ਯਾਤਰਾ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਇਸ ਸ਼ੋਭਾ ਯਾਤਰਾ ਵਿੱਚ ਪ੍ਰਭੂ ਸ਼੍ਰੀ ਰਾਮ ਚੰਦਰ ਜੀ, ਮਾਤਾ ਸੀਤਾ, ਲਕਸ਼ਮਣ ਅਤੇ ਵੀਰ ਬਜਰੰਗ ਬਲੀ ਤੋਂ ਇਲਾਵਾ ਕਈ ਤਰ੍ਹਾਂ ਦੇ ਸਰੂਪਾਂ ਨਾਲ ਸਜਾਈਆਂ ਗਈਆਂ ਝਾਕੀਆਂ ਸੁਸ਼ੋਭਿਤ ਹੋਣਗੀਆਂ। ਇਸ ਮੀਟਿੰਗ ਦੇ ਆਖਿਰ ਵਿੱਚ ਪ੍ਰਧਾਨ ਦੀਪਕ ਬਹਿਲ ਤੋਂ ਇਲਾਵਾ ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਨੇ 24 ਮਾਰਚ ਨੂੰ ਕੱਢੀ ਜਾ ਰਹੀ ਵਿਸ਼ਾਲ ਸ਼ੋਭਾ ਯਾਤਰਾ ਦਾ ਪੋਸਟਰ ਰਿਲੀਜ਼ ਕੀਤਾ।

## ਆਯੁਸ਼ਮਾਨ ਅਰੋਗਿਆ ਕੇਂਦਰ ਨੰਗਲ ਬਿਹਾਲਾ ਵਿਖੇ ਟੀ ਬੀ ਦੀ ਕੈਂਪ

ਦਸੂਹਾ, 6 ਮਾਰਚ (ਰਾਜਿੰਦਰ ਸਿੰਘ ਦਸੂਹਾ): ਸਿਵਲ ਸਰਜਨ ਹੁਸ਼ਿਆਰਪੁਰ ਡਾਕਟਰ ਮਨਦੀਪ ਕਮਲ ਦੇ ਦਿਸ਼ਾ ਨਿਰਦੇਸ਼ ਅਤੇ ਸੀਨੀਅਰ ਮੈਡੀਕਲ ਅਫਸਰ ਰੋਹਿਤ ਬਰੂਟਾ ਤੇ ਜਿਲਾ ਤਪਦਿਕ ਸ਼ਕਤੀ ਸ਼ਰਮਾ ਦੀ ਯੋਗ ਅਗਵਾਈ ਹੇਠ ਅਫਸਰ ਆਯੁਸ਼ਮਾਨ ਅਰੋਗਿਆ ਕੇਂਦਰ ਨੰਗਲ ਬਿਹਾਲਾ ਵਿਖੇ ਟੀ ਬੀ ਦੀ ਜਾਂਚ ਤੇ ਐਕਸ ਰੇ ਕੀਤੇ | ਇਸ ਕੈਂਪ ਦੌਰਾਨ ਰੇਡੀਓਗ੍ਰਫਰ ਕਮਲਜੀਤ ਕੌਰ ਦੁਆਰਾ



ਟੀ ਬੀ ਮੁਕਤ ਅਭਿਆਨ ਤਹਿਤ ਛਾਤੀ ਦੇ 130 ਐਕਸ ਰੇ ਕੀਤੇ ਗਏ ਤੇ ਸ਼ੱਕੀ ਮਰੀਜ਼ਾਂ ਦੀ ਪਛਾਣ ਕੀਤੀ ਗਈ | ਇਸ ਤੋਂ ਬਾਅਦ ਇਹਨਾਂ ਦੇ ਟੈਸਟ ਵੀ ਭੇਜੇ ਜਾਣਗੇ ਜੇਕਰ ਕੋਈ ਪੋਜੀਟਿਵ ਆਇਆ ਤਾਂ ਉਸ ਦਾ ਇਲਾਜ ਸਿਹਤ ਵਿਭਾਗ ਵੱਲੋਂ ਮੁਫਤ ਕੀਤਾ ਜਾਵੇਗਾ| ਇਸ ਮੌਕੇ ਐਸ, ਟੀ. ਐਸ ਮਾਨ ਸਿੰਘ ਤੇ ਸਿਹਤ ਕਰਮਚਾਰੀ ਸੁਨੀਲ ਕੁਮਾਰ ਨੇ ਦੱਸਿਆ ਟੀ ਬੀ ਦਾ ਮਰੀਜ਼ ਜਦੋਂ ਵੀ ਖੰਗਦਾ ਹੈ ਤਾਂ ਟੀ ਬੀ ਦੇ ਕੀਟਾਣੂ ਹਵਾ ਵਿੱਚ ਫੈਲ ਜਾਂਦੇ ਹਨ| ਜਿਹੜਾ ਵੀ ਇਨਸਾਨ ਇਸ ਹਵਾ ਚ ਸਾਹ ਲੈਂਦਾ ਹੈ , ਉਸ ਦੇ ਸਰੀਰ ਚ ਟੀ ਬੀ ਦੇ ਕੀਟਾਣੂ ਚਲ ਜਾਂਦੇ ਹਨ |ਜੇਕਰ ਵਿਅਕਤੀ ਦੀ ਇਮਿਊਨਟੀ ਮਜਬੂਤ ਹੈ ਤਾਂ ਕੀਟਾਣੂ ਖਤਮ ਹੋ ਜਾਂਦੇ ਹਨ |ਟੀ ਬੀ ਦਾ ਮਰੀਜ਼ ਨੂੰ ਹਮੇਸ਼ਾ ਖੰਗਦੇ ਸਮੇਂ ਮੂੰਹ ਢੱਕ ਕੇ ਰੱਖਣਾ ਚਾਹੀਦਾ ਤੇ ਪੌਸ਼ਟਿਕ ਭੋਜਨ ਖਾਣਾ ਚਾਹੀਦਾ ਹੈ | ਇਸ ਮੌਕੇ ਐਸ ,ਟੀ ,ਐਸ ਮਾਨ ਸਿੰਘ , ਸੀ ਐਚ ਓ ਪ੍ਰਿਅੰਕਾ ,ਸਿਹਤ ਕਰਮਚਾਰੀ ਸੁਨੀਲ ਕੁਮਾਰ, ਪਰਮਜੀਤ ਕੌਰ ਮਲਟੀਪਰਪਜ ਹੈਲਥ ਵਰਕਰ ਫੀਮੇਲ ਆਸ਼ਾ ਪਰਵੀਨ ਕੁਮਾਰੀ, ਜਸਵੀਰ ਕੌਰ ,ਰੇਖਾ ਰਾਣੀ ,ਅੰਜਨਾ ਕੁਮਾਰੀ ਤੇ ਪਿੰਡ ਵਾਸੀ ਹਾਜ਼ਰ ਸਨ।

**ਇੰਡੀਅਨ ਬੈਂਕ Indian Bank**
**ਇਲਾਹਾਬਾਦ ALLAHABAD**

ਜ਼ੋਨਲ ਦਫ਼ਤਰ ਐਸਸੀਓ 49-50,
ਬੈਂਕ ਸਕੁਏਅਰ, ਸੈਕਟਰ 17-ਬੀ, ਚੰਡੀਗੜ੍ਹ-160017
ਫੋਨ: 0172-5033791, ਈ-ਮੇਲ ਆਈਡੀ:
zochandigarh@indianbank.co.in

**ਈ-ਨਿਲਾਮੀ ਵਿਕਰੀ ਸੂਚਨਾ**

**ਚੱਲ/ਅਚੱਲ ਸੰਪੱਤੀ/ਆਂ ਦੀ ਵਿਕਰੀ ਲਈ ਸੂਚਨਾ**

ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਅਧੀਨ ਚੱਲ/ਅਚੱਲ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ, ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 6(2) ਅਤੇ 9(1) ਦੇ ਪ੍ਰਾਵਧਾਨ ਦੇ ਨਾਲ ਪੜਿਆ ਜਾਂਦਾ ਹੈ।
ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ(ਆਂ) ਅਤੇ ਗਾਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਚੱਲ/ਅਚੱਲ ਸੰਪਤੀ ਜੋ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀ ਗਈ/ਵਸੂਲ ਕੀਤੀ ਗਈ ਹੈ, ਜਿਸਦਾ ਭੌਤਿਕ ਕਬਜ਼ਾ ਇੰਡੀਅਨ ਬੈਂਕ ਦੇ ਅਧਿਕਾਰਤ ਅਧਿਕਾਰੀ, ਸੁਰੱਖਿਅਤ ਲੈਣਦਾਰ ਦੁਆਰਾ ਲਿਆ ਗਿਆ ਹੈ, ਨੂੰ ਹੇਠਾਂ ਦੱਸੇ ਗਏ ਕਰਜ਼ਦਾਰ(ਆਂ) ਅਤੇ ਗਾਰੰਟਰਾਂ ਤੋਂ ਸੁਰੱਖਿਅਤ ਲੈਣਦਾਰ ਨੂੰ ਬਕਾਇਆ ਵਸੂਲੀ ਲਈ ਹੇਠਾਂ ਦੱਸੀ ਗਈ ਮਿਤੀ ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜਿਵੇਂ ਵੀ ਹੈ ਦੇ ਆਧਾਰ 'ਤੇ" ਵੇਚਿਆ ਜਾਵੇਗਾ। ਰਿਜ਼ਰਵ ਕੀਮਤ ਅਤੇ ਅਰਨੈਸਟ ਮਨੀ ਡਿਪਾਜ਼ਿਟ ਅਤੇ ਅਚੱਲ ਸੰਪਤੀਆਂ ਦਾ ਵੇਰਵਾ ਵੀ ਇੱਥੇ ਹੇਠਾਂ ਦਿੱਤਾ ਗਿਆ ਹੈ:-

| ਸ਼ਾਖਾ ਅਤੇ ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ | ਸੰਕੇਤਕ/ਭੌਤਿਕ ਕਬਜ਼ੇ ਦੀ ਕਿਸਮ ਵਾਲੀਆਂ ਅਚੱਲ ਸੰਪੱਤੀ/ਆਂ ਦੇ ਵੇਰਵੇ | ਸੁਰੱਖਿਅਤ ਕਰਜ਼ ਦੀ ਰਕਮ | ਰਾਖਵੀਂ ਕੀਮਤ | ਬਿਆਨਾ ਰਕਮ / ਬੋਲੀ ਵਾਧਾ ਰਕਮ / ਸੰਪੱਤੀਆਈਡੀ |
|---|---|---|---|---|
| ਸ਼ਾਖਾ ਦਫ਼ਤਰ : ਪੋਲੋ ਗਰਾਊਂਡ, ਪਟਿਆਲਾ Ph. No. : 0175-5014373, 9041271304 E-Mail ID patiala@indianbank.co.in<br>1. ਮੈਸਰਜ਼ ਪਲੈਟੀਨਮ ਟੌਇਜ਼ ਪ੍ਰਾਈਵੇਟ ਲਿਮਟਿਡ (ਕਰਜ਼ਦਾਰ ਅਤੇ ਗਿਰਵੀਕਾਰ), ਰਜਿਸਟਰਡ ਦਫ਼ਤਰ: ਖੇਵਟ ਖਾਤਾ ਨੰਬਰ 5/5, ਖਸਰਾ ਨੰਬਰ 198/17 ਮਿਨ (2-19), ਪਿੰਡ ਮੁਗਲਮਾਜਰਾ, ਸਬ ਤਹਿਸੀਲ ਘਨੌਰ, ਪਟਿਆਲਾ, ਪੰਜਾਬ-140702 2) ਸ਼੍ਰੀ ਰਤਨਦੀਪ ਗਰਾਂਗ (ਮ੍ਰਿਤਕ) ਪੁੱਤਰ ਸ਼੍ਰੀ ਕੇਵਲ ਕ੍ਰਿਸ਼ਨ (ਡਾਇਰੈਕਟਰ ਅਤੇ ਜ਼ਾਮਨ), ਮ੍ਰਿਤਕ ਤੋਂ ਬਾਅਦ ਦੁਆਰਾ ਉਨ੍ਹਾਂ ਦੇ ਕਾਨੂੰਨੀ ਵਾਰਸਾਂ - (1) ਸ਼੍ਰੀਮਤੀ ਪ੍ਰੀਤੀ ਗਰਾਂਗ ਪਤਨੀ ਸਵਰਗੀ ਸ਼੍ਰੀ ਰਤਨਦੀਪ ਗਰਾਂਗ, (ii) ਸਵਰਗੀ ਸ਼੍ਰੀ ਰਤਨਦੀਪ ਗਰਾਂਗ ਦੇ ਨਾਬਾਲਗ ਬੱਚੇ ਉਨ੍ਹਾਂ ਦੀ ਮਾਤਾ ਸ਼੍ਰੀਮਤੀ ਪ੍ਰੀਤੀ ਗਰਾਂਗ ਦੁਆਰਾ ਕੁਦਰਤੀ ਸਰਪ੍ਰਸਤ ਵਜੋਂ। ਪਤਾ: | ਮੈਸਰਜ਼ ਪਲੈਟੀਨਮ ਟੌਇਜ਼ ਪ੍ਰਾਈਵੇਟ ਲਿਮਟਿਡ ਮੁਗਲਮਾਜਰਾ, ਸਬ ਤਹਿਸੀਲ ਘਨੌਰ, ਪੰਜਾਬ ਵਿਖੇ ਸਥਿਤ ਉਦਯੋਗਿਕ ਪਲਾਟ ਅਤੇ ਇਮਾਰਤ ਦੇ ਸਾਰੇ ਭਾਗ ਅਤੇ ਹਿੱਸੇ ਮੈਸਰਜ਼ ਪਲੈਟੀਨਮ ਟੌਇਜ਼ ਪ੍ਰਾਈਵੇਟ ਲਿਮਟਿਡ ਦੇ ਨਾਮ 'ਤੇ 1.2897 ਏਕੜ (6 ਵਿੱਘਾ 3 ਬਿਸਵਾ 17 ਬਿਸਵਾਸੀ) ਮਾਪ ਜੋ ਕਿ ਸਬ ਰਜਿਸਟਰਾਰ ਗੈਨੋਰ ਨਾਲ ਰਜਿਸਟਰਡ ਵਿਕਰੀ ਡੀਡ ਨੰਬਰ 260 ਮਿਤੀ 27.07.2020, 788 ਮਿਤੀ 18.12.2020 ਅਤੇ 375 ਮਿਤੀ 04.09.2020 ਅਨੁਸਾਰ, ਜਿਸ ਵਿੱਚ ਮੈਸਰਜ਼ ਪਲੈਟੀਨਮ ਟੌਇਜ਼ ਪ੍ਰਾਈਵੇਟ ਲਿਮਟਿਡ ਦੀ ਇਕਾਈ ਵਿੱਚ ਪਏ ਪਲਾਂਟ ਅਤੇ ਮਸ਼ੀਨਰੀ ਸ਼ਾਮਲ ਹਨ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ: 1) ਲੇਜ਼ਰ ਮਾਰਕਿੰਗ ਮਸ਼ੀਨ (ਬਣਾਉਣ: SLTL ਸਮੂਹ)। 2) ਹਿਊਗ ਪ੍ਰੀਸੀਜ਼ਨ ਸੋਲਡਰ ਪੇਸਟ ਪ੍ਰਿੰਟਰ ਮਸ਼ੀਨ (ਬਣਾਉਣ: Sumilax SMTT ਤਕਨਾਲੋਜੀ)। 3) ਇੰਜੈਕਸ਼ਨ ਮੋਲਡਿੰਗ ਮਸ਼ੀਨ 100 ਟਨ (ਬਣਾਉਣ: JRD ਰਬੜ ਅਤੇ ਪਲਾਸਟਿਕ ਤਕਨਾਲੋਜੀ)। 4) ਆਟੋਮੇਸ਼ਨ (ਬਣਾਉਣ: K & G ਆਟੋਮੇਸ਼ਨ)। 5) ਮੋਲਡ ਪਲੇਟਾਂ (ਬਣਾਉਂਦੀਆਂ ਹਨ: ਮੱਕੜ ਸਟੀਲ ਕੰਪਨੀ)। 6) ELGI ਕੰਪ੍ਰੈਸਰ (ਅੰਦਰੂਨੀ ਹਿੱਸਾ)। 7) ਰਿਪਟ ਮਸ਼ੀਨ। (ਕਬਜ਼ੇ ਦੀ ਕਿਸਮ: ਭੌਤਿਕ ਕਬਜ਼ਾ) | ਰੁ. 2,31,76,397.00 (ਦੋ ਕਰੋੜ ਇਕੱਤੀ ਲੱਖ ਛਿਅੱਤਰ ਹਜ਼ਾਰ ਤਿੰਨ ਸੌ ਸਤਾਨਵੇਂ ਰੁਪਏ ਕੇਵਲ) 05.03.2026 ਨੂੰ, 06.03.2026 ਤੋਂ ਵਿਆਜ, ਲਾਗਤਾਂ, ਹੋਰ ਖਰਚਿਆਂ ਅਤੇ ਇਸ 'ਤੇ ਖਰਚਿਆਂ ਸਮੇਤ। | ਜ਼ਮੀਨ ਅਤੇ ਇਮਾਰਤ: 1,96,41,000/- ਰੁਪਏ (ਇੱਕ ਕਰੋੜ ਛਿਆਨਵੇਂ ਲੱਖ ਇੱਕਤਾਲੀ ਹਜ਼ਾਰ ਰੁਪਏ ਕੇਵਲ) ਪਲਾਂਟ ਅਤੇ ਮਸ਼ੀਨਰੀ: 18,67,000/- ਰੁਪਏ (ਅਠਾਰਾਂ ਲੱਖ ਸਤਾਹਠ ਹਜ਼ਾਰ ਰੁਪਏ ਕੇਵਲ) ਲਾਗੂ ਦਰਾਂ ਅਨੁਸਾਰ ਜੀਐਸਟੀ ਤੋਂ ਇਲਾਵਾ<br>ਕੁੱਲ ਸੰਯੁਕਤ ਰਿਜ਼ਰਵ ਕੀਮਤ: 2,15,08,000/- ਰੁਪਏ (ਦੋ ਕਰੋੜ ਪੰਦਰਾਂ ਲੱਖ ਅੱਠ ਹਜ਼ਾਰ ਰੁਪਏ ਕੇਵਲ) ਪਲਾਂਟ ਅਤੇ ਮਸ਼ੀਨਰੀ 'ਤੇ ਲਾਗੂ ਦਰਾਂ ਅਨੁਸਾਰ ਜੀਐਸਟੀ ਤੋਂ ਇਲਾਵਾ। | Rs. 21,50,800/-<br>Rs. 50,000/-<br>IDIB333841659501 |

732/6, ਆਦਰਸ਼ ਕਲੋਨੀ, ਭਾਦਸੋਂ ਰੋਡ, ਪਟਿਆਲਾ, ਪੰਜਾਬ - 147001.3) ਸ਼੍ਰੀਮਤੀ ਪ੍ਰੀਤੀ ਗਰਾਂਗ ਪਤਨੀ ਸ਼੍ਰੀ. ਰਤਨਦੀਪ ਗਰਾਂਗ (ਜ਼ਾਮਨ), ਪਤਾ: 732/6, ਆਦਰਸ਼ ਕਲੋਨੀ, ਭਾਦਸੋਂ ਰੋਡ, ਪਟਿਆਲਾ, ਪੰਜਾਬ - 147001 4) ਸ਼੍ਰੀ ਕੇਵਲ ਕ੍ਰਿਸ਼ਨ ਪੁੱਤਰ ਸ਼੍ਰੀ ਓਮ ਪ੍ਰਕਾਸ਼ (ਡਾਇਰੈਕਟਰ ਅਤੇ ਜ਼ਾਮਨ), ਪਤਾ: 732/6, ਆਦਰਸ਼ ਕਲੋਨੀ, ਭਾਦਸੋਂ ਰੋਡ, ਪਟਿਆਲਾ, ਪੰਜਾਬ 147001 5) ਸ਼੍ਰੀਮਤੀ ਗੁਰਬਖਸ਼ ਕੌਰ ਪਤਨੀ ਸ਼੍ਰੀ ਕੇਵਲ ਕ੍ਰਿਸ਼ਨ (ਗਿਰਵੀਕਾਰ/ਜ਼ਾਮਨ), ਪਤਾ: 732/6, ਆਦਰਸ਼ ਕਲੋਨੀ, ਭਾਦਸੋਂ ਰੋਡ, ਪਟਿਆਲਾ, ਪੰਜਾਬ 147001 6) ਮੈਸਰਜ਼ ਵੀਸੀਸੀ ਕੰਸਲਟੈਂਟਸ ਪ੍ਰਾਈਵੇਟ ਲਿਮਟਿਡ (ਕਾਰਪੋਰੇਟ ਜ਼ਾਮਨ) ਪਤਾ: ਰਜਿਸਟਰਡ ਦਫ਼ਤਰ: ਦੁਕਾਨ ਨੰਬਰ 46, ਲੀਲਾ ਭਵਨ, ਪਟਿਆਲਾ, ਪੰਜਾਬ

| | |
|---|---|
| **ਦਸਤਾਵੇਜ਼ਾਂ ਦੀ ਜਾਂਚ ਦੀ ਮਿਤੀ | 09.03.2026 ਤੋਂ 24.03.2026 ਤੱਕ ਸਵੇਰੇ 10:00 ਵਜੇ ਤੋਂ ਸ਼ਾਮ 04:00 ਵਜੇ ਦੇ ਵਿਚਾਲੇ |
| **ਈ-ਨਿਲਾਮੀ ਮੋਡ ਰਾਹੀਂ ਬੋਲੀ ਜਮ੍ਹਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ | 25.03.2026 (ਬੁੱਧਵਾਰ) ਭਾਵ ਈ-ਨਿਲਾਮੀ ਦੀ ਮਿਤੀ ਅਤੇ ਪੋਰਟਲ ਵਿਚ ਈ-ਨਿਲਾਮੀ ਦੀ ਸਮਾਪਤੀ ਤੋਂ ਪਹਿਲਾਂ |
| ਬੋਲੀ ਜਮ੍ਹਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ | 25.03.2026 (ਬੁੱਧਵਾਰ) ਸਵੇਰੇ 11.00 ਵਜੇ ਤੋਂ ਸ਼ਾਮ 05.00 ਵਜੇ ਤੱਕ (ਵਿਕਰੀ ਦੇ ਮੁਕੰਮਲ ਹੋਣ ਤੱਕ ਹਰ ਵਾਰ 10 ਮਿੰਟਾਂ ਦੇ ਅਸੀਮਿਤ ਵਾਧੇ ਨਾਲ) |

ਇਹ ਪ੍ਰਕਾਸ਼ਨ ਸੁਰੱਖਿਆ ਹਿੱਤ (ਲਾਗੂ ਕਰਨ) ਨਿਯਮਾਂ, 2002 ਦੇ ਨਿਯਮ 6(2) ਅਤੇ 9(1)/8(6) ਦੇ ਤਹਿਤ ਉਪਰੋਕਤ ਕਰਜ਼ਦਾਰ(ਆਂ) ਅਤੇ ਜ਼ਾਮਨ(ਾਂ) ਨੂੰ 15 ਦਿਨਾਂ ਦਾ ਸੂਚਨਾ ਵੀ ਹੈ।

ਬੋਲੀਦਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਔਨਲਾਈਨ ਬੋਲੀ ਵਿੱਚ ਹਿੱਸਾ ਲੈਣ ਲਈ ਸਾਡੇ ਈ-ਨਿਲਾਮੀ ਸੇਵਾ ਪ੍ਰਦਾਤਾ PSB ਅਲਾਇੰਸ ਪ੍ਰਾਈਵੇਟ ਲਿਮਟਿਡ ਦੀ ਵੈੱਬਸਾਈਟ (https://baanknet.com) 'ਤੇ ਜਾਣ। ਤਕਨੀਕੀ ਸਹਾਇਤਾ ਲਈ ਕਿਰਪਾ ਕਰਕੇ PSB ਅਲਾਇੰਸ ਪ੍ਰਾਈਵੇਟ ਲਿਮਟਿਡ ਨੂੰ ਕਾਲ ਕਰੋ। ਲਿਮਟਿਡ ਹੈਲਪਡੈਸਕ ਨੰਬਰ 8291220220, ਈਮੇਲ ਆਈਡੀ:- support.baanknet@psballiance.com ਅਤੇ ਸੇਵਾ ਪ੍ਰਦਾਤਾ ਹੈਲਪ ਡੈਸਕ ਵਿੱਚ ਉਪਲਬਧ ਹੋਰ ਹੈਲਪ ਲਾਈਨ ਨੰਬਰ। ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਨਾਲ ਰਜਿਸਟ੍ਰੇਸ਼ਨ ਸਥਿਤੀ ਅਤੇ ਈਐਮਡੀ ਸਥਿਤੀ ਲਈ, ਕਿਰਪਾ ਕਰਕੇ support.baanknet@psballiance.com 'ਤੇ ਸੰਪਰਕ ਕਰੋ। ਜਾਇਦਾਦ ਦੇ ਵੇਰਵਿਆਂ ਅਤੇ ਫੋਟੋ ਅਤੇ ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਇੱਥੇ ਜਾਓ: https://baanknet.com ਅਤੇ ਇਸ ਪੋਰਟਲ ਨਾਲ ਸਬੰਧਤ ਸਪਸ਼ਟੀਕਰਨ ਲਈ, ਕਿਰਪਾ ਕਰਕੇ ਹੈਲਪਡੈਸਕ ਨੰਬਰ 8291220220 'ਤੇ ਸੰਪਰਕ ਕਰੋ। ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ https://baanknet.com ਨਾਲ ਵੈੱਬਸਾਈਟ ਵਿੱਚ ਜਾਇਦਾਦ ਦੀ ਖੋਜ ਕਰਦੇ ਸਮੇਂ ਉੱਪਰ ਦੱਸੇ ਗਏ ਜਾਇਦਾਦ ਆਈਡੀ ਨੰਬਰ ਦੀ ਵਰਤੋਂ ਕਰਨ।

ਮਿਤੀ: 06.03.2026 | ਸਥਾਨ: ਚੰਡੀਗੜ੍ਹ | ਅਧਿਕਾਰਤ ਅਧਿਕਾਰੀ

# ਬਾਦਲਾ ਨੇ ਹਮੇਸ਼ਾ ਪੰਥ ਦੀ ਪਿੱਠ ਵਿੱਚ ਛੁਰਾ ਮਾਰਿਆ ਤੇ ਪੰਥ ਦੇ ਨਾਂ ਤੇ ਹਮੇਸ਼ਾ ਲੋਕਾਂ ਨੂੰ ਗੁੰਮਰਾਹ ਕੀਤਾ : ਖਾਰਾ



ਸਰਦੂਲਗੜ੍ਹ, 6 ਮਾਰਚ (ਲਛਮਣ ਸਿੱਧੂ): ਅਕਾਲੀ ਦਲ ਬਾਦਲ ਨੇ ਹਮੇਸ਼ਾ ਹੀ ਪੰਥ ਦੀ ਪਿੱਠ ਵਿੱਚ ਛੁਰਾ ਮਾਰਿਆ ਅਤੇ ਬਾਦਲਾ ਨੇ ਪੰਥ ਦੇ ਨਾਂ ਤੇ ਲੋਕਾਂ ਨੂੰ ਗੁਮਰਾਹ ਕਰਕੇ ਵੋਟਾਂ ਮੰਗੀਆਂ ਅਤੇ ਪੰਥ ਨੂੰ ਹਮੇਸ਼ਾ ਹੀ ਆਪਣੇ ਨਿੱਜ ਹਿੱਤ ਲਈ ਵਰਤਿਆ। ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਵਾਰਿਸ ਪੰਜਾਬ ਦੇ ਸਰਦੂਲਗੜ੍ਹ ਤੋਂ ਇੰਚਾਰਜ ਐਡਵੋਕੇਟ ਇਮਾਨ ਸਿੰਘ ਖਾਰਾ ਨੇ ਪ੍ਰੈਸ ਬਿਆਨ ਰਾਹੀ ਜਾਣਕਾਰੀ ਦਿਆ ਕਿਹਾ ਕਿ ਬਾਦਲਾਂ ਨੇ ਪੰਥ ਦੇ ਨਾਂ ਤੇ ਸਿੱਖਾਂ ਨੂੰ ਗੁਮਰਾਹ ਕਰਕੇ ਰਾਜ ਗੱਦੀ ਪ੍ਰਾਪਤ ਕੀਤੀ ਅਤੇ ਉਸ ਤੋਂ ਬਾਅਦ ਸਿੱਖ ਪੰਥ ਦਾ ਹੀ ਘਾਣ ਕੀਤਾ ਸਿੱਖਾਂ ਨੂੰ ਲੁੱਟਿਆ ਅਤੇ ਕੁੱਟਿਆ । ਵੋਟਾਂ ਲਈ ਢੌਂਗੀ ਪਖੰਡੀ ਦੇਹਧਾਰੀ ਗੁਰੂਆਂ ਪੈਰਾਂ ਵਿੱਚ ਡਿੱਗ ਕੇ ਅਤੇ ਡੇਰਿਆਂ ਦੀ ਪੁਸਤ ਪਨਾਹੀ ਕਰਕੇ ਸਿੱਖ ਪੰਥ ਦੀ ਬਦਨਾਮੀ ਕਰਾਈ। ਉਹਨਾਂ ਕਿਹਾ ਕਿ ਸੌਦਾ ਸਾਧ ਦੀਆਂ ਫਿਲਮਾਂ ਚਲਾਉਣ ਲਈ ਸਿਕਿਉਰਟੀ ਦਿੱਤੀ ਅਤੇ ਵਿਰੋਧ ਕਰ ਰਹੇ ਸਿੱਖਾਂ ਉੱਤੇ ਪਰਚੇ ਦਰਜ ਕੀਤੇ। ਸੌਦਾ ਸਾਧ ਨੂੰ ਬਿਨਾਂ ਮੰਗੇ ਮਾਫੀ ਦੇ ਕੇ ਕਰੋੜਾਂ ਰੁਪਏ ਦੇ ਸ਼੍ਰੋਮਣੀ ਕਮੇਟੀ ਦੇ ਖਜ਼ਾਨੇ ਵਿੱਚੋਂ ਇਸ਼ਤਿਆਰ ਛਾਪੇ ਗਏ। ਉਹਨਾਂ ਕਿਹਾ ਕਿ ਬਾਦਲ ਰਾਜ ਵਿੱਚ ਚਿੱਟਾ ਘਰ ਘਰ ਪਹੁੰਚਿਆ, ਗੈਂਗਸਟਰਵਾਦ, ਭੂ ਮਾਫੀਆ ਟਰਾਂਸਪੋਰਟ, ਕੇਵਲ ਟੀਵੀ ਰੇਤ ਦੀਆਂ ਖੱਡਾਂ ਹੋਟਲਾਂ ਆਦਿ ਤੇ ਕਬਜ਼ੇ ਕਰਕੇ ਪੰਜਾਬ ਵਿੱਚ ਗੁੰਡਾ ਰਾਜ ਚਲਾਇਆ। ਉਨਾ ਕਿਹਾ ਕਿ ਬਾਦਲਾਂ ਨੇ ਕੇਂਦਰ ਨਾਲ ਮਿਲ ਕੇ ਸਰਕਾਰਾਂ ਚਲਾਈਆਂ ਪਰ ਕਦੇ ਵੀ ਬੰਦੀ ਸਿੰਘਾਂ ਦੀ ਰਿਹਾਈ ਦੀ ਗੱਲ ਨਹੀਂ ਕੀਤੀ ਤੇ ਹਮੇਸ਼ਾ ਪਰਿਵਾਰਵਾਦ ਨੂੰ ਅੱਗੇ ਕਰਕੇ ਪੰਜਾਬ ਦੇ ਲੋਕਾਂ ਦੀ ਲੁੱਟ ਖਸੁੱਟ ਕੀਤੀ ਵੱਡੇ ਵੱਡੇ ਹੋਟਲ , ਜਮੀਨਾਂ ਕਾਰੋਬਾਰ ਖੜੇ ਕੀਤੇ।

ਉਨਾਂ ਕਿਹਾ ਕਿ ਇਹਨਾਂ ਅਕਾਲ ਤਖਤ ਦੇ ਜਥੇਦਾਰ ਨੂੰ ਹਮੇਸ਼ਾ ਜਲੀਲ ਕਰਕੇ ਉਥੋਂ ਹਟਾਇਆ ਜੋ ਕਿ ਸਿੱਖ ਪੰਥ ਦੀ ਪੂਰੀ ਦੂਨੀਆਂ ਦੇ ਲੋਕਾਂ ਵਿੱਚ ਕਿਰਕਰੀ ਹੋਈ। ਉਹਨਾਂ ਕਿਹਾ ਕਿ ਹੁਣ ਪੰਜਾਬ ਦਾ ਹਰ ਨੌਜਵਾਨ ਜਾਗ ਚੁੱਕਿਆ ਹੈ ਹੈ। ਹੁਣ ਇਹਨਾਂ ਦੀਆਂ ਗੱਲਾਂ ਵਿੱਚ ਨਹੀਂ ਆਉਣਗੇ। ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਵਾਰਿਸ ਪੰਜਾਬ ਦੇ ਪਾਰਟੀ ਨੂੰ ਅੱਗੇ ਲੈ ਕੇ ਆਉਣਗੇ ਤਾਂ ਜੋ ਪੰਜਾਬ ਵਿੱਚ ਫੈਲਿਆ ਨਸ਼ੇ ਦਾ ਕੋਹੜ, ਗੁੰਡਾਗਰਦੀ, ਲੁੱਟ ਖੋਹ, ਆਦ ਨੂੰ ਬੰਦ ਕਰਕੇ ਇੱਕ ਸਾਫ ਰਾਜ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ 2027 ਵਿੱਚ ਵਾਰਿਸ ਪੰਜਾਬ ਦੇ ਪਾਰਟੀ ਦੀ ਸਰਕਾਰ ਬਣਨੀ ਤੈਅ ਹੈ।

**SHRIRAM Finance**

**ਸ਼੍ਰੀਰਾਮ ਫਾਈਨੈਂਸ ਲਿਮਟਿਡ**

ਰਜਿਸਟਰਡ ਦਫ਼ਤਰ: ਲਿਮਟਿਡ ਰਜਿਸਟਰਡ ਦਵਤਰ ਸ਼੍ਰੀ ਟਾਵਰਜ਼, ਪਲਾਟ ਨੰ. 14ਏ, ਸਾਊਥ ਫੇਜ਼, ਇੰਡਸਟਰੀਅਲ ਅਸਟੇਟ, ਗਿੰਡੀ, ਚੇਨਈ ਤਾਮਿਲਨਾਡੂ-600032, ਤਾਮਿਲਨਾਡੂ, ਅਤੇ ਵੌਕਹਾਰਟ ਟਾਵਰਜ਼, ਲੈਵਲ-3, ਸੀ-2, ਜੀ ਬਲਾਕ, ਬਦਰਾ-ਕੁਰਲਾ ਕੰਪਲੈਕਸ, ਬਾਂਦਰਾ (ਪੂਰਬੀ) ਮੁੰਬਈ-40051

ਜ਼ੋਨਲ ਦਫਤਰ ਵਿਖੇ ਪਹਿਲੀ ਮੰਜ਼ਿਲ, ਐਸਸੀਓ 58, 59, ਜੀਕੇ ਮਾਲ, ਨੇੜੇ ਜਵੱਦੀ ਬ੍ਰਿਜ, ਕਨਾਲ ਰੋਡ, ਲੁਧਿਆਣਾ, ਲੁਧਿਆਣਾ

ਸ਼ਾਖਾ ਦਫਤਰ : ਰਾਇਲ ਕੰਪਲੈਕਸ ਦੁਕਾਨ ਨੰ. 26 ਨੇੜੇ ਅੰਬੇਡਕਰ ਚੌਕ ਸਮਾਣਾ 147101

**ਸੰਕੇਤਕ ਕਬਜ਼ਾ ਸੂਚਨਾ**

ਜਿੱਥੇ, ਹੇਠਾਂ ਹਸਤਾਖਰ ਕਰਨ ਵਾਲੇ ਨੇ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਉਕਤ ਐਕਟ) ਦੇ ਉਪਬੰਧਾਂ ਦੇ ਤਹਿਤ ਸ਼੍ਰੀਰਾਮ ਫਾਈਨੈਂਸ ਲਿਮਟਿਡ (SFL) ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 (ਉਕਤ ਨਿਯਮ) ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(2) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਕਰਜ਼ਦਾਰਾਂ ਦੇ ਵੇਰਵਿਆਂ ਨੂੰ ਮੰਗ ਨੋਟਿਸ ਜਾਰੀ ਕੀਤੇ।
ਜਿਨ੍ਹਾਂ ਵਿੱਚੋਂ ਹੇਠਾਂ ਦਿੱਤੀ ਸਾਰਣੀ ਵਿੱਚ ਉਕਤ ਮੰਗ ਨੋਟਿਸਾਂ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ ਦੱਸਿਆ ਗਿਆ ਹੈ। ਕਰਜ਼ਦਾਰ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ **3 ਮਾਰਚ**, 2026 ਨੂੰ ਉਕਤ ਨਿਯਮਾਂ ਦੇ ਨਿਯਮ 8 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(4) ਦੇ ਤਹਿਤ ਉਸਨੂੰ/ਉਸਨੂੰ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਮ ਅਤੇ ਪਤਾ | ਜਾਇਦਾਦ ਦਾ ਵੇਰਵਾ | ਮੰਗ ਨੋਟਿਸ ਅਨੁਸਾਰ ਬਕਾਇਆ ਰਕਮ ਅਤੇ ਮੰਗ ਸੂਚਨਾ ਦੀ ਮਿਤੀ |
|---|---|---|
| ਮੈਸਰਜ਼ ਵਿਰਕ ਫੀਡ ਸਟੋਰ, ਵੜੈਚਾਂ ਰੋਡ, ਸਮਾਣਾ ਜ਼ਿਲ੍ਹਾ ਪਟਿਆਲਾ ਇਸਦੇ ਪ੍ਰੋਪ. ਸੁਰਿੰਦਰ ਸਿੰਘ ਪੁੱਤਰ ਸ੍ਰੀ ਕਰਨੈਲ ਸਿੰਘ, ਉਮਰ ਲਗਭਗ 44 ਸਾਲ, ਪਿੰਡ ਦਾਨੀਪੁਰ, ਪੀ.ਓ. ਕੁਤਬਾਨਪੁਰ ਤਹਿਸੀਲ ਸਮਾਣਾ ਜ਼ਿਲ੍ਹਾ ਪਟਿਆਲਾ ਵਿਖੇ ਸ੍ਰੀ ਸੁਰਿੰਦਰ ਸਿੰਘ ਪੁੱਤਰ ਸ੍ਰੀ ਕਰਨੈਲ ਸਿੰਘ, ਉਮਰ ਲਗਭਗ 44 ਸਾਲ, ਪਿੰਡ ਦਾਨੀਪੁਰ, ਪੀ.ਓ. ਕੁਤਬਾਨਪੁਰ ਤਹਿਸੀਲ ਸਮਾਣਾ ਜ਼ਿਲ੍ਹਾ ਪਟਿਆਲਾ ਵਿਖੇ । | ਜਾਇਦਾਦ 360 ਵਰਗ ਗਜ਼ (12 ਮਰਲੇ) ਖੇਵਟ/ਖਤੋਨੀ ਨੰਬਰ 56/158 ਤੋਂ 171 ਖਸਰਾ ਨੰਬਰ 52//11, 12, 33//7 ਮਿਨ, 36//2, 36//3, 33//23ਮਿਨ, 33//24, 33//18, 33// 19,33// 22 ਮਿਨ, 33//23, 33//12, 33//13 ਮਿੰਟ, 36//4/1, 33//6/2, 33// 15,33//17,33//7 ਮਿਨ, 33//14, 33///13, 36/13 ਮਿਨ 33// 22 ਮਿਨ, 173/1 ਮਿਨ, 173//1/00,52//9, 52//19, ਉੱਤਰ: 72 ਫੁੱਟ ਨਿਸ਼ਾਨ ਸਿੰਘ, ਦੱਖਣ: 72 ਫੁੱਟ ਵਜ਼ੀਰ ਸਿੰਘ, ਪੂਰਬ: 45 ਫੁੱਟ ਖੁੱਲ੍ਹਾ ਪਲਾਟ, ਪੱਛਮ: 45 ਫੁੱਟ ਸਟਰੀਟ | 6768349.00 ਰੁ. ਸਤਾਹਠ ਲੱਖ ਅਠਾਹਠ ਹਜ਼ਾਰ ਤਿੰਨ ਸੌ ਉਣੰਜਾ ਕੇਵਲ ਦਾ ਭੁਗਤਾਨ ਕਰਨਾ ਖਾਤਾ ਨੰਬਰ:-CDSNGTF1512080032 ਮੰਗ ਨੋਟਿਸ ਮਿਤੀ 10-12-2025 |

ਇਹ ਨੋਟਿਸ ਆਮ ਜਨਤਾ ਨੂੰ ਇਹ ਵੀ ਚੇਤਾਵਨੀ ਦੇਣ ਲਈ ਹੈ ਕਿ SFL ਦਾ ਅਧਿਕਾਰਤ ਅਧਿਕਾਰੀ ਉੱਪਰ ਦੱਸੀ ਗਈ ਅਚੱਲ ਜਾਇਦਾਦ ਦੇ ਕਾਨੂੰਨੀ ਸੰਕੇਤਕ ਕਬਜ਼ੇ ਵਿੱਚ ਹੈ ਅਤੇ ਕਰਜ਼ਦਾਰ ਜਾਂ ਕੋਈ ਵੀ ਵਿਅਕਤੀ ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ, SFL ਦੀ ਪੂਰਵ ਲਿਖਤੀ ਸਹਿਮਤੀ ਤੋਂ ਬਿਨਾਂ, ਇਸ ਨੋਟਿਸ ਵਿੱਚ ਜ਼ਿਕਰ ਕੀਤੀ ਗਈ ਉਪਰੋਕਤ ਸੁਰੱਖਿਅਤ ਸੰਪਤੀਆਂ ਵਿੱਚੋਂ ਕਿਸੇ ਨੂੰ ਵੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਟ੍ਰਾਂਸਫਰ ਨਹੀਂ ਕਰੇਗਾ।

ਮਿਤੀ : 03.03.2026 | ਸਥਾਨ : ਪਟਿਆਲਾ | ਅਧਿਕਾਰਤ ਅਧਿਕਾਰੀ, ਸ਼੍ਰੀਰਾਮ ਫਾਇਨਾਂਸ ਲਿਮਟਿਡ

**pnb ਪੰਜਾਬ ਨੈਸ਼ਨਲ ਬੈਂਕ** ... ਬਿਹਤਰੀ ਲਈ ਸਾਂਝ

ਸਰਕਲ ਸਾਸਤਰਾ - ਜਲੰਧਰ
ਕੰਪਨੀ ਬਾਗ, ਸਿਵਲ ਲਾਈਨ, ਜਲੰਧਰ-144001
PH. NO. 0181-4697613, E-MAIL ID: CS8249@PNB.CO.IN

ਅਚੱਲ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ

ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਅਧੀਨ ਅਚੱਲ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ, ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 (6) ਦੇ ਪ੍ਰਾਵਧਾਨ ਦੇ ਨਾਲ ਪੜਿਆ ਜਾਂਦਾ ਹੈ।
ਇਸ ਦੁਆਰਾ ਆਮ ਤੌਰ 'ਤੇ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਅਚੱਲ ਸੰਪਤੀ ਜੋ ਸੁਰੱਖਿਅਤ ਕਰਜ਼ਦਾਤਾ ਨੂੰ ਗਿਰਵੀ ਰੱਖੀ ਗਈ ਹੈ/ਚਾਰਜ ਕੀਤੀ ਗਈ ਹੈ, ਜਿਸਦੀ ਉਸਾਰੂ/ਭੌਤਿਕ/ਸੰਕੇਤਕ ਕਬਜ਼ਾ ਬੈਂਕ/ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, ਨੂੰ ਹੇਠਾਂ ਦਿੱਤੀ ਸਾਰਣੀ ਵਿੱਚ ਦੱਸੀ ਗਈ ਮਿਤੀ ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਵੀ ਹੈ" 'ਤੇ ਵੇਚਿਆ ਜਾਵੇਗਾ, ਸਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਦੇ ਬਕਾਏ ਦੀ ਵਸੂਲੀ ਲਈ। ਰਾਖਵੀਂ ਕੀਮਤ ਅਤੇ ਬਿਆਨਾ ਜਮ੍ਹਾਂ ਰਕਮ ਸਬੰਧਤ ਜਾਇਦਾਦਾਂ ਦੇ ਵਿਰੁੱਧ ਹੇਠਾਂ ਦਿੱਤੀ ਸਾਰਣੀ ਵਿੱਚ ਦੱਸੇ ਅਨੁਸਾਰ ਹੋਵੇਗੀ।

| ਲ. ਨੰ. | ਸ਼ਾਖਾ ਦਾ ਨਾਮ / ਖਾਤਾ ਹਵਾਲਾ ਨੰਬਰ / ਖਾਤੇ ਦਾ ਨਾਮ / ਕਰਜ਼ਦਾਰਾਂ/ਜ਼ਾਮਨਾਂ ਦਾ ਨਾਮ ਅਤੇ ਪਤਾ, ਖਾਤਾ | ਗਿਰਵੀ ਅਚੱਲ ਸੰਪਤੀਆਂ ਦੇ ਵੇਰਵੇ/ਮਾਲਕ ਦਾ ਨਾਮ (ਸੰਪਤੀ/ਆਂ ਦੇ ਗਿਰਵੀਕਾਰ) | ਓ) ਸਰਫਾਇਸੀ ਐਕਟ 2002 ਦੀ ਧਾਰਾ 13 (2) ਦੇ ਅਧੀਨ ਮੰਗ ਸੂਚਨਾ ਦੀ ਮਿਤੀ / ਅ) ..... ਅਨੁਸਾਰ ਬਕਾਇਆ ਰਕਮ / ੲ) ਕਬਜ਼ਾ ਮਿਤੀ ਸਰਫਾਇਸੀ ਐਕਟ 2002 / ਸ) ਕਬਜ਼ੇ ਦਾ ਸਰੂਪ ਸੰਕੇਤਕ/ਭੌਤਿਕ/ਉਸਾਰੂ | ੳ.ਰਾਖਵੀਂ ਕੀਮਤ (ਰਕਮ ਰੁ. 'ਚ) / ਅ. ਬਿਆਨਾ ਰਕਮ / ੲ. ਬੋਲੀ ਵਾਧਾ ਰਕਮ | ਈ ਨਿਲਾਮੀ ਦੀ ਮਿਤੀ ਅਤੇ ਸਮਾਂ | ਸੁਰੱਖਿਅਤ ਕਰਜ਼ਦਾਤਾ ਨੂੰ ਜਾਣੂ ਬਕਾਇਆਂ ਦੇ ਵੇਰਵੇ |
|---|---|---|---|---|---|---|
| 1. | ਬੀਓ: ਟਾਂਡਾ (055400)<br>PUNBABA38108790<br>ਮੈਸਰਜ਼ ਸੰਧਰ ਪੋਲਟਰੀ ਫਾਰਮ, ਮਾਲਕ ਸ਼੍ਰੀ ਦਿਲਦਾਰ ਸਿੰਘ ਪੁੱਤਰ ਹਰਜੀਤ ਸਿੰਘ, ਵਾਰਡ ਨੰ. 8, ਪਿੰਡ-ਡਾਲਾ, ਐਚ.ਬੀ. 43, ਡੀਏਵੀ ਸੀਨੀਅਰ ਸੈਕੰਡਰੀ ਸਕੂਲ ਦੇ ਸਾਹਮਣੇ, ਟਾਂਡਾ ਤਹਿਸੀਲ-ਦਸੂਆ, ਜ਼ਿਲ੍ਹਾ-ਹੁਸ਼ਿਆਰਪੁਰ-144205 | ਵਾਰਡ ਨੰ. 8 ਪਿੰਡ ਡਾਲਾ ਐਚ.ਬੀ. 43, ਡੀ.ਏ.ਵੀ. ਸੀਨੀਅਰ ਸੈਕੰਡਰੀ ਸਕੂਲ ਦੇ ਸਾਹਮਣੇ, ਟਾਂਡਾ ਤਹਿਸੀਲ-ਦਸੂਆ, ਜ਼ਿਲ੍ਹਾ-ਹੁਸ਼ਿਆਰਪੁਰ ਵਿਖੇ ਸਥਿਤ ਰਿਹਾਇਸ਼ੀ ਮਕਾਨ ਦਾ ਬਰਾਬਰ ਗਿਰਵੀਨਾਮਾ, ਜਿਸਦਾ ਮਾਪ 6 ਮਰਲੇ-5 ਸਰਸਾਈ ਹੈ, 6ਕੇ-5 ਮਰਲੇ ਜ਼ਮੀਨ ਦਾ 59/1125 ਹਿੱਸਾ, ਜੋ ਕਿ ਖਾਤਾ ਨੰਬਰ 73/117, ਖਸਰਾ ਨੰਬਰ 17//9/1 (6-5) ਵਿੱਚ ਸ਼ਾਮਲ ਹੈ, ਸ਼੍ਰੀ ਦਿਲਦਾਰ ਸਿੰਘ ਪੁੱਤਰ | ੲ) 09.12.2021<br>ਬੀ) 27,50,325.35 ਰੁਪਏ, 31.03.2021 ਨੂੰ 31.03.2021 ਤੱਕ ਦਾ ਵਿਆਜ, 01.04.2021 ਤੋਂ ਇਕਰਾਰਨਾਮੇ ਵਾਲੀ ਦਰ 'ਤੇ ਹੋਰ ਵਿਆਜ ਦੇ ਨਾਲ ਨਾਲ ਪੂਰਾ ਭੁਗਤਾਨ ਹੋਣ ਤੱਕ ਜੇਕਰ ਕੋਈ ਘਟਾਓ ਵਸੂਲੀ ਹੋਵੇ ਤਾਂ ਚਾਰਜ।<br>ਸੀ) 15.09.2023<br>ਡੀ) ਭੌਤਿਕ ਕਬਜ਼ਾ | Rs. 35.70 Lakhs<br>Rs. 3.57 Lakhs<br>Rs. 0.30 Lakhs | 27.03.2026 at 11:00 am to 4:00 pm | ਜਾਣੂ ਨਹੀਂ |

ਹਰਜੀਤ ਸਿੰਘ ਦੇ ਨਾਮ 'ਤੇ ਮਿਤੀ 09.12.2013 ਨੂੰ ਦਸਤਾਵੇਜ਼ ਨੰਬਰ 2204, ਬਹੀ ਨੰਬਰ 1, ਸੰਯੁਕਤ ਸਬ ਰਜਿਸਟਰਾਰ, ਟਾਂਡਾ ਦੇ ਦਫ਼ਤਰ ਨਾਲ ਰਜਿਸਟਰਡ ਅਤੇ ਇੰਤਕਾਲ ਨੰਬਰ 3742, ਮਿਤੀ 02.01.2014 ਨੂੰ ਮਾਲ ਰਿਕਾਰਡ ਵਿੱਚ ਰਜਿਸਟਰਡ ਹੈ ਅਤੇ ਇਸਦੀ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ; ਪੂਰਬ: ਸ਼੍ਰੀ ਚਰਨ ਸਿੰਘ ਅਤੇ ਸਟਰੀਟ, ਪੱਛਮ: ਸ਼੍ਰੀਮਤੀ ਕਸ਼ਮੀਰ ਕੌਰ, ਉੱਤਰ: ਸ਼੍ਰੀ ਹਰਜੀਤ ਸਿੰਘ, ਦੱਖਣ: ਸ਼੍ਰੀ. ਜੋਗਿੰਦਰ ਸਿੰਘ।

| ਲ. ਨੰ. | ਸ਼ਾਖਾ / ਖਾਤਾ / ਕਰਜ਼ਦਾਰ | ਗਿਰਵੀ ਅਚੱਲ ਸੰਪਤੀਆਂ ਦੇ ਵੇਰਵੇ | ਮੰਗ ਸੂਚਨਾ / ਬਕਾਇਆ / ਕਬਜ਼ਾ | ਰਾਖਵੀਂ ਕੀਮਤ / ਬਿਆਨਾ / ਬੋਲੀ ਵਾਧਾ | ਈ ਨਿਲਾਮੀ ਦੀ ਮਿਤੀ ਅਤੇ ਸਮਾਂ | ਜਾਣੂ ਬਕਾਏ |
|---|---|---|---|---|---|---|
| 2. | ਅੰਬੇਡਕਰ, ਅੰਬੇਡਕਰ ਚੌਕ ਚੌਕ 010710<br>PUNBANAND10710, PUNBANAND45<br>ਮੈਸਰਜ਼ ਆਨੰਦ ਸਟੀਲ ਟਿਊਬਾਂ ਅਤੇ ਪੀਵੀਸੀ ਪਾਈਪਾਂ, ਦੁਆਰਾ ਮਾਲਕ: ਸ੍ਰੀ ਰੋਮੇਸ਼ ਚੰਦਰ (ਰਮੇਸ਼ ਚੰਦਰ) ਪੁੱਤਰ ਆਨੰਦ ਪ੍ਰਕਾਸ਼ ਵਾਸੀ ਬੁਚਰਾਨ ਮੁਹੱਲਾ ਨਵਾਂਸ਼ਹਿਰ 144514 | ਜਾਇਦਾਦ 1: 1ਕੇ-12ਐਮ-7 ਸਰਸਾਈ (32.77 ਐਮ) ਮਾਪ ਵਾਲੀ ਵਪਾਰਕ ਜਾਇਦਾਦ ਦਾ ਬਰਾਬਰੀ ਵਾਲਾ ਗਿਰਵੀਨਾਮਾ ਭਾਵ ਪਿੰਡ ਕਰੀਅਮ, ਜ਼ਿਲ੍ਹਾ ਨਵਾਂਸ਼ਹਿਰ ਵਿਖੇ ਸਥਿਤ ਕੁੱਲ 10ਕੇ-14 ਐਮ ਜ਼ਮੀਨ ਦਾ 295/1926 ਹਿੱਸਾ, ਟਾਈਟਲ ਡੀਡ ਨੰ. 4863 ਮਿਤੀ 10.01.2013, ਜਿਸ ਵਿੱਚ ਖਾਤਾ ਨੰਬਰ 54/57 ਖਸਰਾ ਨੰਬਰ 57//23/2/1(1-6), 69//2/3 (5-8), 3/1 (4-0) ਸ਼ਾਮਲ ਹੈ। | ੲ) 18.05.2021<br>ਬੀ) 89,51,297.78 ਰੁਪਏ, 31.03.2013 ਨੂੰ 31.03.2013 ਤੱਕ ਦਾ ਵਿਆਜ, 01.04.2013 ਤੋਂ ਇਕਰਾਰਨਾਮੇ ਵਾਲੀ ਦਰ 'ਤੇ ਹੋਰ ਵਿਆਜ ਅਤੇ ਪੂਰਾ ਭੁਗਤਾਨ ਹੋਣ ਤੱਕ ਜੇਕਰ ਕੋਈ ਘਟਾਓ ਵਸੂਲੀ ਹੋਵੇ ਤਾਂ ਚਾਰਜ।<br>ਸੀ) 16.09.2021<br>ਡੀ) ਭੌਤਿਕ ਕਬਜ਼ਾ | Property No. 1<br>Rs. 33.43 Lakhs<br>Rs. 3.35 Lakhs<br>Rs. 0.20 Lakhs<br>Property No. 2<br>Rs. 50.66 Lakhs<br>Rs. 5.07 Lakhs<br>Rs. 0.20 Lakhs | 27.03.2026 at 11:00 am to 4:00 pm | ਜਾਣੂ ਨਹੀਂ |

ਪ੍ਰਾਪਰਟੀ 2: ਪਿੰਡ ਕਰੀਅਮ, ਜ਼ਿਲ੍ਹਾ ਨਵਾਂਸ਼ਹਿਰ ਵਿਖੇ ਸਥਿਤ ਕੁੱਲ 10ਕੇ-11 ਮਰਲੇ ਜ਼ਮੀਨ ਦਾ 274/1899 ਹਿੱਸਾ, ਟਾਈਟਲ ਡੀਡ ਨੰ. 563 ਮਿਤੀ 02.05.2013, ਜਿਸ ਵਿੱਚ ਖਾਤਾ ਨੰਬਰ 55/58 ਖਸਰਾ ਨੰਬਰ 69//9/1(5-12), 18/1/2(1-1), 18/2(3-18) ਸ਼ਾਮਲ ਹੈ।----- ਪਿੰਡ ਕਰਿਅਮ, ਜ਼ਿਲ੍ਹਾ ਨਵਾਂਸ਼ਹਿਰ ਵਿਖੇ ਸਥਿਤ ਕੁੱਲ 10ਕੇ-11 ਮਰਲੇ ਜ਼ਮੀਨ ਦਾ 137/1899 ਹਿੱਸਾ 0ਕੇ-15ਮਰਲੇ-2ਸਰਸਾਈ ਮਾਪ ਵਾਲੀ ਵਪਾਰਕ ਜਾਇਦਾਦ ਦਾ ਬਰਾਬਰੀ ਵਾਲਾ ਗਿਰਵੀਨਾਮਾ, ਮਾਲਕੀ ਡੀਡ ਨੰਬਰ 5468 ਮਿਤੀ 21.02.2013, ਜਿਸ ਵਿੱਚ ਖਾਤਾ ਨੰਬਰ 55/58 ਖਸਰਾ ਨੰਬਰ 69//9/1(5-12), 18/1/2(1-1), 18/2(3-18) ਸ਼ਾਮਲ ਹੈ।

| ਲ. ਨੰ. | ਸ਼ਾਖਾ / ਖਾਤਾ / ਕਰਜ਼ਦਾਰ | ਗਿਰਵੀ ਅਚੱਲ ਸੰਪਤੀਆਂ ਦੇ ਵੇਰਵੇ | ਮੰਗ ਸੂਚਨਾ / ਬਕਾਇਆ / ਕਬਜ਼ਾ | ਰਾਖਵੀਂ ਕੀਮਤ / ਬਿਆਨਾ / ਬੋਲੀ ਵਾਧਾ | ਈ ਨਿਲਾਮੀ ਦੀ ਮਿਤੀ ਅਤੇ ਸਮਾਂ | ਜਾਣੂ ਬਕਾਏ |
|---|---|---|---|---|---|---|
| 3. | ਸ਼ਾਖਾ: ਹਰਿਆਣਾ, ਹੁਸ਼ਿਆਰਪੁਰ (068200)<br>PUNB0682SRMOTOR01, PUNB0682SRMOTO02<br>1. ਮੈਸਰਜ਼ ਐਸ.ਆਰ. ਮੋਟਰਜ਼, ਮੇਨ ਰੋਡ, ਦੁਸਹਿਰਾ ਗਰਾਊਂਡ ਦੇ ਨੇੜੇ, ਹਰਿਆਣਾ, ਹੁਸ਼ਿਆਰਪੁਰ-144208<br>2. ਸ੍ਰੀ ਨਰਿੰਦਰ ਸਿੰਘ ਪੁੱਤਰ ਸੁਰਜਨ ਰਾਮ (ਮਾਲਕ/ਕਰਜ਼ਦਾਰ/ਗਿਰਵੀਕਰ) ਪਿੰਡ ਅਤੇ ਡਾਕਖਾਨਾ ਅਰਗੋਵਾਲ, ਹੁਸ਼ਿਆਰਪੁਰ- 144207<br>3. ਸ਼੍ਰੀਮਤੀ ਮਹਿੰਦਰ ਕੌਰ ਪਤਨੀ ਸਰਵਣ ਰਾਮ (ਜ਼ਾਮਨ/ਗਿਰਵੀਕਾਰ) ਨੇੜੇ ਆਸ਼ੀਰਵਾਦ ਸਕੂਲ, ਬਜਵਾੜਾ ਕਲਾਂ, ਬਜਵਾੜਾ, ਹੁਸ਼ਿਆਰਪੁਰ-146023<br>4. ਸ੍ਰੀ ਚਰਨਜੀਤ ਸਿੰਘ ਪੁੱਤਰ ਗੁਰਦੀਪ ਸਿੰਘ, ਮਕਾਨ ਨੰ: 49/8, ਅਰਜਨਾ ਕਾਲੋਨੀ, ਦਸੂਹਾ, ਹੁਸ਼ਿਆਰਪੁਰ-144205<br>5. ਸ਼੍ਰੀਮਤੀ ਨਿਰਮਲਾ ਦੇਵੀ ਪਤਨੀ ਸ਼੍ਰੀ ਨਰਿੰਦਰ ਸਿੰਘ (ਜ਼ਾਮਨ) ਪਿੰਡ ਅਤੇ ਡਾਕਖਾਨਾ ਅਰਗੋਵਾਲ, ਹੁਸ਼ਿਆਰਪੁਰ- 144207 | 1. ਵਪਾਰਕ ਜਾਇਦਾਦ ਅਤੇ ਉਸ 'ਤੇ ਬਣੇ 20.24 ਮਰਲੇ ਦੇ ਸਾਰੇ ਭਾਗ ਅਤੇ ਹਿੱਸੇ ਇਸ ਪ੍ਰਕਾਰ ਹਨ:<br>(1) ਵਪਾਰਕ ਖੇਤਰ, ਪਿੰਡ ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ, ਹੱਦਬਸਤ ਨੰਬਰ 76 ਵਿੱਚ 6 ਮਰਲੇ ਦੀ ਜ਼ਮੀਨ ਅਤੇ ਉਸ 'ਤੇ ਬਣਿਆ ਉੱਚ ਢਾਂਚਾ, (i) 0K-2M ਜੋ ਕਿ ਖਾਤਾ ਨੰਬਰ 350/417, ਖਸਰਾ ਨੰਬਰ 60//16/1 (1-6), 61//20 (5-10), 28 (0-11), 29 (0-11), ਕਿੱਤਾ/4 ਵਿੱਚ ਕੁੱਲ 7K-18M ਮਾਪ ਵਾਲੀ ਜ਼ਮੀਨ ਵਿੱਚੋਂ 18/1422 ਹਿੱਸਾ ਹੈ; (ii) 0K-3M ਜੋ ਕਿ ਖਾਤਾ ਨੰਬਰ 352/419, ਖਸਰਾ ਨੰਬਰ 61//37 (9-16), ਕਿੱਤਾ/1 ਵਿੱਚ ਕੁੱਲ 9K-16M ਮਾਪ ਵਾਲੀ ਜ਼ਮੀਨ ਵਿੱਚੋਂ 27/1764 ਹਿੱਸਾ ਹੈ; (iii) ਜ਼ਮੀਨ ਦਾ ਮਾਪ 0K-1M ਜੋ ਕਿ ਖਾਤਾ | ੲ) 02.07.2025<br>ਬੀ) 1,24,01,273.91 ਰੁਪਏ, 01.07.2025 ਨੂੰ 30.06.2025 ਤੱਕ ਦਾ ਵਿਆਜ, 01.07.2025 ਤੋਂ ਇਕਰਾਰਨਾਮੇ ਵਾਲੀ ਦਰ 'ਤੇ ਹੋਰ ਵਿਆਜ ਦੇ ਨਾਲ ਪੂਰਾ ਭੁਗਤਾਨ ਹੋਣ ਤੱਕ ਜੇਕਰ ਕੋਈ ਵਸੂਲੀ ਘਟਾਏ ਗਏ ਹਨ ਤਾਂ ਚਾਰਜ।<br>ਸੀ) 03.09.2025<br>ਡੀ) ਭੌਤਿਕ ਕਬਜ਼ਾ (ਲੜੀ ਨੰ. 1 'ਤੇ ਜਾਇਦਾਦ) ਸੰਕੇਤਕ ਕਬਜ਼ਾ (ਲੜੀ ਨੰ. 2 'ਤੇ ਜਾਇਦਾਦ) | Property No. 1<br>Rs.140.20 Lakhs<br>Rs. 14.02 Lakhs<br>Rs. 1.50 Lakhs<br>Property No. 2<br>Rs. 20.00 Lakhs<br>Rs. 2.00 Lakhs<br>Rs. 0.20 Lakhs | 30.03.2026 at 11:00 am to 4:00 pm | ਜਾਣੂ ਨਹੀਂ |

ਨੰਬਰ 353/420, ਖਸਰਾ ਨੰਬਰ 61//36 (3-14), ਕਿੱਤਾ/1 ਵਿੱਚ ਕੁੱਲ 3K-14M ਜ਼ਮੀਨ ਵਿੱਚੋਂ 9/666 ਹਿੱਸਾ ਹੈ; ਕੁੱਲ ਜ਼ਮੀਨ ਦਾ ਮਾਪ 0K-6M, ਸ਼੍ਰੀ ਨਰਿੰਦਰ ਸਿੰਘ ਪੁੱਤਰ ਸ਼੍ਰੀ ਸੁਰਜਨ ਰਾਮ, ਵਾਸੀ ਪਿੰਡ ਅਰਗੋਵਾਲ, ਤਹਿਸੀਲ ਦਸੂਹਾ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਨਾਮ 'ਤੇ, ਸਬ-ਰਜਿਸਟਰਾਰ ਭੂੰਗਾ ਨਾਲ ਵਸੀਕਾ ਨੰਬਰ 222 ਮਿਤੀ 04.05.2012, ਜਿਲਦ ਨੰਬਰ 929, ਜੈਦ ਬਹੀ ਨੰਬਰ 1, ਡੀ ਸਫਾ ਨੰਬਰ 22 ਅਨੁਸਾਰ ਰਜਿਸਟਰਡ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ ਉੱਤਰ: ਰਸਤਾ, ਦੱਖਣ: ਰੇਸ਼ਮ ਸਿੰਘ, ਪੂਰਬ: ਸੜਕ, ਪੱਛਮ: ਕਵਿਤਾ ਪਾਸੀ ਦਾ ਪਲਾਟ

(2) ਜ਼ਿਲ੍ਹਾ ਹੁਸ਼ਿਆਰਪੁਰ ਦੇ ਵਪਾਰਕ ਖੇਤਰ, ਹਰਿਆਣਾ, ਹੱਦਬਸਤ ਨੰਬਰ 76 ਵਿੱਚ ਕੁੱਲ 26K-18M ਜ਼ਮੀਨ ਵਿੱਚੋਂ 0K-10M-160 ਵਰਗ ਗਜ਼ ਮਾਪ ਵਾਲੀ ਜ਼ਮੀਨ ਅਤੇ ਉਸ ਉੱਤੇ ਬਣਿਆ ਉੱਚ ਢਾਂਚਾ, ਜੋ ਕਿ ਖਾਤਾ ਨੰਬਰ 377/448, 379/450, 380/451, 384/455, 386/457, ਖਸਰਾ ਨੰਬਰ 60//16/1 (1-6), 61//20 (5-10), 28 (0-11), 29 (0-11), 61//37 (9-16), 61//36 (3-14), 61//23 (3-5), 61//12/2 (2-0), ਕਿੱਤਾ/9 ਵਿੱਚ ਸ਼ਾਮਲ, ਸਾਲ 2012-2013 ਲਈ ਫਰਦ ਜਮ੍ਹਾਂਬੰਦੀ ਅਨੁਸਾਰ ਸ਼੍ਰੀ ਨਰਿੰਦਰ ਸਿੰਘ ਪੁੱਤਰ ਸ਼੍ਰੀ ਸੁਰਜਨ ਰਾਮ, ਵਾਸੀ ਪਿੰਡ ਅਰਗੋਵਾਲ, ਤਹਿਸੀਲ ਦਸੂਹਾ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਨਾਮ 'ਤੇ, ਸਬ-ਰਜਿਸਟਰਾਰ ਭੂੰਗਾ ਦੇ ਨਾਲ ਵਸੀਕਾ ਨੰਬਰ 1316, ਮਿਤੀ 16.12.2016, ਜਿਲਦ ਨੰਬਰ 1171, ਜੈਦ ਬਹੀ ਨੰਬਰ 1, ਡੀ ਸਫਾ ਨੰਬਰ 14 ਅਨੁਸਾਰ ਰਜਿਸਟਰਡ ਹੈ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ: ਉੱਤਰ: ਵਿਕਰੇਤਾ ਅਤੇ ਧਮਾ, ਦੱਖਣ: ਹਰਦੀਪ ਸਿੰਘ ਅਤੇ ਨਰਿੰਦਰ ਸਿੰਘ, ਪੂਰਬ: ਜੀ.ਟੀ. ਰੋਡ ਅਤੇ ਨਰਿੰਦਰ ਸਿੰਘ, ਪੱਛਮ: ਹਰਦੀਪ ਸਿੰਘ
(3) ਸਾਲ 2012-2013 ਲਈ ਫਰਦ ਜਮ੍ਹਾਂਬੰਦੀ ਦੇ ਅਨੁਸਾਰ, ਹੱਦਬਸਤ ਨੰਬਰ 76, ਜੋ ਕਿ ਖਾਤਾ ਨੰਬਰ 377/448, 379/450, 380/451, 384/455,386/457, ਖਸਰਾ ਨੰਬਰ 60//16/1 (1-6), 61//20 (5-10), 28 (0-11), 29 (0-11), 61//37 (9-16), 61//36 (3-14), 61//23 (3-5), 61//12/2 (2-0), ਕਿੱਤਾ/9 ਵਿੱਚ ਸ਼ਾਮਲ, ਵਪਾਰਕ ਖੇਤਰ, ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਕੁੱਲ 26K-18M ਮਾਪ ਵਾਲੀ ਜ਼ਮੀਨ ਅਤੇ ਉਸ ਉੱਤੇ ਬਣਿਆ ਉੱਚ ਢਾਂਚਾ, ਸ਼੍ਰੀ ਨਰਿੰਦਰ ਸਿੰਘ ਪੁੱਤਰ ਸ਼੍ਰੀ ਸੁਰਜਨ ਰਾਮ, ਵਾਸੀ ਪਿੰਡ ਅਰਗੋਵਾਲ, ਤਹਿਸੀਲ ਦਸੂਹਾ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਨਾਮ 'ਤੇ, ਸਬ-ਰਜਿਸਟਰਾਰ ਭੂੰਗਾ ਨਾਲ ਵਸੀਕਾ ਨੰਬਰ 1315, ਮਿਤੀ 16.12.2016, ਜਿਲਦ ਨੰਬਰ 1171, ਜ਼ੈਦ ਬਹੀ ਨੰਬਰ 1, ਡੀ ਸਫਾ ਨੰਬਰ 13 ਰਾਹੀਂ ਰਜਿਸਟਰਡ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ: ਉੱਤਰ: ਰਸਤਾ, ਦੱਖਣ: ਨਰਿੰਦਰ ਸਿੰਘ, ਪੂਰਬ: ਵਿਕਰੇਤਾ ਅਤੇ ਧਮਾ, ਪੱਛਮ: ਵਿਕਰੇਤਾ
(4) ਜ਼ਿਲ੍ਹਾ ਹੁਸ਼ਿਆਰਪੁਰ ਦੇ ਵਪਾਰਕ ਖੇਤਰ, ਹਰਿਆਣਾ, ਹੱਦਬਸਤ ਨੰਬਰ 76 ਵਿੱਚ ਕੁੱਲ 14™-11$ ਜ਼ਮੀਨ ਵਿੱਚੋਂ 0K-1M-218 ਵਰਗ ਗਜ਼ ਮਾਪ ਵਾਲੀ ਜ਼ਮੀਨ ਅਤੇ ਉਸ ਉੱਤੇ ਬਣਿਆ ਉੱਚ ਢਾਂਚਾ, ਜੋ ਕਿ ਖਾਤਾ ਨੰਬਰ 385/456, ਖਸਰਾ ਨੰਬਰ 60//6/2 (1-12), 15/2 (3-18), 28 (0-3), 61//11/2 (8-14), 26 (0-4), ਕਿੱਤਾ/5 ਵਿੱਚ ਸ਼ਾਮਲ, ਸਾਲ 2012-2013 ਲਈ ਫਰਦ ਜਮ੍ਹਾਂਬੰਦੀ ਅਨੁਸਾਰ, ਸ਼੍ਰੀ ਨਰਿੰਦਰ ਸਿੰਘ ਪੁੱਤਰ ਸ਼੍ਰੀ ਸੁਰਜਨ ਰਾਮ, ਵਸਨੀਕ ਪਿੰਡ ਅਰਗੋਵਾਲ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਨਾਮ ਤੇ, ਸਬ-ਰਜਿਸਟਰਾਰ ਭੂੰਗਾ ਦੇ ਨਾਲ ਦਸਤਾਵੇਜ਼ ਨੰ. 2018-19/158/1/183 ਮਿਤੀ 07.09.2018, ਕਿਤਾਬ ਨੰ. 1, ਜਿਲਡ ਨੰ. 1291, ਪੰਨਾ ਨੰ. 2 ਅਨੁਸਾਰ ਰਜਿਸਟਰਡ ਹੈ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ: ਉੱਤਰ: ਰਸਤਾ, ਦੱਖਣ: ਹੋਰ ਮਾਲਕ, ਪੂਰਬ: ਨਰਿੰਦਰ ਸਿੰਘ, ਪੱਛਮ: ਹੋਰ ਮਾਲਕ
2. 1960 ਵਰਗ ਫੁੱਟ ਮਾਪ ਵਾਲੀ ਰਿਹਾਇਸ਼ੀ ਜਾਇਦਾਦ ਅਤੇ ਉਸ 'ਤੇ ਬਣੇ ਉੱਚ ਢਾਂਚੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਰਿਹਾਇਸ਼ੀ ਖੇਤਰ ਵਿੱਚ ਸ਼ਾਮਲ ਹੈ, ਗੁਪਤਾ ਕਲੋਨੀ, ਬਜਵਾੜਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ ਹੈ, ਹੱਦਬਸਟ ਨੰਬਰ 355, ਖਾਤਾ ਨੰਬਰ 663/718, ਖਸਰਾ ਨੰਬਰ 25//19/2/2 (0-19), 25//20/3 (0-1), 25//21/3 (4-8), 22 (7-9), 28 (0-10), 39//5/3/2 (3-0), 40//1 (8-0), 40//2 (8-0) ਵਿੱਚ ਸ਼ਾਮਲ, ਸ਼੍ਰੀਮਤੀ ਮਹਿੰਦਰ ਕੌਰ ਪਤਨੀ ਸ਼੍ਰੀ ਸਵਰਨਾ ਰਾਮ, ਨਿਵਾਸੀ ਪਿੰਡ ਬਜਵਾੜਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਨਾਮ 'ਤੇ ਸਬ-ਰਜਿਸਟਰਾਰ ਹੁਸ਼ਿਆਰਪੁਰ ਦੇ ਨਾਲ ਵਸੀਕਾ ਨੰਬਰ 1432 ਮਿਤੀ 01.06.2006, ਜਿਲਦ ਨੰ. 2512, ਜ਼ੈਦ ਬਹੀ ਨੰ. 1, ਡੀ ਸਫਾ ਨੰ. 64 ਅਨੁਸਾਰ ਰਜਿਸਟਰਡ ਹੈ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ: ਉੱਤਰ: ਰਸਤਾ (32'-5"), ਦੱਖਣ: ਮਹਿੰਗਾ ਰਾਮ (32'-5"), ਪੂਰਬ: ਪ੍ਰਵੀਨ ਖੰਨਾ (61'-0"), ਪੱਛਮ: ਹੋਰ ਮਾਲਕ (60'-0")।

ਨਿਯਮ ਅਤੇ ਸ਼ਰਤਾਂ: ਵਿਕਰੀ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ:
1. ਜਾਇਦਾਦਾਂ "ਜਿਵੇਂ ਹੈ ਜਿੱਥੇ ਹੈ ਦੇ ਆਧਾਰ 'ਤੇ" ਅਤੇ "ਜਿਵੇਂ ਹੈ ਜੋ ਹੈ ਦੇ ਆਧਾਰ 'ਤੇ" ਅਤੇ "ਜਿਵੇਂ ਹੈ ਉਥੇ ਹੈ ਦੇ ਆਧਾਰ 'ਤੇ" ਵੇਚੀਆਂ ਜਾ ਰਹੀਆਂ ਹਨ। 2. ਉੱਪਰ ਦਿੱਤੀ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਭ ਤੋਂ ਵਧੀਆ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। 3. ਈਐਮਡੀ ਨਿਲਾਮੀ ਤੋਂ ਇੱਕ ਦਿਨ ਪਹਿਲਾਂ ਤੱਕ ਜਮ੍ਹਾਂ ਕੀਤੀ ਜਾਵੇਗੀ। 4. ਵਿਕਰੀ ਨਿਮਨ ਹਸਤਾਖਰੀ ਦੁਆਰਾ ਵੈੱਬਸਾਈਟ https://ebkray.in 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ 27.03.2026 ਅਤੇ 30.03.2026 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ ਕੀਤੀ ਜਾਵੇਗੀ। 5. ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਅਤੇ ਨਿਯਮਾਂ ਲਈ, ਕਿਰਪਾ ਕਰਕੇ https://baanknet.com ਅਤੇ www.pnbindia.in ਵੇਖੋ।

ਮਿਤੀ : 06.03.2026,
ਸਥਾਨ : ਜਲੰਧਰ

ਅਧਿਕਾਰਤ ਅਧਿਕਾਰੀ,
ਪੰਜਾਬ ਨੈਸ਼ਨਲ ਬੈਂਕ, ਸੁਰੱਖਿਅਤ ਕਰਜ਼ਦਾਤਾ

ਸਰਫਾਇਸੀ ਐਕਟ, 2002 ਦੇ ਨਿਯਮ 8 (6) ਅਧੀਨ ਵਿਧਾਨਕ ਵਿਕਰੀ ਸੂਚਨਾ

# ਫ਼ਿਲਮੀ





## ਬੇਰੌਣਕ ਹੋ ਗਏ ਨੇ ਅਖਾੜੇ

ਤਿੰਨ-ਚਾਰ ਦਹਾਕੇ ਪਹਿਲਾਂ ਪੰਜਾਬ ਦੇ ਪਿੰਡਾਂ ਵਿੱਚ ਅਖਾੜਾ-ਸ਼ੈਲੀ ਦੀ ਤੂਤੀ ਬੋਲਦੀ ਸੀ। ਜਿਸ ਘਰ ਦੇ ਵਿਆਹ ਵਿੱਚ ਅਖਾੜਾ ਲੱਗਣਾ ਹੁੰਦਾ ਸੀ, ਉਸ ਘਰ ਦੀ ਗਿਣਤੀ ਪਿੰਡ ਦੇ ਰੱਜੇ-ਪੁੱਜੇ ਘਰਾਂ ਵਿੱਚ ਹੋਣੀ ਸ਼ੁਰੂ ਹੋ ਜਾਂਦੀ ਸੀ। ਜਾਂ ਇੰਝ ਕਹਿ ਲਵੋ ਕਿ ਉਸ ਘਰ ਦੀ ਪਿੰਡ ਵਿੱਚ ਪੂਰੀ ਟੌਹਰ ਹੁੰਦੀ ਸੀ। ਉਸ ਘਰ ਦੀ ਚਰਚਾ ਪਿੰਡ ਦੀਆਂ ਸੱਥਾਂ, ਖੁੰਢਾਂ, ਖੂਹਾਂ ਆਦਿ 'ਤੇ ਆਮ ਹੁੰਦੀ ਸੀ। ਅਖਾੜਾ ਦੇਖਣ ਦੇ ਸ਼ੌਕੀਨ ਅਖਾੜਾ ਲੱਗਣ ਤੋਂ ਕਈ ਦਿਨ ਪਹਿਲਾਂ ਹੀ ਤਿਆਰੀ ਕਰਨ ਲੱਗ ਜਾਂਦੇ ਸਨ। ਆਪਣੇ ਖੇਤੀ ਦੇ ਕੰਮਾਂ ਨੂੰ ਪਹਿਲਾਂ ਹੀ ਸਮੇਟ ਲੈਂਦੇ ਸਨ। ਪਸ਼ੂਆਂ ਲਈ ਪੱਠੇ ਇੱਕ ਦਿਨ ਪਹਿਲਾਂ ਹੀ ਲੈ ਆਉਂਦੇ ਸਨ। ਇੱਥੋਂ ਤੀਕ ਕਿ ਆਪਣੇ ਰਿਸ਼ਤੇਦਾਰਾਂ ਨੂੰ ਵੀ ਸੱਦਾ ਦੇ ਦਿੰਦੇ ਸਨ ਕਿ ਸਾਡੇ ਪਿੰਡ ਫਲਾਣੇ ਦਿਨ ਅਖਾੜਾ ਲੱਗਣਾ ਹੈ ਤੁਸੀ ਇੱਕ ਦਿਨ ਪਹਿਲਾਂ ਹੀ ਆ ਜਾਣਾ। ਆਸੇ-ਪਾਸੇ ਦੇ ਪਿੰਡਾਂ ਵਾਲੇ ਸਾਈਕਲਾਂ, ਮੋਟਰ-ਸਾਈਕਲਾਂ ਰਾਹੀਂ ਜਾਂ ਪੈਦਲ ਹੀ ਮੇਲੇ ਜਾਣ ਵਾਲਿਆਂ ਵਾਂਗ ਧੂੜਾਂ ਪੱਟੀ ਜਾਂਦੇ ਦਿਸਦੇ। ਜੇ ਰਸਤਾ ਕੱਚਾ ਜਾਂ ਟਿੱਬਿਆਂ ਵਾਲਾ ਹੁੰਦਾ ਤਾਂ ਜੁੱਤੀਆਂ ਲਾਹ ਕੇ ਹੱਥਾਂ ਵਿੱਚ ਫੜ ਲੈਂਦੀਆਂ ਤੇ ਸਾਹੋ-ਸਾਹ ਹੁੰਦੇ ਹੋਏ ਭੱਜੇ ਜਾਂਦੇ ਦਿਸਦੇ। ਅਖਾੜਾ ਦੇਖਣ ਦੀ ਤੀਬਰਤਾ ਇੰਨੀ ਹੁੰਦੀ ਸੀ ਕਿ ਕਈ ਵਾਰ ਬਹੁਤ ਜ਼ਰੂਰੀ ਕੰਮ ਵੀ ਲੋਕ ਛੱਡ ਦਿੰਦੇ ਸਨ। ਮੈਨੂੰ ਯਾਦ ਹੈ ਕਿ ਮੈਂ ਵੀ 1982 ਵਿੱਚ ਆਪਣਾ ਬੀ.ਏ. ਫਾਈਨਲ ਦਾ ਪੇਪਰ ਛੱਡ ਕੇ ਮੁਹੰਮਦ ਸਦੀਕ ਤੇ ਰਣਜੀਤ ਕੌਰ ਦਾ ਅਖਾੜਾ ਦੇਖਣ ਨੂੰ ਪਹਿਲ ਦਿੱਤੀ ਸੀ। ਇਸ ਬਦਲੇ ਭਾਵੇਂ ਮੈਨੂੰ ਘਰੋਂ ਕਾਫ਼ੀ ਝਿੜਕਾਂ ਸਹਿਣੀਆਂ ਪਈਆਂ, ਪਰ ਇਹ ਖਿੱਚ ਮੇਰੇ ਵੱਸ ਤੋਂ ਬਾਹਰ ਦੀ ਗੱਲ ਸੀ। ਚਾਂਦੀ ਰਾਮ ਤੋਂ ਸ਼ੁਰੂ ਹੋ ਕੇ ਜਗਤ ਸਿੰਘ ਜੱਗਾ, ਨਰਿੰਦਰ ਬੀਬਾ, ਦੀਦਾਰ ਸੰਧੂ, ਹਰਚਰਨ ਗਰੇਵਾਲ, ਕਰਨੈਲ ਗਿੱਲ, ਮੁਹੰਮਦ ਸਦੀਕ ਤੇ ਰਣਜੀਤ ਕੌਰ, ਜਗਮੋਹਣ ਕੌਰ ਤੇ ਕੇ. ਦੀਪ, ਜਸਵੰਤ ਸੰਦੀਲਾ, ਪਰਮਿੰਦਰ ਸੰਧੂ, ਸੁਦੇਸ਼ ਕਪੂਰ, ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਸੁਰਿੰਦਰ ਕੌਰ, ਰਾਜਿੰਦਰ ਰਾਜਨ, ਸੁਚੇਤ ਬਾਲਾ, ਗੁਲਸ਼ਨ ਕੋਮਲ, ਹਾਕਮ ਬਖਤੜੀ ਵਾਲਾ, ਅਮਰ ਸਿੰਘ ਚਮਕੀਲਾ ਤੇ ਅਮਰ ਜੋਤ ਆਦਿ ਗਾਇਕ ਜੋੜੀਆਂ ਨੇ ਆਪੋ ਆਪਣੇ ਇਤਿਹਾਸ ਰਚੇ। ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਗਾਇਕ ਜੋੜੀਆਂ ਸਨ ਜਿਨ੍ਹਾਂ ਦੇ ਨਾਮ ਦਰਜ ਕੀਤੇ ਜਾ ਸਕਦੇ ਹਨ। ਜਦੋਂ ਵੀ ਕੋਈ ਗਾਇਕ ਜੋੜੀ ਸਟੇਜ 'ਤੇ ਚੜ੍ਹ ਜਾਂਦੀ ਸੀ ਤਾਂ ਲੋਕਾਂ ਦੀ ਰੂਹ ਨਸ਼ਿਆ ਜਾਂਦੀ ਸੀ। ਛੜਿਆਂ ਬਾਰੇ ਸੰਵਾਦੀ ਗੀਤ ਸੁਣ ਕੇ ਬਹੁਤ ਸਾਰੇ ਛੜਿਆਂ ਦੀ ਕਈ ਕਈ ਰਾਤਾਂ ਦੀ ਨੀਂਦ ਖਰਾਬ ਹੋ ਜਾਂਦੀ ਸੀ। ਨਸ਼ੇ ਦੀ ਤੋਟ ਵਾਲੇ ਅਮਲੀ ਕਿਸਮ ਦੇ ਆਦਮੀ ਮਜ਼ਾਕ ਦੇ ਪਾਤਰ ਬਣ ਜਾਂਦੇ ਸਨ। ਅਖਾੜਾ ਸੱਭਿਆਚਾਰ ਦੀ ਖਿੱਚ ਇੰਨੀ ਹੁੰਦੀ ਸੀ ਕਿ ਸਮਾਜਿਕ ਬੰਧਨਾਂ ਦੀਆਂ ਬੇੜੀਆਂ ਵਿੱਚ ਜਕੜੀਆਂ ਔਰਤਾਂ ਕੋਠਿਆਂ 'ਤੇ ਬੈਠ ਕੇ ਆਪਣੇ ਘਰਦਿਆਂ ਤੋਂ ਚੋਰੀਉ ਅਖਾੜੇ ਦੇਖਿਆ ਕਰਦੀਆਂ ਸਨ। ਕਈ ਘਰਾਂ ਦੇ ਮੁੰਡੇ ਤਾਂ ਵਿਆਹ ਦੀ ਤਰੀਕ ਕਲਾਕਾਰਾਂ ਨੂੰ ਪੁੱਛ ਕੇ ਰੱਖਦੇ ਸਨ ਕਿ ਵਿਆਹ ਵਾਲੇ ਦਿਨ ਉਹ ਕਲਾਕਾਰ ਕਿਤੇ ਬੁੱਕ ਤਾਂ ਨਹੀ? ਜੋ ਦਿਨ ਕਲਾਕਾਰ ਕੋਲ ਵਿਹਲਾ ਹੁੰਦਾ ਸੀ, ਉਸ ਦਿਨ ਨੂੰ ਉਹ ਵਿਆਹ ਰੱਖਦੇ ਸਨ। ਇਹ ਅਖਾੜਾ-ਸੱਭਿਆਚਾਰ ਦੀ ਸਿਖਰ ਦੇ ਦਿਨ ਮੰਨੇ ਜਾਂਦੇ ਹਨ। ਫਿਰ ਹੌਲੀ-ਹੌਲੀ ਅਖਾੜਿਆਂ ਦੀ ਪ੍ਰਸਿੱਧੀ ਘਟਦੀ ਗਈ। ਇਸ ਦਾ ਮਤਲਬ ਇਹ ਵੀ ਨਹੀ ਹੈ ਕਿ ਹੁਣ ਲੋਕ ਅਖਾੜਾ ਬਿਲਕੁਲ ਹੀ ਨਹੀ ਦੇਖਣਾ ਚਾਹੁੰਦੇ। ਅਜੇ ਵੀ ਪੁਰਾਣੀ ਪੀੜ੍ਹੀ ਦੇ ਲੋਕਾਂ ਵਿੱਚ ਕੁਝ ਕਲਾਕਾਰਾਂ ਪ੍ਰਤੀ ਮੋਹ ਤੇ ਸਤਿਕਾਰ ਜਿਉਂ ਦਾ ਤਿਉਂ ਬਰਕਰਾਰ ਹੈ। ਸ਼ੁਰੂ-ਸ਼ੁਰੂ ਵਿੱਚ ਸਟੇਜੀ ਕਲਾਕਾਰ ਸਿਰਫ਼ ਖੜ੍ਹ ਕੇ ਹੀ ਆਪਣੀ ਸਰੋਦ-ਰਸੀ ਭਾਵਨਾ ਨਾਲ ਲੋਕਾਂ ਦਾ ਮਨੋਰੰਜਨ ਕਰਦੇ ਸਨ, ਪ੍ਰੰਤੂ ਮੁਹੰਮਦ ਸਦੀਕ ਤੇ ਰਣਜੀਤ ਕੌਰ ਦੀ ਜੋੜੀ ਨੇ ਇਸ ਸ਼ੈਲੀ ਨੂੰ ਕੁਝ 'ਨਾਟਕ-ਅੰਦਾਜ਼ੀ ਵਿਧਾ' ਦੇ ਰੂਪ ਵਿੱਚ ਪੇਸ਼ ਕਰਕੇ ਇਸ ਨੂੰ ਹੋਰ ਦਿਲਚਸਪ ਬਣਾ ਦਿੱਤਾ ਤੇ ਅੱਜਕੱਲ੍ਹ ਵੀ ਇਸ ਅੰਦਾਜ਼ ਨੂੰ ਲੋਕ ਬੜੇ ਅਨੰਦ ਨਾਲ ਸੁਣਦੇ ਹਨ। ਅਸਲ ਵਿੱਚ ਮੁਹੰਮਦ ਸਦੀਕ ਲੋਕ-ਸੰਪਰਕ ਵਿਭਾਗ ਵਿੱਚ ਡਰਾਮਾ ਕਲਾਕਾਰ ਰਿਹਾ ਹੋਣ ਕਰਕੇ ਅਤੇ ਵਧੀਆ ਸੰਗੀਤਕਾਰ ਹੋਣ ਕਰਕੇ ਹਾਲਾਤ ਅਨੁਸਾਰ ਸਥਿਤੀ ਤੇ ਸ਼ਬਦਾਂ ਨੂੰ ਰਸ-ਮਈ ਬਣਾਉਣ ਦਾ ਮਾਹਿਰ ਹੈ। ਆਪਣੀ ਸੁਚੱਜੀ ਪੇਸ਼ਕਾਰੀ ਸਦਕਾ ਮੁਹੰਮਦ ਸਦੀਕ ਨੇ ਅਖਾੜਾ-ਸ਼ੈਲੀ ਨੂੰ ਕਾਫ਼ੀ ਸਮਾਂ ਡੋਲਣ ਨਹੀ ਦਿੱਤਾ। ਪਿੰਡਾਂ ਵਿੱਚ ਇਹ ਵਿਧਾ ਅਜੇ ਵੀ ਕੁਝ ਕੁ ਸਾਹ ਭਰਦੀ ਦਿਖਾਈ ਦੇ ਰਹੀ ਹੈ, ਪ੍ਰੰਤੂ ਇਸ ਸ਼ੈਲੀ ਦੀ ਹੁਣ ਉਹ ਖਿੱਚ ਨਹੀ ਰਹੀ ਜੋ ਤਿੰਨ-ਚਾਰ ਦਹਾਕੇ ਪਹਿਲਾਂ ਸੀ। ਅਸਲ ਵਿੱਚ ਤਿੰਨ ਚਾਰ ਦਹਾਕੇ ਪਹਿਲਾਂ ਮੀਡੀਆ ਦਾ ਇੰਨਾ ਪ੍ਰਸਾਰ ਨਹੀ ਸੀ ਹੋਇਆ। ਲੋਕ ਸਿਰਫ਼ ਰੇਡੀਓ 'ਤੇ ਵੱਜਦੇ ਗੀਤ ਸੁਣ ਕੇ ਹੀ ਅਨੰਦ ਮਾਣ ਲਿਆ ਕਰਦੇ ਸਨ। ਸਟੇਜ ਉੱਪਰ ਔਰਤ ਦੀਆਂ ਬੇਬਾਕ ਭਾਵਨਾਵਾਂ ਪੁਰਸ਼ਾਂ ਨੂੰ ਦੇਖਣ ਲਈ ਮਿਲਦੀਆਂ ਸਨ। ਸਟੇਜ ਉੱਪਰ ਔਰਤ ਦੀਆਂ ਘੁੰਡ ਕੱਢ ਕੇ ਨਖਰੇ ਕਰਨ ਦੀਆਂ ਮੁਦਰਾਵਾਂ ਮਰਦਾਂ ਨੇ ਕਦੇ ਦੇਖੀਆਂ ਨਹੀ ਸਨ ਹੁੰਦੀਆਂ। ਮੀਡੀਆ ਦਾ ਇੰਨਾ ਫੈਲਾਅ ਨਾ ਹੋਣ ਕਾਰਨ ਇਹ ਕ੍ਰਾਂਤੀ ਅਜੇ ਸਿਰਫ਼ ਸ਼ਹਿਰਾਂ ਤੀਕ ਹੀ ਸੀਮਤ ਸੀ। ਲਿੰਗ-ਅਨੁਪਾਤ ਦੀ ਗੜਬੜੀ ਕਰਕੇ ਆਮ ਘਰਾਂ ਵਿੱਚ ਤਿੰਨ-ਚਾਰ ਭਰਾਵਾਂ ਵਿੱਚੋਂ ਇੱਕ ਜਾਂ ਦੋ ਹੀ ਵਿਆਹੇ ਜਾਂਦੇ ਸਨ। ਛੜੇ ਰਹਿ ਗਏ ਭਰਾਵਾਂ ਦੀ ਵੇਦਨਾ ਜਾਂ ਵਿਆਹਾਂ ਲਈ ਤਰਲੇ ਤੇ ਤਾਅਨੇ ਇਨ੍ਹਾਂ ਅਖਾੜਿਆਂ ਦਾ ਮੁੱਖ ਵਿਸ਼ਾ ਬਣਦੇ ਸਨ। ਲੋਕਾਂ ਦੇ ਘਰਾਂ ਦੀਆਂ ਕਹਾਣੀਆਂ ਅਤੇ ਦਿਉਰਾਂ-ਜੇਠਾਂ ਦੇ ਰੁਮਾਂਟਿਕ ਕਾਰਨਾਮੇ ਅਖਾੜਾ-ਸ਼ੈਲੀ ਦੇ ਆਮ ਵਿਸ਼ੇ ਹੁੰਦੇ ਸਨ। ਲੋਕਾਂ ਦੇ ਆਮ ਘਰਾਂ ਦੀਆਂ ਕਹਾਣੀਆਂ ਹੋਣ ਕਰਕੇ ਇਹ ਵਿਧਾ ਲੋਕਾਂ ਵਿੱਚ ਹਰਮਨ ਪਿਆਰੀ ਹੋ ਗਈ ਕਿਉਂਕਿ ਅਖਾੜਿਆਂ ਵਿੱਚ ਉਨ੍ਹਾਂ ਲੋਕਾਂ ਦੀਆਂ ਹੀ ਗੱਲਾਂ ਜਾਂ ਕਹਾਣੀਆਂ ਹੁੰਦੀਆਂ ਸਨ, ਜੋ ਇਸ ਨੂੰ ਦੇਖ ਜਾਂ ਸੁਣ ਰਹੇ ਹੁੰਦੇ ਸਨ। ਇਸ ਦੌਰ ਦੇ ਗੀਤਕਾਰ ਵੀ ਇਨ੍ਹਾਂ ਰਮਜ਼ਾਂ ਨੂੰ ਪਛਾਣ ਵਾਲੇ, ਇਨ੍ਹਾਂ ਲੋਕਾਂ ਦੇ ਵਿੱਚੋਂ ਹੀ ਹੁੰਦੇ ਸਨ। ਬਾਬੂ ਸਿੰਘ ਮਾਨ, ਚਤਰ ਸਿੰਘ ਪਰਵਾਨਾ, ਇੰਦਰਜੀਤ ਹਸਨਪੁਰੀ, ਗੁਰਦੇਵ ਸਿੰਘ ਮਾਨ, ਹਰਦੇਵ ਦਿਲਗੀਰ ਥਰੀਕੇ ਵਾਲਾ ਆਦਿ ਗੀਤਕਾਰ ਇਨ੍ਹਾਂ ਲੋਕਾਂ ਦੀਆਂ ਪੀੜਾਂ ਤੇ ਚਸਕਾਂ ਨੂੰ ਜਾਣਦੇ ਪਛਾਣਦੇ ਸਨ। ਫਿਰ ਟੈਲੀਵਿਜ਼ਨ ਯੁੱਗ ਦੇ ਆ ਜਾਣ ਕਰਕੇ ਲੋਕਾਂ ਦਾ ਮਨੋਰੰਜਨ ਅਖਾੜਿਆਂ ਤੋਂ ਤਿਲ੍ਹਕ ਕੇ ਟੈਲੀਵਿਜ਼ਨ 'ਤੇ ਕੇਂਦਰਿਤ ਹੋ ਗਿਆ। ਟੈਲੀਵਿਜ਼ਨ ਦੇ ਦੌਰ ਜ਼ਰੀਏ ਸੋਲੋ ਗਾਇਕੀ ਕਾਫ਼ੀ ਵਧੀ-ਫੁੱਲੀ। ਸੋਲੋ-ਗਾਇਕੀ ਦੀ ਪੇਸ਼ਕਾਰੀ ਅਤੇ ਗੀਤਕਾਰੀ ਨੇ ਕਈ ਨਵੇਂ ਮੀਲ ਪੱਥਰ ਅਜਿਹੇ ਗੱਡੇ ਕਿ ਉਹ ਨਵੇਂ ਦੌਰ ਦੇ ਝੰਡਾ-ਬਰਦਾਰ ਬਣ ਗਏ। ਇਸ ਨਵੇਂ ਯੁੱਗ ਦੀ ਗੀਤਕਾਰੀ ਵਿੱਚ ਭਾਵੇਂ ਪੁਰਾਣੇ ਗੀਤਕਾਰ (ਜਿਵੇਂ ਮਾਨ ਮਰਾੜ੍ਹਾਂ ਵਾਲਾ, ਦੇਵ ਥਰੀਕੇ ਵਾਲਾ) ਵੀ ਆਪਣਾ ਤਿਲ-ਫੁੱਲ ਪਾਉਂਦੇ ਰਹੇ, ਪ੍ਰੰਤੂ ਸ਼ਮਸ਼ੇਰ ਸੰਧੂ, ਬਚਨ ਬੇਦਿਲ, ਅਮਰਦੀਪ ਗਿੱਲ, ਗੁਣਾਚੌਰੀਆ, ਗੁਰਦਾਸ ਮਾਨ ਆਦਿ ਦੀ ਕਲਮ ਨੇ ਇਸ ਨੂੰ ਨਵੇਂ ਦੌਰ ਵਿੱਚ ਪੇਸ਼ ਕਰਕੇ ਨਵੀ ਪਰੰਪਰਾ ਦੀ ਸ਼ੁਰੂਆਤ ਕੀਤੀ। ਇਹ ਤਬਦੀਲੀ ਟੈਲੀਵਿਜ਼ਨ ਦੀ ਹੋਂਦ ਕਰਕੇ ਆਈ। ਸਿੱਟੇ ਵਜੋਂ ਹਰਭਜਨ ਮਾਨ, ਸੁਰਜੀਤ ਬਿੰਦਰੱਖੀਆ, ਦੇਬੀ ਮਖਸੂਸਪੁਰੀ, ਬਲਕਾਰ ਸਿੱਧੂ, ਹੰਸ ਰਾਜ ਹੰਸ, ਸਰਦੂਲ ਸਿਕੰਦਰ, ਇੰਦਰਜੀਤ ਨਿੱਕੂ, ਰਵਿੰਦਰ ਗਰੇਵਾਲ, ਹਰਿੰਦਰ ਸੰਧੂ, ਅੰਮ੍ਰਿਤਾ ਵਿਰਕ, ਮਨਪ੍ਰੀਤ ਅਖ਼ਤਰ, ਸਾਬਰਕੋਟੀ, ਪਾਲੀ ਦੇਤਵਾਲੀਆ ਆਦਿ ਕਲਾਕਾਰਾਂ ਨੇ ਸੋਲੋ ਗਾਇਕੀ ਵਿੱਚ ਨਵੀਆਂ ਪਿਰਤਾਂ ਪਾਈਆਂ। ਸਿੱਕੇ ਦੇ ਦੂਜੇ ਪਾਸੇ ਦੇਖੀਏ ਤਾਂ ਟੀ.ਵੀ. ਨੇ ਅਖਾੜਿਆਂ ਦੇ ਰਸ ਨੂੰ ਵਿਸਾਰ ਕੇ ਇਸ ਨੂੰ ਸੁਣਨ ਦੀ ਬਜਾਏ ਦੇਖਣ ਜਾਂ ਨੱਚਣ ਦੀ ਕਲਾ ਬਣਾ ਦਿੱਤਾ। ਜਿਸ ਕਰਕੇ ਗੀਤਕਾਰ ਦੀ ਬੌਧਿਕ-ਸ਼ੈਲੀ ਦੀ ਥਾਂ ਹਲਕੀ-ਫੁਲਕੀ ਗੀਤਕਾਰੀ ਵੀ ਇਸ ਵਿੱਚ ਸ਼ਾਮਲ ਹੋ ਗਈ। ਇਨ੍ਹਾਂ ਵਿੱਚੋਂ ਕੁਝ ਗੀਤਾਂ ਦੇ ਕੋਈ ਸ਼ਾਬਦਿਕ ਅਰਥ ਨਹੀ ਹਨ, ਪਰ ਨੱਚਣ ਟੱਪਣ ਕਰਕੇ ਚਰਚਿਤ ਹੋ ਗਏ। ਫਿਰ ਕੰਪਿਊਟਰ ਯੁੱਗ ਨੇ ਚੰਗੇ ਸੰਗੀਤਕਾਰਾਂ ਦੀਆਂ ਉਂਗਲਾਂ ਵੀ ਬੰਨ੍ਹ ਦਿੱਤੀਆਂ। ਇਸ ਤਰ੍ਹਾਂ ਇਸ ਸਮੇਂ ਗਧੇ-ਘੋੜੇ ਦਾ ਇੱਕੋ ਮੁੱਲ ਹੋ ਗਿਆ। ਕੰਪਿਊਟਰ ਜ਼ਰੀਏ ਕਈ ਨਵੇਂ ਕਲਾਕਾਰ ਵੀ ਰਾਤੋ-ਰਾਤ ਸਟਾਰ ਬਣਦੇ ਦੇਖੇ ਗਏ। ਮੋਬਾਈਲ ਯੁੱਗ ਅਤੇ ਇੰਟਰਨੈੱਟ ਨੇ ਦੁਨੀਆ ਨੂੰ ਗਲੋਬਲ ਪਿੰਡ ਬਣਾ ਦਿੱਤਾ। ਜੋ ਮਰਦ ਕਦੇ ਅਖਾੜੇ ਰਾਹੀ ਔਰਤ ਦੇ ਨਵੇਂ ਅੰਦਾਜ਼ ਨੂੰ ਦੇਖਣ ਲਈ ਜਾਂਦੇ ਸਨ, ਉਹ ਹੁਣ ਇੰਟਰਨੈੱਟ ਨੇ ਪੂਰੀ ਕਰ ਦਿੱਤੀ। ਨਵੀ ਪੀੜ੍ਹੀ ਦਾ ਰੁਝਾਨ ਹਲਕੇ-ਫੁਲਕੇ ਨੱਚਣ-ਟੱਪਣ ਵਾਲੇ ਗੀਤਾਂ ਵੱਲ ਹੋ ਗਿਆ। ਪੇਂਡੂ ਜੁਆਨੀ ਉੱਪਰ ਸ਼ਹਿਰੀ ਪੋਦ ਚੜ੍ਹਨੀ ਸ਼ੁਰੂ ਹੋ ਗਈ। ਅਖਾੜਾ-ਸ਼ੈਲੀ ਦਾ ਧਰਾਤਲ ਪੇਂਡੂ ਲਹਿਜਾ ਹੈ ਜਦੋਂ ਕਿ ਨਵੀ ਪੀੜ੍ਹੀ ਦੇ ਚੇਤਿਆਂ ਵਿੱਚ ਸ਼ਹਿਰੀ-ਟੱਚ ਵਾਸ ਕਰ ਰਿਹਾ ਹੈ। ਇਸ ਕਰਕੇ ਬੌਧਿਕਤਾ ਵਾਲੀ ਗੀਤਕਾਰੀ ਵੀ ਉਨ੍ਹਾਂ ਦੀ ਸਮਝ ਤੋਂ ਬਾਹਰ ਹੁੰਦੀ ਜਾ ਰਹੀ ਹੈ।

**ਚੰਨ ਹੋ ਬਦਲੀ ਦੇ ਓਹਲੇ, ਕੰਨੀਆਂ ਨੂੰ ਇੰਝ ਰੁਸ਼ਨਾਵੇ**
**ਕੋਈ ਗੋਟੇ ਵਾਲੀ ਚੁੰਨੀ ਅੰਬਰ ਤੇ ਸੁੱਟ ਸੁਕਾਵੇ**
**
**ਮੈਨੂੰ ਪਤੈ ਕਾਹਤੋਂ 'ਮਾਨ' ਮੇਰੇ ਕੋਲ ਨਾ ਖਲੋਂਵੇ।**
**ਉਹਦੇ ਲਾਜਵਰ ਲਾ-ਲਾ ਕਾਹਤੋਂ ਸੱਸ ਲੀੜੇ ਧੋਵੇ।**

ਉਪਰੋਕਤ ਅਰਥ-ਭਰਪੂਰ ਸ਼ੈਲੀ ਨਵੀ ਪੀੜ੍ਹੀ ਦੀ ਸਮਝ ਤੋਂ ਦੂਰ ਹੋ ਗਈ। ਆਧੁਨਿਕ ਪੀੜ੍ਹੀ ਦੀ ਚੇਤੰਨਤਾ ਸ਼ਾਬਦਿਕ-ਰਸ ਤੋਂ ਖਿਸਕ ਕੇ ਪੈਰਾਂ ਦੀ ਤਾਲ ਤੇ ਲੱਕ ਦੇ ਹੁਲਾਰਿਆਂ ਵਿੱਚ ਗੁਆਚ ਗਈ। ਨਵੀ ਪੀੜ੍ਹੀ ਦੀਆਂ ਸਮੱਸਿਆਵਾਂ ਤੇ ਰੀਝਾਂ ਨਵੇਂ ਯੁੱਗ ਅਨੁਸਾਰ ਨਵੀਆਂ ਹੋਣ ਕਰਕੇ ਅਖਾੜਾ ਸੱਭਿਆਚਾਰ ਉਨ੍ਹਾਂ ਦੀ ਦਿਲਚਸਪੀ ਦਾ ਸਾਧਨ ਨਹੀ ਰਿਹਾ। ਨਵੀ ਤੇ ਪੁਰਾਣੀ ਪੀੜ੍ਹੀ ਦੇ ਵਰਗ-ਅੰਤਰਾਲ ਨੇ ਅਖਾੜਾ ਸੱਭਿਆਚਾਰ ਨੂੰ ਕਾਫ਼ੀ ਢਾਹ ਲਾਈ। ਤੁਰਲੇ ਵਾਲੀ ਪੱਗ ਤੇ ਚਾਦਰਾ ਪੁਰਾਣੀ ਪੀੜ੍ਹੀ ਦਾ ਹਰਮਨ ਪਿਆਰਾ ਪਹਿਰਾਵਾ ਸੀ। ਜਦੋਂ ਕਿ ਨਵੀ ਪੀੜ੍ਹੀ ਲਈ ਇਹ ਅਨਪੜ੍ਹਾਂ ਦਾ ਪਹਿਰਾਵਾ ਬਣ ਕੇ ਰਹਿ ਗਿਆ। ਨਵੀ ਪੀੜ੍ਹੀ ਨੂੰ ਆਧੁਨਿਕ ਪਹਿਰਾਵੇ ਵਿੱਚ ਕਲਾਕਾਰ ਵੀ ਆਧੁਨਿਕ ਜਾਪਣ ਲੱਗੇ। ਇਸ ਤਰ੍ਹਾਂ ਅਖਾੜਾ ਸੱਭਿਆਚਾਰ ਨਵੀ ਪੀੜ੍ਹੀ ਦੇ ਚੇਤਿਆਂ ਵਿੱਚੋਂ ਗਾਇਬ ਹੁੰਦਾ ਜਾ ਰਿਹਾ ਹੈ। ਜਿਉ-ਜਿਉ ਅਸੀ ਪੈਂਤੀ ਅੱਖਰੀ ਵਰਣਮਾਲਾ ਤੋਂ ਦੂਰ ਹੁੰਦੇ ਜਾ ਰਹੇ ਹਾਂ, ਤਿਉ-ਤਿਉ ਅਸੀ ਮੁਹਾਵਰਿਆਂ ਤੇ ਅਖਾਣਾਂ ਦੇ ਬੋਧ ਨੂੰ ਗੁਆਈ ਜਾ ਰਹੇ ਹਾਂ। ਆਧੁਨਿਕਤਾ ਦੀ ਦੌੜ ਵਿੱਚ ਕਹਾਵਤਾਂ ਤੇ ਅਲੰਕਾਰਾਂ 'ਤੇ ਸਾਡੀ ਪਕੜ ਢਿੱਲੀ ਪੈ ਰਹੀ ਹੈ, ਜਿਸ ਕਰਕੇ ਅਸੀ ਰਵਾਇਤੀ ਗੀਤਕਾਰੀ ਤੇ ਗਾਇਕੀ ਤੋਂ ਵੀ ਦੂਰ ਹੁੰਦੇ ਜਾ ਰਹੇ ਹਾਂ। ਇਸ ਰੁਝਾਨ ਨੇ ਅਖਾੜਾ ਸੱਭਿਆਚਾਰ ਨੂੰ ਕਾਫ਼ੀ ਢਾਹ ਲਾਈ ਹੈ।

**ਭੋਲਾਂ ਸਿੰਘ ਸ਼ਮੇਰੀਆ**
**95010-12199**

> **ਅਖਾੜਾ ਸੱਭਿਆਚਾਰ ਦੀ ਖਿੱਚ ਇੰਨੀ ਹੁੰਦੀ ਸੀ ਕਿ ਸਮਾਜਿਕ ਬੰਧਨਾਂ ਦੀਆਂ ਬੇੜੀਆਂ ਵਿੱਚ ਜਕੜੀਆਂ ਔਰਤਾਂ ਕੋਠਿਆਂ 'ਤੇ ਬੈਠ ਕੇ ਆਪਣੇ ਘਰਦਿਆਂ ਤੋਂ ਚੋਰੀਉ ਅਖਾੜੇ ਦੇਖਿਆ ਕਰਦੀਆਂ ਸਨ। ਕਈ ਘਰਾਂ ਦੇ ਮੁੰਡੇ ਤਾਂ ਵਿਆਹ ਦੀ ਤਰੀਕ ਕਲਾਕਾਰਾਂ ਨੂੰ ਪੁੱਛ ਕੇ ਰੱਖਦੇ ਸਨ ਕਿ ਵਿਆਹ ਵਾਲੇ ਦਿਨ ਉਹ ਕਲਾਕਾਰ ਕਿਤੇ ਬੁੱਕ ਤਾਂ ਨਹੀ? ਜੋ ਦਿਨ ਕਲਾਕਾਰ ਕੋਲ ਵਿਹਲਾ ਹੁੰਦਾ ਸੀ, ਉਸ ਦਿਨ ਨੂੰ ਉਹ ਵਿਆਹ ਰੱਖਦੇ ਸਨ। ਇਹ ਅਖਾੜਾ-ਸੱਭਿਆਚਾਰ ਦੀ ਸਿਖਰ ਦੇ ਦਿਨ ਮੰਨੇ ਜਾਂਦੇ ਹਨ।**



## ਮਹਾਨ ਸਿਤਾਰਵਾਦਕ ਸਨ 'ਭਾਰਤ ਰਤਨ' ਪੰਡਿਤ ਰਵੀਸ਼ੰਕਰ

ਸੰਗੀਤ ਦੀ ਤਾਕਤ ਨਾਲ ਇਨਾਮ ਹੀ ਨਹੀ ਸਗੋਂ ਦਿਲ ਵੀ ਜਿੱਤੇ ਜਾ ਸਕਦੇ ਹਨ ਤੇ ਦਿਲਾਂ ਨੂੰ ਜਿੱਤਣ ਵਾਲੇ ਸ਼ਖ਼ਸ ਅਮਰ ਹੋ ਜਾਇਆ ਕਰਦੇ ਹਨ। ਪੰਡਿਤ ਰਵੀਸ਼ੰਕਰ ਅਜਿਹੀ ਹੀ ਸ਼ਖ਼ਸੀਅਤ ਦੇ ਮਾਲਕ ਸਨ।ਸਿਤਾਰ ਵਾਦਨ ਦੀ ਕਲਾ ਦੇ ਇਸ ਮਹਾਂਰਥੀ ਦਾ ਪੂਰਾ ਨਾਂ ਰਬਿੰਦਰ ਸ਼ੰਕਰ ਚੌਧਰੀ ਸੀ ਤੇ ਉਨ੍ਹਾ ਦਾ ਜਨਮ 7 ਅਪ੍ਰੈਲ, 1920 ਨੂੰ ਵਾਰਾਣਸੀ ਦੇ ਵਸਨੀਕ ਬੈਰਿਸਟਰ ਸ਼ਾਮ ਸ਼ੰਕਰ ਚੌਧਰੀ ਦੇ ਘਰ ਹੋਇਆ ਸੀ। ਉਨ੍ਹਾ ਦੇ ਵੱਡੇ ਭਰਾ ਦਾ ਨਾਂ ਉਦੈ ਸ਼ੰਕਰ ਸੀ ਤੇ ਉਹ ਨਾਚ ਕਲਾ ਦੇ ਉਸਤਾਦ ਹੋਣ ਕਰਕੇ ਵੱਖ-ਵੱਖ ਮੁਲਕਾਂ ਵਿੱਚ ਭਾਰਤੀ ਸ਼ਾਸਤਰੀ ਨਾਚ ਕਲਾ ਦੀ ਪੇਸ਼ਕਾਰੀ ਕਰਿਆ ਕਰਦੇ ਸਨ। ਰਵੀਸ਼ੰਕਰ ਵੀ ਉਨ੍ਹਾ ਦੀ ਟੋਲੀ ਨਾਲ ਹੀ ਨ੍ਰਿਤ ਕਲਾ ਦੀ ਪੇਸ਼ਕਾਰੀ ਕਰਨ ਭਾਰਤ ਅਤੇ ਯਰੂਪੀ ਮੁਲਕਾਂ ਵਿਚ ਜਾਇਆ ਕਰਦੇ ਸਨ। ਇਕ ਦਿਨ ਰਵੀਸ਼ੰਕਰ ਜੀ ਦੇ ਮਨ ਵਿਚ ਪਤਾ ਨਹੀ ਕੀ ਵਿਚਾਰ ਆਇਆ ਤੇ ਸੰਨ 1938 ਵਿਚ ਉਨ੍ਹਾ ਨੇ ਨ੍ਰਿਤ ਕਲਾ ਤਿਆਗ ਕੇ ਸੰਗੀਤਕਾਰ ਬਣਨ ਦਾ ਫ਼ੈਸਲਾ ਲੈ ਲਿਆ। ਉਨ੍ਹਾ ਨੇ ਉਸ ਵੇਲੇ ਦੇ ਬਨਾਰਸ ਘਰਾਣੇ ਦੇ ਉਸਤਾਦ ਸਿਤਾਰਵਾਦਕ ਅਲਾਉਦੀਨ ਖ਼ਾਨ ਨੂੰ ਉਸਤਾਦ ਧਾਰ ਲਿਆ ਤੇ ਸੰਗੀਤ ਕਲਾ ਦੀ ਬਾਰੀਕੀਆਂ ਸਿੱਖ ਕੇ ਸੰਗੀਤ ਦੇ ਪਿੜ ਵਿਚ ਉਤਰ ਆਏ ਤੇ ਫਿਰ ਉਨ੍ਹਾ ਨੇ ਕਦੇ ਵੀ ਪਿੱਛੇ ਮੁੜ ਕੇ ਨਹੀ ਵੇਖਿਆ ਤੇ ਅਗਲੇ ਕਈ ਦਹਾਕਿਆਂ ਤੱਕ ਸੰਗੀਤ ਜਗਤ ਵਿਚ ਛਾਏ ਰਹੇ। ਸੰਨ 1939 ਵਿਚ ਉਨ੍ਹਾ ਨੇ ਉੱਘੇ ਸਰੋਦਵਾਦਕ ਉਸਤਾਦ ਅਲੀ ਅਕਬਰ ਖ਼ਾਨ ਨਾਲ ਜੁਗਲਬੰਦੀ ਕਰਕੇ ਆਪਣੀ ਪਹਿਲੀ ਜਨਤਕ ਪੇਸ਼ਕਾਰੀ ਕੀਤੀ ਸੀ। ਉਹ ਸਿਤਾਰ ਤੋਂ ਇਲਾਵਾ ਰਬਾਬ, ਰੁਦਰ ਵੀਣਾ ਅਤੇ ਸੁਰਬਹਾਰ ਆਦਿ ਸਗੀਤਕ ਯੰਤਰਾਂ ਨੂੰ ਵਜਾਉਣ ਵਿੱਚ ਮਾਹਿਰ ਸਨ। ਸੰਜੀਦਾ ਅਤੇ ਕਠਿਨ ਸੰਗੀਤਕ ਵਿਧਾਵਾਂ 'ਧਰੁਪਦ' ਅਤੇ 'ਖ਼ਿਆਲ' ਦੀ ਪੇਸ਼ਕਾਰੀ ਵਿਚ ਉਨ੍ਹਾ ਦਾ ਕੋਈ ਸਾਨੀ ਨਹੀ ਸੀ। ਸੰਨ 1944 ਵਿਚ ਆਪਣੀ ਸੰਗੀਤ ਵਿੱਦਿਆ ਪੂਰੀ ਕਰਨ ਉਪਰੰਤ ਰਵੀਸ਼ੰਕਰ ਜੀ ਮੁੰਬਈ ਚਲੇ ਗਏ ਤੇ ਉੱਥੇ ਉਨ੍ਹਾ ਨੇ ਨਾਟ ਸੰਸਥਾ 'ਇਪਟਾ' ਲਈ ਦੋ ਸਾਲ ਤੱਕ ਸੰਗੀਤ ਦੀ ਸੇਵਾ ਕੀਤੀ। ਸੰਨ 1945 ਵਿਚ ਉਨ੍ਹਾ ਨੇ 'ਸਾਰੇ ਜਹਾਂ ਸੇ ਅੱਛਾ' ਗਾਨ ਲਈ ਸੰਗੀਤ ਦਿੱਤਾ ਤੇ 1949 ਵਿਚ ਉਨ੍ਹਾ ਦੀ ਨਿਯੁਕਤੀ ਆਲ ਇੰਡੀਆ ਰੇਡੀਓ ਦਿੱਲੀ ਵਿਖੇ ਬਤੌਰ ਸੰਗੀਤ ਨਿਰਦੇਸ਼ਕ ਹੋ ਗਈ।ਇਥੇ ਕਈ ਸਾਲ ਸੇਵਾ ਨਿਭਾਉਂਦਿਆਂ ਉਨ੍ਹਾ ਨੇ ਦੇਸ਼-ਵਿਦੇਸ਼ ਵਿਚ ਭਾਰਤੀ ਸੰਗੀਤ ਦੀ ਖ਼ੁਸ਼ਬੂ ਫੈਲਾਉਣ ਵਿਚ ਕੋਈ ਕਸਰ ਨਹੀ ਛੱਡੀ ਸੀ। ਸੰਨ 1956 ਤੱਕ ਉਨ੍ਹਾ ਨੇ ਆਲ ਇੰਡੀਆ ਰੇਡੀਓ 'ਤੇ ਸੇਵਾ ਕੀਤੀ ਤੇ ਉਪਰੰਤ ਬਤੌਰ ਸੰਗੀਤ ਨਿਰਦੇਸ਼ਕ ਕੁਝ ਹਿੰਦੀ ਅਤੇ ਬੰਗਾਲੀ ਫ਼ਿਲਮਾਂ ਵੀ ਕੀਤੀਆਂ ਜਿਨ੍ਹਾ ਵਿਚ 'ਅਨੁਰਾਧਾ', 'ਧਰਤੀ ਕੇ ਲਾਲ', 'ਕਾਬੁਲੀਵਾਲਾ', 'ਮੀਰਾ', 'ਨੀਚਾ ਨਗਰ', 'ਗੋਦਾਨ', 'ਪਾਰਸ ਪੱਥਰ', 'ਪਾਥੇਰ ਪਾਂਚਾਲੀ' ਅਤੇ 'ਰਾਗ' ਆਦਿ ਜਿਹੀਆਂ ਉੱਚਕੋਟੀ ਦੀਆਂ ਫ਼ਿਲਮਾਂ ਸ਼ਾਮਿਲ ਸਨ। ਸੰਨ 1952 ਵਿਚ ਜਦੋਂ ਉੱਘੇ ਵਾਇਲਨਵਾਦਕ ਯਹੂਦੀ ਮੈਨੂਇਨ ਆਪਣੇ ਪਹਿਲੇ ਭਾਰਤ ਦੌਰੇ 'ਤੇ ਆਏ ਤਾਂ ਰਵੀਸ਼ੰਕਰ ਹੁਰਾਂ ਦੀ ਮੁਲਾਕਾਤ ਉਨ੍ਹਾ ਨਾਲ ਹੋਈ।ਇਹ ਮੁਲਾਕਾਤ ਰਵੀਸ਼ੰਕਰ ਜੀ ਦੀ ਦੁਨੀਆ ਭਰ ਵਿਚ ਪ੍ਰਸਿੱਧੀ ਦੇ ਦਰਵਾਜ਼ੇ ਖੋਲ੍ਹ ਗਈ। ਯਹੂਦੀ ਸਾਹਿਬ ਰਵੀਸ਼ੰਕਰ ਜੀ ਦੀ ਸੰਗੀਤ ਕਲਾ ਦੇ ਅਜਿਹੇ ਕਾਇਲ ਹੋਏ ਕਿ ਉਨ੍ਹਾ ਨੇ ਰਵੀਸ਼ੰਕਰ ਜੀ ਨੂੰ ਆਪਣੀ ਕਲਾ ਦਾ ਮੁਜ਼ਾਹਰਾ ਕਰਨ ਲਈ ਵਿਦੇਸ਼ ਆਉਣ ਦਾ ਸੱਦਾ ਦੇ ਦਿੱਤਾ। ਸੰਨ 1955 ਵਿਚ ਰਵੀਸ਼ੰਕਰ ਜੀ ਨੇ 'ਫ਼ੋਰਡ ਫਾਊਂਡੇਸ਼ਨ' ਵੱਲੋਂ ਕਰਵਾਏ ਗਏ ਇਕ ਸੰਗੀਤਕ ਸਮਾਗਮ ਵਿਚ ਭਾਰਤੀ ਸ਼ਾਸਤਰੀ ਸੰਗੀਤ ਕਲਾ ਦੀ ਪੇਸ਼ਕਾਰੀ ਕਰਕੇ ਸਮੂਹ ਵਿਦੇਸ਼ੀ ਸੰਗੀਤ ਪ੍ਰੇਮੀਆਂ ਦੇ ਦਿਲ ਜਿੱਤ ਲਏ ਸਨ। ਸੰਨ 1956 ਵਿਚ ਉਨ੍ਹਾ ਨੇ ਆਪਣੀ ਰੇਡੀਓ ਵਾਲੀ ਨੌਕਰੀ ਤਿਆਗ ਦਿੱਤੀ ਅਤੇ ਇੰਗਲੈਂਡ,ਅਮਰੀਕਾ ਅਤੇ ਜਰਮਨੀ ਦਾ ਟੂਰ ਕਰਕੇ ਭਾਰਤੀ ਸੰਗੀਤ ਨਾਲ ਸਮੁੱਚੇ ਵਿਸ਼ਵ ਨੂੰ ਸਰਾਬੋਰ ਕਰ ਦਿੱਤਾ। ਇਸ ਉਪਰੰਤ ਉਨ੍ਹਾ ਨੇ ਯਰੂਪ ਅਤੇ ਆਸਟਰੇਲੀਆ ਦਾ ਟੂਰ ਵੀ ਕੀਤਾ ਤੇ ਸੰਨ 1958 ਵਿਚ 'ਸੰਯੁਕਤ ਰਾਸ਼ਟਰ ਸੰਘ ਦੀ ਦਸਵੀ ਵਰ੍ਹੇਗੰਢ' ਮੌਕੇ ਪੈਰਿਸ ਵਿਖੇ ਕਰਵਾਏ ਗਏ ਸੰਗੀਤ ਮੇਲੇ ਵਿਚ ਵੀ ਸ਼ਿਰਕਤ ਕੀਤੀ ਸੀ। ਪੰਡਿਤ ਰਵੀਸ਼ੰਕਰ ਦੇ ਸੰਗੀਤ ਦਾ ਜਾਦੂ ਵਿਦੇਸ਼ੀ ਮੁਲਕਾਂ ਦੇ ਬਾਸ਼ਿੰਦਿਆਂ ਦੇ ਐਸਾ ਸਿਰ ਚੜ੍ਹ ਬੋਲਿਆ ਕਿ ਲੰਦਨ ਵਿਖੇ ਉਨ੍ਹਾ ਦੀ ਪਹਿਲੀ ਸੰਗੀਤਕ ਐਲਬਮ 'ਥ੍ਰੀ ਰਾਗਾਜ਼' ਰਿਲੀਜ਼ ਹੋਈ ਤੇ ਹੱਥੋ-ਹੱਥੀ ਵਿਕ ਵੀ ਗਈ।ਇਸ ਤੋਂ ਬਾਅਦ ਉਨ੍ਹਾ ਨੇ ਵਿਸ਼ਵ ਪ੍ਰਸਿੱਧ ਸੰਗੀਤਕਾਰਾਂ ਰਿਚਰਡ ਬੌਕ, ਫ਼ਿਲਿਪ ਗਲਾਸ, ਪੀਟਰ ਬੌਮੈਨ ਅਤੇ 'ਬੀਟਲਜ਼ ਗਰੁੱਪ' ਨਾਲ ਮਿਲ ਕੇ ਵੀ ਕੰਮ ਕੀਤਾ। ਸੰਨ 1961 ਵਿਚ ਉਨ੍ਹਾ ਨੇ ਕੁਝ ਵਿਦੇਸ਼ੀ ਫ਼ਿਲਮਾਂ ਲਈ ਸੰਗੀਤ ਦੇ ਕੇ ਗ਼ੈਰ-ਭਾਰਤੀ ਫ਼ਿਲਮਾਂ ਦੇ ਪਹਿਲੇ ਭਾਰਤੀ ਸੰਗੀਤ ਨਿਰਦੇਸ਼ਕ ਹੋਣ ਦਾ ਮਾਣ ਪ੍ਰਾਪਤ ਕੀਤਾ।ਉਨ੍ਹਾ ਦੇ ਮਧੁਰ ਸੰਗੀਤ ਨਾਲ ਸਜੀਆਂ ਫ਼ਿਲਮਾਂ ਵਿਚ 'ਗਾਂਧੀ', 'ਫੌਰਬਿਡਨ ਇਮੇਜ', 'ਵਾਇਓਲਾ', 'ਚਾਰਲੇ' ਅਤੇ 'ਜੈਨੇਸਿਸ' ਆਦਿ ਕੌਮਾਂਤਰੀ ਪੱਧਰ ਦੀਆਂ ਫ਼ਿਲਮਾਂ ਸ਼ਾਮਿਲ ਸਨ। ਦੁਨੀਆਂ ਭਰ ਵਿਚ ਸੰਗੀਤ ਦੇ ਬਲਬੂਤੇ ਵੱਡੀਆਂ ਪ੍ਰਾਪਤੀਆਂ ਕਰਨ ਵਾਲੇ ਪੰਡਿਤ ਰਵੀਸ਼ੰਕਰ ਨੂੰ ਜਿੱਥੇ ਭਾਰਤ ਸਰਕਾਰ ਵੱਲੋਂ 'ਭਾਰਤ ਰਤਨ', 'ਪਦਮ ਭੂਸ਼ਣ', 'ਪਦਮ ਵਿਭੂਸ਼ਣ' ਅਤੇ 'ਸੰਗੀਤ ਨਾਟਕ ਅਕਾਦਮੀ ਪੁਰਸਕਾਰ' ਪ੍ਰਦਾਨ ਕੀਤੇ ਗਏ ਉੱਥੇ ਹੀ ਚਾਰ ਵਾਰ 'ਗਰੈਮੀ ਪੁਰਸਕਾਰ', 'ਰੇਮਨ ਮੈਗਸਾਸੇ ਪੁਰਸਕਾਰ', 'ਕੇ. ਬੀ.ਈ.ਪੁਰਸਕਾਰ', 'ਗਰੈਮੀ ਲਾਈਫ਼ ਟਾਈਮ ਅਚੀਵਮੈਂਟ ਐਵਾਰਡ' ਅਤੇ 'ਟੈਗੋਰ ਪੁਰਸਕਾਰ' ਸਣੇ ਕਈ ਹੋਰ ਵੱਡੇ ਪੁਰਸਕਾਰ ਵੀ ਉਨ੍ਹਾ ਦੀ ਝੋਲ਼ੀ ਪਏ ਸਨ।ਧੀ ਅਨੁਸ਼ਕਾ ਸ਼ੰਕਰ ਅਤੇ ਪੁੱਤਰ ਸੁਭੇਂਦਰ ਸੇਨ ਨੂੰ ਪਿੱਛੇ ਛੱਡ ਕੇ ਜਾਣ ਵਾਲੇ ਇਸ ਮਹਾਨ ਸੰਗੀਤਕਾਰ ਦਾ 11 ਦਸੰਬਰ, 2012 ਨੂੰ ਕੈਲੀਫ਼ੋਰਨੀਆ ਵਿਖੇ ਦਿਲ ਦਾ ਵਾਲਵ ਬਦਲਣ ਦੀ ਸਰਜਰੀ ਦੌਰਾਨ ਦੇਹਾਂਤ ਹੋ ਗਿਆ ਸੀ।ਉਨ੍ਹਾ ਦੇ ਦਿਲਕਸ਼ ਤੇ ਅਮਰ ਸੰਗੀਤ ਲਈ ਦੁਨੀਆਂ ਭਰ ਵਿਚ ਉਨ੍ਹਾ ਨੂੰ ਸਦਾ ਹੀ ਬੜੇ ਸਤਿਕਾਰ ਸਹਿਤ ਯਾਦ ਕੀਤਾ ਜਾਂਦਾ ਰਹੇਗਾ।

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
**97816-46008**

## ਮਿਊਜ਼ਿਕ ਦੇ ਮੈਗਾ ਕੌਂਸਟਰਜ਼ ਅਤੇ ਟੂਰ ਕਿਵੇਂ ਬਣ ਗਏ 'ਨੋਟ ਛਾਪਣ ਦੀ ਮਸ਼ੀਨ'

2024 ਵਿੱਚ ਮਸ਼ਹੂਰ ਪੌਪ ਸਟਾਰ ਟੇਲਰ ਸਵਿਫਟ ਦੇ 'ਦਿ ਏਰਾਜ਼' ਟੂਰ ਦਾ ਆਖਰੀ ਪੜਾਅ ਕੈਨੇਡਾ ਵਿੱਚ ਸੀ। ਸੰਗੀਤ ਉਦਯੋਗ ਦਾ ਇਹ ਹੁਣ ਤੱਕ ਦਾ ਸਭ ਤੋਂ ਵੱਧ ਮੁਨਾਫਾ ਕਮਾਉਣ ਵਾਲਾ ਮਿਊਜ਼ਿਕ ਟੂਰ ਸੀ। ਟੇਲਰ ਸਵਿਫਟ ਦਾ ਇਹ ਮੈਗਾ ਟੂਰ ਦੋ ਸਾਲਾਂ ਤੱਕ ਚੱਲਿਆ ਜਿਸ ਵਿੱਚ ਉਨ੍ਹਾਂ ਨੇ ਪੰਜ ਮਹਾਂਦੀਪਾਂ ਦੇ ਕਈ ਦੇਸ਼ਾਂ ਵਿੱਚ 149 ਲਾਈਵ ਮਿਊਜ਼ਿਕ ਕੌਂਸਰਟ ਕੀਤੇ। ਇਸ ਟੂਰ ਨੇ ਦੋ ਅਰਬ ਡਾਲਰ ਤੋਂ ਵੱਧ ਦੀ ਕਮਾਈ ਕੀਤੀ। ਇਸ ਤੋਂ ਪਹਿਲਾਂ ਹੋਣ ਵਾਲੇ ਮੈਗਾ ਟੂਰ ਦੀ ਕਮਾਈ ਇਸ ਤੋਂ ਅੱਧੀ ਵੀ ਨਹੀ ਸੀ। ਟੇਲਰ ਸਵਿਫਟ ਨੇ ਸੰਗੀਤ ਉਦਯੋਗ ਵਿੱਚ ਇੱਕ ਨਵਾਂ ਰਿਕਾਰਡ ਕਾਇਮ ਕੀਤਾ। ਨੌਂ ਮਹੀਨਿਆਂ ਬਾਅਦ ਪੌਪ ਬੈਂਡ ਕੋਲਡ ਪਲੇਅ ਨੇ ਆਪਣੇ 'ਮਿਊਜ਼ਿਕ ਆਫ ਦ ਸਫੀਅਰਜ਼' ਵਰਲਡ ਟੂਰ ਦਾ ਇੱਕ ਹੋਰ ਪੜਾਅ ਪੂਰਾ ਕੀਤਾ। ਕੋਲਡ ਪਲੇਅ ਦੇ ਮੈਗਾ ਟੂਰ ਨੇ ਹੁਣ ਤੱਕ 1.5 ਅਰਬ ਡਾਲਰ ਤੋਂ ਵੱਧ ਕਮਾ ਲਏ ਹਨ। ਪੰਜਾਬੀ ਕਲਾਕਾਰ ਦਿਲਜੀਤ ਦੋਸਾਂਝ, ਕਰਨ ਔਜਲਾ ਅਤੇ ਏਪੀ ਢਿੱਲੋਂ ਸਮੇਤ ਹੋਰ ਵੀ ਕਈ ਗਾਇਕ ਵਰਲਡ ਟੂਰ ਕਰ ਰਹੇ ਹਨ। ਇਨ੍ਹਾਂ ਪੰਜਾਬੀ ਸਿੰਗਰਾਂ ਦੇ ਕੌਂਸਰਟ ਨੂੰ ਦੇਖਣ ਲਈ ਵੱਡੀ ਗਿਣਤੀ ਵਿੱਚ ਲੋਕ ਆਉਂਦੇ ਹਨ ਇਹ ਪ੍ਰੋਗਰਾਮ ਚਾਹੇ ਭਾਰਤ ਵਿੱਚ ਹੋਣ ਜਾਂ ਵਿਦੇਸ਼ਾਂ ਵਿੱਚ ਹਰ ਥਾਂ ਇਨ੍ਹਾਂ ਦੇ ਫੈਨਜ਼ ਪਹੁੰਚਦੇ ਹਨ। ਸਵਾਲ ਇਹ ਹੈ ਕਿ ਮਿਊਜ਼ਿਕ ਮੈਗਾ ਟੂਰ ਭਾਰੀ ਮੁਨਾਫੇ ਦਾ ਸਰੋਤ ਕਿਵੇਂ ਬਣ ਗਏ?

### ਵੱਡਾ ਫੈਨ ਬੇਸ

ਮਿਊਜ਼ਿਕ ਬੈਂਡ ਆਪਣਾ ਫੈਨ ਬੇਸ ਕਿਵੇਂ ਵਧਾਉਂਦੇ ਹਨ ਜਾਂ ਉਨ੍ਹਾਂ ਨੂੰ ਚਾਹੁਣ ਵਾਲਿਆਂ ਦੀ ਗਿਣਤੀ ਕਿਵੇਂ ਵਧਾ ਰਹੇ ਹਨ, ਇਹ ਸਮਝਣ ਲਈ ਦੱਖਣੀ ਕੋਰੀਆਈ ਸੰਗੀਤ ਸ਼ੈਲੀ ਕੇ-ਪੌਪ ਦੇ ਕਲਾਕਾਰਾਂ ਦੀਆਂ ਕੋਸ਼ਿਸ਼ਾਂ ਨੂੰ ਸਮਝਣਾ ਜ਼ਰੂਰੀ ਹੈ। ਕੇ-ਪੌਪ ਦਰਅਸਲ ਕੋਰੀਆਈ ਅਤੇ ਕਈ ਪੱਛਮੀ ਸੰਗੀਤ ਸ਼ੈਲੀਆਂ ਦਾ ਮਿਸ਼ਰਣ ਹੈ। ਉਨ੍ਹਾਂ ਦੀਆਂ ਧੁਨਾਂ ਅਤੇ ਗੀਤਾਂ ਵਿੱਚ ਜੋਸ਼ ਅਤੇ ਜਾਨਦਾਰ ਬੀਟਸ ਹੁੰਦੀਆਂ ਹਨ। ਇਸ ਵਿੱਚ ਗੁੰਝਲਦਾਰ ਅਤੇ ਆਕਰਸ਼ਕ ਡਾਂਸ ਹੁੰਦਾ ਹੈ। ਇੰਨਾ ਹੀ ਨਹੀ, ਕੇ-ਪੌਪ ਬੈਂਡ ਆਪਣੇ ਫੈਨਜ਼ ਨਾਲ ਜੁੜਨ ਲਈ ਸੋਸ਼ਲ ਮੀਡੀਆ ਅਤੇ ਟੈਕਨਾਲੋਜੀ ਦੀ ਵੀ ਭਰਪੂਰ ਵਰਤੋਂ ਕਰਦੇ ਹਨ। ਉਨ੍ਹਾਂ ਦੀ ਸਫਲਤਾ ਨੂੰ ਸਮਝਣ ਲਈ ਅਸੀ ਸਿਓਲ ਸਥਿਤ ਮਿਊਜ਼ਿਕ ਡਿਸਟਰੀਬਿਊਸ਼ਨ ਕੰਪਨੀ 'ਰੂਟ ਨੋਟਸ' ਦੇ ਏਸ਼ੀਆ ਮੁਖੀ ਕੇਵਿਨ ਕਿਮ ਨਾਲ ਗੱਲ ਕੀਤੀ। ਉਨ੍ਹਾਂ ਦਾ ਕਹਿਣਾ ਹੈ ਕਿ ਪੱਛਮੀ ਕਲਾਕਾਰਾਂ ਅਤੇ ਕੋਰੀਆਈ ਕਲਾਕਾਰਾਂ ਵਿਚਕਾਰ ਇੱਕ ਵੱਡਾ ਫਰਕ ਇਹ ਹੈ ਕਿ ਕੋਰੀਆਈ ਕੇ-ਪੌਪ ਆਰਟਿਸਟ ਹਮੇਸ਼ਾ ਆਨਲਾਈਨ ਰਹਿੰਦੇ ਹਨ। ਯੂਟਿਊਬ 'ਤੇ ਉਨ੍ਹਾਂ ਦੀ ਮੌਜੂਦਗੀ ਰਹਿੰਦੀ ਹੈ। ਕਈ ਆਰਟਿਸਟ 'ਬਬਲ' ਐਪ 'ਤੇ ਸਿੱਧੇ ਆਪਣੇ ਫੈਨਜ਼ ਨਾਲ ਚੈਟ ਵੀ ਕਰਦੇ ਹਨ। 'ਬਬਲ' ਇੱਕ ਦੱਖਣੀ ਕੋਰੀਆਈ ਸੋਸ਼ਲ ਮੀਡੀਆ ਐਪ ਹੈ ਜਿਸ ਰਾਹੀ ਫੈਨਜ਼ ਆਪਣੇ ਮਿਊਜ਼ਿਕ ਸਟਾਰਸ ਤੋਂ ਸਿੱਧੇ ਮੈਸੇਜ ਪ੍ਰਾਪਤ ਕਰ ਸਕਦੇ ਹਨ। ਇਸ ਦਾ ਇਨ੍ਹਾਂ ਬੈਂਡਾਂ ਦੇ ਮੈਗਾ ਕੌਂਸਰਟਜ਼ ਦੀ ਸਫਲਤਾ ਵਿੱਚ ਵੱਡਾ ਯੋਗਦਾਨ ਰਿਹਾ ਹੈ। ਕੇਵਿਨ ਕਿਮ ਕਹਿੰਦੇ ਹਨ ਕਿ ਇਸ ਐਪ ਰਾਹੀ ਕੇ-ਪੌਪ ਬੈਂਡ ਜਾਣਦੇ ਹਨ ਕਿ ਉਨ੍ਹਾਂ ਦੇ ਸਭ ਤੋਂ ਵੱਧ ਫੈਨਜ਼ ਕਿਹੜੇ ਇਲਾਕਿਆਂ ਵਿੱਚ ਹਨ ਅਤੇ ਉਸੇ ਆਧਾਰ 'ਤੇ ਉਹ ਆਪਣੇ ਕੌਂਸਰਟ ਟੂਰ ਤੈਅ ਕਰਦੇ ਹਨ ਅਤੇ ਆਪਣੇ ਪ੍ਰੋਗਰਾਮਾਂ ਦਾ ਐਲਾਨ ਕਰਦੇ ਹਨ। ਕੇ-ਪੌਪ ਬੈਂਡਾਂ ਦੇ ਕਈ ਫੈਨਜ਼ ਉਨ੍ਹਾਂ ਨੂੰ ਇੰਨਾ ਪਸੰਦ ਕਰਦੇ ਹਨ ਕਿ ਕਿਸੇ ਇੱਕ ਬੈਂਡ ਦੇ ਕੌਂਸਰਟ ਨੂੰ ਦੇਖਣ ਲਈ ਦੂਰ ਦੇ ਸ਼ਹਿਰਾਂ ਅਤੇ ਦੂਜੇ ਦੇਸ਼ਾਂ ਤੱਕ ਪਹੁੰਚ ਜਾਂਦੇ ਹਨ। ਉਨ੍ਹਾਂ ਦੇ ਫੈਨਜ਼ ਨੱਚਦੇ-ਗਾਉਂਦੇ ਸਮਾਗਮ ਵਾਲੀ ਥਾਂ ਪਹੁੰਚਦੇ ਹਨ ਜਿਸ ਨਾਲ ਇਨ੍ਹਾਂ ਬੈਂਡਾਂ ਨੂੰ ਜ਼ਬਰਦਸਤ ਪਬਲੀਸਿਟੀ ਮਿਲਦੀ ਹੈ। ਕਈ ਵਾਰ ਇਹ ਫੈਨਜ਼ ਇੱਕ 'ਲਾਈਟ ਸਟਿਕ' ਲੈ ਕੇ ਆਉਂਦੇ ਹਨ ਜਿਸ ਦੇ ਰੰਗ ਤੋਂ ਪਤਾ ਲੱਗਦਾ ਹੈ ਕਿ ਉਹ ਕਿਸ ਖੇਤਰ ਦੇ ਹਨ। ਇਸ ਲਾਈਟ ਸਟਿਕ ਦੀ ਲਾਈਟ ਨੂੰ ਕੌਂਸਰਟ ਦੇ ਪ੍ਰਬੰਧਕ ਕੰਟਰੋਲ ਕਰਦੇ ਹਨ, ਜਿਸ ਨਾਲ ਸੰਗੀਤ ਦੀ ਧੁਨ ਦੇ ਨਾਲ ਉਸ ਦੇ ਰੰਗ ਬਦਲਦੇ ਹਨ ਜਾਂ ਫਲੈਸ਼ ਨਿਕਲਦੇ ਹਨ, ਜਿਸ ਨਾਲ ਕੌਂਸਰਟ ਦਾ ਮਾਹੌਲ ਹੋਰ ਰੰਗੀਨ ਹੋ ਜਾਂਦਾ ਹੈ। ਕੇਵਿਨ ਕਿਮ ਨੇ ਦੱਸਿਆ ਕਿ ਇਹ ਲਾਈਟ ਸਟਿਕਸ ਕਾਫੀ ਐਡਵਾਂਸ ਟੈਕਨਾਲੋਜੀ ਨਾਲ ਬਣੀਆਂ ਹੁੰਦੀਆਂ ਹਨ। ਸੰਗੀਤ ਦੇ ਉਤਾਰ-ਚੜ੍ਹਾਅ ਅਨੁਸਾਰ ਇਸ ਦੇ ਰੰਗ ਅਤੇ ਰੌਸ਼ਨੀ ਬਦਲਦੀ ਹੈ। ਕਦੇ ਕੌਂਸਰਟ ਹਾਲ ਦੇ ਸੱਜੇ ਪਾਸੇ ਲਾਈਟ ਸਟਿਕਸ ਜਗਦੀਆਂ ਹਨ ਤਾਂ ਕਦੇ ਖੱਬੇ ਪਾਸੇ। ਇਸ ਨਾਲ ਦਰਸ਼ਕਾਂ ਅਤੇ ਸਰੋਤਿਆਂ ਲਈ ਕੌਂਸਰਟ ਦਾ ਤਜਰਬਾ ਕਾਫੀ ਵਧੀਆ ਹੋ ਜਾਂਦਾ ਹੈ। ਉਨ੍ਹਾਂ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਉਸ ਸੰਗੀਤ ਦਾ ਹਿੱਸਾ ਹਨ। ਲਾਈਟ ਸਟਿਕ ਹੀ ਨਹੀ, ਬਲਕਿ ਕੋਰੀਆਈ ਕੇ-ਪੌਪ ਬੈਂਡ ਆਪਣੇ ਫੈਨਜ਼ ਨੂੰ ਬੈਂਡ ਨਾਲ ਜੁੜੀ ਕਾਫੀ ਹੋਰ ਸਮੱਗਰੀ ਵੀ ਵੇਚਦੇ ਹਨ। ਕੇਵਿਨ ਕਿਮ ਨੇ ਕਿਹਾ, "ਕੋਰੀਆਈ ਬੈਂਡ ਆਪਣੇ ਬੈਂਡ ਦੇ ਜਾਂ ਉਸ ਦੇ ਸਟਾਰਸ ਦੀਆਂ ਤਸਵੀਰਾਂ ਦੇ ਪੋਸਟਰ, ਟੀ-ਸ਼ਰਟਾਂ ਅਤੇ ਕੀ-ਚੇਨ ਵਰਗੀਆਂ ਕਈ ਚੀਜ਼ਾਂ ਵੇਚਦੇ ਹਨ। ਹਰ ਕੌਂਸਰਟ ਲਈ ਨਵੀਆਂ ਤਸਵੀਰਾਂ ਦੇ ਨਾਲ ਟੀ-ਸ਼ਰਟਾਂ ਅਤੇ ਕੀ-ਚੇਨ ਬਣਾ ਕੇ ਜਾਰੀ ਕੀਤੇ ਜਾਂਦੇ ਹਨ।" ਉਨ੍ਹਾਂ ਦੇ ਫੈਨਜ਼ ਇਹ ਚੀਜ਼ਾਂ ਬੜੇ ਸ਼ੌਕ ਨਾਲ ਖਰੀਦਦੇ ਅਤੇ ਇਕੱਠੀਆਂ ਕਰਦੇ ਹਨ। ਇਹ ਸਾਰੀਆਂ ਰਣਨੀਤੀਆਂ ਕੌਂਸਰਟ ਟੂਰ ਨੂੰ ਪਹਿਲਾਂ ਨਾਲੋਂ ਕਿਤੇ ਵੱਧ ਮੁਨਾਫੇ ਵਿੱਚ ਲੈ ਆਈਆਂ ਹਨ। ਪਰ ਸਵਾਲ ਉੱਠਦਾ ਹੈ ਕਿ ਇਹ ਇੰਨਾ ਸਫਲ ਕਿਵੇਂ ਹੋਇਆ ਅਤੇ ਸੰਗੀਤ ਐਲਬਮ ਜਾਂ ਸੀਡੀ ਆਦਿ ਵੇਚ ਕੇ ਪੈਸੇ ਕਮਾਉਣ ਦੇ ਪੁਰਾਣੇ ਤਰੀਕਿਆਂ ਦਾ ਕੀ ਹੋਇਆ?

### ਡਿਜੀਟਲ ਬਦਲਾਅ

ਅਮਰੀਕਾ ਦੀ ਮਿਆਮੀ ਯੂਨੀਵਰਸਿਟੀ ਦੇ ਫਰੌਸਟ ਸਕੂਲ ਆਫ ਮਿਊਜ਼ਿਕ ਦੀ ਪ੍ਰੋਫੈਸਰ ਸੇਰੋਨਾ ਐਲਟਨ ਕਹਿੰਦੇ ਹਨ ਕਿ ਪਹਿਲਾਂ ਪੌਪ ਮਿਊਜ਼ਿਕ ਬੈਂਡ ਕੌਂਸਰਟ ਟੂਰ ਦੀ ਵਰਤੋਂ ਆਪਣੀ ਨਵੀ ਸੰਗੀਤ ਐਲਬਮ ਦੇ ਰਿਕਾਰਡ ਜਾਂ ਸੀਡੀ ਨੂੰ ਪ੍ਰਮੋਟ ਕਰਨ ਲਈ ਕਰਦੇ ਸਨ ਤਾਂ ਜੋ ਉਨ੍ਹਾਂ



ਦੇ ਫੈਨਜ਼ ਉਨ੍ਹਾਂ ਦੀ ਐਲਬਮ ਖਰੀਦਣ, ਪਰ ਹੁਣ ਇਹ ਮਿਊਜ਼ਿਕ ਬੈਂਡ ਕੌਂਸਰਟ ਟੂਰ ਤੋਂ ਸਿੱਧਾ ਮੁਨਾਫਾ ਕਮਾ ਰਹੇ ਹਨ। ਉਨ੍ਹਾਂ ਅਨੁਸਾਰ ਇਸ ਦੀ ਇੱਕ ਵੱਡੀ ਵਜ੍ਹਾ ਪਿਛਲੇ ਵੀਹ ਸਾਲਾਂ ਵਿੱਚ ਡਿਜੀਟਲ ਟੈਕਨਾਲੋਜੀ ਵਿੱਚ ਆਏ ਬਦਲਾਅ ਹਨ ਕਿਉਂਕਿ ਪਹਿਲਾਂ ਲੋਕ ਕਿਸੇ ਆਰਟਿਸਟ ਦੀ ਐਲਬਮ ਖਰੀਦਣ ਮਿਊਜ਼ਿਕ ਸਟੋਰ ਜਾਂਦੇ ਸਨ ਪਰ ਹੁਣ ਉਹ ਉਨ੍ਹਾਂ ਦੇ ਗਾਣੇ ਆਸਾਨੀ ਨਾਲ ਇੰਟਰਨੈੱਟ ਤੋਂ ਡਾਊਨਲੋਡ ਕਰ ਸਕਦੇ ਹਨ ਅਤੇ ਕਈ ਵਾਰ ਗੈਰ-ਕਾਨੂੰਨੀ ਤਰੀਕੇ ਨਾਲ ਮੁਫਤ ਵਿੱਚ ਇਹ ਗਾਣੇ ਡਾਊਨਲੋਡ ਕਰਦੇ ਹਨ। ਸੇਰੋਨਾ ਐਲਟਨ ਨੇ ਕਿਹਾ ਕਿ, "ਪਹਿਲਾਂ ਸਭ ਤੋਂ ਜ਼ਿਆਦਾ ਮਿਊਜ਼ਿਕ ਰਿਕਾਰਡ ਜਾਂ ਸੀਡੀ ਨੌਜਵਾਨ ਖਰੀਦਦੇ ਸਨ। ਹੁਣ ਉਹ ਗੈਰ-ਕਾਨੂੰਨੀ ਤਰੀਕੇ ਨਾਲ ਇੰਟਰਨੈੱਟ ਤੋਂ ਇਹ ਮਿਊਜ਼ਿਕ ਡਾਊਨਲੋਡ ਕਰਨ ਲੱਗ ਪਏ ਹਨ। ਇਸ ਨੇ ਸੰਗੀਤ ਉਦਯੋਗ ਦੇ ਸਮੀਕਰਨ ਬਦਲ ਦਿੱਤੇ ਹਨ।" ਉਹ ਕਹਿੰਦੇ ਹਨ ਕਿ ਜਦੋਂ ਕਲਾਕਾਰਾਂ ਨੇ ਦੇਖਿਆ ਕਿ ਉਨ੍ਹਾਂ ਦੇ ਸੰਗੀਤ ਰਿਕਾਰਡਾਂ ਦੀ ਵਿਕਰੀ ਹੌਲੀ-ਹੌਲੀ ਘਟਦੀ ਜਾ ਰਹੀ ਹੈ ਤਾਂ ਉਨ੍ਹਾਂ ਨੇ ਕੌਂਸਰਟ ਟੂਰ ਰਾਹੀ ਆਪਣੇ ਸੰਗੀਤ ਤੋਂ ਪੈਸੇ ਕਮਾਉਣ ਦਾ ਬਦਲ ਚੁਣਿਆ। ਸੇਰੋਨਾ ਕਹਿੰਦੀ ਹੈ ਕਿ ਕੌਂਸਰਟ ਟੂਰ ਨਾਲ ਪੌਪ ਕਲਾਕਾਰਾਂ ਦੇ ਸੰਗੀਤ ਦੀ ਇੰਟਰਨੈੱਟ ਮਾਧਿਅਮਾਂ 'ਤੇ ਸਟ੍ਰੀਮਿੰਗ ਵਧਦੀ ਹੈ, ਲੋਕ ਕੌਂਸਰਟ ਦਾ ਐਲਾਨ ਹੁੰਦੇ ਹੀ ਉਨ੍ਹਾਂ ਦੀਆਂ ਐਲਬਮਾਂ ਆਨਲਾਈਨ ਖਰੀਦਣ ਲੱਗ ਪੈਂਦੇ ਹਨ। ਪਰ ਇਸ ਨਾਲ ਕੋਈ ਖਾਸ ਜ਼ਿਆਦਾ ਕਮਾਈ ਨਹੀ ਹੁੰਦੀ। "ਇਸ ਲਈ ਕਲਾਕਾਰਾਂ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਕੌਂਸਰਟ ਇੱਕ ਵੱਡਾ ਸ਼ਾਨਦਾਰ ਮਾਸਟਰਪੀਸ ਬਣੇ ਜਿਸ ਦੀ ਚਰਚਾ ਹੋਵੇ ਅਤੇ ਵੱਡੀ ਗਿਣਤੀ ਵਿੱਚ ਲੋਕ ਉਸ ਦੀਆਂ ਟਿਕਟਾਂ ਖਰੀਦਣ। ਇਨ੍ਹਾਂ ਕੌਂਸਰਟਜ਼ ਨੂੰ ਵਿਸ਼ਾਲ ਪੱਧਰ 'ਤੇ ਆਯੋਜਿਤ ਕਰਨ ਵਿੱਚ ਵੱਡੇ ਨਿਵੇਸ਼ ਦੀ ਲੋੜ ਹੁੰਦੀ ਹੈ।"

### ਕੌਂਸਰਟ ਦੀ ਵਿਸ਼ਾਲਤਾ

ਸੇਰੋਨਾ ਐਲਟਨ ਕਹਿੰਦੇ ਹਨ ਕਿ ਇਹ ਕੌਂਸਰਟ ਵਿਸ਼ਾਲ ਸਟੇਡੀਅਮਾਂ ਵਿੱਚ ਆਯੋਜਿਤ ਕੀਤੇ ਜਾਂਦੇ ਹਨ ਜਿਸ ਵਿੱਚ ਹਜ਼ਾਰਾਂ ਦਰਸ਼ਕ ਆਉਂਦੇ ਹਨ। ਸਟੇਜ ਦੇ ਨੇੜਲੀਆਂ ਦੋ-ਤਿੰਨ ਲਾਈਨਾਂ ਤੋਂ ਪਿੱਛੇ ਬੈਠੇ ਲੋਕਾਂ ਨੂੰ ਸਟੇਜ 'ਤੇ ਪਰਫਾਰਮ ਕਰ ਰਹੇ ਆਰਟਿਸਟ ਸਾਫ਼ ਦਿਖਾਈ ਨਹੀ ਦਿੰਦੇ। ਅਜਿਹੇ ਵਿੱਚ ਸਿਰਫ਼ ਮਾਈਕ ਫੜ ਕੇ ਗਾਉਣ ਨਾਲ ਕੰਮ ਨਹੀ ਚੱਲਦਾ। ਉਸ ਸਟੇਡੀਅਮ ਵਿੱਚ ਵੱਡੇ ਸੈੱਟ ਲਗਾਉਣੇ ਪੈਂਦੇ ਹਨ, ਵਿਸ਼ਾਲ ਵੀਡੀਓ ਸਕ੍ਰੀਨਾਂ ਲਗਾਈਆਂ ਜਾਂਦੀਆਂ ਹਨ ਜਿਸ 'ਤੇ ਕਲਾਕਾਰ ਸਾਫ਼ ਅਤੇ ਕਰੀਬ ਤੋਂ ਦਿਖਾਈ ਦਿੰਦੇ ਹਨ। ਇਸ ਦੇ ਲਈ ਨਵੀ ਟੈਕਨਾਲੋਜੀ ਰਾਹੀ ਲਾਈਟਾਂ ਅਤੇ ਸਾਊਂਡ ਦਾ ਇੱਕ ਸ਼ਾਨਦਾਰ ਅਨੁਭਵ ਸਿਰਜਣਾ ਪੈਂਦਾ ਹੈ ਤਾਂ ਜੋ ਉਸ ਸਟੇਡੀਅਮ ਵਿੱਚ ਮੌਜੂਦ ਸਾਰੇ ਦਰਸ਼ਕ ਉਸ ਦਾ ਪੂਰਾ ਆਨੰਦ ਲੈ ਸਕਣ। ਇਹ ਸ਼ੋਅ ਕਈ ਸ਼ਹਿਰਾਂ ਵਿੱਚ ਹੁੰਦੇ ਹਨ ਅਤੇ ਲੱਖਾਂ ਟਿਕਟਾਂ ਵਿਕਦੀਆਂ ਹਨ। ਇਸ ਵੱਡੇ ਤਾਮਝਾਮ ਨੂੰ ਇੱਕ ਥਾਂ ਤੋਂ ਦੂਜੀ ਥਾਂ ਅਤੇ ਕਈ ਵਾਰ ਦੂਜੇ ਦੇਸ਼ਾਂ ਵਿੱਚ ਲੈ ਕੇ ਜਾਣਾ ਬਹੁਤ ਖ਼ਰਚੀਲਾ ਕੰਮ ਹੁੰਦਾ ਹੈ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਹ ਕੰਮ ਵੱਡਾ ਮੁਨਾਫਾ ਵੀ ਦੇਵੇ। ਇਸ ਕੰਮ ਵਿੱਚ ਸੋਸ਼ਲ ਮੀਡੀਆ ਦੀ ਵੀ ਵੱਡੀ ਭੂਮਿਕਾ ਹੁੰਦੀ ਹੈ। ਸੇਰੋਨਾ ਐਲਟਨ ਦੱਸਦੇ ਹਨ ਕਿ ਟੂਰ ਕਰਨ ਵਾਲੇ ਬੈਂਡ ਨੂੰ ਪਤਾ ਕਰਨਾ ਪੈਂਦਾ ਹੈ ਕਿ ਉਸ ਦੇ ਸਭ ਤੋਂ ਵੱਧ ਫੈਨ ਕਿਹੜੇ ਸ਼ਹਿਰਾਂ ਵਿੱਚ ਹਨ ਅਤੇ ਉੱਥੇ ਕਦੋਂ ਤੇ ਕਿੰਨੇ ਸ਼ੋਅ ਕਰਨੇ ਚਾਹੀਦੇ ਹਨ। ਉਹ ਕਹਿੰਦੇ ਹਨ ਕਿ ਬਹੁਤ ਸੋਚ-ਵਿਚਾਰ ਕੇ ਹੀ ਪੂਰੇ ਟੂਰ ਦੀ ਯੋਜਨਾ ਬਣਾਈ ਜਾਂਦੀ ਹੈ। ਮਿਊਜ਼ਿਕ ਸਟ੍ਰੀਮਿੰਗ ਅਤੇ ਸੰਗੀਤ ਐਲਬਮਾਂ ਦੀ ਵਿਕਰੀ ਦੇ ਆਧਾਰ 'ਤੇ ਪਤਾ ਲਗਾਇਆ ਜਾਂਦਾ ਹੈ ਕਿ ਕਿਸ ਬਾਜ਼ਾਰ ਵਿੱਚ ਉਨ੍ਹਾਂ ਦੇ ਕੌਂਸਰਟ ਦੀ ਕਿੰਨੀ ਮੰਗ ਹੋਵੇਗੀ। ਕਈ ਵਾਰ ਇਸ ਮੰਗ ਨੂੰ ਧਿਆਨ ਵਿੱਚ ਰੱਖ ਕੇ ਇੱਕ ਹੀ ਜਗ੍ਹਾ ਕਈ ਸ਼ੋਅ ਕੀਤੇ ਜਾਂਦੇ ਹਨ।

### ਟੂਰ ਦਾ ਅਰਥਸ਼ਾਸਤਰ

ਯੂਕੇ ਦੀ ਨਿਊਕਾਸਲ ਯੂਨੀਵਰਸਿਟੀ ਵਿੱਚ ਸੰਗੀਤ ਵਿਭਾਗ ਦੇ ਮੁਖੀ ਐਡਮ ਬੇਹਰ ਕਹਿੰਦੇ ਹਨ ਕਿ ਪਹਿਲਾਂ ਪੌਪ ਮਿਊਜ਼ਿਕ ਆਰਟਿਸਟ ਦਾ ਕੰਮ ਇੰਨਾ ਗੁੰਝਲਦਾਰ ਨਹੀ ਸੀ। ਆਰਟਿਸਟ





ਸਟੂਡੀਓ ਜਾ ਕੇ ਆਪਣੀ ਐਲਬਮ ਰਿਕਾਰਡ ਕਰਦੇ ਸਨ ਅਤੇ ਫਿਰ ਉਸ ਦੇ ਪ੍ਰਚਾਰ ਲਈ ਕੰਮ ਕਰਦੇ ਸਨ। ਟੂਰ ਦੇ ਆਯੋਜਨ ਵਿੱਚ ਮਿਊਜ਼ਿਕ ਲੇਬਲ (ਸੰਗੀਤ ਰਿਕਾਰਡ ਕਰਨ ਅਤੇ ਵੰਡਣ ਵਾਲੀਆਂ ਕੰਪਨੀਆਂ) ਯੋਗਦਾਨ ਪਾਉਂਦੀਆਂ ਸਨ। ਪਰ ਡਿਜੀਟਲ ਯੁੱਗ ਵਿੱਚ ਇਹ ਸਮੀਕਰਨ ਬਦਲ ਗਏ ਹਨ। ਐਡਮ ਬੇਹਰ ਦਾ ਕਹਿਣਾ ਹੈ ਕਿ ਕਿਸੇ ਸੰਗੀਤ ਐਲਬਮ ਦੀ ਆਨਲਾਈਨ ਸਟ੍ਰੀਮਿੰਗ ਦੀ ਕੋਈ ਸੀਮਾ ਨਹੀ ਹੈ। ਪਰ ਟੂਰ ਕੌਂਸਰਟ ਦੀਆਂ ਟਿਕਟਾਂ ਸੀਮਤ ਹੁੰਦੀਆਂ ਹਨ ਅਤੇ ਲਾਈਵ ਮਿਊਜ਼ਿਕ ਦਾ ਮਜ਼ਾ ਹੀ ਵੱਖਰਾ ਹੈ ਜੋ ਉਨ੍ਹਾਂ ਨੂੰ ਖਾਸ ਬਣਾਉਂਦਾ ਹੈ। ਇਹੀ ਕਾਰਨ ਟੂਰ ਕੌਂਸਰਟ ਨੂੰ ਵੱਡੇ ਮੁਨਾਫੇ ਵਾਲਾ ਵਪਾਰ ਬਣਾਉਂਦਾ ਹੈ। ਉਹ ਕਹਿੰਦੇ ਹਨ, "ਕਿਸੇ ਗਾਣੇ ਦੇ ਰਿਕਾਰਡ ਜਾਂ ਫਾਈਲ ਤਾਂ ਕਰੋੜਾਂ ਲੋਕਾਂ ਕੋਲ ਹੋ ਸਕਦੇ ਹਨ, ਪਰ ਪੌਪ ਸਟਾਰ ਨੂੰ ਸਾਹਮਣੇ ਲਾਈਵ ਪਰਫਾਰਮ ਕਰਦੇ ਦੇਖਣ-ਸੁਣਨ ਦਾ ਆਨੰਦ ਵੱਖਰਾ ਹੈ। ਇੱਕ ਵਿਸ਼ਾਲ ਸਟੇਡੀਅਮ ਵਿੱਚ ਹਜ਼ਾਰਾਂ ਲੋਕ ਹੁੰਦੇ ਹਨ ਜਿਸ ਵਿੱਚ ਕੋਈ ਦਰਸ਼ਕ ਇੱਕ ਛੋਟੇ ਤਿਨਕੇ ਸਮਾਨ ਹੁੰਦਾ ਹੈ। ਪਰ ਕੌਂਸਰਟ ਦੇ ਸੈੱਟ ਅਤੇ ਲਾਈਟਾਂ ਨਾਲ ਮਾਹੌਲ ਬੇਹੱਦ ਜੋਸ਼ੀਲਾ ਹੋ ਜਾਂਦਾ ਹੈ, ਜਿਸ ਨਾਲ ਸੰਗੀਤ ਦਾ ਆਨੰਦ ਲੈਣਾ ਇੱਕ ਦੁਰਲੱਭ ਤਜਰਬਾ ਹੁੰਦਾ ਹੈ। ਇਸ ਵਿੱਚ ਇੱਕ ਵਿਲੱਖਣਤਾ ਹੁੰਦੀ ਹੈ। ਇਸ ਲਈ ਆਰਟਿਸਟ ਇਨ੍ਹਾਂ ਟੂਰਾਂ ਤੋਂ ਭਾਰੀ ਰਕਮ ਕਮਾ ਪਾਉਂਦੇ ਹਨ।" ਐਡਮ ਕਹਿੰਦੇ ਹਨ ਕਿ ਇਸ ਵਿਲੱਖਣਤਾ ਜਾਂ ਅਨੋਖੇ ਤਜਰਬੇ ਲਈ ਜ਼ਿਆਦਾ ਪੈਸੇ ਜਾਂ ਪ੍ਰੀਮੀਅਮ ਵੀ ਦੇਣਾ ਪੈਂਦਾ ਹੈ। ਇੰਟਰਨੈੱਟ 'ਤੇ ਸਪੋਟੀਫਾਈ ਅਤੇ ਹੋਰ ਮਿਊਜ਼ਿਕ ਸਟ੍ਰੀਮਿੰਗ ਪਲੇਟਫਾਰਮਾਂ ਤੋਂ ਵੀ ਟੂਰ ਦੇ ਆਯੋਜਨ ਅਤੇ ਜਗ੍ਹਾ ਚੁਣਨ ਵਿੱਚ ਮਦਦ ਮਿਲਦੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਕਿਹੜੇ ਸ਼ਹਿਰਾਂ ਜਾਂ ਦੇਸ਼ਾਂ ਵਿੱਚ ਕਿਸ ਕਲਾਕਾਰ ਦਾ ਕਿੰਨਾ ਸੰਗੀਤ ਸਟ੍ਰੀਮ ਹੁੰਦਾ ਹੈ ਅਤੇ ਕਿੰਨੇ ਸੁਣਨ ਵਾਲੇ ਹਨ। ਉਸੇ ਦੇ ਆਧਾਰ 'ਤੇ ਟੂਰ ਦੇ ਪੜਾਅ ਅਤੇ ਸਥਾਨ ਤੈਅ ਕੀਤੇ ਜਾਂਦੇ ਹਨ। ਇੱਕ ਵਿਸ਼ਾਲ ਸਟੇਡੀਅਮ ਵਿੱਚ ਹਜ਼ਾਰਾਂ ਲੋਕਾਂ ਨਾਲ ਕੰਸਰਟ ਦੇਖਣ ਵਿੱਚ ਇੱਕ ਜਾਦੂਈ ਅਹਿਸਾਸ ਹੁੰਦਾ ਹੈ। ਉੱਥੇ ਇੱਕ ਤਿਉਹਾਰ ਵਰਗਾ ਮਾਹੌਲ ਬਣਦਾ ਹੈ ਜਿਸ ਵਿੱਚ ਅਸੀ ਹਜ਼ਾਰਾਂ ਲੋਕਾਂ ਨਾਲ ਮਿਲ ਕੇ ਸੰਗੀਤ ਦਾ ਮਜ਼ਾ ਲੈਂਦੇ ਹਾਂ।

### ਤੁਰਦੀ-ਫਿਰਦੀ ਅਰਥਵਿਵਸਥਾ

ਪੌਪੀ ਰੀਡ ਮਿਊਜ਼ਿਕ ਜਰਨਲਿਸਟ ਹੈ ਅਤੇ ਸਿਡਨੀ ਸਥਿਤ 'ਕਿਊਰੀਅਸ ਮੀਡੀਆ' ਦੇ ਸੰਸਥਾਪਕ ਵੀ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਕੌਂਸਰਟ ਟੂਰ ਸਾਰੇ ਕਲਾਕਾਰਾਂ ਦੇ ਵੱਸ ਦੀ ਗੱਲ ਨਹੀਂ ਹੈ। ਇਹ ਸਿਰਫ਼ ਉਹੀ ਆਰਟਿਸਟ ਕਰ ਸਕਦੇ ਹਨ ਜਿਨ੍ਹਾਂ ਦੇ ਲੱਖਾਂ-ਕਰੋੜਾਂ ਫੈਨ ਹੋਣ। ਉਨ੍ਹਾਂ ਅਨੁਸਾਰ, ਇਸ ਵਪਾਰ ਵਿੱਚ ਪੈਸਾ ਤਾਂ ਹੈ ਪਰ ਮੁਨਾਫੇ ਦਾ ਮਾਰਜਿਨ ਘੱਟ ਹੈ। ਜਿਨ੍ਹਾਂ ਥਾਵਾਂ 'ਤੇ ਉਹ ਟੂਰ ਕਰਦੇ ਹਨ, ਉੱਥੇ ਦੇ ਸਥਾਨਕ ਭਾਈਚਾਰਿਆਂ ਨੂੰ ਵੀ ਇਸ ਦਾ ਆਰਥਿਕ ਲਾਭ ਮਿਲਦਾ ਹੈ। ਉਹ ਕਹਿੰਦੇ ਹਨ, "ਵੱਡੇ ਕਲਾਕਾਰ ਵੱਡੀ ਟੀਮ ਅਤੇ ਤਾਮਝਾਮ ਨਾਲ ਆਉਂਦੇ ਹਨ। ਜਿੰਨੇ ਦਿਨ ਉਹ ਕਿਸੇ ਸ਼ਹਿਰ ਵਿੱਚ ਰੁਕਦੇ ਹਨ, ਉਸ ਦੌਰਾਨ ਉਸ ਸ਼ਹਿਰ ਦੀ ਅਰਥਵਿਵਸਥਾ ਨੂੰ ਵੱਡਾ ਫਾਇਦਾ ਹੁੰਦਾ ਹੈ ਕਿਉਂਕਿ ਉਨ੍ਹਾਂ ਦੇ ਰਹਿਣ-ਖਾਣ ਅਤੇ ਹੋਰ ਜ਼ਰੂਰਤਾਂ ਨਾਲ ਸ਼ਹਿਰ ਦੇ ਲੋਕਾਂ ਨੂੰ ਰੁਜ਼ਗਾਰ ਅਤੇ ਮੁਨਾਫੇ ਦੇ ਮੌਕੇ ਮਿਲਦੇ ਹਨ। ਕਈ ਸਰਕਾਰਾਂ ਤਾਂ ਟੇਲਰ ਸਵਿਫਟ, ਬਿਓਸੇ ਅਤੇ ਕੋਲਡ ਪਲੇਅ ਵਰਗੇ ਬੈਂਡਾਂ ਨੂੰ ਆਪਣੇ ਸ਼ਹਿਰ ਆਉਣ ਦੀ ਅਪੀਲ ਕਰਦੀਆਂ ਹਨ।" ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਲਾ ਦੇ ਨਾਲ-ਨਾਲ ਚਿਲੀ ਅਤੇ ਥਾਈਲੈਂਡ ਦੇ ਰਾਸ਼ਟਰ ਮੁਖੀਆਂ ਨੇ ਟੇਲਰ ਸਵਿਫਟ ਨੂੰ ਉਨ੍ਹਾਂ ਦੇ ਦੇਸ਼ ਦਾ ਟੂਰ ਕਰਨ ਦੀ ਅਪੀਲ ਕੀਤੀ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਇਹ ਮੈਗਾ ਟੂਰ ਆਰਥਿਕ ਪੱਖੋਂ ਕਿੰਨੇ ਮਹੱਤਵਪੂਰਨ ਹਨ। ਪੌਪੀ ਰੀਡ ਨੇ ਦੱਸਿਆ ਕਿ ਕਈ ਵੱਡੇ ਬ੍ਰਾਂਡ ਇਨ੍ਹਾਂ ਮੈਗਾ ਟੂਰਾਂ ਨਾਲ ਜੁੜਨਾ ਚਾਹੁੰਦੇ ਹਨ, ਜਿਸ ਨਾਲ ਕਲਾਕਾਰਾਂ ਦੀ ਹੋਰ ਕਮਾਈ ਹੁੰਦੀ ਹੈ। ਟੇਲਰ ਸਵਿਫਟ ਨੇ ਆਪਣੇ 'ਦਿ ਏਰਾਜ਼' ਟੂਰ 'ਤੇ ਡਿਜ਼ਨੀ ਪਲੱਸ ਨਾਲ ਮਿਲ ਕੇ 6 ਹਿੱਸਿਆਂ ਵਿੱਚ ਇੱਕ ਡਾਕੂਮੈਂਟਰੀ ਫਿਲਮ ਵੀ ਬਣਾਈ ਸੀ। ਪੌਪੀ ਰੀਡ ਕਹਿੰਦੇ ਹਨ ਕਿ ਜਦੋਂ ਟੇਲਰ ਸਵਿਫਟ ਦੇ 'ਦਿ ਏਰਾਜ਼' ਟੂਰ ਦਾ ਐਲਾਨ ਹੋਇਆ ਅਤੇ ਜਿਵੇਂ ਹੀ ਟਿਕਟਾਂ ਦੀ ਵਿਕਰੀ ਸ਼ੁਰੂ ਹੋਈ ਤਾਂ ਬਹੁਤ ਸਾਰੇ ਲੋਕਾਂ ਨੇ ਕਈ ਫ਼ੋਨਾਂ ਅਤੇ ਕੰਪਿਊਟਰਾਂ 'ਤੇ ਲੌਗ-ਇਨ ਕਰਕੇ ਆਪਣੇ ਬੱਚਿਆਂ ਲਈ ਟਿਕਟਾਂ ਖਰੀਦਣ ਦੀ ਕੋਸ਼ਿਸ਼ ਕੀਤੀ। ਕਈ ਲੋਕਾਂ ਨੇ 200 ਤੋਂ 300 ਡਾਲਰ ਵਿੱਚ ਟਿਕਟਾਂ ਖਰੀਦੀਆਂ। ਕੁਝ ਲੋਕ ਟਿਕਟ ਲਈ 1000 ਡਾਲਰ ਤੱਕ ਖਰਚ ਕਰਨ ਨੂੰ ਤਿਆਰ ਸਨ। ਪੌਪੀ ਰੀਡ ਦਾ ਮੰਨਣਾ ਹੈ ਕਿ ਇਨ੍ਹਾਂ ਟੂਰਾਂ ਦੇ ਆਯੋਜਨ ਵਿੱਚ ਬਹੁਤ ਵੱਡਾ ਖਰਚਾ ਹੁੰਦਾ ਹੈ, ਜਿਸ ਨੂੰ ਵਸੂਲਣ ਅਤੇ ਮੁਨਾਫਾ ਕਮਾਉਣ ਤੋਂ ਇਲਾਵਾ ਕਲਾਕਾਰਾਂ ਕੋਲ ਕੋਈ ਦੂਜਾ ਬਦਲ ਨਹੀ ਹੈ। 2024 ਵਿੱਚ ਟੇਲਰ ਸਵਿਫਟ ਦੇ ਕੌਂਸਰਟ ਦੀਆਂ 15 ਕਰੋੜ ਟਿਕਟਾਂ ਵਿਕੀਆਂ ਸਨ। ਪ੍ਰਸ਼ੰਸਕਾਂ ਨੂੰ ਇਹ ਮੈਗਾ-ਟੂਰ ਇੰਨੇ ਪਸੰਦ ਹਨ ਕਿ ਕੁਝ ਲੋਕ ਇੱਕੋ ਕਲਾਕਾਰ ਦੇ ਇੱਕ ਤੋਂ ਵੱਧ ਕੌਂਸਰਟ ਦੇਖਣ ਲਈ ਉਤਾਵਲੇ ਰਹਿੰਦੇ ਹਨ, ਜਦਕਿ ਇੱਕੋ ਕਲਾਕਾਰ ਦੇ ਦੋ ਕੌਂਸਰਟਜ਼ ਵਿੱਚ ਕੋਈ ਖਾਸ ਫਰਕ ਨਹੀ ਹੁੰਦਾ। ਪੌਪੀ ਰੀਡ ਦਾ ਕਹਿਣਾ ਹੈ ਕਿ ਜਿਹੜੇ ਜਨੂੰਨੀ ਪ੍ਰਸ਼ੰਸਕ ਹਨ, ਉਨ੍ਹਾਂ ਨੂੰ ਇਸ ਨਾਲ ਕੋਈ ਫਰਕ ਨਹੀ ਪੈਂਦਾ। "ਲਾਈਵ ਮਿਊਜ਼ਿਕ ਕੌਂਸਰਟ ਦੇਖਣਾ ਅਤੇ ਸੁਣਨਾ ਇੰਨਾ ਯਾਦਗਾਰ ਅਨੁਭਵ ਹੁੰਦਾ ਹੈ ਕਿ ਜੇਕਰ ਪ੍ਰਸ਼ੰਸਕ ਇਸ 'ਤੇ ਆਪਣੇ ਢੇਰ ਸਾਰੇ ਪੈਸੇ ਖਰਚ ਕਰਨਾ ਚਾਹੁੰਦੇ ਹਨ ਤਾਂ ਇਸ ਵਿੱਚ ਕੋਈ ਬੁਰੀ ਗੱਲ ਨਹੀ ਹੈ।"

### ਤਾਂ ਹੁਣ ਮੁੜਦੇ ਹਾਂ ਆਪਣੇ ਮੁੱਖ ਸਵਾਲ ਵੱਲ, ਮਿਊਜ਼ਿਕ ਮੈਗਾ-ਟੂਰ ਭਾਰੀ ਮੁਨਾਫ਼ੇ ਦਾ ਸਰੋਤ ਕਿਵੇਂ ਬਣ ਗਏ?

ਡਿਜੀਟਲ ਟੈਕਨਾਲੋਜੀ ਨੇ ਸੰਗੀਤ ਖਰੀਦਣ ਅਤੇ ਸੁਣਨ ਦੇ ਤਰੀਕਿਆਂ ਨੂੰ ਬਦਲ ਦਿੱਤਾ ਹੈ। ਹੁਣ ਇੰਟਰਨੈੱਟ 'ਤੇ ਸਾਡੇ ਪਸੰਦੀਦਾ ਸੰਗੀਤ ਦੀ ਕਾਪੀ ਆਸਾਨੀ ਨਾਲ ਉਪਲਬਧ ਹੈ ਅਤੇ ਦੁਕਾਨ 'ਤੇ ਜਾ ਕੇ ਖਰੀਦਣ ਦੀ ਲੋੜ ਨਹੀ ਪੈਂਦੀ। ਇਸ ਬਦਲਾਅ ਨਾਲ ਸੰਗੀਤ ਦੀ ਵਿਕਰੀ ਅਤੇ ਕਲਾਕਾਰਾਂ ਦੀ ਆਮਦਨ 'ਤੇ ਅਸਰ ਪਿਆ ਹੈ। ਅਜਿਹੇ ਵਿੱਚ ਪੌਪ ਕਲਾਕਾਰ ਮੈਗਾ-ਟੂਰਾਂ ਰਾਹੀ ਲਾਈਵ ਮਿਊਜ਼ਿਕ ਅਤੇ ਉਸ ਦੇ ਵਿਲੱਖਣ (ਐਕਸਕਲੂਜ਼ਿਵ) ਅਨੁਭਵ ਨੂੰ ਆਪਣੇ ਪ੍ਰਸ਼ੰਸਕਾਂ ਤੱਕ ਪਹੁੰਚਾ ਰਹੇ ਹਨ, ਜਿਸ ਨਾਲ ਇਸ ਉਦਯੋਗ ਵਿੱਚ ਪੈਸਾ ਆ ਰਿਹਾ ਹੈ। ਕੌਂਸਰਟ ਜਿੰਨਾ ਸ਼ਾਨਦਾਰ ਅਤੇ ਚਮਕ-ਦਮਕ ਵਾਲਾ ਹੋਵੇ, ਪੈਸਾ ਓਨਾ ਹੀ ਜ਼ਿਆਦਾ ਆਉਂਦਾ ਹੈ। ਸਾਡੇ ਮਾਹਿਰਾਂ ਦੀ ਰਾਏ ਹੈ ਕਿ ਪ੍ਰਸ਼ੰਸਕ ਆਪਣੇ ਪਸੰਦੀਦਾ ਪੌਪ ਸਟਾਰਾਂ ਨਾਲ ਜੁੜਨਾ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਸਾਹਮਣੇ ਲਾਈਵ ਗਾਉਂਦੇ ਹੋਏ ਦੇਖਣਾ ਚਾਹੁੰਦੇ ਹਨ। ਇਹੀ ਕਾਰਨ ਹੈ ਕਿ ਮੈਗਾ-ਟੂਰ ਇੰਨੇ ਜ਼ਿਆਦਾ ਸਫਲ ਹੋ ਰਹੇ ਹਨ।

# ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਮਹਿਲਾਵਾਂ ਲਈ ਖ਼ਾਸ ਐਥਲੈਟਿਕਸ ਪ੍ਰੋਗਰਾਮ




ਲੁਧਿਆਣਾ, 6 ਮਾਰਚ (ਵਿਸ਼ਾਲ ਸ਼ਰਮਾ) : ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ 'ਤੇ ਮੇਰਾ ਭਾਰਤ ਲੁਧਿਆਣਾ, ਜ਼ਿਲ੍ਹਾ ਖੇਡ ਵਿਭਾਗ ਲੁਧਿਆਣਾ, ਸਪੋਰਟਸ ਅਥਾਰਟੀ ਆਫ਼ ਇੰਡੀਆ ਅਤੇ ਖੇਲੋ ਇੰਡੀਆ - ਅਸਮਿਤਾ ਲੀਗ ਦੇ ਸਹਿਯੋਗ ਨਾਲ ਔਰਤਾਂ ਅਤੇ ਕੁੜੀਆਂ ਵਿੱਚ ਖੇਡਾਂ ਵਿੱਚ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਵਿਸ਼ੇਸ਼ ਐਥਲੈਟਿਕਸ ਪ੍ਰੋਗਰਾਮ ਦਾ ਆਯੋਜਨ ਕਰੇਗਾ। ਇਹ ਪ੍ਰੋਗਰਾਮ 8 ਮਾਰਚ ਨੂੰ ਗੁਰੂ ਨਾਨਕ ਸਟੇਡੀਅਮ, ਲੁਧਿਆਣਾ ਵਿਖੇ ਸਵੇਰੇ 8:00 ਵਜੇ ਤੋਂ ਸ਼ੁਰੂ ਹੋਵੇਗਾ। ਇਸ ਪ੍ਰੋਗਰਾਮ ਦਾ ਉਦੇਸ਼ ਸਰਕਾਰ ਦੇ ਖੇਡਾਂ ਅਤੇ ਤੰਦਰੁਸਤੀ ਰਾਹੀਂ ਔਰਤਾਂ ਨੂੰ ਸਸ਼ਕਤ ਬਣਾਉਣ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਲੁਧਿਆਣਾ ਭਰ ਦੀਆਂ ਔਰਤਾਂ ਅਤੇ ਕੁੜੀਆਂ ਨੂੰ ਖੇਡਾਂ ਅਤੇ ਸਰੀਰਕ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ ਹੈ। ਜਸ਼ਨ ਦੇ ਹਿੱਸੇ ਵਜੋਂ ਮਹਿਲਾ ਭਾਗੀਦਾਰਾਂ ਲਈ 100 ਮੀਟਰ, 200 ਮੀਟਰ ਅਤੇ 400 ਮੀਟਰ ਦੌੜ ਸਮੇਤ ਐਥਲੈਟਿਕਸ ਮੁਕਾਬਲੇ, ਮਜ਼ੇਦਾਰ ਖੇਡ ਗਤੀਵਿਧੀਆਂ ਦੇ ਨਾਲ-ਨਾਲ ਆਯੋਜਿਤ ਕੀਤੇ ਜਾਣਗੇ। ਭਾਗੀਦਾਰਾਂ ਨੂੰ ਈਵੈਂਟ ਪੋਸਟਰ ਵਿੱਚ ਦਿੱਤੇ ਗਏ ਕਿਊ.ਆਰ ਕੋਡ ਨੂੰ ਸਕੈਨ ਕਰਕੇ ਮੇਰਾ ਭਾਰਤ ਪੋਰਟਲ ਰਾਹੀਂ ਰਜਿਸਟਰ ਕਰਨ ਦੀ ਲੋੜ ਹੈ। ਵਿਆਪਕ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ ਸਾਰੇ ਭਾਗੀਦਾਰਾਂ ਨੂੰ ਸਰਟੀਫਿਕੇਟ ਅਤੇ ਰਿਫਰੈਸ਼ਮੈਂਟ ਪ੍ਰਦਾਨ ਕੀਤੇ ਜਾਣਗੇ ਜਦੋਂ ਕਿ ਮੁਕਾਬਲਿਆਂ ਦੇ ਜੇਤੂਆਂ ਨੂੰ ਮੈਡਲ ਦਿੱਤੇ ਜਾਣਗੇ।

ਇਹ ਪਹਿਲ ਖੇਲੋ ਇੰਡੀਆ - ਅਸਮਿਤਾ ਪ੍ਰੋਗਰਾਮ ਦੇ ਤਹਿਤ ਦੇਸ਼ ਦੇ 250 ਤੋਂ ਵੱਧ ਜ਼ਿਲ੍ਹਿਆਂ ਵਿੱਚ ਆਯੋਜਿਤ ਕੀਤੇ ਜਾ ਰਹੇ ਇੱਕ ਦੇਸ਼ ਵਿਆਪੀ ਜਸ਼ਨ ਦਾ ਹਿੱਸਾ ਹੈ ਜੋ ਖੇਡਾਂ ਵਿੱਚ ਔਰਤਾਂ ਦੀ ਭਾਗੀਦਾਰੀ ਵਧਾਉਣ ਅਤੇ ਜ਼ਮੀਨੀ ਪੱਧਰ 'ਤੇ ਇੱਕ ਜੀਵੰਤ ਖੇਡ ਸੱਭਿਆਚਾਰ ਬਣਾਉਣ 'ਤੇ ਕੇਂਦ੍ਰਿਤ ਹੈ। ਸਾਰੇ ਵਿੱਦਿਅਕ ਸੰਸਥਾਵਾਂ, ਖੇਡ ਸੰਗਠਨਾਂ ਅਤੇ ਲੁਧਿਆਣਾ ਦੀਆਂ ਔਰਤਾਂ ਨੂੰ ਵੱਡੀ ਗਿਣਤੀ ਵਿੱਚ ਹਿੱਸਾ ਲੈਣ ਅਤੇ ਇਸ ਸਮਾਗਮ ਨੂੰ ਮਹਿਲਾ ਸ਼ਕਤੀ, ਖੇਡ ਭਾਵਨਾ ਅਤੇ ਸਸ਼ਕਤੀਕਰਨ ਦਾ ਜਸ਼ਨ ਬਣਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

# ਹਲਵਾਰਾ ਹਵਾਈ ਅੱਡੇ ਤੋਂ ਪਹਿਲੀ ਉਡਾਣ ਦੀ ਸ਼ੁਰੂਆਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੀ ਕੀਤੀ ਜਾਵੇ : ਬਾਵਾ



ਮੁੱਲਾਂਪੁਰ ਦਾਖਾ, 6 ਮਾਰਚ (ਕਰਨੈਲ ਸਿੰਘ ਐੱਮ.ਏ.): ਅੱਜ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਮੁੱਖ ਸਰਪ੍ਰਸਤ ਚਰਨ ਸਿੰਘ ਪ੍ਰੇਮਪੁਰਾ, ਵਾਈਸ ਪ੍ਰਧਾਨ ਅੰਤਰਰਾਸ਼ਟਰੀ ਫਾਊਂਡੇਸ਼ਨ ਉਮਰਾਓ ਸਿੰਘ ਛੀਨਾ ਅਤੇ ਨਵ-ਨਿਯੁਕਤ ਹਰਿਆਣਾ ਫਾਊਂਡੇਸ਼ਨ ਦੇ ਪ੍ਰਧਾਨ ਕੁਲਵਿੰਦਰ ਸਿੰਘ ਰਕਬਾ ਭਵਨ ਰਕਬਾ ਵਿਖੇ ਪਹੁੰਚੇ। ਇਸ ਸਮੇਂ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਫਾਊਂਡੇਸ਼ਨ ਦੇ ਪੰਜਾਬ ਦੇ ਪ੍ਰਧਾਨ ਕਰਨੈਲ ਸਿੰਘ ਗਿੱਲ ਅਤੇ ਡਾ. ਜਸਪਾਲ ਸਿੰਘ ਸੈਣੀ ਨੇ ਉਹਨਾਂ ਨੂੰ 'ਸ਼ਬਦ ਪ੍ਰਕਾਸ਼ ਅਜਾਇਬ ਘਰ' ਦੇ ਦਰਸ਼ਨ ਕਰਵਾਏ ਅਤੇ ਉਹਨਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਸਨਮਾਨ ਭੇਂਟ ਕੀਤਾ। ਇਸ ਸਮੇਂ ਬਾਵਾ ਨੇ ਮੰਗ ਕੀਤੀ ਕਿ ਹਲਵਾਰਾ ਹਵਾਈ ਅੱਡੇ ਤੋਂ ਪਹਿਲੀ ਉਡਾਣ ਸ਼੍ਰੀ ਹਜ਼ੂਰ ਸਾਹਿਬ (ਨਾਂਦੇੜ) ਦੀ ਸ਼ੁਰੂ ਕੀਤੀ ਜਾਵੇ, ਜਿਸ ਦੀਆਂ ਸਾਰੀਆਂ ਸੀਟਾਂ ਬਾਬਾ ਬੰਦਾ ਸਿੰਘ ਬਹਾਦਰ ਫਾਊਂਡੇਸ਼ਨ ਵੱਲੋਂ ਖ੍ਰੀਦ ਕੀਤੀਆਂ ਜਾਣਗੀਆਂ।

# ਸੁਸ਼ੀਲ ਕੁਮਾਰ ਨੇ ਬਤੌਰ ਚੇਅਰਮੈਨ ਪੈਨਸ਼ਨਰਜ਼ ਮੈਨੇਜਮੈਂਟ ਕਮੇਟੀ ਅਹੁਦਾ ਸੰਭਾਲਿਆ

## ਗੁਰਚਰਨ ਸਿੰਘ ਦੁੱਗਾ ਬਣੇ ਜਨਰਲ ਸਕੱਤਰ ਤੇ ਪਵਿੱਤਰ ਸਿੰਘ ਵਿੱਤ ਸਕੱਤਰ



ਲੁਧਿਆਣਾ, 6 ਮਾਰਚ (ਕਰਨੈਲ ਸਿੰਘ ਐੱਮ.ਏ.): ਕੇਂਦਰ ਅਤੇ ਪੰਜਾਬ ਦੇ ਸਮੂਹ ਸਰਕਾਰੀ ਅਤੇ ਅਰਧ-ਸਰਕਾਰੀ ਅਦਾਰਿਆਂ ਵਿੱਚੋਂ ਸੇਵਾਮੁਕਤ ਹੋਏ ਮੁਲਾਜ਼ਮਾਂ / ਪੈਨਸ਼ਨਰਜ਼ ਦੀ ਬਹੁ-ਵੱਕਾਰੀ ਸਾਂਝੀ ਕਮੇਟੀ, ਜਿਸ ਨੂੰ ਪੈਨਸ਼ਨਰਜ਼ ਇਨਫਾਰਮੇਸ਼ਨ ਸੈਂਟਰ ਮੈਨੇਜਮੈਂਟ ਕਮੇਟੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ, ਦੇ ਨਵ-ਨਿਯੁਕਤ ਚੇਅਰਮੈਨ ਸੁਸ਼ੀਲ ਕੁਮਾਰ ਨੇ ਅੱਜ ਆਪਣਾ ਅਹੁਦਾ ਸੰਭਾਲਿਆ, ਜੋ ਇਕ ਸਾਲ ਤੱਕ ਇਸ ਅਹੁਦੇ 'ਤੇ ਕੰਮ ਕਰਨਗੇ। ਇਸ ਮੌਕੇ ਮੇਜਰ ਸਿੰਘ ਨੇ ਤੇ ਹੋਰ ਅਫ਼ਸਰ ਵੱਲੋਂ ਸੁਸ਼ੀਲ ਕੁਮਾਰ ਨੂੰ ਪੈਨਸ਼ਨ ਭਵਨ ਲੁਧਿਆਣਾ ਵਿਖੇ ਇਕ ਛੋਟੇ ਜਿਹੇ ਪਰ ਪ੍ਰਭਾਵਸ਼ਾਲੀ ਸਮਾਗਮ ਬਤੌਰ ਚੇਅਰਮੈਨ ਦੀ ਸਹੁੰ ਚੁਕਾਈ ਗਈ। ਇਸ ਮੌਕੇ ਸੁਸ਼ੀਲ ਕੁਮਾਰ ਨੇ ਆਪਣਾ ਅਹੁਦਾ ਸੰਭਾਲਣ ਸਮੇਂ ਕਮੇਟੀ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਪਣੀ ਟੀਮ ਦੇ ਮੈਂਬਰਾਂ ਨੂੰ ਨਾਲ ਲੈ ਕੇ ਪੈਨਸ਼ਨਰਾਂ ਦੇ ਹੱਕਾਂ ਅਤੇ ਹਿੱਤਾਂ ਲਈ ਪੂਰੀ ਇਮਾਨਦਾਰੀ ਅਤੇ ਲਗਨ ਨਾਲ ਸੇਵਾਵਾਂ ਨਿਭਾਉਣਗੇ। ਇਸ ਮੌਕੇ ਉਨ੍ਹਾਂ ਸਮੂਹ ਕਮੇਟੀ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਪੈਨਸ਼ਨਰਾਂ ਦੀਆਂ ਮੰਗਾਂ ਪੂਰੀਆਂ ਕਰਵਾਉਣ ਲਈ ਆਪਣਾ ਸਹਿਯੋਗ ਦੇਣ। ਇਸ ਮੌਕੇ ਸੁਸ਼ੀਲ ਕੁਮਾਰ ਚੇਅਰਮੈਨ ਵੱਲੋਂ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਪੈਨਸ਼ਨਰ ਆਗੂ ਗੁਰਚਰਨ ਸਿੰਘ ਦੁੱਗਾ ਨੂੰ ਕਮੇਟੀ ਦਾ ਜਨਰਲ ਸਕੱਤਰ ਜਦ ਕਿ ਪਵਿੱਤਰ ਸਿੰਘ ਨੂੰ ਵਿੱਤ ਸਕੱਤਰ ਨਿਯੁਕਤ ਕੀਤਾ ਗਿਆ। ਇਸ ਮੌਕੇ ਅਹੁਦਾ ਛੱਡ ਰਹੇ ਸਾਬਕਾ ਚੇਅਰਮੈਨ ਦਲੀਪ ਸਿੰਘ ਨੇ ਸੁਸ਼ੀਲ ਕੁਮਾਰ ਨੂੰ ਭਰੋਸਾ ਦਿਵਾਇਆ ਕਿ ਉਹ ਹਮੇਸ਼ਾਂ ਉਹਨਾਂ ਨੂੰ ਸਹਿਯੋਗ ਦੇਣਗੇ। ਇਸ ਮੌਕੇ ਪੈਨਸ਼ਨਰ ਮਹਾਂਸੰਘ ਪੰਜਾਬ ਦੇ ਸੂਬਾ ਪ੍ਰਧਾਨ ਐਨ.ਕੇ.ਕਲਸੀ ਅਤੇ ਜਰਨੈਲ ਸਿੰਘ ਸਿੱਧੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਦੇ ਸਮੂਹ ਪੈਨਸ਼ਨਰਾਂ ਨੂੰ ਚੇਅਰਮੈਨ ਸੁਸ਼ੀਲ ਕੁਮਾਰ ਉੱਪਰ ਬਹੁਤ ਆਸਾਂ ਹਨ ਕਿ ਉਹ ਪੈਨਸ਼ਨਰਾਂ ਦੀਆਂ ਅਧੂਰੀਆਂ ਮੰਗਾਂ ਪੂਰੀਆਂ ਕਰਵਾਉਣ ਅਤੇ ਮੁਸ਼ਕਲਾਂ ਦੇ ਹੱਲ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਇਸ ਮੌਕੇ ਪੈਨਸ਼ਨਰਜ਼ ਮਹਾਂਸੰਘ ਪੰਜਾਬ ਦੇ ਚੇਅਰਮੈਨ ਗੁਰਬਖਸ਼ ਸਿੰਘ, ਸੂਬਾ ਪ੍ਰੈਸ ਸਕੱਤਰ ਬਲਬੀਰ ਸਿੰਘ ਸੇਖੋਂ ਸੀਨੀਅਰ ਉਪ ਪ੍ਰਧਾਨ ਜਗਦੀਸ਼ ਕੁਮਾਰ ਸ਼ਰਮਾ ਸੰਗਰੂਰ ਤੋਂ ਇਲਾਵਾ ਪੈਨਸ਼ਨਰਜ ਜਥੇਬੰਦੀ ਦੇ ਸੂਬਾਈ ਆਗੂ ਸੁਖਵਿੰਦਰ ਸਿੰਘ, ਗੁਰਮੇਲ ਸਿੰਘ ਮੈਂਡਲੇ, ਵਿਜੈ ਮਰਜਾਰਾ, ਵੀ.ਸੀ.ਪੁਰੀ, ਜਸਵੀਰ ਸਿੰਘ ਵਾਲੀਆ, ਤਰਲੋਕ ਚੰਦ, ਅਵਤਾਰ ਸਿੰਘ ਐਤੀਆਨਾ, ਇੰਦਰਪਾਲ ਸੈਣੀ, ਬਲਬੀਰ ਸਿੰਘ, ਅਵਤਾਰ ਸਿੰਘ, ਗੁਲਜਾਰ ਸਿੰਘ, ਵਿਕਰਮਜੀਤ ਬਾਂਸਲ, ਬਲਦੇਵ ਸਿੰਘ, ਜਗਤਾਰ ਸਿੰਘ, ਪ੍ਰਤਾਪ ਸਿੰਘ, ਰਕੇਸ਼ ਆਦੀਆ, ਸ਼ਾਮ ਸੁੰਦਰ, ਸ਼ਿੰਗਾਰਾ ਸਿੰਘ, ਨਰਿੰਦਰਪਾਲ ਸ਼ਰਮਾ, ਨਿਰਮਲ ਸਿੰਘ ਲਲਤੋਂ, ਰਜਿੰਦਰ ਕੁਮਾਰ, ਮਦਨ ਲਾਲ ਸ਼ਰਮਾ ਅਤੇ ਨਰਿੰਦਰ ਸ਼ਰਮਾ ਸਮੇਤ ਵੱਡੀ ਗਿਣਤੀ ਵਿੱਚ ਵੱਖ-ਵੱਖ ਪੈਨਸ਼ਨਰ ਜਥੇਬੰਦੀਆਂ ਦੇ ਆਗੂ ਮੌਜੂਦ ਸਨ।

# ਗਲਾਡਾ ਵੱਲੋਂ ਮਨਜ਼ੂਰਸ਼ੁਦਾ ਯੋਜਨਾ ਤੋਂ ਬਾਹਰ ਉਸਾਰੀ ਕਰਨ ਵਾਲਿਆਂ ਨੂੰ ਨੋਟਿਸ




ਲੁਧਿਆਣਾ, 6 ਮਾਰਚ (ਵਿਸ਼ਾਲ ਸ਼ਰਮਾ): ਮਕਾਨ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਅਤੇ ਮੁੱਖ ਪ੍ਰਸ਼ਾਸਕ ਸੰਦੀਪ ਕੁਮਾਰ ਦੇ ਨਿਰਦੇਸ਼ਾਂ 'ਤੇ ਕਾਰਵਾਈ ਕਰਦੇ ਹੋਏ ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਅਣਅਧਿਕਾਰਤ ਅਤੇ ਗੈਰ-ਯੋਜਨਾਬੱਧ ਵਿਕਾਸ ਵਿਰੁੱਧ ਸਖ਼ਤ ਜ਼ੀਰੋ-ਟਾਲਰੈਂਸ ਨੀਤੀ ਲਾਗੂ ਕਰ ਰਹੀ ਹੈ। ਗਲਾਡਾ ਨੇ ਰਾਧਿਕਾ ਗੁਪਤਾ ਨੂੰ 19 ਅਪ੍ਰੈਲ, 2024 ਨੂੰ ਮਨਜ਼ੂਰਸ਼ੁਦਾ ਇਮਾਰਤ ਯੋਜਨਾ ਤੋਂ ਪਰੇ ਵਪਾਰਕ ਗਤੀਵਿਧੀ ਕਰਨ ਅਤੇ ਉਸਾਰੀ ਕਰਨ ਲਈ ਅਣਅਧਿਕਾਰਤ ਉਸਾਰੀਆਂ ਲਈ ਨੋਟਿਸ ਜਾਰੀ ਕੀਤੇ ਹਨ। ਰੋਸ਼ਨੀ ਨੇ ਮਨਜ਼ੂਰਸ਼ੁਦਾ ਢਾਂਚੇ ਦੀ ਬਜਾਏ ਪਹਿਲਾਂ ਬੇਸਮੈਂਟ ਬਣਾਈ, ਉਪਰੰਤ ਗਰਾਊਂਡ ਫਲੋਰ, ਪਹਿਲੀ ਮੰਜ਼ਿਲ ਅਤੇ ਦੂਜੀ ਮੰਜ਼ਿਲ ਦੀ ਉਸਾਰੀ ਕਰਵਾ ਕੇ ਮਨਜ਼ੂਰਸ਼ੁਦਾ ਯੋਜਨਾ ਦੀ ਉਲੰਘਣਾ ਕਰਨ ਲਈ ਦੋਵੇਂ ਨੋਟਿਸ 3 ਮਾਰਚ ਨੂੰ ਜਾਰੀ ਕੀਤੇ ਗਏ ਸਨ। ਮੁੱਖ ਪ੍ਰਸ਼ਾਸਕ ਸੰਦੀਪ ਕੁਮਾਰ ਨੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਮਰੱਥ ਅਥਾਰਟੀ ਦੁਆਰਾ ਮਨਜ਼ੂਰਸ਼ੁਦਾ ਇਮਾਰਤ ਯੋਜਨਾਵਾਂ ਦੇ ਅਨੁਸਾਰ ਉਸਾਰੀ ਕਰਨ। ਮਨਜ਼ੂਰਸ਼ੁਦਾ ਯੋਜਨਾ ਦੀ ਕਿਸੇ ਵੀ ਉਲੰਘਣਾ ਦੇ ਨਤੀਜੇ ਵਜੋਂ ਮਨਜ਼ੂਰਸ਼ੁਦਾ ਇਮਾਰਤ ਯੋਜਨਾ ਨੂੰ ਰੱਦ ਕੀਤਾ ਜਾਵੇਗਾ ਅਤੇ ਲਾਗੂ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ, ਜਿਸ ਵਿੱਚ ਸੀਲਿੰਗ ਅਤੇ ਇਮਾਰਤ ਨੂੰ ਢਹਿ-ਢੇਰੀ ਕਰਨਾ ਸ਼ਾਮਲ ਹੈ। ਅਜਿਹੀਆਂ ਉਲੰਘਣਾਵਾਂ ਅਤੇ ਕਿਸੇ ਵੀ ਨਤੀਜੇ ਵਜੋਂ ਹੋਣ ਵਾਲੇ ਨਤੀਜਿਆਂ ਦੀ ਪੂਰੀ ਜ਼ਿੰਮੇਵਾਰੀ ਸਿਰਫ਼ ਬਿਲਡਰ/ਮਾਲਕ ਦੀ ਹੀ ਹੈ। ਗਲਾਡਾ ਦੇ ਵਧੀਕ ਮੁੱਖ ਪ੍ਰਸ਼ਾਸਕ ਵਿਕਾਸ ਹੀਰਾ ਨੇ ਦੁਹਰਾਇਆ ਕਿ ਚੱਲ ਰਹੀਆਂ ਢਾਹੁਣ ਦੀਆਂ ਮੁਹਿੰਮਾਂ ਤੋਂ ਇਲਾਵਾ ਅਥਾਰਟੀ ਜ਼ਿਲ੍ਹੇ ਭਰ ਵਿੱਚ ਅਣਅਧਿਕਾਰਤ ਵਿਕਾਸ ਵਿੱਚ ਸ਼ਾਮਲ ਵਿਅਕਤੀਆਂ ਜਾਂ ਸੰਸਥਾਵਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਸ਼ੁਰੂ ਕਰੇਗੀ।

# ਵੀ.ਆਰ.ਸੀ. 'ਚ ਮੁਫ਼ਤ ਪੰਜਾਬੀ ਸਟੈਨੋਗ੍ਰਾਫ਼ੀ ਦਾ ਨਵਾਂ ਸੈਸ਼ਨ ਪਹਿਲੀ ਅਪ੍ਰੈਲ ਤੋਂ

ਲੁਧਿਆਣਾ, 6 ਮਾਰਚ (ਵਿਸ਼ਾਲ ਸ਼ਰਮਾ): ਅੰਗਹੀਣ ਲੜਕੀਆਂ/ਇਸਤਰੀਆਂ (ਦੋਵੇਂ ਹੱਥਾਂ ਤੋਂ ਤੰਦਰੁਸਤ) ਨੂੰ ਮੁਫ਼ਤ ਪੰਜਾਬੀ ਸਟੈਨੋਗ੍ਰਾਫੀ ਦੀ ਸਿਖਲਾਈ ਦੇਣ ਲਈ ਨਵਾਂ ਸੈਸ਼ਨ 2026-27 ਸਥਾਨਕ ਵੋਕੇਸ਼ਨਲ ਰੀਹੈਬਲੀਟੇਸ਼ਨ ਸੈਂਟਰ (ਵੀ.ਆਰ.ਸੀ.) ਬਰੇਲ ਭਵਨ, ਚੰਡੀਗੜ੍ਹ ਰੋਡ ਜਮਾਲਪੁਰ ਵਿਖੇ 01 ਅਪ੍ਰੈਲ, 2026 ਤੋਂ ਸ਼ੁਰੂ ਹੋ ਰਿਹਾ ਹੈ। ਵੋਕੇਸ਼ਨਲ ਰੀਹੈਬਲੀਟੇਸ਼ਨ ਸੈਂਟਰ, ਜਮਾਲਪੁਰ ਦੇ ਸੁਪਰਡੰਟ ਵੱਲੋਂ ਪ੍ਰੈੱਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਅੰਗਹੀਣ ਲੜਕੀਆਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਵਿੱਚ ਸਹਾਇਤਾ ਕਰਨ ਹਿੱਤ ਵੋਕੇਸ਼ਨਲ ਰੀਹੈਬਲੀਟੇਸ਼ਨ ਸੈਂਟਰ, ਜਮਾਲਪੁਰ, ਵਿਖੇ ਪੰਜਾਬੀ ਸ਼ਾਰਟਹੈਂਡ ਅਤੇ ਟਾਈਪ ਦੀ ਇੱਕ ਸਾਲ ਦੀ ਮੁਫਤ ਸਿਖਲਾਈ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ 18 ਸਾਲ ਤੋਂ ਵੱਧ ਉਮਰ ਵਰਗ ਦੀਆਂ ਅੰਗਹੀਣ ਲੜਕੀਆਂ/ਇਸਤਰੀਆਂ ਇਸ ਕੋਰਸ ਦਾ ਲਾਭ ਲੈ ਸਕਦੀਆਂ ਹਨ। ਉਨ੍ਹਾ ਦੱਸਿਆ ਕਿ ਇਸ ਕੋਰਸ ਦਾ ਨਵਾਂ ਸੈਸ਼ਨ 2026-27 ਪਹਿਲੀ ਅਪ੍ਰੈਲ, 2026 ਤੋਂ ਸ਼ੁਰੂ ਹੋ ਰਿਹਾ ਹੈ। ਸਿਖਲਾਈ ਦੌਰਾਨ ਅੰਗਹੀਣ ਸਿਖਿਆਰਥਣਾਂ ਨੂੰ 1500/- ਰੁਪਏ ਪ੍ਰਤੀ ਮਹੀਨਾ ਵਜ਼ੀਫਾ ਦਿੱਤਾ ਜਾਵੇਗਾ ਹੈ ਅਤੇ ਸਿਖਿਆਰਥਣਾਂ ਲਈ ਹੋਸਟਲ ਅਤੇ ਕੋਆਪਰੇਟਿਵ ਮੈਸ ਦਾ ਵੀ ਪ੍ਰਬੰਧ ਹੈ, ਜਿੱਥੋਂ ਸਿਖਿਆਰਥਣਾਂ ਆਪ ਖਾਣਾ ਤਿਆਰ ਕਰਕੇ ਖਾ ਸਕਦੀਆਂ ਹਨ।

# ਪਾਬੰਦੀਸ਼ੁਦਾ ਗੋਲ਼ੀਆਂ ਸਮੇਤ ਨੌਜਵਾਨ ਕਾਬੂ

ਮੁੱਲਾਂਪੁਰ ਦਾਖਾ, 6 ਮਾਰਚ (ਦਵਿੰਦਰ ਸਿੰਘ ਲੰਮੇਂ): ਥਾਣਾ ਦਾਖਾ ਦੀ ਪੁਲਿਸ ਨੇ ਗਸ਼ਤ ਦੌਰਾਨ ਇੱਕ ਨੌਜਵਾਨ ਨੂੰ ਪਾਬੰਦੀਸ਼ੁਦਾ ਗੋਲੀਆਂ ਸਮੇਤ ਕਾਬੂ ਕਰਨ ਉਪਰੰਤ ਉਸਦੇ ਖ਼ਿਲਾਫ਼ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਕੇਸ ਦੀ ਪੜਤਾਲ ਕਰ ਰਹੇ ਏ.ਐਸ.ਆਈ. ਗੁਰਮੀਤ ਸਿੰਘ ਅਨੁਸਾਰ ਗਸ਼ਤ ਦੌਰਾਨ ਜਦੋਂ ਉਹ ਆਪਣੀ ਪੁਲਿਸ ਪਾਰਟੀ ਨਾਲ ਸ਼ੱਕੀ ਪੁਰਸ਼ਾਂ ਅਤੇ ਸ਼ੱਕੀ ਵਹੀਕਲਾਦੀ ਚੈਕਿੰਗ ਕਰਦੇ ਹੋਏ ਜਾ ਰਹੇ ਸਨ ਤਾਂ ਜਦੋਂ ਉਹ ਇੱਕ ਬੇ-ਆਬਾਦ ਕਾਲੋਨੀ ਰਕਬਾ ਰੋਡ ਮੰਡੀ ਮੁੱਲਾਂਪੁਰ ਪੁੱਜੇ ਤਾਂ ਇਕ ਨੌਜਵਾਨ ਉਕਤ ਕਾਲੋਨੀ ਵਿੱਚੋਂ ਆਉਂਦਾ ਦਿਖਾਈ ਦਿੱਤਾ, ਜਿਹੜਾ ਕਿ ਪੁਲਿਸ ਪਾਰਟੀ ਨੂੰ ਦੇਖ ਕੇ ਲੁੱਕਣ ਲੱਗਾ ਅਤੇ ਹੱਥ ਵਿੱਚ ਫੜੀ ਲਿਫਾਈ ਸੁੱਟ ਦਿੱਤੀ। ਸ਼ੱਕ ਪੈਣ 'ਤੇ ਉੱਕਤ ਨੌਜਵਾਨ ਨੂੰ ਕਾਬੂ ਕਰਕੇ ਉਸਦੇ ਵੱਲੋਂ ਸੁੱਟੀ ਗਈ ਲਿਫਾਫੀ ਨੂੰ ਚੁੱਕਵਾ ਕੇ ਚੈੱਕ ਕੀਤਾ ਤਾਂ ਉਸ ਵਿੱਚੋਂ 15 ਪਾਬੰਦੀਸ਼ੁਦਾ ਗੋਲੀਆਂ ਬਰਾਮਦ ਹੋਈਆਂ। ਜਿਸਨੇ ਆਪਣਾ ਨਾਮ ਸ਼ੁਭਮਦੀਪ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਮੁਹੱਲਾ ਦੀਪ ਨਗਰ ਮੰਡੀਮੁੱਲਾਂਪੁਰ ਦੱਸਿਆ।

# ਏ.ਡੀ.ਸੀ. ਦੀ ਪ੍ਰਧਾਨਗੀ ਹੇਠ ਸਮੂਹ ਨਗਰ ਕੌਂਸਲਾਂ ਦੇ ਅਧਿਕਾਰੀਆਂ ਨਾਲ ਮੀਟਿੰਗ



ਲੁਧਿਆਣਾ, 6 ਮਾਰਚ (ਵਿਸ਼ਾਲ ਸ਼ਰਮਾ) : ਵਧੀਕ ਡਿਪਟੀ ਕਮਿਸ਼ਨਰ (ਸਹਿਰੀ ਵਿਕਾਸ਼) ਲੁਧਿਆਣਾ ਅਮਿਤ ਬੈਂਬੀ ਵੱਲੋਂ ਜ਼ਿਲ੍ਹਾ ਲੁਧਿਆਣਾ ਦੀਆਂ ਸਮੂਹ ਨਗਰ ਕੌਂਸਲਾਂ ਦੇ ਕਾਰਜ ਸਾਧਕ ਅਫਸਰ, ਸਮੂਹ ਸਟਾਫ ਅਤੇ ਸੀਵਰੇਜ ਬੋਰਡ ਦੇ ਐਕਸੀਅਨ ਅਤੇ ਐਸ.ਡੀ.ਓ. ਨਾਲ ਰਿਵਿਊ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਬੈਂਬੀ ਵੱਲੋਂ ਸ਼ਹਿਰ ਵਿੱਚ ਚੱਲ ਰਹੇ ਵਿਕਾਸ ਪ੍ਰੋਜੈਕਟਾਂ, ਸੀਵਰ ਦੀ ਡੀ-ਸਿਲਟਿੰਗ ਦਾ ਕੰਮ, ਸਟਰੀਟ ਲਾਈਟਾ, ਵਾਟਰ ਟ੍ਰੀਟਮੈਂਟ ਪਲਾਂਟ, ਸਾਫ ਸਫਾਈ ਸਬੰਧੀ, ਸਵੱਛ ਭਾਰਤ ਮਿਸ਼ਨ ਅਤੇ ਪ੍ਰਧਾਨ ਮੰਤਰੀ ਅਵਾਸ ਯੋਜਨਾ ਆਦਿ ਮੁੱਦਿਆ 'ਤੇ ਵਿਚਾਰ ਚਰਚਾ ਕੀਤੀ ਗਈ। ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਚੱਲ ਰਹੇ ਪ੍ਰੋਜੈਕਟਾਂ ਦਾ 15 ਦਿਨਾਂ ਬਾਅਦ ਜਾਇਜ਼ਾ ਲਿਆ ਜਾਵੇ ਅਤੇ ਕਮੀਆਂ ਨੂੰ ਤੁਰੰਤ ਹੱਲ ਕੀਤਾ ਜਾਵੇ। ਇਸ ਮੌਕੇ ਜੁਆਇੰਟ ਡਿਪਟੀ ਡਾਇਰੈਕਟਰ ਕੁਲਵੀਰ ਸਿੰਘ ਬਰਾੜ, ਕਾਰਜ ਸਾਧਕ ਅਫਸਰ ਚਰਨਜੀਤ ਸਿੰਘ, ਹਰਨਰਿੰਦਰ ਸਿੰਘ, ਹੈਪੀ ਕੁਮਾਰ, ਮੋਹਿਤ ਸ਼ਰਮਾ, ਬਲਵੀਰ ਸਿੰਘ ਗਿੱਲ, ਵਿਕਾਸ ਉੱਪਲ ਅਤੇ ਅਮਨਦੀਪ ਸਿੰਘ ਵੀ ਹਾਜ਼ਰ ਸਨ।

# ਵਿਧਾਇਕ ਛੀਨਾ ਨੇ ਡਿਸਪੈਂਸਰੀ ਦੇ ਨਵੀਨੀਕਰਨ ਕਾਰਜਾਂ ਦਾ ਕੀਤਾ ਉਦਘਾਟਨ



ਲੁਧਿਆਣਾ, 6 ਮਾਰਚ (ਵਿਸ਼ਾਲ ਸ਼ਰਮਾ): ਵਿਧਾਨ ਸਭਾ ਹਲਕਾ ਲੁਧਿਆਣਾ ਦੱਖਣੀ ਤੋਂ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵੱਲੋਂ ਸਥਾਨਕ ਸ਼ੇਰਪੁਰ ਵਿਖੇ ਡਿਸਪੈਂਸਰੀ ਦੇ ਨਵੀਨੀਕਰਣ ਕਾਰਜ਼ਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਨਗਰ ਨਿਗਮ ਦੇ ਸੀਨੀਅਰ ਅਧਿਕਾਰੀਆਂ ਤੋਂ ਇਲਾਵਾ ਇਲਾਕਾ ਨਿਵਾਸੀ ਵੀ ਮੌਜੂਦ ਸਨ। ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ ਕਿਹਾ ਕਿ ਸ਼ੇਰਪੁਰ ਵਿਖੇ ਸੇਵਾ ਕੇਂਦਰ ਨਾਲ ਲੱਗਦੀ ਡਿਸਪੈਂਸਰੀ ਦੀ ਹਾਲਤ ਬੇਹੱਦ ਖਸਤਾ ਹੋ ਚੁੱਕੀ ਸੀ। ਉਨ੍ਹਾਂ ਦੱਸਿਆ ਕਿ ਨਵੀਨੀਕਰਣ ਕਾਰਜ਼ਾਂ ਤਹਿਤ ਡਿਸਪੈਂਸਰੀ ਦੇ ਕਮਰਿਆਂ ਦੀ ਉਸਾਰੀ ਦੇ ਨਾਲ ਚਾਰਦਿਵਾਰੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਕਰੀਬ 42 ਲੱਖ ਰੁਪਏ ਖਰਚ ਕੀਤੇ ਜਾਣੇ ਹਨ।ਉਨ੍ਹਾਂ ਕਿਹਾ ਕਿ ਡਿਸਪੈਂਸਰੀ ਦੇ ਪੁਨਰ ਨਿਰਮਾਣ ਨਾਲ ਇਲਾਕੇ ਦੇ ਮਰੀਜਾਂ ਨੂੰ ਬਿਹਤਰ ਸਿਹਤ ਸਹੂਲਤਾਂ ਯਕੀਨੀ ਬਣਾਈਆਂ ਜਾਣਗੀਆਂ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਨਿਰਮਾਣ ਕਾਰਜ਼ਾਂ ਨੂੰ ਤੈਅ ਸਮੇਂ ਵਿੱਚ ਮੁਕੰਮਲ ਕੀਤਾ ਜਾਵੇ ਤਾਂ ਜੋ ਸਥਾਨਕ ਵਸਨੀਕਾਂ ਨੂੰ ਇਸ ਦਾ ਲਾਭ ਮਿਲ ਸਕੇ। ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਸਨੀਕਾਂ ਨੂੰ ਬਿਹਤਰ ਸਿਹਤ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

# 'ਮੌਜੂਦਾ ਰਾਜ ਪ੍ਰਬੰਧ ਵਿੱਚ ਔਰਤਾਂ ਦੀ ਦਾਸਤਾਨ' ਵਿਸ਼ੇ 'ਤੇ ਹੋਵੇਗੀ ਵਿਚਾਰ ਗੋਸ਼ਟੀ

ਲੁਧਿਆਣਾ, 6 ਮਾਰਚ (ਰਵਿੰਦਰ ਸਿੰਘ ਨਿੱਝਰ) : ਜਮਹੂਰੀ ਅਧਿਕਾਰ ਸਭਾ ਪੰਜਾਬ (ਜ਼ਿਲ੍ਹਾ ਲੁਧਿਆਣਾ) ਵੱਲੋਂ ਅੰਤਰਰਾਸ਼ਟਰੀ ਔਰਤ ਦਿਵਸ ਮੌਕੇ ਕਰਵਾਈ ਜਾ ਰਹੀ ਵਿਚਾਰ ਗੋਸ਼ਟੀ ਦੇ ਮੁੱਖ ਬੁਲਾਰੇ ਵਜੋਂ ਸਮਾਜ ਚਿੰਤਕ ਮੈਡਮ ਸੁਰਿੰਦਰ ਕੌਰ ਜੈ ਪਾਲ ਸੰਬੋਧਨ ਕਰਨਗੇ। ਇਸ ਗੋਸ਼ਟੀ ਦਾ ਵਿਸ਼ਾ 'ਮੌਜੂਦਾ ਰਾਜ ਪ੍ਰਬੰਧ ਵਿੱਚ ਔਰਤਾਂ ਦੀ ਦਾਸਤਾਨ' ਹੋਵੇਗਾ, ਜਿਸ ਦੌਰਾਨ ਔਰਤਾਂ ਦੇ ਹੋ ਰਹੇ ਸ਼ੋਸ਼ਣ ਬਾਰੇ ਸਰਕਾਰਾਂ ਅਤੇ ਸਮਾਜ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਦੀ ਅਸਲ ਤਸਵੀਰ ਚਰਚਾ ਵਿੱਚ ਲਿਆਂਦੀ ਜਾਵੇਗੀ। ਔਰਤ ਜੋ ਸਮਾਜ ਦਾ ਅੱਧਾ ਹਿੱਸਾ ਹਨ, ਦੀ ਕਿਰਤ ਨੂੰ ਅਣਗੌਲਿਆਂ ! ਕਰਕੇ ਸਮਾਜ ਦੇ ਵਿਕਾਸ ਵਿੱਚ ਪਾਏ ਜਾ ਰਹੇ ਘਰੇਲੂ ਯੋਗਦਾਨ ਨੂੰ ਨਜ਼ਰ ਅੰਦਾਜ ਕੀਤਾ ਜਾ ਰਿਹਾ ਹੈ।ਇੱਥੋਂ ਤੱਕ ਕਿ ਉੱਚ ਅਹੁਦਿਆਂ 'ਤੇ ਨਿਯੁਕਤ ਔਰਤਾਂ ਨੂੰ ਵੀ ਅਕਸਰ ਲਿੰਗ,ਜਾਤੀ ਕਾਰਣ ਵਿਤਕਰੇ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ।ਸਰਕਾਰਾਂ ਵੱਲੋਂ ਰੋਜ਼ਗਾਰ ਦੇ ਨਵੇਂ ਵਸੀਲੇ ਪੈਦਾ ਕਰਨ ਦੀ ਥਾਂ ਗਰੀਬ ਵਰਗ ਦੀਆਂ ਔਰਤਾਂ ਜੋ ਮਨਰੇਗਾ ਵਰਗੀਆਂ ਸਕੀਮਾਂ ਵਿੱਚ ਕੰਮ ਕਰਕੇ ਘਰ ਦੀ ਰੋਜ਼ੀ ਰੋਟੀ ਕਮਾ ਕੇ ਪਰਿਵਾਰ ਦਾ ਪਾਲਣ ਪੋਸ਼ਣ ਕਰਨ ਵਿੱਚ ਵੱਡਾ ਹਿੱਸਾ ਪਾ ਰਹੀਆਂ ਹਨ, ਉਹਨਾਂ ਦੇ ਰੋਜ਼ਗਾਰ ਵੀ ਖਤਮ ਕੀਤੇ ਜਾ ਰਹੇ ਹਨ। ਔਰਤਾਂ ਦੀਆਂ ਇਹਨਾਂ ਸਮੱਸਿਆਵਾਂ ਬਾਰੇ ਚਰਚਾ ਕਰਦਿਆਂ ਅਗਲੀਆਂ ਸੰਭਾਵਨਾਵਾਂ ਦੀ ਵਿਉਂਤਬੰਦੀ ਕਰਨ ਲਈ ਵੀ ਇਹ ਗੋਸ਼ਟੀ ਸਹਾਈ ਹੋਵੇਗੀ। ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਸਵੰਤ ਜ਼ੀਰਖ ਨੇ ਦੱਸਿਆ ਕਿ ਇਸ ਸਮਾਗਮ ਦੀ ਸੰਚਾਲਨਾ ਔਰਤਾਂ ਵੱਲੋਂ ਹੀ ਕੀਤੀ ਜਾਵੇਗੀ।

# 10 ਮਾਰਚ ਦੇ ਚੰਡੀਗੜ੍ਹ ਧਰਨੇ 'ਚ ਪੈਨਸ਼ਨਰਜ਼ ਐਸੋ: ਸਮਰਾਲਾ ਵੱਲੋਂ ਸ਼ਾਮਲ ਹੋਣ ਦਾ ਫ਼ੈਸਲਾ



ਸਮਰਾਲਾ, 6 ਮਾਰਚ ( ਵਰਿੰਦਰ ਸਿੰਘ ਹੀਰਾ/ ਜਸਵੀਰ ਹੇਡੋਂ ) : ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਸਮਰਾਲਾ ਦੀ ਇੱਕ ਹੰਗਾਮੀ ਮੀਟਿੰਗ ਸਕਿੰਦਰ ਸਿੰਘ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਮੁਲਾਜ਼ਮ ਪੈਨਸ਼ਨਰਜ਼ ਸਾਂਝਾ ਫਰੰਟ ਪੰਜਾਬ ਵੱਲੋਂ ਬਜਟ ਸੈਸ਼ਨ ਦੌਰਾਨ ਲੜੀਵਾਰ ਧਰਨਿਆਂ ਤਹਿਤ ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ 10 ਮਾਰਚ ਨੂੰ ਵਿਸ਼ਾਲ ਧਰਨਾ ਦਿੱਤਾ ਜਾ ਰਿਹਾ ਹੈ।ਜਿਸ ਵਿੱਚ ਸਮਰਾਲਾ ਮੰਡਲ ਦੇ ਪੈਨਸ਼ਨਰਜ਼ ਵੱਲੋਂ ਵੱਡੀ ਗਿਣਤੀ ਵਿੱਚ ਇਸ ਧਰਨੇ ਵਿੱਚ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਹੈ। ਇਸ ਮੌਕੇ ਮੰਡਲ ਪ੍ਰਧਾਨ ਨੇ ਮੰਗਾਂ ਸਬੰਧੀ ਦੱਸਦੇ ਹੋਏ ਕਿਹਾ ਕਿ 31 ਦਸੰਬਰ 2015 ਤੋਂ ਪਹਿਲਾਂ ਰਿਟਾਇਰ ਹੋਏ ਪੈਨਸ਼ਨਰਾਂ ਦੀ ਸੁਧਾਈ ਪੇ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ 2.59 ਗੁਣਾਂਕ ਰਾਹੀਂ ਕੀਤੀ ਜਾਵੇ, ਰਹਿੰਦਾ 16% ਮਹਿੰਗਾਈ ਭੱਤਾ ਬਕਾਏ ਸਮੇਤ ਤੁਰੰਤ ਰਿਲੀਜ਼ ਕੀਤਾ ਜਾਵੇ, ਮੈਡੀਕਲ ਕੈਸ਼ਲੈਸ ਸਕੀਮ ਲਾਗੂ ਕੀਤੀ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਸਾਰੇ ਮੁਲਾਜਮਾਂ/ਪੈਨਸ਼ਨਰਾਂ ਨੂੰ 23 ਸਾਲਾ ਪੇ ਸਕੇਲ ਬਿਨਾਂ ਸ਼ਰਤ ਲਾਗੂ ਕੀਤਾ ਜਾਵੇ, ਪਟਿਆਲੇ ਦੇ ਡਿਸਮਿਸ ਆਗੂ ਬਹਾਲ ਕੀਤੇ ਜਾਣ, ਹਰ ਤਰ੍ਹਾਂ ਦੇ ਕੱਚੇ ਆਊਟ ਸੋਰਸਿੰਗ ਕਾਮੇ ਪੱਕੇ ਕੀਤੇ ਜਾਣ, ਪਾਵਰਕਾਮ ਅਤੇ ਸਰਕਾਰੀ ਜਾਇਦਾਦਾਂ ਵੇਚਣ ਦਾ ਫੈਸਲਾ ਵਾਪਸ ਲਿਆ ਜਾਵੇ, ਬਿਜਲੀ ਸੋਧ ਬਿਲ 2025 ਵਾਪਸ ਲਿਆ ਜਾਵੇ, ਨਵੇਂ ਲੇਬਰ ਕੋਡ ਵਾਪਸ ਲਏ ਜਾਣ, ਪੁਰਾਣੇ ਲੇਬਰ ਕਾਨੂੰਨ ਬਹਾਲ ਕੀਤੇ ਜਾਣ, ਮਨਰੇਗਾ ਕਾਨੂੰਨ ਬਹਾਲ ਕੀਤਾ ਜਾਵੇ, 200 ਰੁਪਏ ਦਾ ਡਿਵੈਲਪਮੈਂਟ ਟੈਕਸ ਵਾਪਸ ਲਿਆ ਜਾਵੇ। ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਜ਼ 8 ਮਾਰਚ ਤੋਂ 11 ਮਾਰਚ ਤੱਕ ਚੰਡੀਗੜ੍ਹ ਲੜੀਵਾਰ ਧਰਨੇ ਦੇਣ ਤੋਂ ਬਾਅਦ ਪੰਜਾਬ ਸਰਕਾਰ ਭਵਿੱਖ ਵਿੱਚ ਸੰਘਰਸ਼ਾਂ ਨੂੰ ਹੋਰ ਵੀ ਤੇਜ ਕਰਨਗੇ। ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਪੈਨਸ਼ਨਰਾਂ ਦੀ ਮੰਗਾਂ ਨੂੰ ਲੈ ਕੇ 28 ਮਾਰਚ 2026 ਨੂੰ ਬਿਜਲੀ ਮੰਤਰੀ ਖਿਲਾਫ਼ ਲੁਧਿਆਣੇ ਵਿਖੇ ਸੂਬਾਈ ਧਰਨਾ/ਮੁਜ਼ਹਾਰੇ ਵਿੱਚ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਇਆ ਜਾਵੇਗਾ।ਮੀਟਿੰਗ ਵਿੱਚ ਮੰਡਲ ਸਕੱਤਰ ਭਰਪੂਰ ਸਿੰਘ, ਸਹਾਇਕ ਸਕੱਤਰ ਜੁਗਲ ਕਿਸ਼ੋਰ ਸਾਹਨੀ, ਸਰਕਲ ਆਗੂ ਪ੍ਰੇਮ ਕੁਮਾਰ, ਵਿੱਤ ਸਕੱਤਰ ਦਰਸ਼ਨ ਸਿੰਘ ਗੜ੍ਹੀ, ਮੰਡਲ ਆਗੂ ਜਸਵੰਤ ਸਿੰਘ ਢੰਡਾ, ਅਮਰਜੀਤ ਸਿੰਘ ਮਾਛੀਵਾੜਾ, ਰਾਕੇਸ਼ ਕੁਮਾਰ ਮਾਛੀਵਾੜਾ, ਜਗਤਾਰ ਸਿੰਘ ਪ੍ਰੈੱਸ ਸਕੱਤਰ, ਪ੍ਰੇਮ ਚੰਦ ਭਲਾ ਲੋਕ, ਰਾਜਾ ਰਾਮ ਸਮਰਾਲਾ, ਮਹੇਸ਼ ਕੁਮਾਰ ਖਮਾਣੋਂ, ਅਮਰੀਕ ਸਿੰਘ ਖਮਾਣੋਂ ਆਦਿ ਨੇ ਸ਼ਮੂਲੀਅਤ ਕੀਤੀ।

# ਬਾਵਾ ਦੀ ਅਗਵਾਈ ਹੇਠ ਐਨ.ਸੀ.ਪੀ. ਮੋਹਾਲੀ ਟੀਮ ਨੇ ਬੱਚਿਆਂ ਨਾਲ ਹੋਲੀ ਮਨਾਈ



ਲੁਧਿਆਣਾ, 6 ਮਾਰਚ (ਰਵਿੰਦਰ ਸਿੰਘ ਨਿੱਝਰ): ਨੈਸ਼ਨਲ ਕਾਂਗਰਸ ਪਾਰਟੀ (ਐਨਸੀਪੀ) ਮੋਹਾਲੀ ਟੀਮ ਨੇ ਇਸ ਵਾਰ ਸੇਵਾ ਅਤੇ ਭਾਈਚਾਰੇ ਨਾਲ ਹੋਲੀ ਮਨਾਈ, ਬਲਟਾਣਾ, ਜ਼ੀਰਕਪੁਰ ਅਤੇ ਮੋਹਾਲੀ ਖੇਤਰਾਂ ਵਿੱਚ ਝੁੱਗੀਆਂ-ਝੌਂਪੜੀਆਂ ਵਿੱਚ ਰਹਿਣ ਵਾਲੇ ਲਗਭਗ 200 ਬੱਚਿਆਂ ਨਾਲ ਹੋਲੀ ਖੇਡੀ। ਬੱਚਿਆਂ ਨੂੰ ਰੰਗ, ਮਠਿਆਈਆਂ ਅਤੇ ਖਾਣ-ਪੀਣ ਦੀਆਂ ਚੀਜ਼ਾਂ ਵੰਡੀਆਂ ਗਈਆਂ, ਜਿਸ ਨਾਲ ਉਨ੍ਹਾਂ ਦੇ ਚਿਹਰਿਆਂ 'ਤੇ ਖੁਸ਼ੀ ਆਈ।ਪ੍ਰੋਗਰਾਮ ਦੌਰਾਨ, ਪਾਰਟੀ ਅਧਿਕਾਰੀਆਂ ਨੇ ਝੁੱਗੀਆਂ-ਝੌਂਪੜੀਆਂ ਵਾਲੇ ਪਰਿਵਾਰਾਂ ਨਾਲ ਗੱਲਬਾਤ ਕੀਤੀ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ।

ਇਸ ਮੌਕੇ ਬਖਸ਼ੀਸ਼ ਸਿੰਘ ਬਾਵਾ (ਜ਼ੀਰਕਪੁਰ) ਨੇ ਕਿਹਾ ਕਿ ਸਮਾਜ ਦੇ ਕਮਜ਼ੋਰ ਵਰਗਾਂ ਦੀ ਸੇਵਾ ਕਰਨਾ ਹੀ ਤਿਉਹਾਰ ਮਨਾਉਣ ਦਾ ਅਸਲ ਅਰਥ ਹੈ। ਉਨ੍ਹਾਂ ਆਪਣੀ ਟੀਮ ਨੂੰ ਅਜਿਹੇ ਸਮਾਜਿਕ ਕਾਰਜਾਂ ਰਾਹੀਂ ਲੋੜਵੰਦਾਂ ਦੀ ਸਹਾਇਤਾ ਜਾਰੀ ਰੱਖਣ ਦਾ ਭਰੋਸਾ ਦਿੱਤਾ। ਉਨ੍ਹਾਂ ਪ੍ਰਸ਼ਾਸਨ ਨੂੰ ਝੁੱਗੀਆਂ-ਝੌਂਪੜੀਆਂ ਵਿੱਚ ਰਹਿਣ ਵਾਲੇ ਗਰੀਬ ਬੱਚਿਆਂ ਦੀ ਸਿੱਖਿਆ ਲਈ ਵਿਸ਼ੇਸ਼ ਯਤਨ ਕਰਨ ਦੀ ਵੀ ਅਪੀਲ ਕੀਤੀ, ਤਾਂ ਜੋ ਉਹ ਵੀ ਸਿੱਖਿਆ ਪ੍ਰਾਪਤ ਕਰ ਸਕਣ ਅਤੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਹੋ ਸਕਣ।ਇਸ ਪ੍ਰੋਗਰਾਮ ਵਿੱਚ ਮਨਿੰਦਰ ਕੌਰ ਮਲਹੋਤਰਾ (ਪ੍ਰਧਾਨ, ਮਹਿਲਾ ਵਿੰਗ, ਜ਼ਿਲ੍ਹਾ ਮੋਹਾਲੀ), ਸਰਦਾਰ ਗੁਰਸ਼ਰਨ ਸਿੰਘ (ਉਪ ਪ੍ਰਧਾਨ), ਸੁਖਮਨ ਸਿੰਘ , ਰਾਮਜੋਤ ਸਿੰਘ, ਗੁਰਨੂਰ ਸਿੰਘ ਅਤੇ ਜਯੋਤਸਨਾ ਜ਼ਿਲ੍ਹਾ ਐਨਸੀਪੀ ਸਕੱਤਰ ਸਮੇਤ ਕਈ ਵਰਕਰ ਮੌਜੂਦ ਸਨ।

ਇਸ ਸੇਵਾ ਕਾਰਜ ਨੇ ਬੱਚਿਆਂ ਦੇ ਚਿਹਰਿਆਂ 'ਤੇ ਮੁਸਕਰਾਹਟ ਲਿਆਂਦੀ ਅਤੇ ਸਮਾਜ ਵਿੱਚ ਸੇਵਾ, ਭਾਈਚਾਰੇ ਅਤੇ ਮਨੁੱਖਤਾ ਦਾ ਸੰਦੇਸ਼ ਦਿੱਤਾ।

# 1971 ਦੀ 'ਲੌਂਗੇਵਾਲਾ ਦੀ ਜੰਗ' ਦੇ ਸੂਰਮੇ ਸਨਮਾਨਿਤ



ਲੁਧਿਆਣਾ, 6 ਮਾਰਚ (ਰਵਿੰਦਰ ਸਿੰਘ ਨਿੱਝਰ) : ਭਾਰਤ ਪਾਕਿਸਤਾਨ ਵਿਚਕਾਰ 1971 'ਚ ਹੋਈ ਜੰਗ ਦੌਰਾਨ ਰਾਜਸਥਾਨ ਦੇ ਲੌਂਗੇਵਾਲਾ ਪੋਸਟ ਦੇ ਉੱਪਰ ਤੈਨਾਤ 120 ਫੌਜੀਆਂ ਸਮੇਤ ਪੋਸਟ ਦੇ ਉੱਪਰ ਤੈਨਾਤ ਰਹੇ ਜਗਦੇਵ ਸਿੰਘ ਅਤੇ ਮੁਖਤਿਆਰ ਸਿੰਘ ਦਾ ਸਾਬਕਾ ਸੈਨਿਕ ਵੈਲਫੇਅਰ ਸੋਸਾਇਟੀ ਦੇ ਵੱਲੋਂ ਕੈਪਟਨ ਮਲਕੀਤ ਸਿੰਘ ਵਾਲੀਆ ਦੀ ਅਗਵਾਈ ਹੇਠ

ਜਗਜੀਤ ਸਿੰਘ ਅਰੋੜਾ, ਕੈਪਟਨ ਕੁਲਵੰਤ ਸਿੰਘ, ਸੂਬੇਦਾਰ ਜਗਦੇਵ ਸਿੰਘ, ਕਿਸ਼ਨ ਲਾਲ, ਹੌਲਦਾਰ ਸ਼ਾਮ ਸਿੰਘ ਆਦਿ ਸਮੇਤ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਉਪਰੋਕਤ ਆਗੂਆਂ ਨੇ ਕਿਹਾ ਕਿ 1971 ਦੀ ਜੰਗ ਦੌਰਾਨ ਬੇਸ਼ੱਕ ਹੋਰਨਾਂ ਹਜ਼ਾਰਾਂ ਬਹਾਦਰ ਸੈਨਿਕਾਂ ਨੇ ਵੱਡਾ ਯੋਗਦਾਨ ਪਾਇਆ ਸੀ। ਪ੍ਰੰਤੂ ਲੌਂਗੇਵਾਲਾ ਪੋਸਟ ਦੇ ਉੱਪਰ ਜਗਦੇਵ ਸਿੰਘ ਅਤੇ ਮੁਖਤਿਆਰ ਸਿੰਘ ਵਰਗੇ ਸਿਰਫ 85 ਬਹਾਦਰ ਸੂਰਮਿਆਂ ਨੇ ਜਿੱਥੇ ਪਾਕਿਸਤਾਨ ਦੇ 45 ਟੈਂਕਾਂ ਸਮੇਤ 3500 ਤੋਂ ਵੱਧ ਹਮਲਾਵਰਾਂ ਵਿੱਚੋਂ ਬਹੁਤਿਆਂ ਨੂੰ ਮਾਰ ਮੁਕਾਇਆ ਸੀ ਤੇ ਬਾਕੀਆਂ ਨੂੰ ਪਿੱਛੇ ਮੁੜਨ ਲਈ ਮਜਬੂਰ ਕਰ ਦਿੱਤਾ ਸੀ। ਉੱਥੇ ਹੀ ਪਾਕਿਸਤਾਨ ਦੇ ਚਾਰ ਟੈਂਕਾਂ ਨੂੰ ਵੀ ਆਪਣੇ ਕਬਜ਼ੇ ਵਿੱਚ ਲੈ ਲਿਆ ਸੀ। ਇਹਨਾਂ ਦੀ ਇਸੇ ਬਹਾਦਰੀ 'ਤੇ ਚੱਲਦਿਆਂ ਅੱਜ ਇਹਨਾਂ ਨੂੰ ਵਿਸ਼ੇਸ਼ ਤੌਰ 'ਤੇ ਮਾਨ ਸਨਮਾਨ ਦਿੱਤਾ ਗਿਆ ਹੈ।

# ਦੀਵਾਨ ਵੱਲੋਂ ਲੁਧਿਆਣਾ ਪੱਛਮੀ ਹਲਕੇ ਵਿੱਚ ਪੋਸਟਰ ਪ੍ਰਦਰਸ਼ਨ

ਲੁਧਿਆਣਾ, 6 ਮਾਰਚ (ਰਵਿੰਦਰ ਸਿੰਘ ਨਿੱਝਰ) : ਜ਼ਿਲ੍ਹਾ ਕਾਂਗਰਸ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਲੁਧਿਆਣਾ ਪੱਛਮੀ ਹਲਕੇ ਵਿੱਚ ਪੋਸਟਰ ਲਗਵਾ ਕੇ ਪ੍ਰਦਰਸ਼ਨ ਸ਼ੁਰੂ ਕੀਤਾ ਹੈ। ਇਸ ਮੁਹਿੰਮ ਰਾਹੀਂ ਉਨ੍ਹਾਂ ਨੇ ਪਿਛਲੇ ਚਾਰ ਸਾਲਾਂ ਤੋਂ ਪੰਜਾਬ ਦੀਆਂ ਔਰਤਾਂ ਨੂੰ ਨਾ ਮਿਲੇ 48,000 ਰੁਪਏ ਬਾਰੇ ਜਵਾਬਦੇਹੀ ਦੀ ਮੰਗ ਕੀਤੀ ਹੈ। ਦੀਵਾਨ ਨੇ ਹਰ 18 ਸਾਲ ਤੋਂ ਉੱਪਰ ਦੀ ਮਹਿਲਾ ਨੂੰ ਮਹੀਨਾ 1,000 ਰੁਪਏ ਦੇਣ ਦੇ ਵਾਅਦੇ ਨੂੰ ਯਾਦ ਦਿਵਾਉਂਦੇ ਹੋਏ, ਮੁੱਖ ਮੰਤਰੀ ਭਗਵੰਤ ਮਾਨ 'ਤੇ ਦੋਸ਼ ਲਗਾਇਆ ਕਿ ਉਨ੍ਹਾਂ ਨੇ ਝੂਠੇ ਭਰੋਸਿਆਂ ਰਾਹੀਂ ਪੰਜਾਬ ਦੀਆਂ ਮਹਿਲਾਵਾਂ ਨਾਲ ਧੋਖਾ ਕੀਤਾ ਹੈ। ਇਸ ਪੋਸਟਰ ਮੁਹਿੰਮ ਰਾਹੀਂ ਪੰਜਾਬ ਸਰਕਾਰ ਤੋਂ ਸਿੱਧਾ ਸਵਾਲ ਪੁੱਛਿਆ ਗਿਆ ਹੈ: ਚਾਰ ਸਾਲ ਬੀਤ ਗਏ - 48,000 ਰੁਪਏ ਕਿੱਥੇ ਹਨ? ਉਨ੍ਹਾਂ ਕਿਹਾ ਕਿ ਇਹ ਜਾਣਬੁੱਝ ਕੇ ਕੀਤਾ ਗਿਆ ਧੋਖਾ ਹੈ। ਉਨ੍ਹਾਂ ਕਿਹਾ ਕਿ ਅਸਲੀਅਤ ਵਿੱਚ ਪੰਜਾਬ ਦੀ ਅਰਥ ਵਿਵਸਥਾ ਡਗਮਗਾ ਰਹੀ ਹੈ ਅਤੇ ਮਾਨ ਸਰਕਾਰ ਕੋਲ ਨਾ ਤਾਂ ਇਰਾਦਾ ਹੈ ਅਤੇ ਨਾ ਹੀ ਸਰੋਤ ਹਨ ਕਿ ਉਹ ਆਪਣੇ ਵਾਅਦੇ ਪੂਰੇ ਕਰ ਸਕੇ। ਇਨ੍ਹਾਂ ਦਾ ਅਧੂਰਾ ਵਾਅਦਾ ਧੋਖੇ ਅਤੇ ਕੁਰਾਜਗਾਰੀ ਦਾ ਪ੍ਰਤੀਕ ਬਣ ਚੁੱਕਾ ਹੈ। ਉਨ੍ਹਾਂ ਕਿਹਾ ਕਿ ਆਪ ਸਿਰਫ਼ ਝੂਠੇ ਵਾਅਦੇ ਕਰਨ ਵਾਲੀ ਪਾਰਟੀ ਹੈ।ਦੀਵਾਨ ਨੇ ਮੰਗ ਕੀਤੀ ਹੈ ਕਿ ਜੇਕਰ ਆਉਣ ਵਾਲੀਆਂ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਨ ਸਰਕਾਰ ਆਉਣ ਵਾਲੇ ਪੰਜਾਬ ਬਜਟ ਵਿੱਚ 1,000 ਰੁਪਏ ਮਹੀਨਾਵਾਰ ਭੱਤਾ ਐਲਾਨਦੀ ਹੈ, ਤਾਂ ਉਸਨੂੰ ਹਰ ਯੋਗ ਮਹਿਲਾ ਨੂੰ ਪਿਛਲੇ ਚਾਰ ਸਾਲਾਂ ਦੀ 48,000 ਰੁਪਏ ਦੀ ਬਕਾਇਆ ਰਕਮ ਵੀ ਦੇਣੀ ਚਾਹੀਦੀ ਹੈ।ਦੀਵਾਨ ਨੇ ਚੇਤਾਵਨੀ ਦਿੱਤੀ ਕਿ ਪੰਜਾਬ ਦੀਆਂ ਔਰਤਾਂ ਆਪ ਸਰਕਾਰ ਨੂੰ ਆਪਣੇ ਵਾਅਦੇ ਪੂਰੇ ਨਾ ਕਰਨ ਲਈ ਜਵਾਬਦੇਹ ਠਹਿਰਾਉਣਗੀਆਂ। ਇਸ ਮੌਕੇ ਇੰਦਰਜੀਤ ਕਪੂਰ ਟੋਨੀ, ਦੀਪਕ ਹੰਸ, ਜਸਵਿੰਦਰ ਸਿੰਘ ਨਾਮਧਾਰੀ, ਰੋਹਿਤ ਪਾਹਵਾ, ਗੁਰਚਰਨ ਸਿੰਘ ਸੈਣੀ ਉਰਫ ਬੰਟੀ, ਗੁਰਸ਼ਰਨ ਸਿੰਘ, ਰਜਨੀਸ਼ ਸਿੰਗਲਾ, ਨਿਰਭੈ ਸਿੰਘ ਰੰਗੂਵਾਲ, ਵਰੁਣ ਸ਼ਰਮਾ, ਹਰਭਗਤ ਸਿੰਘ ਗਰੇਵਾਲ, ਮਨਿੰਦਰਪਾਲ ਗੁਗਲਾਨੀ, ਜਤਿੰਦਰ ਕੁਮਾਰ ਅਤੇ ਰਜਤ ਸ਼ਰਮਾ ਲੱਕੀ ਵੀ ਮੌਜੂਦ ਰਹੇ।

# ਨਾਜਾਇਜ਼ ਕਬਜ਼ਿਆਂ ਕਾਰਨ ਟ੍ਰੈਫ਼ਿਕ ਜਾਮ ਤੋਂ ਜਨਤਾ ਪ੍ਰੇਸ਼ਾਨ

ਸਾਹਨੇਵਾਲ, ਕੁਹਾੜਾ, 6 ਮਾਰਚ (ਕੁਲਦੀਪ ਸਿੰਘ ਕੁਹਾੜਾ) : ਨਗਰ ਕੌਂਸਲ ਸਾਹਨੇਵਾਲ ਦੀ ਹੱਦੂਦ ਅੰਦਰ ਦੁਕਾਨਦਾਰਾਂ ਵੱਲੋਂ ਮਾਨਯੋਗ ਹਾਈ ਕੋਰਟ ਦੇ ਹੁਕਮਾਂ ਦੀਆ ਧੱਜੀਆਂ ਉਡਾਕੇ ਆਪਣੀਆਂ ਦੁਕਾਨਾਂ ਦੇ ਬਾਹਰ ਸੜ੍ਹਕ ਤੱਕ ਸਮਾਨ ਰੱਖਕੇ ਨਜਾਇਜ਼ ਕਬਜੇ ਕੀਤੇ ਹੋਏ ਹਨ। ਜਿਸ ਕਰਕੇ ਦਿਨੋ-ਦਿਨ ਟ੍ਰੈਫਿਕ ਜਾਮ ਲੱਗਣਾ ਆਮ ਜਿਹੀ ਗੱਲ ਬਣ ਗਿਆ ਹੈ। ਨਤੀਜੇ ਵਜੋਂ ਸਕੂਲੀ ਬੱਚੇ, ਦਫ਼ਤਰੀ ਮੁਲਾਜ਼ਮ ਅਤੇ ਐਮਰਜੈਂਸੀ ਸੇਵਾਵਾਂ ਤੱਕ ਪ੍ਰਭਾਵਿਤ ਹੋ ਰਹੀਆਂ ਹਨ।

ਸਥਾਨਕ ਵਸਨੀਕਾਂ ਦਾ ਦੋਸ਼ ਹੈ ਕਿ ਦੁਕਾਨਦਾਰਾਂ ਵੱਲੋਂ ਦੁਕਾਨਾਂ ਦੇ ਬਾਹਰ ਕਈ ਕਈ ਫੁੱਟ ਤੱਕ ਸੜਕ ਤੱਕ ਸਮਾਨ ਰੱਖ ਕੇ ਰਾਹਗੀਰਾਂ ਲਈ ਆਣ ਜਾਣ ਵਾਲੇ ਰਸਤਿਆਂ 'ਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਜਦ ਕਿ ਕੁਝ ਥਾਵਾਂ 'ਤੇ ਸੜਕਾਂ ਤੱਕ ਆਪਣੇ ਅਸਥਾਈ ਢਾਂਚੇ ਤਾਣੇ ਹੋਏ ਹਨ ਕਈ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਦੇ ਬਾਹਰ ਫੜ੍ਹੀਆ ਲਗਵਾਕੇ ਉਨ੍ਹਾਂ ਤੋਂ ਰੋਜ਼ਾਨਾ ਵਸੂਲੀ ਕੀਤੀ ਜਾਂਦੀ ਹੈ। ਮੇਨ ਚੌਕ ਤੋਂ ਪੁਲਿਸ ਸਟੇਸ਼ਨ ਨੂੰ ਜਾਣ ਵਾਲੀ ਸਰਵਿਸ ਰੋਡ 'ਤੇ ਹਮੇਸ਼ਾ ਹੀ ਟ੍ਰੈਫਿਕ ਜਾਮ ਲੱਗਾ ਰਹਿੰਦਾ ਹੈ, ਕਿਉਂਕਿ ਇਸ ਸਰਵਿਸ ਰੋਡ 'ਤੇ ਗੱਡੀਆਂ ਨੂੰ ਰਿਪੇਅਰ ਕਰਨ ਦੀਆਂ ਦੁਕਾਨਾਂ ਹਨ ਜੋ ਕਿ ਗੱਡੀਆਂ ਨੂੰ ਸਰਵਿਸ ਰੋਡ 'ਤੇ ਪਾਰਕ ਕਰਕੇ ਹੀ ਗੱਡੀਆਂ ਦੀ ਰਿਪੇਅਰ ਕਰਦੇ ਆਮ ਦੇਖੇ ਜਾ ਸਕਦੇ ਹਨ ਜਿਸ ਨਾਲ ਹਰ ਸਮੇਂ ਇਸ ਸਰਵਿਸ ਰੋਡ ਤੇ ਟ੍ਰੈਫਿਕ ਜਾਮ ਲੱਗਾ ਰਹਿੰਦਾ ਹੈ ਤੇ ਕਈ ਜਗ੍ਹਾ 'ਤੇ ਸਬਜ਼ੀਆਂ ਅਤੇ ਫਲਾਂ ਦੀਆਂ ਗੱਡੀਆਂ ਅਤੇ ਫੜ੍ਹੀਆਂ ਵਾਲਿਆਂ ਨੇ ਸੜਕ ਦੇ ਕਿਨਾਰੇ ਉੱਚੀ- ਉੱਚੀ ਆਵਾਜ਼ ਵਿੱਚ ਸਪੀਕਰ ਲਗਾ ਕੇ ਸੜਕ 'ਤੇ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਉੱਥੋਂ ਦੀ ਗੁਜ਼ਰਨਾ ਮੁਸ਼ਕਿਲ ਹੋ ਰਿਹਾ ਹੈ, ਜਿਸ ਨਾਲ ਹਮੇਸ਼ਾ ਹੀ ਕੋਈ ਸੜਕੀ ਹਾਦਸਾ ਵਾਪਰਦਾ ਰਹਿੰਦਾ ਹੈ। ਇਹਨਾਂ ਹਾਦਸਿਆਂ ਵਿੱਚ ਕਈ ਕੀਮਤੀ ਜਾਨਾਂ ਵੀ ਜਾ ਚੁੱਕੀਆਂ ਹਨ। ਲੋਕਾਂ ਨੇ ਮੰਗ ਕੀਤੀ ਹੈ ਕਿ ਮਾਨਯੋਗ ਪੰਜਾਬ ਹਰਿਆਣਾ ਹਾਈਕੋਰਟ ਦੇ ਹੁਕਮਾਂ ਅਨੁਸਾਰ ਤੁਰੰਤ ਨਾਜਾਇਜ਼ ਕਬਜ਼ੇ ਹਟਾਏ ਜਾਣ, ਟ੍ਰੈਫਿਕ ਪੁਲਿਸ ਅਤੇ ਨਗਰ ਕੌਂਸਲ ਵੱਲੋਂ ਸਾਂਝੀ ਕਾਰਵਾਈ ਕੀਤੀ ਜਾਵੇ ਅਤੇ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਹੋਵੇ।

ਸਵਾਲ ਇਹ ਹੈ ਕਿ ਜਦੋਂ ਮਾਨਯੋਗ ਹਾਈਕੋਰਟ ਦੇ ਹੁਕਮ ਹਨ ਕੋਈ ਵੀ ਦੁਕਾਨਦਾਰ ਆਪਣੀ ਦੁਕਾਨ ਤੋਂ ਬਾਹਰ ਨਾਜਾਇਜ਼ ਕਬਜ਼ਾ ਨਹੀਂ ਕਰ ਸਕਦਾ ਤਾਂ ਜ਼ਮੀਨੀ ਪੱਧਰ 'ਤੇ ਉਨ੍ਹਾਂ ਦੀ ਪਾਲਣਾ ਕਿਉਂ ਨਹੀਂ ਹੋ ਰਹੀ? ਕੀ ਨਗਰ ਕੌਂਸਲ ਕਿਸੇ ਦਬਾਅ ਹੇਠ ਕੰਮ ਕਰ ਰਹੀ ਹੈ ਇਹਨਾਂ ਵੱਲੋ ਵਰਤੀ ਲਾਪਰਵਾਹੀ ਲੋਕਾਂ ਦੀ ਜ਼ਿੰਦਗੀ 'ਤੇ ਭਾਰੀ ਪੈ ਰਹੀ ਹੈ?

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਵਰਕਸ਼ਾਪ ਇਲੈਕਟ੍ਰੀਕਲ ਇੰਜੀਨੀਅਰ (ਆਈ/ਸੀ) ਉਤਰ ਰੇਲਵੇ, ਜਗਾਧਰੀ ਵਰਕਸ਼ਾਪ, ਯਮੁਨਾ ਨਗਰ, ਹਰਿਆਣਾ-135002, ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਤੋਂ ਹੇਠਾਂ ਲਿਖਤ ਕੰਮ ਦੇ ਲਈ ਕੇਵਲ ਆਨਲਾਈਨ ਮੋਡ ਦੇ ਮਾਧਿਅਮ ਨਾਲ ਈ-ਨਿਵਿਦਾਵਾਂ ਦੀ ਮੰਗ ਕਰਦੇ ਹਨ:-

| | | | |
|---|---|---|---|
| ਕੰਮ ਦਾ ਨਾਮ | ਐਲਐਚਬੀ ਈਓਜੀ ਏਸੀ ਕੋਚਾਂ ਵਿਚ ਵਾਯਰਿੰਗ ਸਕੀਮ ਦੇ ਨਾਲ 4.5 ਕਿਲੋਵਾਟ ਅੰਡਰ-ਸਲੰਗ ਪ੍ਰਕਾਰ ਦੇ ਵਿਨਿਯਮਿਤ ਸਹਿ ਐਮਰਜੈਂਸੀ ਬੈਟਰੀ ਚਾਰਜਰ ਦਾ ਪ੍ਰਬੰਧ ਕਰਨਾ। | | |
| ਨਿਵਿਦਾ ਪ੍ਰਕਾਰ | ਖੁੱਲ੍ਹਾ | ਬੋਲੀ ਪ੍ਰਣਾਲੀ | ਸਿੰਗਲ ਪੈਕੇਟ ਸਿਸਟਮ |
| ਨਿਵਿਦਾ ਵਿਕਰੀ ਸਮਾਪਨ ਮਿਤੀ | 31.03.2026 ਸਵੇਰੇ 11:30 ਵਜੇ | ਨਿਵਿਦਾ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 05.03.2026 16:34 |
| ਪ੍ਰੀ-ਬੋਲੀ ਜਰੂਰੀ ਹੈ | ਨਹੀਂ | ਅੱਜ ਤਕ ਪ੍ਰੀ-ਬਿਡ ਕਵੇਰੀ | ਨਾ |
| ਵਿਗਿਆਪਨ ਮੁੱਲ | ₹ 65,14,226 /- ਸਾਰੇ ਕਰ ਜੀਐਸਟੀ ਆਦਿ ਸਮੇਤ | ਨਿਵਿਦਾ ਅਨੁਭਾਗ | ਟੈਂਡਰ ਅਤੇ ਵਰਕਸ/ ਬਿਜਲੀ ਬਰਾਂਚ ਜਗਾਧਰੀ ਵਰਕਸ਼ਾਪ |
| ਅਗਾਊਂ ਧਨ | ₹ 1,30,300 /- | ਆਫਰ ਦੀ ਵੈਲੇਡਿਟੀ | 60 ਦਿਨ |
| ਨਿਵਿਦਾ ਦਸਤਾਵੇਜ ਲਾਗਤ | Nil (ਅਪ੍ਰੈਲ 2022 ਦੇ ਭਾਗ-I ਸੈਕਸ਼ਨ ਨੰਬਰ 3 ਦੇ ਅਨੁਸਾਰ) | ਸਮਾਪਤੀ ਦਾ ਸਮਾਂ | 12 ਮਹੀਨੇ |
| ਬੋਲੀ ਸ਼ੁਰੂ ਮਿਤੀ | 17.03.2026 | ਬੋਲੀ ਸਮਾਪਤੀ ਮਿਤੀ | 31.03.2026 ਸਵੇਰੇ 11:30 ਵਜੇ |
| ਨਿਵਿਦਾ ਖੋਹਲਣ ਦੀ ਮਿਤੀ ਅਤੇ ਸਮਾਂ | ਉਸ ਦੇ ਬਾਅਦ ਕਿਸੇ ਵੀ ਸਮੇਂ ਨਿਵਿਦਾ ਨੂੰ ਬੰਦ ਕੀਤਾ ਜਾ ਸਕਦਾ ਹੈ। ਨਿਵਿਦਾਤਾਵਾਂ ਨੂੰ ਉਦਘਾਟਨ ਦੇ ਦੌਰਾਨ ਮੌਜੂਦ ਰਹਿਣ ਦੀ ਜਰੂਰਤ ਨਹੀਂ ਹੈ। ਟੈਂਡਰ ਬੰਦ ਹੋਣ ਦੇ ਬਾਅਦ ਕਿਸੇ ਵੀ ਸਮੇਂ ਟੈਂਡਰ ਖੋਹਲਣ ਦਾ ਅਧਿਕਾਰ ਰੇਲਵੇ ਦੇ ਕੋਲ ਸੁਰੱਖਿਅਤ ਹੈ। | | |
| ਵੈਬਸਾਈਟ | www.ireps.gov.in 'ਤੇ ਜਾਓ। | | |

56-ਡਬਲਯੂ/ਇਲੈਕਟ/25-26/ਟੀ/18/ਅੰਡਰ ਸਲੰਗ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 761/26



ਰੋਜ਼ਾਨਾ ਚੜ੍ਹਦੀਕਲਾ

## ਸਿਹਤ ਖ਼ਬਰਨਾਮਾ



# ਇਮਿਊਨਿਟੀ ਤੋਂ ਲੈ ਕੇ ਦਿਲ ਦੀ ਸਿਹਤ ਤੱਕ ਹਰ ਸਮੱਸਿਆ ਦਾ ਹੱਲ ਹੈ ਮਸ਼ਰੂਮ

ਬਦਲਦੇ ਮੌਸਮ ਅਤੇ ਅਨਹੈਲਦੀ ਲਾਈਫਸਟਾਈਲ ਦੀ ਵਜ੍ਹਾ ਨਾਲ ਅੱਜਕੱਲ੍ਹ ਲੋਕ ਆਪਣੀ ਡਾਇਟ ਵਿੱਚ ਅਜਿਹੀਆਂ ਚੀਜ਼ਾਂ ਨੂੰ ਸ਼ਾਮਲ ਕਰ ਰਹੇ ਹਨ, ਜੋ ਸਵਾਦ ਦੇ ਨਾਲ-ਨਾਲ ਸਰੀਰ ਨੂੰ ਪੂਰਾ ਪੋਸ਼ਣ ਵੀ ਦਿੰਦੀਆਂ ਹਨ। ਇਨ੍ਹਾਂ ਵਿੱਚੋਂ ਇੱਕ ਹੈ ਮਸ਼ਰੂਮ। ਇਹ ਸਿਰਫ਼ ਖਾਣ ਵਿੱਚ ਸੁਆਦੀ ਹੀ ਨਹੀਂ, ਸਗੋਂ ਸਿਹਤ ਲਈ ਵੀ ਕਾਫ਼ੀ ਫਾਇਦੇਮੰਦ ਸਾਬਤ ਹੁੰਦਾ ਹੈ। ਮਸ਼ਰੂਮ ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦਾ ਹੈ ਅਤੇ ਇਸਨੂੰ ਰੋਜ਼ਾਨਾ ਡਾਇਟ ਵਿੱਚ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ।



**ਅੰਤੜੀਆਂ ਲਈ ਫਾਇਦੇਮੰਦ :** ਮਸ਼ਰੂਮ ਅੰਤੜੀਆਂ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਇਸ ਵਿੱਚ ਮੌਜੂਦ ਕਈ ਪਦਾਰਥ ਮਾਈਕ੍ਰੋਬਾਇਓਮ ਯਾਨੀ ਬੈਕਟੀਰੀਆ ਅਤੇ ਵਾਇਰਸ ਨੂੰ ਕੰਟਰੋਲ ਵਿੱਚ ਰੱਖਦੇ ਹਨ ਅਤੇ ਸਰੀਰ ਵਿੱਚ ਚੰਗੇ ਬੈਕਟੀਰੀਆ ਨੂੰ ਵਧਾਉਣ ਵਿੱਚ ਮਦਦ ਕਰਦੇ ਹਨ।

**ਭਾਰ ਘਟਾਉਣ ਲਈ ਵਧੀਆ :** ਜੇਕਰ ਤੁਸੀਂ ਭਾਰ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਮਸ਼ਰੂਮ ਤੁਹਾਡੇ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ। ਤੁਸੀਂ ਆਪਣੀ ਡਾਇਟ ਵਿੱਚ ਮਸ਼ਰੂਮ ਨੂੰ ਸ਼ਾਮਲ ਕਰਕੇ ਮੋਟਾਪੇ ਤੋਂ ਛੁਟਕਾਰਾ ਪਾ ਸਕਦੇ ਹੋ। ਮਸ਼ਰੂਮ ਖਾਣ ਨਾਲ ਕਈ ਲੋਕਾਂ ਨੂੰ ਚੰਗੇ ਨਤੀਜੇ ਮਿਲੇ ਹਨ।

**ਸਿਹਤਮੰਦ ਦਿਲ ਲਈ ਬਿਹਤਰ :** ਮਸ਼ਰੂਮ ਖਾਣ ਨਾਲ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਵੀ ਘੱਟ ਹੋ ਸਕਦਾ ਹੈ। ਇਨ੍ਹਾਂ ਵਿੱਚ ਕਈ ਅਜਿਹੇ ਪੋਸ਼ਕ ਤੱਤ ਹੁੰਦੇ ਹਨ, ਜੋ ਖ਼ੂਨ ਦੀਆਂ ਨਾੜੀਆਂ ਵਿੱਚ @ਪਲਾਕ@ ਨੂੰ ਜਮ੍ਹਾ ਹੋਣ ਤੋਂ ਰੋਕਦੇ ਹਨ।

**ਇਮਿਊਨਿਟੀ ਨੂੰ ਕਰਦਾ ਹੈ ਮਜ਼ਬੂਤ :** ਜੇ ਤੁਸੀਂ ਵਾਇਰਲ ਇਨਫੈਕਸ਼ਨ ਅਤੇ ਬਿਮਾਰੀਆਂ ਤੋਂ ਬਚਣਾ ਚਾਹੁੰਦੇ ਹੋ, ਤਾਂ ਆਪਣੀ ਰੋਜ਼ਾਨਾ ਡਾਇਟ ਵਿੱਚ ਮਸ਼ਰੂਮ ਨੂੰ ਜ਼ਰੂਰ ਸ਼ਾਮਲ ਕਰੋ। ਇਹ ਸਰੀਰ ਦੀ ਰੋਗ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਣ ਵਿੱਚ ਮਦਦ ਕਰਦਾ ਹੈ। ਮਸ਼ਰੂਮ ਵਿੱਚ ਮੌਜੂਦ ਐਂਟੀ-ਆਕਸੀਡੈਂਟ ਸਰੀਰ ਨੂੰ ਸਟ੍ਰੈੱਸ (ਤਣਾਅ) ਤੋਂ ਵੀ ਬਚਾਉਂਦੇ ਹਨ।



ਜਸਵਿੰਦਰ ਕੌਰ ਸੋਹਲ | ਹਰਜੀਤ ਸਿੰਘ ਭੁੱਲਰ | ਰਵਿੰਦਰ ਸਿੰਘ ਸੈਂਪਲਾ | ਸ਼ਮਸ਼ੇਰ ਸਿੰਘ ਪੁਰਖਾਲਵੀ
ਕੇ ਐੱਸ ਮਠਾੜੂ | ਦਿਲਬਾਗ ਸਿੰਘ ਵਿਰਕ | ਅਜੇ ਕੁਮਾਰ | ਸੁਖਮਿੰਦਰ ਸਿੰਘ ਰਾਜਪਾਲ

ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਦੇ 20 ਬੁਲਾਰਿਆਂ ਦੀ ਲਿਸਟ ਜਾਰੀ ਕਰ ਦਿੱਤੀ ਹੈ।ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਵਾਲੇ ਅਕਾਲੀ ਦਲ ਵੱਲੋਂ ਡਾ. ਦਲਜੀਤ ਸਿੰਘ ਵੱਲੋਂ ਇਹ ਲਿਸਟ ਜਾਰੀ ਕੀਤੀ। ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੂੰ ਮੁੱਖ ਬੁਲਾਰਾ ਨਿਯੁਕਤ ਕੀਤਾ ਗਿਆ ਹੈ।

# ਵਿਕਾਸ ਅਤੇ ਵਾਤਾਵਰਣ ਨੂੰ ਵਿਰੋਧੀ ਤਾਕਤਾਂ ਵਜੋਂ ਨਹੀਂ, ਸਗੋਂ ਇੱਕ ਦੂਜੇ ਦੇ ਪੂਰਕ ਵਜੋਂ ਦੇਖਿਆ ਜਾਣਾ ਚਾਹੀਦੈ: ਲੋਕ ਸਭਾ ਸਪੀਕਰ

ਨਵੀਂ ਦਿੱਲੀ, 6 ਮਾਰਚ (ਚ.ਨ.ਸ.) : ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਅੱਜ ਕਿਹਾ ਕਿ ਵਿਕਾਸ ਅਤੇ ਵਾਤਾਵਰਣ ਨੂੰ ਵਿਰੋਧੀ ਤਾਕਤਾਂ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ, ਸਗੋਂ ਇੱਕ ਦੂਜੇ ਦੇ ਪੂਰਕ ਵਜੋਂ ਸਮਝਿਆ ਜਾਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮਨੁੱਖਤਾ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਪਾਣੀ ਦੀ ਸੰਭਾਲ ਜ਼ਰੂਰੀ ਹੈ ਅਤੇ ਜਨਤਕ ਪ੍ਰਤੀਨਿਧੀਆਂ ਸਮੇਤ ਸਾਰੇ ਹਿੱਸੇਦਾਰਾਂ ਨੂੰ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਇਕੱਠੇ ਕੰਮ ਕਰਨਾ ਚਾਹੀਦਾ ਹੈ। ਸ਼੍ਰੀ ਬਿਰਲਾ ਨੇ ਇਹ ਵਿਚਾਰ ਵਾਟਰ ਟ੍ਰਾਂਸਵਰਸਿਲਿਟੀ ਗਲੋਬਲ ਅਵਾਰਡਜ਼ ਅਤੇ ਕਨਕਲੇਵ 2026 ਨੂੰ ਸੰਬੋਧਨ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਨੇ ਪਾਣੀ ਦੀ ਸੰਭਾਲ, ਟਿਕਾਊ ਵਿਕਾਸ ਅਤੇ ਵਿਸ਼ਵਵਿਆਪੀ ਸਹਿਯੋਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਇਹ ਨੋਟ ਕੀਤਾ ਕਿ ਅੰਤਰਰਾਸ਼ਟਰੀ ਜਲ ਫੋਰਮ ਵਰਗੀਆਂ ਪਹਿਲਕਦਮੀਆਂ ਪਾਣੀ ਨਾਲ ਸਬੰਧਤ ਚੁਣੌਤੀਆਂ ਨੂੰ ਹੱਲ ਕਰਨ ਵਿੱਚ ਵਿਸ਼ਵ ਪੱਧਰ 'ਤੇ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹਨ। ਇਹ ਨੋਟ ਕਰਦੇ ਹੋਏ ਕਿ ਅਸਲ ਤਬਦੀਲੀ ਉਦੋਂ ਹੀ ਸੰਭਵ ਹੈ ਜਦੋਂ ਨਾਗਰਿਕ ਪਾਣੀ ਦੀ ਸੰਭਾਲ, ਊਰਜਾ ਕੁਸ਼ਲਤਾ ਅਤੇ ਵਾਤਾਵਰਣ ਸੁਰੱਖਿਆ ਲਈ ਜਾਗਰੂਕ ਅਤੇ ਜ਼ਿੰਮੇਵਾਰ ਬਣਦੇ ਹਨ, ਸ਼੍ਰੀ ਬਿਰਲਾ ਨੇ ਸਮਝਾਇਆ ਕਿ ਪਾਣੀ, ਊਰਜਾ, ਸਿਹਤ ਅਤੇ ਵਾਤਾਵਰਣ ਡੂੰਘੇ ਆਪਸ ਵਿੱਚ ਜੁੜੇ ਖੇਤਰ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਗੁੰਝਲਦਾਰ ਚੁਣੌਤੀਆਂ ਦਾ ਹੱਲ ਸਿਰਫ਼ ਇੱਕ ਤਾਲਮੇਲ ਅਤੇ ਏਕੀਕ੍ਰਿਤ ਪਹੁੰਚ ਰਾਹੀਂ ਹੀ ਸੰਭਵ ਹੈ। ਸ਼੍ਰੀ ਬਿਰਲਾ ਨੇ ਇਹ ਵੀ ਰੇਖਾਂਕਿਤ ਕੀਤਾ ਕਿ ਵਿਭਾਗਾਂ ਅਤੇ ਨੀਤੀਆਂ ਵਿਚਕਾਰ ਟ੍ਰਾਂਸਵਰਸਿਲਿਟੀ ਸਮਾਵੇਸ਼ੀ ਵਿਕਾਸ ਲਈ ਜ਼ਰੂਰੀ ਹੈ। ਸ਼੍ਰੀ ਬਿਰਲਾ ਨੇ ਪਾਣੀ ਦੀ ਸੰਭਾਲ ਲਈ ਘਟਾਓ, ਮੁੜ ਵਰਤੋਂ, ਰੀਚਾਰਜ ਅਤੇ ਰੀਸਾਈਕਲ ਦੇ ਮੰਤਰ ਨੂੰ ਅਪਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਕੈਚ ਦ ਰੇਨ ਅਤੇ ਜਲ ਜੀਵਨ ਮਿਸ਼ਨ ਵਰਗੀਆਂ ਪਹਿਲਕਦਮੀਆਂ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਨੇ ਇਨ੍ਹਾਂ ਮੁਹਿੰਮਾਂ ਦੀ ਸਫਲਤਾ ਨੂੰ ਯਕੀਨੀ ਬਣਾਉਣ ਵਿੱਚ ਜਨਤਕ ਭਾਗੀਦਾਰੀ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਨਵਿਆਉਣਯੋਗ ਊਰਜਾ ਅਤੇ ਹਰੀ ਪਹਿਲਕਦਮੀਆਂ ਭਾਰਤ ਦੀਆਂ ਜਲਵਾਯੂ ਵਚਨਬੱਧਤਾਵਾਂ ਨੂੰ ਮਜ਼ਬੂਤ ਕਰ ਰਹੀਆਂ ਹਨ। ਸ਼੍ਰੀ ਬਿਰਲਾ ਨੇ ਕਿਹਾ ਕਿ ਸੂਰਜੀ ਊਰਜਾ, ਪੌਣ ਊਰਜਾ ਅਤੇ ਹਰੇ ਹਾਈਡ੍ਰੋਜਨ ਵਿੱਚ ਭਾਰਤ ਦੀ ਤਰੱਕੀ ਸ਼ਾਨਦਾਰ ਹੈ ਅਤੇ ਦੇਸ਼ ਨੂੰ ਟਿਕਾਊ ਵਿਕਾਸ ਵੱਲ ਵਧਣ ਵਿੱਚ ਮਦਦ ਕਰ ਰਹੀ ਹੈ।




ਸ਼੍ਰੀ ਬਿਰਲਾ ਨੇ ਜ਼ੋਰ ਦੇ ਕੇ ਕਿਹਾ ਕਿ ਇੱਕ ਟਿਕਾਊ ਭਵਿੱਖ ਸਿਰਫ਼ ਨੌਜਵਾਨਾਂ ਦੀ ਸ਼ਕਤੀ ਅਤੇ ਮਜ਼ਬੂਤ ਵਿਸ਼ਵਵਿਆਪੀ ਸਹਿਯੋਗ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਇੱਕ ਵਿਗਿਆਨਕ ਪਹੁੰਚ, ਪਾਰਦਰਸ਼ੀ ਸ਼ਾਸਨ ਅਤੇ ਸਮਾਜਿਕ ਜ਼ਿੰਮੇਵਾਰੀ ਨਾਲ ਅੱਗੇ ਵਧਦੇ ਹਾਂ, ਤਾਂ ਅਸੀਂ ਇੱਕ ਅਜਿਹਾ ਭਵਿੱਖ ਸਿਰਜ ਸਕਦੇ ਹਾਂ ਜਿਸ ਵਿੱਚ ਆਰਥਿਕ ਖੁਸ਼ਹਾਲੀ ਅਤੇ ਵਾਤਾਵਰਣ ਸੰਤੁਲਨ ਇਕੱਠੇ ਹੋਵੇ।

ਸ਼੍ਰੀ ਬਿਰਲਾ ਨੇ ਭਾਰਤੀ ਸੱਭਿਆਚਾਰ ਵਿੱਚ ਪਾਣੀ ਦੀ ਅਧਿਆਤਮਿਕ ਅਤੇ ਜੀਵਨਦਾਇਕ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਜਨਤਕ ਭਾਗੀਦਾਰੀ 'ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਅਰਥਪੂਰਨ ਅਤੇ ਸਥਾਈ ਤਬਦੀਲੀ ਲਿਆਉਣ ਲਈ, ਇਨ੍ਹਾਂ ਯਤਨਾਂ ਨੂੰ ਪੰਚਾਇਤ ਪੱਧਰ ਤੋਂ ਲੈ ਕੇ ਸੰਸਦ ਤੱਕ ਸਰਗਰਮ ਜਨਤਕ ਭਾਗੀਦਾਰੀ ਨਾਲ ਅੱਗੇ ਵਧਾਇਆ ਜਾਣਾ ਚਾਹੀਦਾ ਹੈ।

## ਪੌਪ ਸਟਾਰ ਬ੍ਰਿਟਨੀ ਸਪੀਅਰਸ ਗ੍ਰਿਫ਼ਤਾਰ, ਜੇਲ੍ਹ ਵਿੱਚ ਕੱਟੀ ਰਾਤ

ਕੈਲੀਫੋਰਨੀਆ, 6 ਮਾਰਚ (ਚ.ਨ.ਸ.) : ਹਾਲੀਵੁੱਡ ਪੌਪ ਸਟਾਰ ਬ੍ਰਿਟਨੀ ਸਪੀਅਰਸ ਨੂੰ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸਨੂੰ ਕੈਲੀਫੋਰਨੀਆ ਪੁਲਿਸ ਨੇ ਨਸ਼ੇ ਵਿੱਚ ਗੱਡੀ ਚਲਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ।ਜਾਣਕਾਰੀ ਅਨੁਸਾਰ, ਬ੍ਰਿਟਨੀ ਸਪੀਅਰਸ ਨੂੰ ਕੈਲੀਫੋਰਨੀਆ ਹਾਈਵੇਅ ਪੈਟਰੋਲ ਨੇ ਕੈਲੀਫੋਰਨੀਆ ਦੇ ਵੈਂਚੁਰਾ ਕਾਉਂਟੀ ਵਿੱਚ ਰਾਤ 9:30 ਵਜੇ ਦੇ ਕਰੀਬ ਗ੍ਰਿਫ਼ਤਾਰ ਕੀਤਾ ਸੀ। ਉਹ ਪਹਿਲਾਂ ਉਸਨੂੰ ਇੱਕ ਹਸਪਤਾਲ ਲੈ ਗਏ, ਜਿੱਥੇ ਉਸਦੇ ਖੂਨ ਵਿੱਚ ਅਲਕੋਹਲ ਦੇ ਪੱਧਰ ਦੀ ਜਾਂਚ ਕੀਤੀ ਗਈ। ਫਿਰ ਸ਼ੈਰਿਫ਼ ਵਿਭਾਗ ਨੇ ਸਵੇਰੇ 3 ਵਜੇ ਦੇ ਕਰੀਬ ਉਸਦੇ ਵਿਰੁੱਧ ਡਰਾਈਵਿੰਗ ਅੰਡਰ ਦ ਇਨਫਲੂਐਂਸ ਦਾ ਦੋਸ਼ ਦਾਇਰ ਕੀਤਾ।ਖੈਰ, ਬ੍ਰਿਟਨੀ ਸਪੀਅਰਸ ਹੁਣ ਜੇਲ੍ਹ ਤੋਂ ਰਿਹਾਅ ਹੋ ਗਈ ਹੈ। ਜੇਲ੍ਹ ਵਿੱਚ ਰਾਤ ਬਿਤਾਉਣ ਤੋਂ ਬਾਅਦ, ਉਸਨੂੰ ਵੀਰਵਾਰ ਸਵੇਰੇ 6 ਵਜੇ ਰਿਹਾਅ ਕਰ ਦਿੱਤਾ ਗਿਆ। ਘਟਨਾ ਤੋਂ ਤੁਰੰਤ ਬਾਅਦ, ਬ੍ਰਿਟਨੀ ਨੇ ਆਪਣਾ ਇੰਸਟਾਗ੍ਰਾਮ ਅਕਾਊਂਟ ਡਿਲੀਟ ਕਰ ਦਿੱਤਾ। ਬ੍ਰਿਟਨੀ ਨੂੰ ਹੁਣ ਦੋ ਮਹੀਨਿਆਂ ਵਿੱਚ ਅਦਾਲਤ ਵਿੱਚ ਪੇਸ਼ ਹੋਣਾ ਪਵੇਗਾ। ਇਸ ਮਾਮਲੇ ਦੀ ਸੁਣਵਾਈ 4 ਮਈ, 2026 ਨੂੰ ਹੋਵੇਗੀ। ਫਿਲਹਾਲ, ਪੌਪ ਸਟਾਰ ਵੱਲੋਂ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ।



## ਪਤੰਜਲੀ ਵੱਲੋਂ ਕਬਾਇਲੀ ਖੇਤਰਾਂ ਵਿੱਚ ਸਿਹਤ ਅਤੇ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਦੇ ਯਤਨ

ਹਰਿਦੁਆਰ (ਉਤਰਾਖੰਡ), 6 ਮਾਰਚ (ਚ.ਨ.ਸ.) : ਭਾਰਤ ਸਰਕਾਰ ਦੇ ਕਬਾਇਲੀ ਮਾਮਲਿਆਂ ਦੇ ਮੰਤਰਾਲੇ ਦੇ ਮਹੱਤਵਾਕਾਂਖੀ ਕਬਾਇਲੀ ਆਦਿ ਗ੍ਰਾਮ ਪ੍ਰੋਜੈਕਟ ਦੇ ਤਹਿਤ, ਕਬਾਇਲੀ ਭਾਈਚਾਰੇ ਦੀ ਸਿਹਤ, ਸਿੱਖਿਆ, ਸਵੈ-ਨਿਰਭਰਤਾ ਅਤੇ ਸਮਾਜਿਕ ਸਸ਼ਕਤੀਕਰਨ ਲਈ ਉੱਤਰਾਖੰਡ ਦੇ 64 ਚੁਣੇ ਹੋਏ ਪਿੰਡਾਂ ਵਿੱਚ ਵਿਆਪਕ ਪ੍ਰੋਗਰਾਮ ਲਾਗੂ ਕੀਤੇ ਜਾ ਰਹੇ ਹਨ। ਇਹ ਪ੍ਰੋਜੈਕਟ ਪਤੰਜਲੀ ਦਿਵਿਆ ਯੋਗ ਮੰਦਰ ਟਰੱਸਟ, ਹਰਿਦੁਆਰ ਦੁਆਰਾ ਲਾਗੂ ਕੀਤਾ ਜਾ ਰਿਹਾ ਹੈ। ਮਹਿਲਾ ਪਤੰਜਲੀ ਯੋਗ ਸਮਿਤੀ ਦੇ ਸਹਿਯੋਗ ਨਾਲ, ਬਨਾਸਖੇੜਾ ਪਿੰਡ ਵਿੱਚ ਇੱਕ ਵਿਸ਼ਾਲ ਮੁਫ਼ਤ ਯੋਗ ਕੈਂਪ ਦਾ ਆਯੋਜਨ ਕੀਤਾ ਗਿਆ, ਜਿੱਥੇ ਵੱਡੀ ਗਿਣਤੀ ਵਿੱਚ ਸਥਾਨਕ ਕਬਾਇਲੀ ਭਾਈਚਾਰੇ ਦੇ ਮੈਂਬਰ - ਖਾਸ ਕਰਕੇ ਔਰਤਾਂ, ਨੌਜਵਾਨ ਅਤੇ ਸੀਨੀਅਰ ਨਾਗਰਿਕ - ਉਤਸ਼ਾਹ ਨਾਲ ਸ਼ਾਮਲ ਹੋਏ। ਭਾਗ ਲਿਆ। ਯੋਗਾ ਕੈਂਪ ਵਿੱਚ ਭਾਗ ਲੈਣ ਵਾਲਿਆਂ ਨੇ ਵੱਖ-ਵੱਖ ਯੋਗ ਆਸਣ, ਪ੍ਰਾਣਾਯਾਮ, ਧਿਆਨ ਅਤੇ ਕੁਦਰਤੀ ਸਿਹਤ ਵਿਧੀਆਂ ਦਾ ਅਭਿਆਸ ਕੀਤਾ, ਅਤੇ ਇੱਕ ਸਿਹਤਮੰਦ ਅਤੇ ਸੰਤੁਲਿਤ ਜੀਵਨ ਸ਼ੈਲੀ ਅਪਣਾਉਣ ਲਈ ਉਤਸ਼ਾਹਿਤ ਕੀਤਾ ਗਿਆ। ਯੋਗਾ ਇੰਸਟ੍ਰਕਟਰਾਂ ਨੇ ਸਮਝਾਇਆ ਕਿ ਯੋਗਾ ਨਾ ਸਿਰਫ਼ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਦਾ ਸਾਧਨ ਹੈ, ਸਗੋਂ ਸੰਤੁਲਨ, ਅਨੁਸ਼ਾਸਨ ਅਤੇ ਪੂਰੇ ਜੀਵਨ ਨੂੰ ਊਰਜਾਵਾਨ ਬਣਾਉਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਵੀ ਹੈ।



ਇਸ ਮੌਕੇ 'ਤੇ, ਯੋਗ ਰਿਸ਼ੀ ਪਰਮ ਪੂਜਯ ਸਵਾਮੀ ਰਾਮਦੇਵ ਜੀ ਮਹਾਰਾਜ ਨੇ ਆਪਣੇ ਸੰਦੇਸ਼ ਵਿੱਚ ਕਿਹਾ, ÷ਯੋਗ ਭਾਰਤ ਦਾ ਪ੍ਰਾਚੀਨ ਅਤੇ ਬ੍ਰਹਮ ਜੀਵਨ ਢੰਗ ਹੈ, ਜੋ ਕਿਸੇ ਨੂੰ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਤੌਰ 'ਤੇ ਸਸ਼ਕਤ ਬਣਾਉਂਦਾ ਹੈ। ਪਤੰਜਲੀ ਦੇਸ਼ ਦੇ ਹਰ ਵਿਅਕਤੀ ਨੂੰ ਯੋਗ ਦੀ ਰੌਸ਼ਨੀ ਫੈਲਾਉਣ ਲਈ ਵਚਨਬੱਧ ਹੈ। ਆਚਾਰੀਆ ਸ਼੍ਰੀ ਬਾਲਕ੍ਰਿਸ਼ਨ ਜੀ ਮਹਾਰਾਜ ਨੇ ਕਿਹਾ, ਕਬਾਇਲੀ ਸਮਾਜ ਸਾਡੀ ਅਮੀਰ ਸੱਭਿਆਚਾਰਕ ਵਿਰਾਸਤ ਦੀ ਇੱਕ ਮਹੱਤਵਪੂਰਨ ਨੀਂਹ ਹੈ। ਪਿੰਡ ਬਨਾਸਖੇੜਾ ਵਿੱਚ ਆਯੋਜਿਤ ਇਹ ਯੋਗਾ ਕੈਂਪ ਆਦਿਵਾਸੀ ਸਮਾਜ ਵਿੱਚ ਸਕਾਰਾਤਮਕ ਬਦਲਾਅ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਪ੍ਰੋਜੈਕਟ ਦੇ ਤਹਿਤ, ਪਿੰਡਾਂ ਵਿੱਚ ਨਿਯਮਿਤ ਤੌਰ 'ਤੇ ਮੁਫ਼ਤ ਯੋਗਾ ਕੈਂਪ, ਸਿਹਤ ਜਾਗਰੂਕਤਾ ਪ੍ਰੋਗਰਾਮ, ਕੁਦਰਤੀ ਇਲਾਜ ਸਲਾਹ-ਮਸ਼ਵਰੇ ਅਤੇ ਜੀਵਨ ਸ਼ੈਲੀ ਸੁਧਾਰ ਮੁਹਿੰਮਾਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ, ਜਿਸਦਾ ਸਿੱਧਾ ਲਾਭ ਆਦਿਵਾਸੀ ਭਾਈਚਾਰੇ ਨੂੰ ਹੋ ਰਿਹਾ ਹੈ। ਪਿੰਡ ਬਨਾਸਖੇੜਾ ਵਿੱਚ ਆਯੋਜਿਤ ਇਸ ਯੋਗਾ ਕੈਂਪ ਨੇ ਪਿੰਡ ਵਾਸੀਆਂ ਵਿੱਚ ਸਿਹਤ ਜਾਗਰੂਕਤਾ ਵਧਾ ਦਿੱਤੀ ਹੈ ਅਤੇ ਉਨ੍ਹਾਂ ਨੂੰ ਯੋਗਾ ਅਤੇ ਕੁਦਰਤੀ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ ਹੈ। ਪਤੰਜਲੀ ਦਿਵਿਆ ਯੋਗ ਮੰਦਰ ਟਰੱਸਟ ਨੇ ਉਮੀਦ ਪ੍ਰਗਟਾਈ ਕਿ ਅਜਿਹੇ ਪ੍ਰੋਗਰਾਮਾਂ ਰਾਹੀਂ, ਆਦਿਵਾਸੀ ਖੇਤਰਾਂ ਵਿੱਚ ਇੱਕ ਸਿਹਤਮੰਦ, ਜਾਗਰੂਕ ਅਤੇ ਸਵੈ-ਨਿਰਭਰ ਸਮਾਜ ਦੇ ਨਿਰਮਾਣ ਲਈ ਰਾਹ ਪੱਧਰਾ ਹੋਵੇਗਾ।

# ਬਾਬਾ ਸੁਰਿੰਦਰ ਸਿੰਘ ਬਣੇ ਡੇਰਾ ਬਾਬਾ ਗਾਂਧਾ ਸਿੰਘ ਦੇ ਨਵੇਂ ਉੱਤਰਾਧਿਕਾਰੀ, ਨਿਰਮਲ ਪੰਚਾਇਤੀ ਅਖਾੜਾ, ਕਨਖਲ ਹਰਿਦੁਆਰ ਨੇ ਦਿੱਤਾ ਥਾਪੜਾ

ਬਰਨਾਲਾ, 6 ਮਾਰਚ (ਬਘੇਲ ਸਿੰਘ ਧਾਲੀਵਾਲ) : ਬਰਨਾਲਾ ਵਿਖੇ ਸਥਿਤ ਡੇਰਾ ਬਾਬਾ ਗਾਂਧਾ ਸਿੰਘ ਜੀ ਵਿਖੇ ਸ੍ਰੀ ਮਾਨ ਮਹੰਤ ਰਘਵੀਰ ਸਿੰਘ ਜੀ ਅਤੇ ਸ੍ਰੀ ਮਾਨ ਮਹੰਤ ਗੁਰਬਚਨ ਸਿੰਘ ਜੀ ਦੀ ਨਿੱਘੀ ਅਤੇ ਪਵਿੱਤਰ ਯਾਦ ਨੂੰ ਸਮਰਪਿਤ ਇੱਕ ਵਿਸ਼ਾਲ ਅਤੇ ਮਹਾਨ ਸੰਤ ਸਮਾਗਮ ਬਹੁਤ ਹੀ ਸ਼ਰਧਾ, ਸਤਿਕਾਰ ਅਤੇ ਧੂਮ-ਧਾਮ ਨਾਲ ਕਰਵਾਇਆ ਗਿਆ। ਇਸ ਸਮਾਗਮ ਵਿੱਚ ਇਲਾਕੇ ਦੀਆਂ ਹਜ਼ਾਰਾਂ ਸੰਗਤਾਂ ਤੋਂ ਇਲਾਵਾ ਨਿਰਮਲ ਭੇਖ ਅਤੇ ਖਟਦਰਸਨ ਸਾਧੂ ਸਮਾਜ ਦੀਆਂ ਉੱਘੀਆਂ ਸ਼ਖਸੀਅਤਾਂ ਨੇ ਹਾਜ਼ਰੀ ਭਰੀ! ਇਸ ਮਹਾਨ ਸੰਤ ਸਮਾਗਮ ਦੀ ਪ੍ਰਧਾਨਗੀ ਨਿਰਮਲ ਭੇਖ ਭੂਸ਼ਨ ਸ੍ਰੀਮਾਨ 108 ਸ੍ਰੀ ਮਹੰਤ ਸਵਾਮੀ ਗਿਆਨਦੇਵ ਸਿੰਘ ਜੀ ਮਹਾਰਾਜ ਵੇਦਾਂਤਾਚਾਰਯ ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ ਹਰੀਦੁਆਰ ਵੱਲੋਂ ਕੀਤੀ ਗਈ। ਸਮਾਗਮ ਦੀ ਸ਼ੁਰੂਆਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਪ੍ਰਕਾਸ਼ ਨਾਲ ਹੋਈ। ਪਾਠਾਂ ਦੇ ਭੋਗ ਉਪਰੰਤ ਪੰਥ ਪ੍ਰਸਿੱਧ ਕੀਰਤਨੀ ਜਥਿਆਂ ਵੱਲੋਂ ਇਲਾਹੀ ਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਆਈਆਂ ਹੋਈਆਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸਾਰਾ ਵਾਤਾਵਰਣ ਗੁਰਬਾਣੀ ਦੇ ਸ਼ਬਦਾਂ ਅਤੇ ਅਧਿਆਤਮਿਕ ਰੰਗ ਵਿੱਚ ਰੰਗਿਆ ਨਜ਼ਰ ਆਇਆ।ਇਸ ਸਮਾਗਮ ਦਾ ਸਭ ਤੋਂ ਅਹਿਮ ਪਹਿਲੂ ਡੇਰੇ ਦੀ ਸੇਵਾ ਸੰਭਾਲ ਲਈ ਨਵੇਂ ਉੱਤਰਾਧਿਕਾਰੀ ਦੀ ਚੋਣ ਰਿਹਾ। ਨਿਰਮਲ ਭੇਖ ਅਤੇ ਪੰਚਾਇਤੀ ਅਖਾੜਾ ਕਨਖਲ ਦੇ ਨਿਯਮਾਂ ਅਨੁਸਾਰ, ਸੰਤ ਸੁਰਿੰਦਰ ਸਿੰਘ ਜੀ ਨੂੰ ਸ੍ਰੀ ਮਾਨ ਮਹੰਤ ਪਿਆਰਾ ਸਿੰਘ ਜੀ ਦਾ ਉੱਤਰ ਅਧਿਕਾਰੀ ਐਲਾਨਿਆ ਗਿਆ। ਇਸ ਮੌਕੇ ਸਮੂਹ ਸੰਤਾਂ-ਮਹਾਂਪੁਰਸ਼ਾਂ ਅਤੇ ਨਿਰਮਲ ਭੇਖ ਅਤੇ ਖਟਦਰਸ਼ਨ ਸਾਧੂ ਸਮਾਜ ਵੱਲੋਂ ਸੰਤ ਸੁਰਿੰਦਰ ਸਿੰਘ ਜੀ ਨੂੰ ਸਿਰਪਾਓ ਅਤੇ ਦਸਤਾਰਾਂ ਦੀ ਬਖ਼ਸ਼ਿਸ਼ ਕਰਕੇ ਸਨਮਾਨਿਤ ਕੀਤਾ ਗਿਆ। ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਇਸ ਫੈਸਲੇ ਦਾ ਸਵਾਗਤ ਕੀਤਾ।ਡੇਰਾ ਬਾਬਾ ਗਾਂਧਾ ਸਿੰਘ ਜੀ ਬਰਨਾਲਾ ਦੇ ਮੌਜੂਦਾ ਮੁੱਖ ਸੇਵਾਦਾਰ ਮਹੰਤ ਪਿਆਰਾ ਸਿੰਘ ਨੇ ਸਮਾਗਮ ਦੌਰਾਨ ਦੇਸ਼-ਵਿਦੇਸ਼ ਅਤੇ ਦੂਰ-ਦੁਰਾਡੇ ਤੋਂ ਪਹੁੰਚੀਆਂ ਸੰਗਤਾਂ ਅਤੇ ਸੰਤ-ਮਹਾਂਪੁਰਸ਼ਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਡੇਰੇ ਦਾ ਮੁੱਖ ਉਦੇਸ਼ ਮਨੁੱਖਤਾ ਦੀ ਸੇਵਾ ਅਤੇ ਗੁਰਮਤਿ ਦਾ ਪ੍ਰਚਾਰ ਕਰਨਾ ਹੈ ਅਤੇ ਸੰਗਤਾਂ ਦੇ ਸਹਿਯੋਗ ਸਦਕਾ ਹੀ ਅਜਿਹੇ ਕਾਰਜ ਸਫਲ ਹੁੰਦੇ ਹਨ। ਆਪਣੀ ਨਵੀਂ ਜ਼ਿੰਮੇਵਾਰੀ ਮਿਲਣ ਉਪਰੰਤ ਸੰਤ ਸੁਰਿੰਦਰ ਸਿੰਘ ਨੇ ਬਹੁਤ ਹੀ ਨਿਮਰਤਾ ਨਾਲ ਕਿਹਾ, ÷ਜੋ ਵੀ ਜ਼ਿੰਮੇਵਾਰੀ ਮੇਰੇ ਗੁਰੂ ਮਹੰਤ ਪਿਆਰਾ ਸਿੰਘ ਜੀ ਅਤੇ ਨਿਰਮਲ ਭੇਖ ਅਤੇ ਖਟਦਰਸ਼ਨ ਸਾਧੂ ਸਮਾਜ ਦੇ ਮਹਾਂਪੁਰਸ਼ਾਂ ਵੱਲੋਂ ਮੈਨੂੰ ਸੌਂਪੀ ਗਈ ਹੈ, ਮੈਂ ਉਸ ਨੂੰ ਗੁਰੂ ਸਾਹਿਬ ਦੇ ਓਟ ਆਸਰੇ ਨਾਲ ਪੂਰੀ ਤਨਦੇਹੀ, ਇਮਾਨਦਾਰੀ ਅਤੇ ਨਿਸ਼ਕਾਮ ਭਾਵਨਾ ਨਾਲ ਨਿਭਾਵਾਂਗਾ।÷ ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਡੇਰੇ ਦੀਆਂ ਰਵਾਇਤਾਂ ਨੂੰ ਬਰਕਰਾਰ ਰੱਖਦਿਆਂ ਲੋਕ ਭਲਾਈ ਦੇ ਕਾਰਜਾਂ ਵਿੱਚ ਹਮੇਸ਼ਾ ਤਤਪਰ ਰਹਿਣਗੇ।ਸਮਾਗਮ ਦੇ ਅਖੀਰ ਵਿੱਚ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਵੱਖ-ਵੱਖ ਧਾਰਮਿਕ ਅਤੇ ਸਿਆਸੀ ਜਥੇਬੰਦੀਆਂ ਦੇ ਨੁਮਾਇੰਦੇ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ, ਜਿਨ੍ਹਾਂ ਨੇ ਬਾਬਾ ਸੁਰਿੰਦਰ ਸਿੰਘ ਜੀ ਨੂੰ ਸ਼ੁਭਕਾਮਨਾਵਾਂ ਭੇਟ ਕੀਤੀਆਂ। ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਦੇ ਭੋਗ ਅੱਜ ਦਿਨ ਸ਼ਨੀਵਾਰ ਨੂੰ ਪੈ ਰਹੇ ਹਨ।ਭੋਗ ਤੋ ਉਪਰੰਤ ਪੰਥ ਪਰਸਿਧ ਰਾਗੀ ਢਾਡੀ ਗੁਰੂ ਜਸ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।



## ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਵੱਲੋਂ ਬਿਲਡਿੰਗ ਫਿਊਚਰਜ਼ ਸਮਾਗਮ ਭਲਕੇ; ਦੇਸ਼-ਵਿਦੇਸ਼ ਦੀਆਂ ਨਾਮਵਰ ਸ਼ਖਸੀਅਤਾਂ ਭਰਨਗੀਆਂ ਹਾਜ਼ਰੀ

ਨਵੀਂ ਦਿੱਲੀ, 6 ਮਾਰਚ (ਚ.ਨ.ਸ.) : ਰਾਜਧਾਨੀ ਦਿੱਲੀ ਦੇ ਛਤਰਪੁਰ ਸਥਿਤ ਨਾਮਵਰ ਸੰਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਵੱਲੋਂ ਭਲਕੇ 7 ਮਾਰਚ 2026 ਨੂੰ ਇੱਕ ਵਿਸ਼ੇਸ਼ ਸ਼ਾਮ ਬਿਲਡਿੰਗ ਫਿਊਚਰਜ਼: ਵਨ ਚਾਈਲਡ ਐਟ ਅ ਟਾਈਮ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਸਮਾਗਮ ਲੋੜਵੰਦ ਬੱਚਿਆਂ ਦੀ ਸਿੱਖਿਆ ਅਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਫੰਡ ਜੁਟਾਉਣ ਦੇ ਨੇਕ ਮਕਸਦ ਨਾਲ ਕਰਵਾਇਆ ਜਾ ਰਿਹਾ ਹੈ। ਇਸ ਪ੍ਰਭਾਵਸ਼ਾਲੀ ਇਕੱਠ ਵਿੱਚ ਯੂ.ਕੇ. ਤੋਂ ਜੀ.ਐਨ.ਐਨ.ਐਸ.ਜੇ. ਦੇ ਚੇਅਰਮੈਨ ਭਾਈ ਸਾਹਿਬ ਭਾਈ ਮੋਹਿੰਦਰ ਸਿੰਘ ਆਹਲੂਵਾਲੀਆ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ, ਜਦਕਿ ਮਸ਼ਹੂਰ ਲੇਖਕ ਅਤੇ ਮੋਟੀਵੇਸ਼ਨਲ ਸਪੀਕਰ ਸ੍ਰੀ ਸ਼ਿਵ ਖੇੜਾ ਮੁੱਖ ਬੁਲਾਰੇ ਵਜੋਂ ਹਾਜ਼ਰੀਨ ਨੂੰ ਸੰਬੋਧਨ ਕਰਨਗੇ। ਸਮਾਗਮ ਦੌਰਾਨ ਸੰਸਥਾ ਦੇ ਵਿਦਿਆਰਥੀਆਂ ਵੱਲੋਂ ਤੰਤੀ ਸਾਜ਼ਾਂ ਰਾਹੀਂ ਗੁਰਮਤਿ ਸੰਗੀਤ ਦੀਆਂ ਮਨਮੋਹਕ ਪੇਸ਼ਕਾਰੀਆਂ ਦਿੱਤੀਆਂ ਜਾਣਗੀਆਂ, ਜੋ ਉਨ੍ਹਾਂ ਦੀ ਕਲਾ ਅਤੇ ਸਿੱਖਿਆ ਦੇ ਸੁਮੇਲ ਨੂੰ ਦਰਸਾਉਣਗੀਆਂ। ਜ਼ਿਕਰਯੋਗ ਹੈ ਕਿ 1980 ਵਿੱਚ ਲੋਕ ਸਭਾ ਦੇ ਸਾਬਕਾ ਸਪੀਕਰ ਸ. ਹੁਕਮ ਸਿੰਘ ਜੀ ਦੁਆਰਾ ਸਥਾਪਿਤ ਇਹ ਸੰਸਥਾ ਲੰਬੇ ਸਮੇਂ ਤੋਂ ਬੇਸਹਾਰਾ ਬੱਚਿਆਂ ਨੂੰ ਅਕਾਦਮਿਕ ਅਤੇ ਨੈਤਿਕ ਸਿੱਖਿਆ ਦੇ ਕੇ ਆਤਮ-ਨਿਰਭਰ ਬਣਾਉਣ ਵਿੱਚ ਜੁਟੀ ਹੋਈ ਹੈ। ਸੰਸਥਾ ਦੇ ਪ੍ਰਿੰਸੀਪਲ ਬਲਦੇਵ ਸਿੰਘ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਲਗਭਗ 250 ਨਾਮਵਰ ਸ਼ਖਸੀਅਤਾਂ ਅਤੇ ਉਦਯੋਗਪਤੀ ਹਿੱਸਾ ਲੈਣਗੇ, ਜੋ ਇਸ ਮਨੁੱਖੀ ਭਲਾਈ ਦੇ ਕਾਰਜ ਵਿੱਚ ਆਪਣਾ ਸਹਿਯੋਗ ਪਾਉਣਗੇ।

## ਰਾਜਿੰਦਰ ਸਿੰਘ ਚਾਵਲਾ ਨਮਿੱਤ ਅੰਤਿਮ ਅਰਦਾਸ ਅੱਜ

ਲੁਧਿਆਣਾ , 6 ਮਾਰਚ (ਚ.ਨ.ਸ.) : ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਰਦਾਰ ਰਾਜਿੰਦਰ ਸਿੰਘ ਚਾਵਲਾ ਜੀ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੀ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਭਲਕੇ ਸ਼ਨੀਵਾਰ, 7 ਮਾਰਚ ਨੂੰ ਸਰਾਭਾ ਨਗਰ ਗੁਰਦੁਆਰਾ ਸਾਹਿਬ, ਲੁਧਿਆਣਾ ਵਿਖੇ ਦੁਪਹਿਰ 1:30 ਵਜੇ ਤੋਂ 2:30 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਦੁੱਖ ਦੀ ਘੜੀ ਵਿੱਚ ਧਰਮ ਪਤਨੀ ਸ੍ਰੀਮਤੀ ਮਨਜੀਤ ਕੌਰ ਚਾਵਲਾ, ਉਨ੍ਹਾਂ ਦੀਆਂ ਬੇਟੀਆਂ, ਜਵਾਈਆਂ ਅਤੇ ਸਮੂਹ ਚਾਵਲਾ ਪਰਿਵਾਰ ਵੱਲੋਂ ਸਾਕ-ਸਬੰਧੀਆਂ ਅਤੇ ਸਨੇਹੀਆਂ ਨੂੰ ਇਸ ਸ਼ੋਕ ਸਭਾ ਵਿੱਚ ਸ਼ਾਮਲ ਹੋਣ ਅਤੇ ਨਿਮਿੱਤ ਅਰਦਾਸ ਕਰਨ ਦੀ ਬੇਨਤੀ ਕੀਤੀ ਗਈ ਹੈ।

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥



With Profound Grief and Humble Submission to the Will of Waheguru Ji, We inform you about the Sad Demise of Our Beloved Sardar Rajinder Singh Chawla.

The Antim Ardas for the Departed Soul will be held on Saturday, 7th March, at "Sarabha Nagar Gurudwara Sahib", Ludhiana, from 1:30 P.M. to 2:30 P.M.

You are REQUESTED to Join Us on this Solemn Occasion to Offer PRAYERS And pay RESPECT for the ETERNAL Peace of said Noble Soul.

KINDLY Stay back with Us for Guru Ka Langar.

With Deep Reverence.

Mrs. Manjeet Kaur Chawla (Wife)

*(Daughters & Son-in-Laws)*

Keerti & Jaswinder Pal Singh
Ritu & Tajinder Pal Singh
Lipica & Sandeep S. Kohli
Richa & Rahul Seth

& Grandkids

## ਊਰਜਾ ਪ੍ਰਬੰਧਨ ਸੈਲ ਨੇ ਊਰਜਾ ਸੰਭਾਲ ਅਤੇ ਟਿਕਾਊ ਬਿਲਡਿੰਗ ਕੋਡ 'ਤੇ ਟਿਪ ਸ਼ੀਟ ਅਤੇ ਅਕਸਰ ਪੁੱਛੇ ਜਾਂਦੇ ਸਵਾਲ ਜਾਰੀ ਕੀਤੇ



ਚੰਡੀਗੜ੍ਹ, 6 ਮਾਰਚ (ਚ.ਨ.ਸ.) : ਯੂਟੀ ਚੰਡੀਗੜ੍ਹ ਦੇ ਇੰਜੀਨੀਅਰਿੰਗ ਵਿਭਾਗ ਅਧੀਨ ਸਥਾਪਿਤ ਊਰਜਾ ਪ੍ਰਬੰਧਨ ਸੈੱਲ (EMC)/ਰਾਜ ਮਨੋਨੀਤ ਏਜੰਸੀ ਨੇ ਊਰਜਾ ਸੰਭਾਲ ਅਤੇ ਟਿਕਾਊ ਬਿਲਡਿੰਗ ਕੋਡ 'ਤੇ ਇੱਕ ਟਿਪ ਸ਼ੀਟ ਅਤੇ ਅਕਸਰ ਪੁੱਛੇ ਜਾਂਦੇ ਸਵਾਲ (FAQs) ਜਾਰੀ ਕੀਤੇ ਹਨ। ਇਸਦਾ ਉਦੇਸ਼ ਨਾਗਰਿਕਾਂ, ਇਮਾਰਤ ਮਾਲਕਾਂ, ਆਰਕੀਟੈਕਟਾਂ ਅਤੇ ਇੰਜੀਨੀਅਰਾਂ ਵਿੱਚ ਊਰਜਾ-ਕੁਸ਼ਲ ਅਤੇ ਟਿਕਾਊ ਇਮਾਰਤ ਨਿਰਮਾਣ ਬਾਰੇ ਜਾਗਰੂਕਤਾ ਨੂੰ ਉਤਸ਼ਾਹਿਤ ਕਰਨਾ ਹੈ। ਇਹ ਦਸਤਾਵੇਜ਼, ਚੰਡੀਗੜ੍ਹ ਅਤੇ ਊਰਜਾ ਅਤੇ ਸਰੋਤ ਸੰਸਥਾ (TERI) ਦੁਆਰਾ ਸਾਂਝੇ ਤੌਰ 'ਤੇ ਤਿਆਰ ਕੀਤਾ ਗਿਆ ਹੈ। ਟਿਪ ਸ਼ੀਟ ਅਤੇ ਅਕਸਰ ਪੁੱਛੇ ਜਾਂਦੇ ਸਵਾਲ ਰਸਮੀ ਤੌਰ 'ਤੇ ਸ਼੍ਰੀਮਤੀ ਪ੍ਰੇਰਨਾ ਪੁਰੀ, ਸਕੱਤਰ, ਇੰਜੀਨੀਅਰਿੰਗ, ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਜਾਰੀ ਕੀਤੇ ਗਏ ਸਨ। ਇਸ ਮੌਕੇ 'ਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਸੰਯੁਕਤ ਸਕੱਤਰ (ਜਾਇਦਾਦ) ਸ਼੍ਰੀ ਸੌਰਭ ਕੁਮਾਰ ਅਰੋੜਾ ਅਤੇ ਯੂਟੀ ਚੰਡੀਗੜ੍ਹ ਦੇ ਮੁੱਖ ਇੰਜੀਨੀਅਰ ਸ਼੍ਰੀ ਸੀ.ਬੀ. ਓਝਾ ਵੀ ਮੌਜੂਦ ਸਨ। ਇਹ ਸੁਝਾਅ ਸ਼ੀਟ ਊਰਜਾ-ਕੁਸ਼ਲ ਇਮਾਰਤ ਡਿਜ਼ਾਈਨ, ਟਿਕਾਊ ਅਭਿਆਸਾਂ ਨੂੰ ਅਪਣਾਉਣ ਅਤੇ ਰਿਹਾਇਸ਼ੀ ਅਤੇ ਵਪਾਰਕ ਇਮਾਰਤਾਂ ਲਈ ਊਰਜਾ-ਕੁਸ਼ਲ ਉਪਕਰਣਾਂ ਦੀ ਵਰਤੋਂ ਬਾਰੇ ਸਰਲ ਅਤੇ ਵਿਹਾਰਕ ਮਾਰਗਦਰਸ਼ਨ ਪ੍ਰਦਾਨ ਕਰਦੀ ਹੈ। ਅਕਸਰ ਪੁੱਛੇ ਜਾਂਦੇ ਸਵਾਲ ਊਰਜਾ ਸੰਭਾਲ ਅਤੇ ਟਿਕਾਊ ਬਿਲਡਿੰਗ ਕੋਡ, ਇਸਦੇ ਉਦੇਸ਼ਾਂ ਅਤੇ ਊਰਜਾ-ਕੁਸ਼ਲ ਇਮਾਰਤ ਅਭਿਆਸਾਂ ਨੂੰ ਅਪਣਾਉਣ ਦੇ ਲਾਭਾਂ ਬਾਰੇ ਆਮ ਸਵਾਲਾਂ ਦੇ ਜਵਾਬ ਦਿੰਦੇ ਹਨ। ਇਸ ਮੌਕੇ 'ਤੇ ਕਿਹਾ ਗਿਆ ਕਿ ਇਹ ਦਸਤਾਵੇਜ਼ ECSBC ਦੇ ਉਪਬੰਧਾਂ ਦੀ ਸਧਾਰਨ ਸਮਝ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ ਅਤੇ ਬਿਲਡਰਾਂ, ਆਰਕੀਟੈਕਟਾਂ ਅਤੇ ਹੋਰ ਹਿੱਸੇਦਾਰਾਂ ਨੂੰ ਨਿਰਧਾਰਤ ਮਾਪਦੰਡਾਂ ਦੀ ਪਾਲਣਾ ਕਰਨ ਵਿੱਚ ਸਹਾਇਤਾ ਕਰਨਗੇ।

**ਜਨਮ ਦਿਨ ਮੁਬਾਰਕ**



ਮਾਧਵ ਸ਼ੁਕਲਾ



# ਤਰਨਜੀਤ ਸਿੰਘ ਸੰਧੂ ਦਿੱਲੀ ਦੇ ਨਵੇਂ ਉਪ-ਰਾਜਪਾਲ

### ☛ਵਿਨੇ ਕੁਮਾਰ ਸਕਸੈਨਾ ਲੱਦਾਖ ਦੇ ਉਪ-ਰਾਜਪਾਲ ਨਿਯੁਕਤ

ਨਵੀਂ ਦਿੱਲੀ, 6 ਮਾਰਚ (ਚ.ਨ.ਸ): ਰਾਸ਼ਟਰਪਤੀ ਨੇ ਅਮਰੀਕਾ ਵਿੱਚ ਭਾਰਤ ਦੇ ਸਾਬਕਾ ਸਫ਼ੀਰ ਤਰਨਜੀਤ ਸਿੰਘ ਸੰਧੂ ਨੂੰ ਦਿੱਲੀ ਦਾ ਨਵਾਂ ਉਪ-ਰਾਜਪਾਲ ਨਿਯੁਕਤ ਕੀਤਾ ਹੈ। ਉਨ੍ਹਾਂ ਨੂੰ ਵਿਨੇ ਕੁਮਾਰ ਸਕਸੈਨਾ ਦੀ ਥਾਂ 'ਤੇ ਲਗਾਇਆ ਗਿਆ ਹੈ, ਜਿਨ੍ਹਾਂ ਨੂੰ ਲੱਦਾਖ਼ ਦਾ ਉਪ-ਰਾਜਪਾਲ ਬਣਾਇਆ ਗਿਆ। ਲੱਦਾਖ਼ ਦੇ ਉਪ-ਰਾਜਪਾਲ ਕਵਿੰਦਰ ਗੁਪਤਾ ਨੂੰ ਤਬਦੀਲ ਕਰਕੇ ਹਿਮਾਚਲ ਪ੍ਰਦੇਸ਼ ਦਾ ਰਾਜਪਾਲ ਬਣਾਇਆ ਗਿਆ ਹੈ। ਤਾਮਿਲਨਾਡੂ ਦੇ ਰਾਜਪਾਲ ਆਰਐਨ ਰਵੀ ਨੂੰ ਪੱਛਮੀ ਬੰਗਾਲ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਨੰਦ ਕਿਸ਼ੋਰ ਯਾਦਵ ਨੂੰ ਨਾਗਾਲੈਂਡ, ਤਿਲੰਗਾਨਾ ਦੇ ਰਾਜਪਾਲ ਜਿਸ਼ਨੂ ਦੇਵ ਵਰਮਾ ਨੂੰ ਮਹਾਰਾਸ਼ਟਰ, ਹਿਮਾਚਲ ਪ੍ਰਦੇਸ਼ ਦੇ ਰਾਜਪਾਲ ਸ਼ਿਵ ਪ੍ਰਤਾਪ ਸ਼ੁਕਲਾ ਨੂੰ ਤਿਲੰਗਾਨਾ ਤੇ ਲੈਫਟੀਨੈਂਟ ਜਨਰਲ (ਸੇਵਾਮੁਕਤ) ਅਤਾ ਹਸਨੈਨ ਨੂੰ ਬਿਹਾਰ ਦਾ ਰਾਜਪਾਲ ਬਣਾਇਆ ਗਿਆ ਹੈ।



# ਕਿਸੇ ਵੀ ਥਾਂ 'ਤੇ ਨਮਾਜ਼ ਦਾ ਧਾਰਮਿਕ ਅਧਿਕਾਰ ਨਹੀਂ

### ☛ਸੁਰੱਖਿਆ ਦੇ ਨਜ਼ਰੀਏ ਤੋਂ ਮੁੰਬਈ ਹਵਾਈ ਅੱਡੇ ਨੇੜੇ ਨਮਾਜ਼ ਦੀ ਕੋਰਟ ਨੇ ਨਹੀਂ ਦਿੱਤੀ ਇਜਾਜ਼ਤ

ਮੁੰਬਈ, 6 ਮਾਰਚ (ਚ.ਨ.ਸ): ਬੰਬੇ ਹਾਈ ਕੋਰਟ ਨੇ ਸ਼ਹਿਰ ਦੇ ਹਵਾਈ ਅੱਡੇ ਨੇੜੇ ਡੇਗੀ ਜਾ ਚੁੱਕੀ ਇੱਕ ਅਸਥਾਈ ਸ਼ੈਡ ਦੀ ਥਾਂ 'ਤੇ ਟੈਕਸੀ ਤੇ ਆਟੋ ਰਿਕਸ਼ਾ ਚਾਲਕਾਂ ਨੂੰ ਰਮਜ਼ਾਨ ਦੌਰਾਨ ਨਮਾਜ਼ ਪੜ੍ਹਨ ਦੀ ਇਜਾਜ਼ਤ ਦੇਣ ਤੋਂ ਮਨਾ ਕਰ ਦਿੱਤਾ ਹੈ। ਕੋਰਟ ਨੇ ਕਿਹਾ ਕਿ ਰਮਜ਼ਾਨ ਇਸਲਾਮ ਦਾ ਇੱਕ ਮਹੱਤਵਪੂਰਨ ਹਿੱਸਾ ਹੈ ਪਰ ਇਸ ਮਹੀਨੇ ਦੌਰਾਨ ਮੁਸਲਮਾਨ ਕਿਸੇ ਵੀ ਥਾਂ 'ਤੇ ਨਮਾਜ਼ ਪੜ੍ਹਨ ਦਾ ਧਾਰਮਿਕ ਅਧਿਕਾਰ ਹੋਣ ਦਾ ਦਾਅਵਾ ਨਹੀਂ ਕਰ ਸਕਦੇ, ਖ਼ਾਸ ਕਰਕੇ ਹਵਾਈ ਅੱਡੇ ਦੇ ਨੇੜੇ, ਜਿੱਥੇ ਸੁਰੱਖਿਆ ਸਬੰਧੀ ਚਿੰਤਾਵਾਂ ਜ਼ਿਆਦਾ ਹਨ। ਸੁਰੱਖਿਆ ਧਰਮ ਤੋਂ ਉਪਰ ਹੈ।ਜਸਟਿਸ ਬੀਪੀ ਕੋਲਾਬਾਵਾਲਾ ਤੇ ਜਸਟਿਸ ਫਿਰਦੌਸ ਪੂਨੀਵਾਲਾ ਦੇ ਬੈਂਚ ਨੇ ਕਿਹਾ ਕਿ ਉਹ ਸਾਵਧਾਨੀ ਨੂੰ ਨਜ਼ਰ-ਅੰਦਾਜ਼ ਨਹੀਂ ਕਰਨਗੇ। ਕੋਰਟ ਟੈਕਸੀ-ਰਿਕਸ਼ਾ ਓਲਾ-ਉਬਰ ਮੈਨਜ਼ ਯੂਨੀਅਨ ਦੀ ਇੱਕ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਛਤਰਪਤੀ ਸ਼ਿਵਾਜੀ ਮਹਾਰਾਜ ਅੰਤਰਰਾਸ਼ਟਰੀ ਹਵਾਈ ਅੱਡੇ ਨੇੜੇ ਇੱਕ ਅਸਥਾਈ ਸ਼ੈਡ ਹੇਠਾਂ ਉਹ ਨਮਾਜ਼ ਪੜ੍ਹਦੇ ਸਨ, ਜਿਸ ਨੂੰ ਪਿਛਲੇ ਸਾਲ ਅਧਿਕਾਰੀਆਂ ਨੇ ਤੋੜ ਦਿੱਤਾ ਸੀ। ਉਨ੍ਹਾਂ ਨੇ ਮੰਗ ਕੀਤੀ ਸੀ ਕਿ ਉਨ੍ਹਾਂ ਨੂੰ ਉਸੇ ਥਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਜਾਵੇ ਜਾਂ ਉਸੇ ਇਲਾਕੇ ਵਿੱਚ ਕੋਈ ਹੋਰ ਥਾਂ ਦਿੱਤੀ ਜਾਵੇ ਜਿੱਥੇ ਉਹ ਨਮਾਜ਼ ਪੜ੍ਹ ਸਕਣ।ਪਿਛਲੇ ਹਫ਼ਤੇ ਕੋਰਟ ਨੇ ਪੁਲਿਸ ਤੇ ਹਵਾਈ ਅੱਡੇ ਦੇ ਅਧਿਕਾਰੀਆਂ ਨੂੰ ਇਸ ਗੱਲ 'ਤੇ ਵਿਚਾਰ ਕਰਨ ਦਾ ਹੁਕਮ ਦਿੱਤਾ ਸੀ ਕਿ ਕੀ ਪਟੀਸ਼ਨਰਾਂ ਨੂੰ ਕੋਈ ਹੋਰ ਥਾਂ ਦਿੱਤੀ ਜਾ ਸਕਦੀ ਹੈ। ਵੀਰਵਾਰ ਨੂੰ ਅਧਿਕਾਰੀਆਂ ਨੇ ਰਿਪੋਰਟ ਪੇਸ਼ ਕੀਤੀ ਤੇ ਕਿਹਾ ਕਿ ਸੱਤ ਹੋਰ ਥਾਵਾਂ ਦਾ ਸਰਵੇਖਣ ਕੀਤਾ ਗਿਆ ਪਰ ਭੀੜ, ਸੁਰੱਖਿਆ ਚਿੰਤਾਵਾਂ ਤੇ ਹਵਾਈ ਅੱਡੇ ਦੀਆਂ ਵਿਕਾਸ ਯੋਜਨਾ ਦੀਆਂ ਮੁਸ਼ਕਿਲਾਂ ਕਾਰਨ ਕੋਈ ਥਾਂ ਨਮਾਜ਼ ਲਈ ਸਹੀ ਨਹੀਂ ਮਿਲੀ। ਰਿਪੋਰਟ ਦੇਖਣ ਤੋਂ ਬਾਅਦ ਕੋਰਟ ਨੇ ਕਿਹਾ ਕਿ ਉਹ ਪਟੀਸ਼ਨਰਾਂ ਨੂੰ ਕੋਈ ਰਾਹਤ ਨਹੀਂ ਦੇ ਸਕਦਾ ਕਿਉਂਕਿ ਮਾਮਲਾ ਹਵਾਈ ਅੱਡੇ ਦੀ ਸੁਰੱਖਿਆ ਨਾਲ ਜੁੜਿਆ ਹੈ। ਪਟੀਸ਼ਨਰਾਂ ਨੂੰ ਕੋਈ ਹੋਰ ਥਾਂ ਲੱਭਣੀ ਪਵੇਗੀ ਤੇ ਕਿਹਾ ਕਿ ਉਸ ਥਾਂ ਤੋਂ ਇੱਕ ਕਿਲੋਮੀਟਰ ਦੇ ਅੰਦਰ ਇੱਕ ਮਦਰੱਸਾ ਹੈ ਜਿੱਥੇ ਉਹ ਨਮਾਜ਼ ਪੜ੍ਹ ਸਕਦੇ ਹਨ।



### ਸੁਪਰੀਮ ਕੋਰਟ ਦਾ ਕੰਪਨੀ ਨੂੰ ਹੁਕਮ....

# ਪਤੀ ਦੀ ਤਨਖ਼ਾਹ ਕੱਟੋ ਤੇ ਪਤਨੀ ਦੇ ਖਾਤੇ ਵਿੱਚ ਪਾਓ

ਨਵੀਂ ਦਿੱਲੀ, 6 ਮਾਰਚ (ਚ.ਨ.ਸ): ਸੁਪਰੀਮ ਕੋਰਟ ਨੇ ਪਤਨੀ ਤੇ ਨਾਬਾਲਗ ਧੀ ਦੇ ਗੁਜ਼ਾਰਾ ਭੱਤਾ ਨਾਲ ਜੁੜੇ ਮਾਮਲੇ ਵਿੱਚ ਸਖ਼ਤ ਰੁਖ਼ ਅਪਣਾਉਂਦੇ ਹੋਏ ਮਹੱਤਵਪੂਰਨ ਹੁਕਮ ਜਾਰੀ ਕੀਤਾ ਹੈ। ਅਦਾਲਤ ਨੇ ਪਤੀ ਦੇ ਮਾਲਕ (ਕੰਪਨੀ) ਨੂੰ ਹਰ ਮਹੀਨੇ ਉਸ ਦੀ ਤਨਖਾਹ ਵਿਚੋਂ 25,000 ਕੱਟਣ ਤੇ ਇਸ ਨੂੰ ਸਿੱਧੇ ਪਤਨੀ ਦੇ ਬੈਂਕ ਖਾਤੇ ਵਿੱਚ ਟਰਾਂਸਫਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਜਸਟਿਸ ਜੀਬੀ ਪਦਰੀਵਾਲ ਤੇ ਕੇਵੀ ਵਿਸ਼ਵਨਾਥ ਦੇ ਬੈਂਚ ਨੇ ਇਹ ਹੁਕਮ ਅਦਾਲਤ ਦੇ ਇਹ ਪਤਾ ਲੱਗਣ ਤੋਂ ਬਾਅਦ ਜਾਰੀ ਕੀਤਾ ਕਿ ਪਤੀ ਲਗਾਤਾਰ ਅਦਾਲਤ ਦੇ ਹੁਕਮਾਂ ਦੀ ਅਣਦੇਖੀ ਕਰ ਰਿਹਾ ਹੈ ਤੇ ਆਪਣੀ ਪਤਨੀ ਨੂੰ ਕੋਈ ਗੁਜ਼ਾਰਾ ਭੱਤਾ ਨਹੀਂ ਦੇ ਰਿਹਾ ਹੈ। ਸੁਪਰੀਮ ਕੋਰਟ ਦੇ ਰਿਕਾਰਡ ਅਨੁਸਾਰ ਜੋੜੇ ਦੀ ਚਾਰ ਸਾਲ ਦੀ ਧੀ ਹੈ, ਜਿਸ ਦੀ ਦੇਖਭਾਲ ਸਿਰਫ਼ ਮਾਂ ਕਰਦੀ ਹੈ। ਪਿਛਲੇ ਚਾਰ ਸਾਲਾਂ ਤੋਂ ਪਤੀ ਨੇ ਧੀ ਦੇ ਪਾਲਣ-ਪੋਸ਼ਣ ਵਿੱਚ ਨਾ ਤਾਂ ਕੋਈ ਵਿੱਤੀ ਯੋਗਦਾਨ ਪਾਇਆ ਹੈ ਤੇ ਨਾ ਹੀ ਉਸ ਨੂੰ ਮਿਲਣ ਦੀ ਕੋਈ ਕੋਸ਼ਿਸ਼ ਕੀਤੀ ਹੈ। ਅਦਾਲਤ ਨੇ ਕਿਹਾ ਕਿ ਬੱਚੇ ਦੀ ਭਲਾਈ ਸਭ ਤੋਂ ਮਹੱਤਵਪੂਰਨ ਹੈ ਤੇ ਅਜਿਹੀ ਸਥਿਤੀ ਵਿਚ ਅਦਾਲਤ ਨੂੰ ਸਖ਼ਤ ਕਾਰਵਾਈ ਕਰਨੀ ਪੈਂਦੀ ਹੈ। ਵਿਚੋਲਗੀ ਦੀ ਵੀ ਪਾਲਣਾ ਨਹੀਂ ਕੀਤੀ ਗਈ। ਪਹਿਲਾਂ, ਸੁਪਰੀਮ ਕੋਰਟ ਨੇ ਦੋਵਾਂ ਧਿਰਾਂ ਨੂੰ ਵਿਚੋਲਗੀ ਲਈ ਭੇਜਿਆ ਸੀ ਤੇ ਉਨ੍ਹਾਂ ਨੂੰ ਵਿਆਹ ਖਤਮ ਕਰਨ ਲਈ ਇਕਮੁਸ਼ਤ ਸਮਝੌਤੇ ਦੀ ਸੰਭਾਵਨਾ ਦੀ ਪੜਚੋਲ ਕਰਨ ਲਈ ਕਿਹਾ ਸੀ। ਇਕ ਅੰਤਰਿਮ ਪ੍ਰਬੰਧ ਵਜੋਂ, ਪਤੀ ਨੂੰ ਵਿਚੋਲਗੀ ਦੌਰਾਨ ਆਪਣੀ ਪਤਨੀ ਤੇ ਬੱਚਿਆਂ ਦੇ ਯਾਤਰਾ ਖਰਚਿਆਂ ਨੂੰ ਪੂਰਾ ਕਰਨ ਲਈ 25,000 ਜਮ੍ਹਾਂ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ, ਪਰ ਪਤੀ ਨੇ ਇਸ ਆਦੇਸ਼ ਦੀ ਵੀ ਪਾਲਣਾ ਨਹੀਂ ਕੀਤੀ।



# ਖਮੇਨੇਈ ਦਾ ਪੁੱਤਰ ਈਰਾਨ ਦਾ ਨੇਤਾ ਬਣਨ ਦੇ ਯੋਗ ਨਹੀਂ

### ☛ਸੁਪਰੀਮ ਲੀਡਰ ਚੁਣਨ 'ਚ ਮੇਰੀ ਰਾਏ ਜ਼ਰੂਰੀ: ਟਰੰਪ

ਵਾਸ਼ਿੰਗਟਨ, 6 ਮਾਰਚ (ਚ.ਨ.ਸ): ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਅਯਾਤੁੱਲਾ ਅਲੀ ਖਮੇਨੇਈ ਦੀ ਮੌਤ ਤੋਂ ਬਾਅਦ ਈਰਾਨ ਦੇ ਅਗਲੇ ਸੁਪਰੀਮ ਲੀਡਰ ਦੀ ਚੋਣ ਵਿੱਚ ਨਿੱਜੀ ਤੌਰ 'ਤੇ ਸ਼ਾਮਲ ਹੋਣ ਦੀ ਇੱਛਾ ਜ਼ਾਹਿਰ ਕੀਤੀ ਹੈ। ਇੱਕ ਇੰਟਰਵਿਊ ਦੌਰਾਨ ਟਰੰਪ ਨੇ ਕਿਹਾ ਕਿ ਉਹ ਈਰਾਨ ਦੇ ਨਵੇਂ ਆਗੂ ਦੀ ਨਿਯੁਕਤੀ ਵਿੱਚ ਭੂਮਿਕਾ ਨਿਭਾਉਣੀ ਚਾਹੁੰਦੇ ਹਨ, ਜਿਸ ਦੀ ਤੁਲਨਾ ਉਨ੍ਹਾਂ ਨੇ ਵੈਨੇਜ਼ੁਏਲਾ ਦੇ ਸਿਆਸੀ ਘਟਨਾਕ੍ਰਮ ਵਿੱਚ ਆਪਣੀ ਸ਼ਮੂਲੀਅਤ ਨਾਲ ਕੀਤੀ। **ਖਮੇਨੇਈ ਦੇ ਪੁੱਤਰ ਨੂੰ ਦੱਸਿਆ ਨਾ-ਮਨਜ਼ੂਰ:** ਟਰੰਪ ਨੇ ਖਮੇਨੇਈ ਦੇ ਪੁੱਤਰ ਮੋਜਤਬਾ ਖਮੇਨੇਈ ਦੀ ਸਖ਼ਤ ਨਿੰਦਾ ਕੀਤੀ ਹੈ, ਜਿਸ ਨੂੰ ਸੁਪਰੀਮ ਲੀਡਰ ਦੇ ਅਹੁਦੇ ਲਈ ਸਭ ਤੋਂ ਮਜ਼ਬੂਤ ਦਾਅਵੇਦਾਰ ਮੰਨਿਆ ਜਾ ਰਿਹਾ ਹੈ। ਟਰੰਪ ਨੇ ਮੋਜਤਬਾ ਨੂੰ ਲਾਈਟਵੇਟ ਤੇ ਨਾ-ਮਨਜ਼ੂਰ ਕਰਾਰ ਦਿੰਦੇ ਹੋਏ ਕਿਹਾ ਕਿ ਈਰਾਨੀ ਅਧਿਕਾਰੀ ਉਸ ਦਾ ਨਾਮ ਅੱਗੇ ਵਧਾ ਕੇ ਆਪਣਾ ਸਮਾਂ ਬਰਬਾਦ ਕਰ ਰਹੇ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਈਰਾਨ ਨੇ ਪੁਰਾਣੀਆਂ ਨੀਤੀਆਂ ਨੂੰ ਹੀ ਜਾਰੀ ਰੱਖਿਆ ਤਾਂ ਭਵਿੱਖ ਵਿੱਚ ਅਮਰੀਕਾ ਨਾਲ ਮੁੜ ਸੰਘਰਸ਼ ਹੋ ਸਕਦਾ ਹੈ। ਟਰੰਪ ਅਨੁਸਾਰ ਉਹ ਅਜਿਹਾ ਲੀਡਰ ਚਾਹੁੰਦੇ ਹਨ ਜੋ ਈਰਾਨ ਵਿੱਚ ਸ਼ਾਂਤੀ ਤੇ ਤਾਲਮੇਲ ਲਿਆ ਸਕੇ। **ਈਰਾਨ ਵੱਲੋਂ ਖ਼ਬਰਾਂ ਦਾ ਖੰਡਨ:** ਦੂਜੇ ਪਾਸੇ, ਮੁੰਬਈ ਸਥਿਤ ਈਰਾਨੀ ਕੌਂਸਲੇਟ ਜਨਰਲ ਨੇ ਮੋਜਤਬਾ ਖਮੇਨੇਈ ਨੂੰ ਉਤਰਾਧਿਕਾਰੀ ਬਣਾਏ ਜਾਣ ਦੀਆਂ ਖ਼ਬਰਾਂ ਨੂੰ ਅਧਿਕਾਰਤ ਤੌਰ 'ਤੇ ਰੱਦ ਕਰ ਦਿੱਤਾ ਹੈ। ਸੋਸ਼ਲ ਮੀਡੀਆ ਪੋਸਟ ਰਾਹੀਂ ਸਪੱਸ਼ਟ ਕੀਤਾ ਗਿਆ ਕਿ ਈਰਾਨ ਦੀ ਅਸੈਂਬਲੀ ਆਫ ਐਕਸਪਰਟਸ ਵੱਲੋਂ ਕਿਸੇ ਨਾਮ 'ਤੇ ਅੰਤਿਮ ਫੈਸਲਾ ਲੈਣ ਬਾਰੇ ਚੱਲ ਰਹੀਆਂ ਅਫਵਾਹਾਂ ਦਾ ਕੋਈ ਅਧਿਕਾਰਤ ਸਰੋਤ ਨਹੀਂ ਹੈ। ਹਾਲਾਂਕਿ, ਸਿਆਸੀ ਹਲਕਿਆਂ ਵਿੱਚ ਚਰਚਾ ਹੈ ਕਿ ਮੋਜਤਬਾ ਦੇ ਈਰਾਨੀ ਰਿਵੋਲਿਊਸ਼ਨਰੀ ਗਾਰਡਸ ਨਾਲ ਨੇੜਲੇ ਸਬੰਧ ਹੋਣ ਕਾਰਨ ਉਹ ਅਜੇ ਵੀ ਦੌੜ ਵਿੱਚ ਅੱਗੇ ਹਨ। **ਜੰਗ ਦੇ ਮੈਦਾਨ ਵਿੱਚ ਤਣਾਅ ਬਰਕਰਾਰ:** ਜ਼ਿਕਰਯੋਗ ਹੈ ਕਿ 28 ਫਰਵਰੀ ਨੂੰ ਅਮਰੀਕਾ ਤੇ ਇਜ਼ਰਾਈਲ ਦੇ ਸਾਂਝੇ ਫੌਜੀ ਹਮਲੇ ਵਿੱਚ ਅਲੀ ਖਮੇਨੇਈ ਦੀ ਮੌਤ ਤੋਂ ਬਾਅਦ ਪੱਛਮੀ ਏਸ਼ੀਆ ਵਿੱਚ ਹਾਲਾਤ ਬੇਹੱਦ ਨਾਜ਼ੁਕ ਹਨ। ਇਸ ਦੇ ਜਵਾਬ ਵਿੱਚ ਈਰਾਨ ਨੇ ਕਈ ਅਰਬ ਦੇਸ਼ਾਂ, ਅਮਰੀਕੀ ਫੌਜੀ ਟਿਕਾਣਿਆਂ ਤੇ ਇਜ਼ਰਾਈਲੀ ਸੰਪਤੀਆਂ 'ਤੇ ਡਰੋਨ ਤੇ ਮਿਜ਼ਾਈਲ ਹਮਲਿਆਂ ਦੀ ਲਹਿਰ ਸ਼ੁਰੂ ਕਰ ਦਿੱਤੀ ਹੈ। ਇਜ਼ਰਾਈਲ ਵੱਲੋਂ ਵੀ ਲਗਾਤਾਰ ਤੇਹਰਾਨ ਤੇ ਲੇਬਨਾਨ ਵਿੱਚ ਹਿਜ਼ਬੁੱਲਾ ਦੇ ਟਿਕਾਣਿਆਂ 'ਤੇ ਜਵਾਬੀ ਕਾਰਵਾਈ ਜਾਰੀ ਹੈ।



# ਡਾ. ਅਰੋੜਾ ਵੱਲੋਂ ਨਵ-ਨਿਯੁਕਤ ਬਲਾਕ ਕਮੇਟੀ ਚੇਅਰਪਰਸਨ ਹਰਪ੍ਰੀਤ ਕੌਰ ਤੇ ਵਾਈਸ ਚੇਅਰਮੈਨ ਨਾਰਾਇਣ ਸਿੰਘ ਦਾ ਸਨਮਾਨ

ਮੋਗਾ, 6 ਮਾਰਚ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਮੋਗਾ ਦੇ ਜੋਗਿੰਦਰ ਸਿੰਘ ਚੌਂਕ ਵਿਖੇ ਨਵ-ਨਿਯੁਕਤ ਬਲਾਕ ਕਮੇਟੀ ਚੇਅਰਪਰਸਨ ਹਰਪ੍ਰੀਤ ਕੌਰ, ਵਾਈਸ ਚੇਅਰਮੈਨ ਨਾਰਾਇਣ ਸਿੰਘ ਤੇ ਉਨ੍ਹਾਂ ਦੇ ਸਮੂਹ ਮੈਂਬਰਾਂ ਦਾ ਮੋਗਾ ਪਹੁੰਚਣ 'ਤੇ ਵਿਧਾਇਕ ਡਾ.ਅਮਨਦੀਪ ਕੌਰ ਅਰੋੜਾ ਨੇ ਆਪ ਵਰਕਰਾਂ ਤੇ ਵਲੰਟੀਅਰਾਂ ਨਾਲ ਮਿਲ ਕੇ ਸਵਾਗਤ ਤੇ ਸਨਮਾਨ ਕੀਤਾ। ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਨਵ-ਨਿਯੁਕਤ ਚੇਅਰਪਰਸਨ, ਵਾਈਸ ਚੇਅਰਮੈਨ ਤੇ ਮੈਂਬਰਾਂ ਨੂੰ ਵਧਾਈ ਦਿੱਤੀ ਤੇ ਉਮੀਦ ਪ੍ਰਗਟਾਈ ਕਿ ਉਹ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰਨਗੇ ਤੇ ਇਲਾਕੇ ਦੀ ਤਰੱਕੀ ਤੇ ਖੁਸ਼ਹਾਲੀ ਵਿੱਚ ਮਹੱਤਵਪੂਰਨ ਯੋਗਦਾਨ ਪਾਉਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਨੂੰ ਬਣਦਾ ਸਤਿਕਾਰ ਤੇ ਸਨਮਾਨ ਦੇ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾ ਰਹੀ। ਉਨ੍ਹਾਂ ਕਿਸੇ ਨੂੰ ਵੀ ਅਪੀਲ ਕੀਤੀ ਕਿ ਉਹ ਕਿਸੇ ਵੀ ਸਮੱਸਿਆ ਨੂੰ ਉਨ੍ਹਾਂ ਦੇ ਧਿਆਨ ਵਿੱਚ ਲਿਆਉਣ, ਤੇ ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਇਸ ਮੌਕੇ ਨਗਰ ਨਿਗਮ ਦੇ ਮੇਅਰ ਪ੍ਰਵੀਨ ਸ਼ਰਮਾ, ਮਾਰਕੀਟ ਕਮੇਟੀ ਦੇ ਚੇਅਰਮੈਨ ਹਰਜਿੰਦਰ ਸਿੰਘ ਰੋਡੇ, ਆਪ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਪ੍ਰੇਮ ਚੰਦ ਚੱਕੀ ਵਾਲਾ, ਸਾਬਕਾ ਕੌਂਸਲਰ ਦਵਿੰਦਰ ਤਿਵਾੜੀ, ਮਿਲਾਪ ਸਿੰਘ, ਰਾਕੇਸ਼ ਮਿੱਢਾ, ਸੀਨੀਅਰ ਆਗੂ ਗੁਰਮਿੰਦਰਜੀਤ ਸਿੰਘ ਬਬਲੂ, ਰੋਸ਼ਨ ਲਾਲ ਚਾਵਲਾ, ਸੰਨੀ ਧਾਲੀਵਾਲ, ਕੌਂਸਲਰ ਬੂਟਾ ਸਿੰਘ, ਸਾਬਕਾ ਕੌਂਸਲਰ ਰਾਕੇਸ਼ ਕਾਲਾ ਬਜਾਜ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨਗਰ ਨਿਗਮ ਮੋਗਾ ਦੇ ਆਪ ਕੌਂਸਲਰ, ਆਮ ਆਦਮੀ ਪਾਰਟੀ ਦੇ ਆਗੂ, ਵਰਕਰ ਤੇ ਵਲੰਟੀਅਰ ਮੌਜੂਦ ਸਨ।



# ਟਰੱਕ ਹਾਦਸੇ 'ਚ ਐਡਮਿੰਟਨ ਦੇ ਦੋ ਨੌਜਵਾਨਾਂ ਦੀ ਮੌਤ

### ☛ਦੇਹ ਪੰਜਾਬ ਲਿਆਉਣ ਦੀ ਪਰਿਵਾਰ ਨੇ ਕੀਤੀ ਮੰਗ

ਤਰਨਤਾਰਨ, 6 ਮਾਰਚ (ਚ.ਨ.ਸ): ਬ੍ਰਿਟਿਸ਼ ਕੋਲੰਬੀਆ ਦੇ ਨੈਲਸਨ ਸਿਟੀ ਨੇੜੇ ਹਾਈਵੇਅ 97 (ਅਲਾਸਕਾ ਹਾਈਵੇਅ, ਫੋਰਟ) 'ਤੇ ਇੱਕ ਭਿਆਨਕ ਟਰੱਕ ਹਾਦਸੇ ਵਿੱਚ ਐਡਮਿੰਟਨ ਵਿੱਚ ਰਹਿਣ ਵਾਲੇ ਦੋ ਪੰਜਾਬੀ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਨੌਜਵਾਨਾਂ ਦੀ ਪਛਾਣ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਮਾੜੀ ਗੌਰ ਸਿੰਘ (ਭਿੱਖੀਵਿੰਡ) ਦੇ 32 ਸਾਲਾ ਤਲਵਿੰਦਰ ਸਿੰਘ ਗਿੱਲ ਤੇ ਪਿੰਡ ਏਲੋਵਾਲ (ਵੇਰੋਵਾਲ) ਦੇ 30 ਸਾਲਾ ਜਜਬੀਰ ਸਿੰਘ ਵਜੋਂ ਹੋਈ ਹੈ। ਹਾਦਸੇ ਦੀ ਖ਼ਬਰ ਮਿਲਦਿਆਂ ਹੀ ਦੋਵਾਂ ਨੌਜਵਾਨਾਂ ਦੇ ਪਰਿਵਾਰਾਂ ਵਿੱਚ ਸੋਗ ਦੀ ਲਹਿਰ ਦੌੜ ਗਈ।ਦੱਸਿਆ ਗਿਆ ਹੈ ਕਿ ਤਲਵਿੰਦਰ ਸਿੰਘ ਗਿੱਲ ਤੇ ਜਜਬੀਰ ਸਿੰਘ ਟਰੱਕ ਡਰਾਈਵਰ ਸਨ, ਜਦੋਂ ਉਨ੍ਹਾਂ ਦਾ ਟਰੱਕ ਡਿਊਟੀ ਦੌਰਾਨ ਡੂੰਘੀ ਖੱਡ ਵਿੱਚ ਡਿੱਗ ਗਿਆ। ਸਥਾਨਕ ਪੁਲਿਸ ਨੇ ਕਾਫ਼ੀ ਕੋਸ਼ਿਸ਼ਾਂ ਤੋਂ ਬਾਅਦ ਨੌਜਵਾਨਾਂ ਨੂੰ ਟਰੱਕ ਵਿੱਚੋਂ ਬਾਹਰ ਕੱਢਿਆ, ਪਰ ਉਦੋਂ ਤੱਕ ਦੋਵਾਂ ਦੀ ਮੌਤ ਹੋ ਚੁੱਕੀ ਸੀ। ਹਾਦਸੇ ਵਿੱਚ ਦੋਵਾਂ ਨੌਜਵਾਨਾਂ ਦੀ ਮੌਤ ਦੀ ਖ਼ਬਰ ਵੀਰਵਾਰ ਸਵੇਰੇ ਉਨ੍ਹਾਂ ਦੇ ਰਿਸ਼ਤੇਦਾਰਾਂ ਤੱਕ ਪਹੁੰਚੀ, ਜਿਸ ਤੋਂ ਬਾਅਦ ਪਰਿਵਾਰਾਂ ਵਿੱਚ ਸੋਗ ਦਾ ਮਾਹੌਲ ਬਣ ਗਿਆ। ਦੋਵਾਂ ਨੌਜਵਾਨਾਂ ਦੇ ਪਿੰਡਾਂ ਦੇ ਲੋਕ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਦੁੱਖ ਦੇਣ ਲਈ ਪਹੁੰਚ ਰਹੇ ਹਨ। ਹਾਦਸੇ ਵਿੱਚ ਮਾਰੇ ਗਏ ਨੌਜਵਾਨਾਂ ਦੇ ਰਿਸ਼ਤੇਦਾਰਾਂ ਨੇ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਜਲਦੀ ਤੋਂ ਜਲਦੀ ਵਾਪਸ ਲਿਆਉਣ ਲਈ ਸਰਕਾਰ ਤੋਂ ਸਹਾਇਤਾ ਦੀ ਮੰਗ ਕੀਤੀ ਹੈ ਤਾਂ ਜੋ ਅੰਤਿਮ ਸਸਕਾਰ ਕੀਤੇ ਜਾ ਸਕਣ।



# ਟ੍ਰਿਬਿਊਨ ਦੇ ਸਾਬਕਾ ਮੁੱਖ ਸੰਪਾਦਕ ਐਚਕੇ ਦੂਆ ਦਾ ਦੇਹਾਂਤ

ਨਵੀਂ ਦਿੱਲੀ, 6 ਮਾਰਚ (ਚ.ਨ.ਸ): ਦਿ ਟ੍ਰਿਬਿਊਨ ਦੇ ਸਾਬਕਾ ਮੁੱਖ ਸੰਪਾਦਕ, ਉੱਘੇ ਪੱਤਰਕਾਰ, ਸੰਸਦ ਮੈਂਬਰ ਤੇ ਕਈ ਪ੍ਰਮੁੱਖ ਆਗੂਆਂ ਦੇ ਸਲਾਹਕਾਰ ਰਹੇ ਐਚਕੇ ਦੂਆ (88) ਦਾ ਵੀਰਵਾਰ ਨੂੰ ਸਸਕਾਰ ਕਰ ਦਿੱਤਾ ਗਿਆ। ਇੱਥੋਂ ਦੇ ਲੋਧੀ ਰੋਡ ਸ਼ਮਸ਼ਾਨਘਾਟ 'ਚ ਅੰਤਿਮ ਸਸਕਾਰ ਮੌਕੇ ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਤੇ ਦਿ ਟ੍ਰਿਬਿਊਨ ਟਰੱਸਟ ਦੇ ਚੇਅਰਮੈਨ ਐਨਐਨ ਵੋਹਰਾ ਨੇ ਸਾਬਕਾ ਮੁੱਖ ਸੰਪਾਦਕ ਦੀ ਦੇਹ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿੱਚ ਸਾਬਕਾ ਕੇਂਦਰੀ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ, ਸਤੀਸ਼ ਜੈਕਬ, ਸ਼ੇਖਰ ਗੁਪਤਾ, ਅਜੋਏ ਬੋਸ, ਏਜੇ ਫਿਲਿਪ, ਹਰੀਸ਼ ਖਰੇ ਤੇ ਕੂਮੀ ਕਪੂਰ ਸਮੇਤ ਹੋਰ ਕਈ ਸੀਨੀਅਰ ਸੰਪਾਦਕ, ਪੱਤਰਕਾਰ ਤੇ ਬੁੱਧੀਜੀਵੀ ਹਾਜ਼ਰ ਸਨ। ਸ੍ਰੀ ਦੂਆ ਕਈ ਦਿਨਾਂ ਤੋਂ ਬਿਮਾਰ ਸਨ ਤੇ ਬੁੱਧਵਾਰ ਨੂੰ ਦਿੱਲੀ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਉਨ੍ਹਾਂ ਦਾ ਦੇਹਾਂਤ ਹੋ ਗਿਆ ਸੀ। ਕਈ ਸਾਲਾਂ ਤੋਂ ਸ੍ਰੀ ਦੂਆ ਆਪਣੀਆਂ ਕਿਤਾਬਾਂ ਤੇ ਰਸਾਲਿਆਂ ਨੂੰ ਇੰਡੀਆ ਇੰਟਰਨੈਸ਼ਨਲ ਸੈਂਟਰ ਤੇ ਅਸ਼ੋਕਾ ਯੂਨੀਵਰਸਿਟੀ ਸਮੇਤ ਪ੍ਰਮੁੱਖ ਸੰਸਥਾਵਾਂ ਤੇ ਲਾਇਬ੍ਰੇਰੀਆਂ ਨੂੰ ਦਾਨ ਕਰ ਰਹੇ ਸਨ।



# ਅਕਾਲੀ ਦਲ ਤੇ 'ਆਪ' ਮਿਲ ਕੇ ਚੇਅਰਮੈਨ ਬਣਾਉਣ 'ਚ ਲੱਗੀਆਂ: ਮਲਵਿਕਾ ਸੂਦ

ਮੋਗਾ, 6 ਮਾਰਚ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਬਲਾਕ ਸੰਮਤੀ ਚੇਅਰਮੈਨ ਦੀ ਚੋਣ ਨੂੰ ਲੈ ਕੇ ਮੋਗਾ ਦੀ ਸਿਆਸਤ ਵਿੱਚ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਕਾਂਗਰਸ ਪਾਰਟੀ ਦੀ ਹਲਕਾ ਇੰਚਾਰਜ ਮਲਵਿਕਾ ਸੂਦ ਨੇ ਦੋਸ਼ ਲਗਾਇਆ ਹੈ ਕਿ ਅਕਾਲੀ ਦਲ ਤੇ 'ਆਪ' ਨੇ ਰਲ-ਮਿਲ ਕੇ ਚੇਅਰਮੈਨ ਦੀ ਚੋਣ ਆਪਣੇ ਹੱਕ ਵਿੱਚ ਕਰਵਾਈ ਹੈ। ਉਨ੍ਹਾਂ ਕਿਹਾ ਕਿ ਦੋਵੇਂ ਪਾਰਟੀਆਂ ਲੋਕਾਂ ਨੂੰ ਵੱਖ-ਵੱਖ ਦਿਖਾਈ ਦਿੰਦੀਆਂ ਹਨ, ਪਰ ਅਸਲ ਵਿੱਚ ਇਹ ਇੱਕੋ ਥਾਲੀ ਦੇ ਚਿੱਟੇ ਵੱਟੇ ਹਨ ਤੇ ਮੌਕੇ ਅਨੁਸਾਰ ਇਕੱਠੇ ਹੋ ਕੇ ਰਾਜਨੀਤਿਕ ਲਾਭ ਲੈਂਦੀਆਂ ਹਨ। ਮਲਵਿਕਾ ਸੂਦ ਨੇ ਗੱਲਬਾਤ ਕਰਦਿਆਂ ਕਿਹਾ ਕਿ ਬਲਾਕ ਸੰਮਤੀ ਵਿੱਚ ਕੁੱਲ 17 ਮੈਂਬਰ ਹਨ ਤੇ ਚੇਅਰਮੈਨ ਦੀ ਚੋਣ ਲਈ ਇੱਕ ਤਿਹਾਈ ਦੇ ਹਿਸਾਬ ਨਾਲ ਕੋਰਮ ਪੂਰਾ ਹੋਣਾ ਲਾਜ਼ਮੀ ਸੀ। ਉਨ੍ਹਾਂ ਦੇ ਮੁਤਾਬਿਕ ਇਸ ਵਿੱਚੋਂ ਸੱਤ ਮੈਂਬਰ ਆਮ ਆਦਮੀ ਪਾਰਟੀ ਦੇ, ਛੇ ਕਾਂਗਰਸ ਦੇ ਤੇ ਚਾਰ ਅਕਾਲੀ ਦਲ ਦੇ ਸਨ। ਚੇਅਰਮੈਨ ਬਣਾਉਣ ਲਈ 12 ਵੋਟਾਂ ਦੀ ਲੋੜ ਸੀ, ਜੋ ਉਨ੍ਹਾਂ ਦੇ ਅਨੁਸਾਰ ਅਕਾਲੀ ਦਲ ਤੇ ਆਪ ਦੇ ਮੈਂਬਰਾਂ ਦੇ ਮਿਲਾਪ ਨਾਲ ਪੂਰੀਆਂ ਕੀਤੀਆਂ ਗਈਆਂ। ਇਸ ਤਰ੍ਹਾਂ ਝਾੜੂ ਨਿਸ਼ਾਨ ਵਾਲੇ ਉਮੀਦਵਾਰ ਨੂੰ ਚੇਅਰਮੈਨ ਬਣਾਇਆ ਗਿਆ।ਉਨ੍ਹਾਂ ਨੇ ਦੋਸ਼ ਲਗਾਇਆ ਕਿ ਚੋਣ ਪ੍ਰਕਿਰਿਆ ਦੌਰਾਨ ਕਾਂਗਰਸ ਪਾਰਟੀ ਦੇ ਮੈਂਬਰਾਂ 'ਤੇ ਦਬਾਅ ਬਣਾਉਣ ਦੀ ਕੋਸ਼ਿਸ਼ ਵੀ ਕੀਤੀ ਗਈ। ਮਲਵਿਕਾ ਸੂਦ ਨੇ ਕਿਹਾ ਕਿ ਕਾਂਗਰਸ ਦੇ ਪੰਜ ਬਲਾਕ ਸੰਮਤੀ ਮੈਂਬਰ ਆਪਣੇ ਸਟੈਂਡ 'ਤੇ ਡਟੇ ਰਹੇ, ਪਰ ਉਨ੍ਹਾਂ ਵਿੱਚੋਂ ਇੱਕ ਮੈਂਬਰ ਨੂੰ ਸਵੇਰੇ ਹੀ ਚੱਕ ਕੇ ਲੈ ਜਾਇਆ ਗਿਆ ਤੇ ਚੋਣਾਂ ਦੇ ਨਿਪਟਾਰੇ ਤੱਕ ਰੋਕ ਕੇ ਰੱਖਿਆ ਗਿਆ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਕਾਰਵਾਈ ਲੋਕਤੰਤਰਕ ਪ੍ਰਕਿਰਿਆ 'ਤੇ ਸਵਾਲ ਖੜ੍ਹੇ ਕਰਦੀ ਹੈ। ਮਲਵਿਕਾ ਸੂਦ ਨੇ ਕਿਹਾ ਕਿ ਇਸ ਘਟਨਾ ਦੇ ਵਿਰੋਧ ਵਿੱਚ ਕਾਂਗਰਸ ਪਾਰਟੀ ਵੱਲੋਂ ਧਰਨਾ ਪ੍ਰਦਰਸ਼ਨ ਵੀ ਕੀਤਾ ਗਿਆ, ਜਿਸ ਦੌਰਾਨ ਕਈ ਆਗੂਆਂ ਤੇ ਵਰਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਚੋਣਾਂ ਦੇ ਮੁਕੰਮਲ ਹੋਣ ਤੋਂ ਬਾਅਦ ਹੀ ਰੋਕੇ ਗਏ ਮੈਂਬਰ ਨੂੰ ਛੱਡਿਆ ਗਿਆ, ਜੋ ਲੋਕਤੰਤਰਕ ਮੁੱਲਾਂ ਦੇ ਖ਼ਿਲਾਫ਼ ਹੈ।ਅਖੀਰ ਵਿੱਚ ਮਲਵਿਕਾ ਸੂਦ ਨੇ ਕਿਹਾ ਕਿ ਕਾਂਗਰਸ ਪਾਰਟੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੀ ਹੈ ਤੇ ਲੋਕਤੰਤਰ ਦੀ ਰੱਖਿਆ ਲਈ ਹਰ ਪੱਧਰ 'ਤੇ ਆਵਾਜ਼ ਉਠਾਉਂਦੀ ਰਹੇਗੀ।



# ਗੁਰਦੁਆਰਾ ਰੋਹੀਸਰ ਸਾਹਿਬ ਮਾਲੋਵਾਲ 'ਚ ਸਾਲਾਨਾ ਗੁਰਮਤਿ ਸਮਾਗਮ ਸ਼ੁਰੂ

### ☛ਭਲਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਜਣਗੇ ਦੀਵਾਨ

ਅਮਲੋਹ, 6 ਮਾਰਚ (ਜਸਵੰਤ ਸਿੰਘ): ਗੁਰਦੁਆਰਾ ਰੋਹੀਸਰ ਸਾਹਿਬ ਮਾਲੋਵਾਲ ਤਪ ਅਸਥਾਨ ਸ੍ਰੀ ਮਾਨ ਸੰਤ ਬਾਬਾ ਕ੍ਰਿਪਾ ਸਿੰਘ ਜੀ ਵਿਖੇ 3 ਰੋਜ਼ਾ ਗੁਰਮਤਿ ਸਮਾਗਮ ਅੱਜ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਆਰੰਭ ਹੋਣ ਨਾਲ ਸ਼ੁਰੂ ਹੋ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਤੇ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਸੰਤ ਬਾਬਾ ਦਲਵਾਰਾ ਸਿੰਘ ਰੋਹੀਸਰ ਸਾਹਿਬਵਾਲਿਆਂ ਨੇ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 8 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਪਾਏ ਜਾਣਗੇ, ਜਿਸ ਉਪਰੰਤ ਸੰਤ ਮਹਾਂਪੁਰਸ਼ ਗੁਰਮਤਿ ਸਮਾਗਮ ਰਾਹੀਂ ਸੰਗਤਾਂ ਨੂੰ ਗੁਰੂ ਇਤਿਹਾਸ ਤੋਂ ਜਾਣੂੰ ਕਰਵਾਉਣਗੇ ਤੇ ਕੀਰਤਨ ਰਾਹੀਂ ਨਿਹਾਲ ਕਰਨਗੇ। ਇਸ ਮੌਕੇ ਦੇਸ਼ ਭਗਤ ਹਸਪਤਾਲ ਵੱਲੋਂ ਮੁਫ਼ਤ ਮੈਡੀਕਲ ਚੈਕਅੱਪ ਕੈਂਪ ਲਗਾ ਕੇ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ, ਜਦੋਂ ਕਿ ਡਾ. ਸਰਬਜੀਤ ਬੈਨੀਪਾਲ ਅੰਮ੍ਰਿਤ ਆਯੁਰਵੈਦਿਕ ਹਸਪਤਾਲ ਰੁੜਕੀ ਕਲਾਂ ਵੱਲੋਂ ਲੈਚਰੋਪੈਥੀ ਪੰਚਕਰਮਾ ਇਲਾਜ ਦਾ ਮੁਫ਼ਤ ਕੈਂਪ ਲਗਾਇਆ ਜਾਵੇਗਾ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਉਨ੍ਹਾਂ ਸੰਗਤਾਂ ਨੂੰ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਸੰਤ ਕ੍ਰਿਪਾ ਸਿੰਘ ਇੰਟਰਨੈਸ਼ਨਲ ਚੈਰੀਟੇਬਲ ਰੂਹਾਨੀ ਮਿਸ਼ਨ ਵੱਲੋਂ ਇਸ ਅਸਥਾਨ 'ਤੇ ਗੁਰਮਤਿ ਵਿਦਿਆਲਾ ਚਲਾਇਆ ਜਾ ਰਿਹਾ ਹੈ, ਜਿਸ ਵਿੱਚ ਰਹਿਣ ਵਾਲੇ ਬੱਚਿਆਂ ਨੂੰ ਹਰ ਰੋਜ ਸ਼ੁੱਧ ਗੁਰਬਾਣੀ ਉਚਾਰਨ ਕਰਨ ਦੀ ਸਿੱਖਿਆ ਦਿੱਤੀ ਜਾਂਦੀ ਹੈ। ਸਕੂਲ ਵਿੱਚ ਪੜ੍ਹਨ ਵਾਲੇ ਬੱਚਿਆਂ ਨੂੰ ਹਰ ਐਤਵਾਰ ਸਿੱਖਿਆ ਦਿੱਤੀ ਜਾਂਦੀ ਹੈ ਤੇ ਕੀਰਤਨ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਸੰਗਤਾਂ ਦੇ ਸਹਿਯੋਗ ਨਾਲ ਪੀਜੀਆਈ ਵਿੱਚ ਮਰੀਜ਼ਾਂ ਲਈ ਲੰਗਰ ਦੀ ਸੇਵਾ ਵੀ ਕੀਤੀ ਜਾਂਦੀ ਹੈ। ਉਨ੍ਹਾਂ ਸੰਗਤਾਂ ਨੂੰ ਸ੍ਰੀ ਦਰਬਾਰ ਸਾਹਿਬ ਦੀ ਚੱਲ ਰਹੀ ਕਾਰ ਸੇਵਾ ਵਿੱਚ ਵੀ ਯੋਗਦਾਨ ਪਾਉਣ ਦੀ ਅਪੀਲ ਕੀਤੀ।



# ਮਾਤਾ ਗੁਜਰੀ ਕਾਲਜ ਵਿਖੇ 58ਵੇਂ ਸਾਲਾਨਾ ਖੇਡ ਮੁਕਾਬਲੇ ਕਰਵਾਏ

### ☛ਹਰਮਨਜੋਤ ਕੌਰ ਤੇ ਗੁਰਪਰਮਜੋਤ ਸਿੰਘ ਨੇ ਜਿੱਤਿਆ ਬੈਸਟ ਐਥਲੀਟ ਦਾ ਖਿਤਾਬ



ਸ੍ਰੀ ਫ਼ਤਹਿਗੜ੍ਹ ਸਾਹਿਬ, 6 ਮਾਰਚ (ਹਰਪ੍ਰੀਤ ਕੌਰ ਟਿਵਾਣਾ): ਮਾਤਾ ਗੁਜਰੀ ਕਾਲਜ ਵਿਖੇ 58ਵੇਂ ਸਾਲਾਨਾ ਖੇਡ ਮੁਕਾਬਲਿਆਂ ਦਾ ਸ਼ਾਨਦਾਰ ਆਯੋਜਨ ਕਰਵਾਇਆ ਗਿਆ, ਜਿਸ ਵਿੱਚ ਇੰਜ. ਸੁਖਮਿੰਦਰ ਸਿੰਘ, ਸਕੱਤਰ ਵਿੱਦਿਆ, ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਵਰਣਨਯੋਗ ਹੈ ਕਿ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਲੜਕੀਆਂ ਵਿੱਚ ਬੈਸਟ ਐਥਲੀਟ ਦਾ ਪਹਿਲਾ ਸਥਾਨ ਬੀ.ਏ. ਭਾਗ-ਦੂਸਰਾ ਦੇ ਗੁਰਪਰਮਜੋਤ ਸਿੰਘ ਤੇ ਦੂਸਰਾ ਸਥਾਨ ਬੀ.ਏ.ਜੇ.ਐਮ.ਸੀ. ਭਾਗ-ਪਹਿਲਾ ਦੇ ਵਿਸ਼ਾਲ ਸੈਨੀ ਨੇ ਪ੍ਰਾਪਤ ਕੀਤਾ। ਇਸੇ ਪ੍ਰਕਾਰ ਲੜਕੀਆਂ ਵਿੱਚ ਬੈਸਟ ਐਥਲੀਟ ਦਾ ਪਹਿਲਾ ਸਥਾਨ ਐਮ.ਸੀ.ਏ. ਭਾਗ-ਪਹਿਲਾ ਦੀ ਹਰਮਨਜੋਤ ਕੌਰ ਤੇ ਦੂਸਰਾ ਸਥਾਨ ਬੀ.ਏ. ਭਾਗ-ਪਹਿਲਾ ਦੀ ਜੈਸਮੀਨ ਕੌਰ ਨੇ ਪ੍ਰਾਪਤ ਕੀਤਾ। ਮਾਰਚ ਪਾਸਟ ਮੁਕਾਬਲੇ ਵਿੱਚ ਕਾਲਜ ਦੇ ਐਨ.ਐਸ.ਐਸ. ਯੂਨਿਟ, ਭਾਸ਼ਾ ਵਿਭਾਗ ਤੇ ਮੈਨੇਜਮੈਂਟ ਸਟੱਡੀਜ਼ ਵਿਭਾਗ ਨੇ ਕ੍ਰਮਵਾਰ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਹਾਸਲ ਕੀਤਾ।ਮੁੱਖ ਮਹਿਮਾਨ ਇੰਜ.ਸੁਖਮਿੰਦਰ ਸਿੰਘ ਨੇ ਸਮੂਹ ਕਾਲਜ ਸਟਾਫ਼ ਤੇ ਵਿਦਿਆਰਥੀਆਂ ਨੂੰ ਸਾਲਾਨਾ ਖੇਡ ਮੁਕਾਬਲਿਆਂ ਦਾ ਸਫ਼ਲਤਾਪੂਰਵਕ ਆਯੋਜਨ ਕਰਨ ਲਈ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਮਾਤਾ ਗੁਜਰੀ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿਰਮੌਰ ਸਿੱਖਿਆ ਸੰਸਥਾ ਹੈ ਜਿਸ ਵੱਲੋਂ ਧਰਮ ਦੇ ਪ੍ਰਚਾਰ, ਸਿੱਖਿਆ ਤੇ ਖੇਡਾਂ ਦੇ ਖੇਤਰ ਵਿੱਚ ਨਿਰੰਤਰ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਕਿਉਂਕਿ ਖੇਡਾਂ ਮਨੁੱਖ ਦੇ ਸਰੀਰਕ ਤੇ ਮਾਨਸਿਕ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ।ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਐਡਵੋਕੇਟ ਅਮਰਦੀਪ ਸਿੰਘ ਧਾਰਨੀ, ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ, ਕਾਲਜ ਦੇ ਖੇਡ ਵਿਭਾਗ ਦੇ ਸਾਬਕਾ ਮੁਖੀ ਡਾ. ਪਰਮਿੰਦਰ ਕੌਰ ਰੰਧਾਵਾ, ਕਾਲਜ ਦੇ ਅਲੂਮਨੀ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਹਰਪਾਲ ਸਿੰਘ ਚੀਮਾ, ਡਾ. ਜਗਪਾਲ ਸਿੰਘ, ਡਾ. ਗੁਰਬਾਜ ਸਿੰਘ, ਡਾ. ਰਸ਼ਮੀ ਅਰੋੜਾ, ਡਾ. ਕੁਲਦੀਪ ਕੌਰ, ਡਾ. ਹਰਜੀਤ ਕੌਰ, ਪ੍ਰੋ. ਬੀਰਇੰਦਰ ਸਿੰਘ ਸਰਾਓ, ਪ੍ਰੋ. ਹਰਭਿੰਦਰ ਸਿੰਘ, ਡਾ. ਪੁਸ਼ਪਿੰਦਰ ਸਿੰਘ, ਖੇਡ ਵਿਭਾਗ ਦੇ ਮੁਖੀ ਪ੍ਰੋ. ਬਲਜਿੰਦਰ ਸਿੰਘ, ਖੇਡ ਕੋਚ ਬਹਾਦਰ ਸਿੰਘ, ਕੋਚ ਜੋਗਿੰਦਰਪਾਲ ਹਾਜ਼ਰ ਸਨ।

# ਪੀ.ਏ.ਯੂ. ਵੱਲੋਂ ਖੇਤਰੀ ਖੋਜ ਕੇਂਦਰ, ਫਰੀਦਕੋਟ ਵਿਖੇ ਕਿਸਾਨ ਮੇਲਾ 17 ਨੂੰ

ਫ਼ਿਰੋਜ਼ਪੁਰ, 6 ਮਾਰਚ (ਤਿਵਾੜੀ): ਡਾ. ਕੁਲਦੀਪ ਸਿੰਘ ਨਿਰਦੇਸ਼ਕ ਪੀ.ਏ.ਯੂ. ਖੇਤਰੀ ਖੋਜ ਕੇਂਦਰ ਫਰੀਦਕੋਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਮਿਤੀ 17 ਮਾਰਚ ਦਿਨ ਮੰਗਲਵਾਰ ਨੂੰ ਖੇਤਰੀ ਖੋਜ ਕੇਂਦਰ, ਫਰੀਦਕੋਟ ਵਿਖੇ ਕਿਸਾਨ ਮੇਲਾ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਕਿਸਾਨ ਮੇਲੇ ਵਿੱਚ ਕਿਸਾਨਾਂ ਨੂੰ ਸਾਉਣੀ ਦੀਆਂ ਫ਼ਸਲਾਂ ਦੇ ਸੁਧਰੇ ਬੀਜ ਵੀ ਦਿੱਤੇ ਜਾਣਗੇ ਤੇ ਸਬਜ਼ੀਆਂ ਦੀਆਂ ਕਿੱਟਾਂ ਵੀ ਦਿੱਤੀਆਂ ਜਾਣਗੀਆਂ। ਇਸ ਕਿਸਾਨ ਮੇਲੇ ਵਿੱਚ ਖੇਤੀ ਸਬੰਧੀ ਪੁਸਤਕਾਂ ਤੇ ਖੇਤੀ ਸਬੰਧਤ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਕਿਸਾਨ ਵੀਰਾਂ ਨੂੰ ਖੇਤੀ ਸਬੰਧੀ ਤਕਨੀਕੀ ਤੇ ਬੀਬੀਆਂ ਨੂੰ ਘਰੇਲੂ ਕੰਮਾਂ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ ਤੇ ਖੇਤੀ ਸਮੱਸਿਆਵਾਂ ਦੇ ਮੌਕੇ 'ਤੇ ਹੱਲ ਦੱਸੇ ਜਾਣਗੇ। ਕਿਸਾਨਾਂ ਦੇ ਮਨੋਰੰਜਨ ਲਈ ਕਿਸਾਨ ਮੇਲੇ ਵਿੱਚ ਸੱਭਿਆਚਾਰਕ ਪ੍ਰੋਗਰਾਮ ਦਾ ਪ੍ਰਬੰਧ ਵੀ ਹੋਵੇਗਾ। ਕਿਸਾਨ ਮੇਲੇ ਵਿੱਚ ਕੰਪਨੀਆਂ, ਵਹੀਕਲ ਏਜੰਸੀਆਂ ਤੇ ਦੁਕਾਨਦਾਰਾਂ ਆਦਿ ਵੱਲੋਂ ਸਟਾਲ ਬੁੱਕ ਕਰਵਾਉਣ ਲਈ ਡਾ. ਕੁਲਵੀਰ ਸਿੰਘ, ਫੋਨ ਨੰਬਰ 94177-83052,01639-251244 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸ਼੍ਰੋਮਣੀ ਅਕਾਲੀ ਦਲ ਦੇ ਨਵ-ਨਿਯੁਕਤ ਬੁਲਾਰੇ ਐਡਵੋਕੇਟ ਧਾਰਨੀ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨ



ਸ੍ਰੀ ਫਤਹਿਗੜ੍ਹ ਸਾਹਿਬ, 6 ਮਾਰਚ (ਹਰਪ੍ਰੀਤ ਕੌਰ ਟਿਵਾਣਾ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦੇ ਬੁਲਾਰਿਆਂ ਦੀਆਂ ਕੀਤੀਆਂ ਗਈਆਂ ਨਿਯੁਕਤੀਆਂ ਦੇ ਤਹਿਤ ਸੀਨੀਅਰ ਐਡਵੋਕੇਟ ਅਮਰਦੀਪ ਸਿੰਘ ਧਾਰਨੀ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਬੁਲਾਰਾ ਨਿਯੁਕਤ ਕਰਨ 'ਤੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਤੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਅਵਤਾਰ ਸਿੰਘ ਰਿਆ ਨੇ ਕਿਹਾ ਕਿ ਐਡਵੋਕੇਟ ਅਮਰਦੀਪ ਸਿੰਘ ਧਾਰਨੀ ਪਾਰਟੀ ਦੇ ਇੱਕ ਨਿਰਧਾਰਕ ਜਰਨੈਲ ਹਨ ਤੇ ਉਹ ਪਾਰਟੀ ਦੀ ਚੜ੍ਹਦੀਕਲਾ ਤੇ ਸਰਕਾਰ ਦੀਆਂ ਨਾਕਾਮੀਆਂ ਨੂੰ ਸਾਹਮਣੇ ਲਿਆਉਣ ਵਿੱਚ ਹਮੇਸ਼ਾ ਯਤਨਸ਼ੀਲ ਰਹੇ ਹਨ ਤੇ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੱਡਾ ਮਾਣ-ਸਨਮਾਨ ਦਿੱਤਾ ਗਿਆ ਹੈ। ਇਸ ਮੌਕੇ 'ਤੇ ਨਵ-ਨਿਯੁਕਤ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਐਡਵੋਕੇਟ ਅਮਰਦੀਪ ਸਿੰਘ ਧਾਰਨੀ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ 'ਤੇ ਜੋ ਪਾਰਟੀ ਵੱਲੋਂ ਵਿਸ਼ਵਾਸ ਪ੍ਰਗਟ ਕੀਤਾ ਗਿਆ ਹੈ, ਉਸ 'ਤੇ ਉਹ ਹਰ ਹਾਲ ਵਿੱਚ ਖਰਾ ਉਤਰਨਗੇ ਤੇ ਪਾਰਟੀ ਦੀ ਚੜ੍ਹਦੀਕਲਾ ਲਈ ਦਿਨ-ਰਾਤ ਇੱਕ ਕਰਕੇ ਕੰਮ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ, ਹਰਜੀਤ ਸਿੰਘ ਅਲੀਪੁਰ ਰਿਕਾਰਡ ਕੀਪਰ ਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

# ਸ੍ਰੀ ਕ੍ਰਿਸ਼ਨ ਮੰਦਰ ਵਿਖੇ ਹੋਲੀ ਦਾ ਪਵਿੱਤਰ ਤਿਉਹਾਰ ਮਨਾਇਆ

ਮੰਡੀ ਗੋਬਿੰਦਗੜ੍ਹ, 6 ਮਾਰਚ (ਸੂਦ): ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਭਗਵਾਨ ਆਸ਼ੂਤੋਸ਼ ਭੋਲੇਨਾਥ ਦੇ ਆਸ਼ੀਰਵਾਦ ਤੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਹੋਲੀ ਤਿਉਹਾਰ ਮਨਾਇਆ ਗਿਆ। ਮੰਦਰ ਦੇ ਪੁਜਾਰੀ ਪੰਡਿਤ ਅਸ਼ੋਕ ਸ਼ਰਮਾ ਤੇ ਪੰਡਿਤ ਸ਼ੁਭਮ ਦੁਆਰਾ ਸ੍ਰੀ ਰਾਧਾ ਕ੍ਰਿਸ਼ਨ ਤੇ ਭਗਵਾਨ ਸ਼ਿਵ ਦੀ ਪੂਜਾ ਉਪਰੰਤ ਹੋਲੀ ਤਿਉਹਾਰ ਦਾ ਸੰਕੀਰਤਨ ਕੀਤਾ ਗਿਆ। ਸ਼ਿਵ ਭਗਤ ਜਨ ਸੇਵਾ ਸੰਮਤੀ ਦੇ ਪ੍ਰਧਾਨ ਅੰਕਿਤ ਮੋਦਗਿਲ, ਸਕੱਤਰ ਲਵ ਧਵਨ ਤੇ ਖਜ਼ਾਨਚੀ ਗੌਰਵ ਸੋਈ ਨੇ ਦੱਸਿਆ ਕਿ ਵਿਸ਼ੇਸ਼ ਸਹਿਯੋਗ ਸੰਸਥਾ ਦੇ ਮੈਂਬਰ ਲੁਧਿਆਣਾ ਨਿਵਾਸੀ ਅੰਕੁਰ ਗਰਗ ਦਾ ਰਿਹਾ।ਭਜਨ ਗਾਇਕ ਅੰਕਿਤ ਮੋਦਗਿਲ ਦੀ ਮੌਜੂਦਗੀ ਵਿੱਚ ਸ੍ਰੀ ਗਣੇਸ਼ ਤੇ ਹਨੂੰਮਾਨ ਦੀ ਪੂਜਾ ਕੀਤੀ ਗਈ, ਜਿਸ ਉਪਰੰਤ ਭਜਨ ਨਾਈਟਿੰਗੇਲ ਨੀਰੂ ਨੂਰ ਨੇ ਹੋਲੀ ਭਜਨ ਜਿਵੇਂ 'ਹੋਲੀ ਖੇਲਨੀ ਐ ਅਜ ਤੇਰੇ ਨਾਲ ਵ੍ਰਿੰਦਾਵਨ ਰਹਿਨ ਵਾਲਿਆ', 'ਅੱਜ ਬ੍ਰਜ ਮੈਂ ਹੋਲੀ ਰੇ ਰਸੀਆ', 'ਹੋਲੀ ਖੇਲਨ ਆਇਆ ਸ਼ਾਮ', 'ਹੋਲੀ ਖੇਲ ਮਸਾਨੇ ਮੈਂ', 'ਹੋਰੀ ਖੇਲੇ ਰਘੁਵੀਰਾ ਅਵਧ ਮੈਂ' ਆਦਿ ਸਾਮਲ ਸਨ। ਸ਼ਰਧਾਲੂਆਂ ਨੇ ਖੁਸ਼ੀ ਨਾਲ ਨੱਚ ਟੱਪ ਕੇ ਇਹ ਦਿਹਾੜਾ ਮਨਾਇਆ ਤੇ ਸ੍ਰੀ ਕ੍ਰਿਸ਼ਨ ਮੰਦਰ ਦੇ ਵਿਹੜੇ 'ਚ ਭਗਵਾਨ ਭੋਲੇਨਾਥ ਤੇ ਸ੍ਰੀ ਰਾਧਾ ਕ੍ਰਿਸ਼ਨ ਨੂੰ ਹੋਲੀ ਗੁਲਾਲ ਲਗਾ ਕੇ ਤੇ ਫੁੱਲਾਂ ਨਾਲ ਹੋਲੀ ਖੇਡੀ।ਅੰਤ ਵਿੱਚ ਆਰਤੀ ਉਪਰੰਤ ਪ੍ਰਸ਼ਾਦ ਵੰਡ ਕੇ ਆਸ਼ੀਰਵਾਦ ਹਾਸਲ ਕੀਤਾ। ਇਸ ਮੌਕੇ ਅਨਿਲ ਅਗਰਵਾਲ, ਪਿੰਕੀ, ਸੁਨੀਲ ਮਿੱਤਲ, ਦਰਸ਼ਨ ਸ਼ਰਮਾ, ਅਮਨ ਸ਼ਰਮਾ, ਨਰਿੰਦਰ ਭਾਟੀਆ, ਮੋਹਿਤ ਸ਼ਰਮਾ, ਰੋਹਿਤ ਸ਼ਰਮਾ, ਰੋਹਿਤ ਧਵਨ, ਲਵ ਧਵਨ, ਪਰਵੀਨ ਸੇਠੀ, ਸੁਰਿੰਦਰ ਬਾਂਸਲ, ਮਨੀਸ਼ ਸ਼ਾਰਦਾ, ਜੋਗਿੰਦਰ ਪਾਲ ਮਦਾਨ, ਕਮਲ ਰਾਠੌਰ, ਮਾਨਵ ਸ਼ਰਮਾ, ਮਾਸਟਰ ਕ੍ਰਿਸ਼ਨ ਕੁਮਾਰ, ਪ੍ਰਿੰਸ ਸ਼ਰਮਾ, ਐਚ.ਡੀ.ਸ਼ਰਮਾ ਤੇ ਸ਼ਿਵਦੇਵ ਸ਼ਰਮਾ ਹਾਜ਼ਰ ਸਨ।



# ਵਿਮਲ ਮਡਾਲ ਬਲਾਕ ਚੇਅਰਪਰਸਨ ਬਣੀ



ਭੋਗਪੁਰ, 6 ਮਾਰਚ (ਜੰਡੀਰ ਸੈਨੀ): ਭੋਗਪੁਰ ਦੇ ਬੀਡੀਪੀਓ ਬਲਾਕ ਵਿੱਚ ਅੱਜ ਸਾਬਕਾ ਮੰਤਰੀ ਬਲਕਾਰ ਸਿੰਘ ਐਮਐਲਏ ਦੀ ਅਗਵਾਈ ਹੇਠ ਖਾਸ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਪਿੰਡਾਂ ਦੇ ਪੰਚ-ਸਰਪੰਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਹੋਰ ਵੀ ਕਈ ਲੋਕ ਸ਼ਾਮਲ ਹੋਏ। ਇਸ ਮੌਕੇ 'ਤੇ ਭੋਗਪੁਰ ਬਲਾਕ ਦੀ ਚੇਅਰਪਰਸਨ ਬੀਬੀ ਵਿਮਲ ਮਡਾਲ ਨੂੰ ਚੁਣਿਆ ਗਿਆ। ਐਮਐਲਏ ਬਲਕਾਰ ਸਿੰਘ ਨੇ ਸਿਰੋਪਾਓ ਨਾਲ ਸਨਮਾਨਤ ਕੀਤਾ। ਬੀਬੀ ਵਿਮਲ ਮਡਾਲ ਨੇ ਆਮ ਆਦਮੀ ਪਾਰਟੀ ਹਾਈ ਕਮਾਂਡ ਦਾ ਤੇ ਬਲਕਾਰ ਸਿੰਘ ਐਮਐਲਏ ਦਾ ਧੰਨਵਾਦ ਕੀਤਾ ਕਿਹਾ ਕਿ ਉਨ੍ਹਾਂ ਨੂੰ ਜੋ ਚੇਅਰਪਰਸਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਉਹ ਇਮਾਨਦਾਰੀ ਤੇ ਮਿਹਨਤ ਦੇ ਨਾਲ ਨਿਭਾਉਣਗੇ। ਲੋਕਾਂ ਦੀ ਸੇਵਾ ਕਰਦੇ ਰਹਿਣਗੇ। ਇਸ ਮੌਕੇ 'ਤੇ ਗੁਰ ਇਕਬਾਲ ਸਿੰਘ ਸੀਨੀਅਰ ਆਗੂ ਆਪ, ਬੂਟਾ ਸਿੰਘ ਟੀਟੂ ਬਲਾਕ ਪ੍ਰਧਾਨ, ਅਮਰਜੀਤ ਕੋਆਡੀਨੇਟਰ, ਪਰਮਜੀਤ ਪੰਮਾ ਸੰਗਠਨ ਇੰਚਾਰਜ ਆਦਿ ਹਾਜ਼ਰ ਸਨ।

# ਦਿਵਿਆਂਗ ਵਿਦਿਆਰਥੀਆਂ ਲਈ ਸਮਾਨ ਵੰਡ ਕੈਂਪ ਲਗਾਇਆ

ਫ਼ਿਰੋਜ਼ਪੁਰ, 6 ਮਾਰਚ (ਤਿਵਾੜੀ): ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾਂ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ) ਫਿਰੋਜ਼ਪੁਰ ਸੁਨੀਤਾ ਰਾਣੀ ਤੇ ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ) ਕੋਮਲ ਅਰੋੜਾ ਦੀ ਅਗਵਾਈ ਹੇਠ 2 ਤੇ 3 ਮਾਰਚ ਨੂੰ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਫ਼ਿਰੋਜ਼ਪੁਰ, ਤਲਵੰਡੀ ਭਾਈ, ਮੱਖੂ ਤੇ ਗੁਰੂਹਰਸਹਾਏ ਕੇਂਦਰਾਂ ਵਿੱਚ ਦਿਵਿਆਂਗ ਵਿਦਿਆਰਥੀਆਂ ਲਈ ਵਿਸ਼ੇਸ਼ ਸਮਾਨ ਵੰਡ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਦੌਰਾਨ ਸਾਲ 2025 ਵਿੱਚ ਲੱਗੇ ਅਸੈਸਮੈਂਟ ਕੈਂਪਾਂ ਦੌਰਾਨ ਡਾਕਟਰੀ ਮਾਹਿਰ ਟੀਮਾਂ ਵੱਲੋਂ ਸਿਫ਼ਾਰਸ਼ ਕੀਤੇ ਗਏ ਸਹਾਇਕ ਉਪਕਰਨਾਂ ਦੀ ਵੰਡ ਕੀਤੀ ਗਈ। ਜਿਸ ਵਿੱਚ ਕੁੱਲ 269 ਦਿਵਿਆਂਗ ਬੱਚਿਆਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਵੀਲ੍ਹ ਚੇਅਰਾਂ, ਟਰਾਈ ਸਾਈਕਲਾਂ, ਬੈਟਰੀ ਵਾਲੀਆਂ ਸਾਈਕਲਾਂ, ਸੁਣਨ ਯੰਤਰ (ਕੰਨਾਂ ਵਾਲੀਆਂ ਮਸ਼ੀਨਾਂ), ਟੀ.ਐਲ.ਐਮ. ਕਿੱਟਾਂ ਤੇ ਸਮਾਰਟ ਫੋਨ ਆਦਿ ਉਪਕਰਨ ਪ੍ਰਦਾਨ ਕੀਤੇ ਗਏ। ਕੈਂਪ ਦੌਰਾਨ ਬੱਚਿਆਂ ਦੇ ਮਾਪਿਆਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦੇ ਹੋਏ ਵਿਭਾਗ ਦੇ ਇਸ ਉਪਰਾਲੇ ਦੀ ਸਰਾਹਨਾ ਕੀਤੀ ਤੇ ਕਿਹਾ ਕਿ ਇਸ ਤਰ੍ਹਾਂ ਦੇ ਯਤਨਾਂ ਨਾਲ ਦਿਵਿਆਂਗ ਬੱਚਿਆਂ ਨੂੰ ਸਿੱਖਿਆ ਦੀ ਮੁੱਖ ਧਾਰਾ ਨਾਲ ਜੋੜਨ ਵਿੱਚ ਵੱਡੀ ਮਦਦ ਮਿਲੇਗੀ। ਇਸ ਮੌਕੇ ਜ਼ਿਲ੍ਹਾ ਸਿੱਖਿਆ ਦਫ਼ਤਰ ਤੋਂ ਡਿਪਟੀ ਡਿਸਟ੍ਰਿਕਟ ਐਜੂਕੇਸ਼ਨ ਅਫ਼ਸਰ, ਸਮੂਹ ਬਲਾਕਾਂ ਦੇ ਆਈ.ਈ.ਆਰ.ਟੀ., ਸਪੈਸ਼ਲ ਐਜੂਕੇਟਰ ਤੇ ਅਲਿਮਕੋ ਟੀਮ ਦੇ ਮੈਂਬਰ ਵੀ ਹਾਜ਼ਰ ਸਨ, ਜਿਨ੍ਹਾਂ ਨੇ ਉਪਕਰਨਾਂ ਦੀ ਵੰਡ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਪੂਰਾ ਕਰਵਾਇਆ। ਅਧਿਕਾਰੀਆਂ ਨੇ ਕਿਹਾ ਕਿ ਸਰਕਾਰ ਦਾ ਮਕਸਦ ਹਰ ਬੱਚੇ ਤੱਕ ਗੁਣਵੱਤਾ ਯੁਕਤ ਸਿੱਖਿਆ ਤੇ ਜ਼ਰੂਰੀ ਸਹੂਲਤਾਂ ਪਹੁੰਚਾਉਣਾ ਹੈ ਤਾਂ ਜੋ ਕੋਈ ਵੀ ਬੱਚਾ ਸਰੀਰਕ ਅਸਮਰਥਾ ਕਾਰਨ ਪਿੱਛੇ ਨਾ ਰਹਿ ਜਾਵੇ। ਕੈਂਪ ਦਾ ਮਾਹੌਲ ਉਤਸ਼ਾਹਪੂਰਨ ਰਿਹਾ ਤੇ ਬੱਚਿਆਂ ਦੇ ਚਿਹਰਿਆਂ 'ਤੇ ਖ਼ੁਸ਼ੀ ਸਪਸ਼ਟ ਦਿਖਾਈ ਦਿੱਤੀ, ਜੋ ਇਸ ਉਪਰਾਲੇ ਦੀ ਸਫਲਤਾ ਨੂੰ ਦਰਸਾਉਂਦੀ ਹੈ।



# ਇੰਗਲੈਂਡ 'ਚ ਮਹਿਲਾ ਦਾ ਕਤਲ ਕਰਨ ਵਾਲਾ ਸ਼ੇਰ ਸਿੰਘ ਨਜਾਇਜ਼ ਅਸਲੇ ਸਮੇਤ ਕਾਬੂ



ਬਠਿੰਡਾ, 6 ਮਾਰਚ (ਦੀਪਕ ਸ਼ਰਮਾ): ਬਠਿੰਡਾ ਪੁਲਿਸ ਨੇ ਇੱਕ ਵੱਡੀ ਕਾਮਯਾਬੀ ਹਾਸਲ ਕਰਦਿਆਂ ਇੱਕ ਅਜਿਹੇ ਖ਼ਤਰਨਾਕ ਮੁਲਜ਼ਮ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਦੇ ਤਾਰ ਅੰਤਰਰਾਸ਼ਟਰੀ ਪੱਧਰ ਦੇ ਕਤਲ ਕੇਸ ਅਤੇ ਜੇਲ੍ਹ ਤੋੜਨ ਵਰਗੀਆਂ ਸੰਗੀਨ ਵਾਰਦਾਤਾਂ ਨਾਲ ਜੁੜੇ ਹੋਏ ਹਨ। ਸੀਆਈਏ ਸਟਾਫ਼-2 ਦੀ ਟੀਮ ਨੇ ਇੰਗਲੈਂਡ ਵਿੱਚ ਇੱਕ ਮਹਿਲਾ ਦੇ ਕਤਲ ਦੇ ਕਥਿਤ ਦੋਸ਼ੀ ਅਤੇ ਪਟਿਆਲਾ ਦੀ ਜੇਲ੍ਹ ਵਿੱਚੋਂ ਫ਼ਰਾਰ ਹੋਏ ਸ਼ੇਰ ਸਿੰਘ ਨੂੰ ਇੱਕ ਅਤਿ-ਆਧੁਨਿਕ 9 ਐਮ.ਐਮ. ਗਲੋਕ ਪਿਸਤੌਲ ਅਤੇ ਜਿੰਦਾ ਕਾਰਤੂਸਾਂ ਸਮੇਤ ਕਾਬੂ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਸਥਾਨਕ ਸੈਕਟਰੀਏਟ ਵਿੱਚ ਕੀਤੀ ਗਈ ਪ੍ਰੈਸ ਵਾਰਤਾ ਦੌਰਾਨ ਐਸਪੀ (ਡੀ) ਜਸਮੀਤ ਸਿੰਘ ਨੇ ਦੱਸਿਆ ਕਿ ਪੁਲਿਸ ਦੀ ਇੱਕ ਵਿਸ਼ੇਸ਼ ਟੀਮ ਰਿੰਗ ਰੋਡ ਇਲਾਕੇ ਵਿੱਚ ਗਸ਼ਤ ਕਰ ਰਹੀ ਸੀ, ਜਿਸ ਦੌਰਾਨ ਸ਼ੱਕ ਦੇ ਅਧਾਰ 'ਤੇ ਇੱਕ ਵਿਅਕਤੀ ਰੋਕਿਆ ਗਿਆ ਜਿਸ ਦੀ ਪਛਾਣ। ਅੰਮ੍ਰਿਤਸਰ ਦੇ ਰਹਿਣ ਵਾਲੇ ਸ਼ੇਰ ਸਿੰਘ ਵਜੋਂ ਹੋਈ। ਤਲਾਸ਼ੀ ਦੌਰਾਨ ਉਸ ਕੋਲੋਂ ਇੱਕ ਵਿਦੇਸ਼ੀ ਗਲੋਕ ਪਿਸਤੌਲ ਤੇ 4 ਜਿੰਦਾ ਕਾਰਤੂਸ ਬਰਾਮਦ ਹੋਏ। ਮੁੱਢਲੀ ਪੁੱਛਗਿੱਛ ਦੌਰਾਨ ਜੋ ਖੁਲਾਸੇ ਹੋਏ। ਐਸਪੀਡੀ ਜਸਮੀਤ ਸਿੰਘ ਨੇ ਅੱਗੇ ਦੱਸਿਆ ਕਿ ਮੁਲਜ਼ਮ ਸ਼ੇਰ ਸਿੰਘ ਪਹਿਲਾਂ ਯੂਨਾਈਟਿਡ ਕਿੰਗਡਮ ਵਿੱਚ ਰਹਿੰਦਾ ਸੀ, ਜਿੱਥੇ ਉਸ ਨੇ ਸਾਲ 2009 ਵਿੱਚ ਇੱਕ ਮਹਿਲਾ ਦਾ ਕਤਲ ਕਰ ਦਿੱਤਾ ਸੀ। ਇਸ ਮਾਮਲੇ ਵਿੱਚ ਉੱਥੋਂ ਦੀ ਅਦਾਲਤ ਨੇ ਉਸ ਨੂੰ ਸਜ਼ਾ ਸੁਣਾਈ ਸੀ ਅਤੇ ਉਹ ਇੰਗਲੈਂਡ ਦੀ ਜੇਲ੍ਹ ਵਿੱਚ ਸਜ਼ਾ ਕੱਟ ਰਿਹਾ ਸੀ। ਸਾਲ 2018 ਵਿੱਚ ਅੰਤਰਰਾਸ਼ਟਰੀ ਕਾਨੂੰਨੀ ਪ੍ਰਕਿਰਿਆ ਤਹਿਤ ਉਸ ਨੂੰ ਬਾਕੀ ਰਹਿੰਦੀ ਸਜ਼ਾ ਕੱਟਣ ਲਈ ਭਾਰਤ ਟ੍ਰਾਂਸਫਰ ਕਰ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਉਸ ਨੂੰ ਪਟਿਆਲਾ ਦੀ ਤ੍ਰਿਪੜੀ ਜੇਲ੍ਹ ਵਿੱਚ ਰੱਖਿਆ ਗਿਆ।

ਪੁਲਿਸ ਅਧਿਕਾਰੀ ਅਨੁਸਾਰ, ਸ਼ੇਰ ਸਿੰਘ ਸਾਲ 2021 ਵਿੱਚ ਆਪਣੇ ਦੋ ਹੋਰ ਸਾਥੀਆਂ ਜਸਪ੍ਰੀਤ ਤੇ ਇੰਦਰਜੀਤ ਨਾਲ ਪਟਿਆਲਾ ਜੇਲ੍ਹ ਵਿੱਚੋਂ ਫ਼ਰਾਰ ਹੋ ਗਿਆ ਸੀ। ਹਾਲਾਂਕਿ ਉਸ ਦੇ ਸਾਥੀ ਫੜੇ ਗਏ ਸਨ, ਪਰ ਸ਼ੇਰ ਸਿੰਘ ਉਦੋਂ ਤੋਂ ਹੀ ਪੁਲਿਸ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਫ਼ਰਾਰ ਚੱਲ ਰਿਹਾ ਸੀ। ਹੁਣ ਪੁਲਿਸ ਵੱਲੋਂ ਮੁਲਜ਼ਮ ਦਾ ਰਿਮਾਂਡ ਹਾਸਲ ਕਰਕੇ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਉਹ ਬਠਿੰਡਾ ਵਿੱਚ ਇਹ ਨਜਾਇਜ਼ ਅਸਲਾ ਕਿਸ ਕੋਲੋਂ ਲੈ ਕੇ ਆਇਆ ਸੀ ਅਤੇ ਉਸ ਦੇ ਅਗਲੇ ਮਨਸੂਬੇ ਕੀ ਸਨ।

# ਖੇਤੀਬਾੜੀ ਵਿਭਾਗ ਵੱਲੋਂ ਚਿੱਟੀ ਮੱਖੀ ਦੀ ਪਨਾਹਗਾਹ ਨਦੀਨ ਨਸ਼ਟ ਮੁਹਿੰਮ ਸਬੰਧੀ ਬੈਠਕ



ਬਠਿੰਡਾ, 6 ਮਾਰਚ (ਜਗਸੀਰ ਭੁੱਲਰ): ਰਾਜੇਸ਼ ਧੀਮਾਨ ਡਿਪਟੀ ਕਮਿਸ਼ਨਰ ਬਠਿੰਡਾ ਦੀ ਰਹਿਨੁਮਾਈ ਹੇਠ ਜ਼ਿਲ੍ਹੇ ਵਿੱਚ ਚਿੱਟੀ ਮੱਖੀ ਦੀ ਪਨਾਹਗਾਹ ਨਦੀਨਾਂ ਨੂੰ ਨਸ਼ਟ ਕਰਨ ਸਬੰਧੀ ਖੇਤੀਬਾੜੀ ਵਿਭਾਗ ਵੱਲੋਂ ਅਹਿਮ ਬੈਠਕ ਕੀਤੀ ਗਈ। ਬੈਠਕ ਦੀ ਪ੍ਰਧਾਨਗੀ ਕਰਦਿਆਂ ਸਹਾਇਕ ਕਮਿਸ਼ਨਰ ਰਮਨਜੀਤ ਨੇ ਵੱਖ-ਵੱਖ ਵਿਭਾਗਾਂ ਨੂੰ ਹਦਾਇਤ ਕੀਤੀ ਗਈ ਕਿ ਨਦੀਨ ਨਸ਼ਟ ਮੁਹਿੰਮ ਵਿਚ ਖੇਤੀਬਾੜੀ ਵਿਭਾਗ ਦਾ ਵੱਧ ਤੋਂ ਵੱਧ ਸਹਿਯੋਗ ਕੀਤਾ ਜਾਵੇ ਅਤੇ ਕੀਤੀ ਕਾਰਗੁਜ਼ਾਰੀ ਦੀ ਹਫ਼ਤਾਵਾਰੀ ਰਿਪੋਰਟ ਖੇਤੀਬਾੜੀ ਵਿਭਾਗ ਨੂੰ ਭੇਜੀ ਜਾਵੇ। ਇਸ ਮੌਕੇ ਉਨ੍ਹਾਂ ਨਾਲ ਬਲਕਰਨ ਸਿੰਘ ਉਪ ਮੰਡਲ ਮੈਜਿਸਟ੍ਰੇਟ ਬਠਿੰਡਾ, ਵੀਰਪਾਲ ਕੌਰ ਉਪ ਮੰਡਲ ਮੈਜਿਸਟ੍ਰੇਟ ਰਾਮਪੁਰਾ ਫੂਲ, ਰਾਕੇਸ਼ ਸ਼ਰਮਾ ਉਪ ਮੰਡਲ ਮੈਜਿਸਟ੍ਰੇਟ ਤਲਵੰਡੀ ਸਾਬੋ, ਡਾ. ਹਰਬੰਸ ਸਿੰਘ ਸਿੱਧੂ ਮੁੱਖ ਖੇਤੀਬਾੜੀ ਅਫਸਰ ਤੇ ਹੋਰਨਾਂ ਵਿਭਾਗਾਂ ਦੇ ਮੁਖੀ ਹਾਜ਼ਰ ਸਨ। ਹਰਬੰਸ ਸਿੰਘ ਸਿੱਧੂ ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਜਨਵਰੀ 2026 ਤੋਂ ਨਰਮੇ ਦੀ ਫਸਲ ਨੂੰ ਗੁਲਾਬੀ ਸੁੰਡੀ ਦੇ ਹਮਲੇ ਤੋਂ ਬਚਾਉਣ ਲਈ ਛਟੀਆਂ ਦਾ ਖਾਤਮਾ ਕਰਨ ਅਤੇ ਜਿੰਨਿੰਗ ਫੈਕਟਰੀਆਂ ਦੀ ਸਫਾਈ ਦੀ ਮੁਹਿੰਮ ਸਬੰਧੀ ਸਪੈਸ਼ਲ ਵਾਹਨ ਚਲਾਕੇ ਆਡਿਓ ਕੈਸਟਾਂ ਰਾਹੀ ਕਿਸਾਨਾਂ ਨੂੰ ਜਾਗਰੂਕ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਫ਼ਰਵਰੀ 2026 ਤੋਂ ਚਿੱਟੀ ਮੱਖੀ ਦੇ ਪਨਾਹਗੀਰ ਨਦੀਨ ਨਸ਼ਟ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਤੇ ਵੱਖ-ਵੱਖ ਵਿਭਾਗਾਂ ਦੇ ਸਹਿਯੋਗ ਨਾਲ ਵਿਸੇਸ ਮੁਹਿੰਮ ਚਲਾਕੇ ਨਦੀਨ ਨਸ਼ਟ ਕਰਵਾਏ ਜਾ ਰਹੇ ਹਨ। ਇਸ ਤੋਂ ਇਲਾਵਾ ਵਾਹਨ ਚਲਾਕੇ ਆਡਿਓ ਕੈਸਟਾਂ ਰਾਹੀ ਵੀ ਕਿਸਾਨਾਂ ਨੂੰ ਨਦੀਨ ਨਸ਼ਟ ਕਰਨ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਚਿੱਟੀ ਮੱਖੀ ਨਰਮੇ ਦੀ ਬਿਜਾਈ ਤੋਂ ਪਹਿਲਾਂ ਖਾਲੀ ਥਾਵਾਂ, ਸੜਕਾਂ ਦੇ ਕਿਨਾਰਿਆਂ ਤੇ ਖਾਲਿਆਂ ਦੀਆਂ ਵੱਟਾਂ ਤੇ ਬੇਕਾਰ ਪਈ ਜ਼ਮੀਨ ਵਿੱਚ ਉੱਗੇ ਨਦੀਨ ਜਿਵੇਂ ਕਿ ਕੰਘੀ ਬੂਟੀ, ਪੀਲੀ ਬੂਟੀ, ਪੁੱਠ ਕੰਡਾ, ਕਾਂਗਰਸ ਘਾਹ, ਧਤੂਰਾ, ਭੰਗ, ਗੁੱਤ ਪਟਨਾ, ਭੱਖੜਾ, ਇੱਟ ਸਿੱਟ ਆਦਿ 'ਤੇ ਪਲਦੀ ਹੈ। ਇਸ ਲਈ ਚਿੱਟੀ ਮੱਖੀ ਨੂੰ ਕੰਟਰੋਲ ਕਰਨ ਲਈ ਉਪਰੋਕਤ ਨਦੀਨਾਂ ਨੂੰ ਨਸ਼ਟ ਕਰਨਾ ਬਹੁਤ ਜਰੂਰੀ ਹੈ। ਅਜਿਹਾ ਕਰਨ ਨਾਲ ਚਿੱਟੀ ਮੱਖੀ ਦੇ ਪ੍ਰਕੋਪ ਨੂੰ ਸ਼ੁਰੂਆਤੀ ਪੱਧਰ ਤੇ ਹੀ ਕਾਬੂ ਕੀਤਾ ਜਾ ਸਕਦਾ ਹੈ। ਨਾਲ ਹੀ ਵਿਭਾਗ ਵੱਲੋਂ ਕੀੜੇ-ਮਕੌੜਿਆਂ ਦੇ ਸਰਵੇਖਣ ਲਈ ਜ਼ਿਲ੍ਹਾ ਬਠਿੰਡਾ ਚ 44 ਟੀਮਾਂ ਦਾ ਗਠਨ ਕੀਤਾ ਗਿਆ ਹੈ ਤਾਂ ਜੋ ਇਸ ਸਬੰਧੀ ਨਜ਼ਰਸਾਨੀ ਕੀਤੀ ਜਾਵੇ।

ਕਪਾਹ 2026 ਦੀ ਵਿਓਂਤਬੰਦੀ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਮਾਰਚ 2026 ਤੋਂ ਨਰਮੇ ਦੀ ਫਸਲ ਪ੍ਰਤੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਪਿੰਡ ਵਾਰ ਕਿਸਾਨ ਸਿਖਲਾਈ ਕੈਂਪ ਫਸਲ ਪੱਕਣ ਤੱਕ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਕਿਸਾਨ ਵੀਰਾਂ ਨੂੰ ਨਰਮੇ ਦੀ ਸਮੇਂ ਸਿਰ ਬਿਜਾਈ ਲਈ ਉਤਸ਼ਾਹਿਤ ਕਰਨਾ ਅਤੇ ਗੈਰ ਪ੍ਰਮਾਣਿਤ ਕਿਸਮਾਂ ਦੀ ਬਿਜਾਈ ਨਾ ਕਰਨ ਬਾਰੇ ਦੱਸਿਆ ਜਾਵੇਗਾ। ਨਾਲ ਹੀ ਨਦੀਨ ਨਸ਼ਟ ਕਰਨ ਸਬੰਧੀ ਅਤੇ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਵੱਖ-ਵੱਖ ਤਰਾਂ ਦਾ ਲਿਟਰੇਚਰ ਕਿਸਾਨਾਂ ਨੂੰ ਵੰਡਿਆ ਜਾਵੇਗਾ।

# ਹਨੂਮੰਤ ਧਾਮ ਵਿਖੇ 21ਵਾਂ ਸਾਲਾਨਾ ਉਤਸਵ ਸਪੰਨ



ਲਹਿਰਾਗਾਗਾ, 6 ਫਰਵਰੀ (ਰਾਮੇਸ਼ਵਰ ਸ਼ਰਮਾ/ਖੁਸਵਿੰਦਰ ਸ਼ਰਮਾ): ਸ੍ਰੀ ਹਨੂਮੰਤ ਧਾਮ ਜਾਖਲ ਰੋਡ ਵਿਖੇ 21ਵੀਂ ਮੂਰਤੀ ਸਥਾਪਨਾ ਦੇ ਉਪਲਕਸ਼ ਵਿੱਚ ਸਾਲਾਨਾ ਜਾਗਰਣ ਕਰਵਾਇਆ ਗਿਆ। ਜਿਸ ਵਿਚ ਜਾਗਰਣ ਦੀ ਸ਼ੁਰੂਆਤ ਭਜਨ ਗਾਇਕ ਰਾਮੇਸ਼ਵਰ ਸ਼ਰਮਾ ਵੱਲੋਂ ਕੀਤੀ ਗਈ ਅਤੇ ਭਜਨ ਗਾਇਕਾ ਗੋਰੀ ਸਾਕਸ਼ੀ ਵ੍ਰਿੰਦਾਵਨ ਵਾਲਿਆਂ ਨੇ ਆਪਣੇ ਭਜਨਾ ਰਾਹੀਂ ਭਗਤਾਂ ਨੂੰ ਮੰਤਰ ਮੁਗਧ ਕਰੀ ਰੱਖਿਆ। ਇਸ ਮੌਕੇ ਤੇ ਮੁੱਖ ਮਹਿਮਾਨ ਦੇ ਤੌਰ ਤੇ ਕੈਬਿਨਟ ਮੰਤਰੀ ਬਰਿੰਦਰ ਗੋਇਲ ਪੰਜਾਬ ਸਰਕਾਰ, ਪਰਮਿੰਦਰ ਸਿੰਘ ਢੀਂਡਸਾ ਸਾਬਕਾ ਖਜ਼ਾਨਾ ਮੰਤਰੀ ਪੰਜਾਬ, ਬਲਕਾਰ ਸਿੰਘ, ਡਾ. ਦੇਵ ਰਾਜ ਬਠਿੰਡ ਵਾਲੇ, ਲੱਖਾ ਰਾਮ ਚੇਅਰਮੈਨ ਧੂਰੀ, ਬਲਬੀਰ ਧੂਰ ਕਲੋਰਾਇਜ਼ਰ ਕੈਥਲ, ਸ਼ਾਮ ਲਾਲ ਸੰਗਰੂਰ, ਹੈਪੀ ਬਰੇਟਾ, ਪ੍ਰਿੰਸ ਗਰਗ ਚੇਅਰਮੈਨ ਲਹਿਰਾ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦਾ ਮੁੱਖ ਆਕਰਸ਼ਨ ਛਪਣ ਭੋਗ, ਸੁੰਦਰ ਦਰਬਾਰ ਤੇ ਫੁੱਲਾ ਦੀ ਹੋਲੀ ਸੀ। ਫੁੱਲਾਂ ਦੀ ਹੋਲੀ ਵਿੱਚ ਬਰਸਾਨੇ ਦੀ ਹੋਲੀ ਦਾ ਰੰਗ ਦਿਖਾਇਆ ਗਿਆ। ਬਰਿੰਦਰ ਗੋਇਲ ਕੈਬਿਨਟ ਮੰਤਰੀ ਪੰਜਾਬ ਸਰਕਾਰ ਨੇ ਆਪਣੇ ਸੰਬੋਧਨ ਵਿੱਚ ਲੋਕਾਂ ਨੂੰ ਦੱਸਿਆ ਕਿ ਇਸ ਮੰਦਿਰ ਨੇ ਕਿੱਥੋਂ ਤੋਂ ਸ਼ੁਰੂ ਹੋ ਕੇ ਕਿੱਥੇ ਤੱਕ ਜਾ ਕੇ ਤਰੱਕੀ ਕੀਤੀ ਹੈ, ਇੱਥੇ ਬਾਲਾ ਜੀ ਦਾ ਵਿਸ਼ੇਸ਼ ਅਸ਼ੀਰਵਾਦ ਪ੍ਰਾਪਤ ਹੈ ਤੇ ਬਾਲਾਜੀ ਹਮੇਸ਼ਾ ਇੱਥੇ ਸ਼ਾਖਸ਼ਾਤ ਬਿਰਾਜਮਾਨ ਰਹਿੰਦੇ ਹਨ। ਜੋ ਵੀ ਕੋਈ ਮਨੋਕਾਮਨਾ ਇਥੇ ਮੰਗਦਾ ਹੈ, ਉਹ ਹਰ ਮਨੋਕਾਮਨਾ ਇੱਥੇ ਪੂਰੀ ਹੁੰਦੀ ਹੈ। ਓਹਨਾ ਨੇ ਆਪਣੇ ਸ਼ਬਦਾਂ ਵਿੱਚ ਮੰਦਿਰ ਕਮੇਟੀ ਦੀ ਬਹੁਤ ਸ਼ਲਾਘਾ ਕੀਤੀ।ਇਸ ਮੌਕੇ ਤੇ ਚੇਅਰਮੈਨ ਸੰਜੈ ਸਿੰਗਲਾ, ਪ੍ਰਧਾਨ ਸੰਜੈ ਗਰਗ, ਕੈਸ਼ੀਅਰ ਰਾਕੇਸ਼ ਸਿੰਗਲਾ, ਮੁੱਖ ਸਕੱਤਰ ਰਾਜੀਵ ਸ਼ਰਮਾ, ਵਾਈਸ ਪ੍ਰਧਾਨ ਰਵੀ ਗਰਗ, ਪ੍ਰੋਜੈਕਟ ਚੇਅਰਮੈਨ ਅਮਨ ਬਾਂਸਲ, ਸੰਜੁਕਤ ਸਕੱਤਰ ਨਵਨੀਸ਼ ਮਾਸਟਰ, ਲੰਗਰ ਚੇਅਰਮੈਨ ਪਰਵੀਨ ਗਾਗਾ, ਪ੍ਰੈਸ ਸਕੱਤਰ ਵਿਜੈ ਗੋਇਲ, ਅਰੁਣ ਸਿੰਗਲਾ, ਮਨੋਹਰ ਸਿੰਗਲਾ, ਰਾਜੇਸ਼ ਬਾਂਸਲ, ਕ੍ਰਿਸ਼ਨ ਲੋਹਟੀਆ, ਲੋਕੇਸ਼ ਸਿੰਗਲਾ, ਬਬਲਾ ਭੁਟਾਲੀਆ, ਅਰੁਣ ਸਿੰਗਲਾ, ਸੰਜੀਵ ਸਿੰਗਲਾ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ, ਸੰਜੂ ਜਿੰਦਲ, ਸਾਹਿਲ ਕੁਮਾਰ, ਰਾਮੇਸ਼ਵਰ ਸ਼ਰਮਾ ਤੇ ਰਾਹੁਲ ਗਰਗ ਵੀ ਹਾਜ਼ਰ ਸਨ।

# ਬੋਹਾ ਪੁਲਿਸ ਨੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਕਸਿਆ ਸ਼ਿਕੰਜਾ



ਬੁਢਲਾਡਾ, 6 ਮਾਰਚ (ਜੀਵਨ ਕੁਮਾਰ): ਥਾਣਾ ਮੁੱਖੀ ਬੋਹਾ ਬਲਦੇਵ ਸਿੰਘ ਨੇ ਚਾਰਜ ਸੰਭਾਲਦਿਆਂ ਹੀ ਸਮਾਜ ਵਿਰੋਧੀ ਅਨਸਰਾਂ ਖਿਲਾਫ ਸ਼ਿਕੰਜਾ ਕੱਸ ਦਿੱਤਾ ਹੈ। ਜਿਸ ਕਾਰਨ ਸਮਾਜ ਵਿਰੋਧੀ ਅਨਸਰਾਂ ਤੇ ਨਸਾਂ ਤਸਕਰਾਂ ਵਿੱਚ ਹਫੜਾ ਤਫੜੀ ਦਾ ਮਹੌਲ ਹੈ।ਇਸ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਓਹਨਾਂ ਆਖਿਆ ਕਿ ਸੜਕ ਹਾਦਸਿਆਂ ਤੇ ਵਹੀਕਲਾਂ ਦੀ ਚੋਰੀ ਨੂੰ ਰੋਕਣ ਲਈ ਬੋਹਾ ਪੁਲਿਸ ਵੱਖ ਵੱਖ ਥਾਵਾਂ ਤੇ ਨਾਕੇ ਲਾਕੇ ਆਉਣ ਜਾਣ ਵਾਲੇ ਵਹੀਕਲਾਂ ਦੀ ਚੈਕਿੰਗ ਤੋਂ ਇਲਾਵਾ ਸੰਬਧਤ ਕਾਗਜਾਂ ਦੀ ਵੀ ਪੜਤਾਲ ਵੀ ਕੀਤੀ ਜਾ ਰਹੀ ਹੈ ਤੇ ਬਗੈਰ ਡਰਾਇਵਰੀ ਲਾਇਸੰਸ ਅਤੇ ਆਰ ਸੀ ਆਦਿ ਨਾ ਹੋਣ ਤੇ ਚਲਾਣ ਕੱਟੇ ਜਾ ਰਹੇ ਹਨ। ਓਹਨਾਂ ਆਖਿਆ ਕਿ ਖੇਤਰ ਵਿੱਚੋਂ ਨਸ਼ੇ ਦੇ ਮੁਕੰਮਲ ਖਾਤਮੇ ਲਈ ਸਮਾਜਸੇਵੀ ਸੰਸਥਾਵਾਂ, ਪੰਚਾਇਤਾਂ ਅਤੇ ਯੂਥ ਕਲੱਬਾਂ ਦੇ ਸਹਿਯੋਗ ਦੀ ਲੋੜ ਹੈ। ਓਹਨਾਂ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਪ੍ਰੈਸ ਵੱਲੋਂ ਕੀਤੇ ਜਾ ਰਹੇ ਸਹਿਯੋਗ ਦੀ ਸ਼ਲਾਘਾ ਕੀਤੀ। ਥਾਣਾ ਮੁਖੀ ਨੇ ਬੋਹਾ ਬੱਸ ਸਟੈਂਡ ਤੇ ਲਗਦੇ ਜਾਮ ਦੇ ਮਸਲੇ ਨੂੰ ਵੀ ਗੰਭੀਰਤਾ ਨਾਲ ਲੈਂਦਿਆਂ ਮਸਲਾ ਹੱਲ ਕਰਨ ਦਾ ਵਿਸ਼ਵਾਸ ਦਿਵਾਇਆ। ਥਾਣਾ ਮੁਖੀ ਬਲਦੇਵ ਸਿੰਘ ਨੇ ਆਖਿਆ ਕਿ ਕਨੂੰਨ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ।

# ਗੌਰਮਿੰਟ ਪੈਨਸ਼ਨਰਜ਼ ਵੈਲਫ਼ੇਅਰ ਐਸੋਸੀਏਸ਼ਨ ਵੱਲੋਂ 9 ਦੀ ਮੋਹਾਲੀ ਰੈਲੀ ਲਈ ਵਹੀਰਾਂ ਘੱਤਣ ਦਾ ਐਲਾਨ



ਧੂਰੀ, 6 ਮਾਰਚ (ਰਾਜੇਸ਼ਵਰ ਪਿੰਟੂ, ਅਮਨ ਗਰਗ): ਗੌਰਮਿੰਟ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ (ਰਜਿ.) ਧੂਰੀ ਦੀ ਸਥਾਨਕ ਰਾਮ ਬਾਗ ਵਿਖੇ ਇਕਾਈ ਪ੍ਰਧਾਨ ਜੈ ਦੇਵ ਸ਼ਰਮਾ ਦੀ ਅਗਵਾਈ ਹੇਠ ਹੋਈ ਮੀਟਿੰਗ 'ਚ ਇਲਾਕੇ ਦੇ ਪੈਨਸ਼ਨਰਾਂ ਨੇ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਦਿਆਂ ਸਰਕਾਰ ਦੀਆਂ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਖ਼ਿਲਾਫ਼ ਰੋਸ ਦਾ ਪ੍ਰਗਟਾਵਾ ਕੀਤਾ। ਪੈਨਸ਼ਨਰਾਂ ਨੇ ਇੱਕਮੁੱਠ ਹੁੰਦਿਆਂ ਐਲਾਨ ਕੀਤਾ ਕਿ ਉਹ 9 ਮਾਰਚ ਨੂੰ ਮੁਹਾਲੀ ਵਿਖੇ ਹੋਣ ਵਾਲੀ ਸੂਬਾ ਪੱਧਰੀ ਰੈਲੀ 'ਚ ਹੁੰਮ-ਹੁਮਾ ਕੇ ਸ਼ਾਮਲ ਹੋਣਗੇ। ਮੀਟਿੰਗ ਦੌਰਾਨ ਮੰਚ ਸੰਚਾਲਨ ਜਸਵਿੰਦਰ ਸਿੰਘ ਮੁਲੋਵਾਲ ਨੇ ਬਾਖੂਬੀ ਨਿਭਾਇਆ। ਇਸ ਮੌਕੇ ਸੂਬਾ ਮੀਤ ਪ੍ਰਧਾਨ ਹਰਦੇਵ ਸਿੰਘ ਜਵੰਦਾ, ਜਗਤਾਰ ਸਿੰਘ ਹਸਨਪੁਰ ਤੇ ਕੁਲਵੰਤ ਸਿੰਘ ਚੇਅਰਮੈਨ ਸਮੇਤ ਹੋਰਨਾਂ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਸਰਕਾਰ ਦੇ ਅੜੀਅਲ ਵਤੀਰੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਆਗੂਆਂ ਨੇ ਦੋਸ਼ ਲਾਇਆ ਕਿ ਸਰਕਾਰ ਨਾ ਸਿਰਫ਼ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਨੂੰ ਅੱਖੋਂ-ਪਰੋਖੇ ਕਰ ਰਹੀ ਹੈ, ਸਗੋਂ ਮਾਨਯੋਗ ਅਦਾਲਤਾਂ ਵੱਲੋਂ ਦਿੱਤੇ ਗਏ ਫੈਸਲਿਆਂ ਨੂੰ ਲਾਗੂ ਕਰਨ ਤੋਂ ਵੀ ਕਤਰਾ ਰਹੀ ਹੈ।

ਇਸ ਮੌਕੇ ਹਾਜ਼ਰ ਮੈਂਬਰਾਂ ਨੇ ਸਰਕਾਰ ਵੱਲੋਂ ਪੈਨਸ਼ਨਰਾਂ 'ਤੇ ਥੋਪੇ ਜਾ ਰਹੇ ਈ-ਕੇਵਾਈਸੀ ਵਰਗੇ ਗੁੰਝਲਦਾਰ ਤੇ ਬੇਲੋੜੇ ਫੈਸਲਿਆਂ ਨੂੰ ਰੱਦ ਕਰਨ ਦਾ ਮਤਾ ਪਾਸ ਕੀਤਾ। ਵਿੱਤ ਸਕੱਤਰ ਗਿਰਧਾਰੀ ਲਾਲ ਵੱਲੋਂ ਜਨਵਰੀ ਅਤੇ ਫ਼ਰਵਰੀ ਮਹੀਨੇ ਦੀ ਆਮਦਨ ਤੇ ਖ਼ਰਚ ਦਾ ਲੇਖਾ-ਜੋਖਾ ਪੇਸ਼ ਕੀਤਾ ਗਿਆ, ਜਿਸ ਨੂੰ ਸਮੁੱਚੇ ਹਾਊਸ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ। ਰੈਲੀ ਵਿੱਚ ਜਾਣ ਲਈ ਧੂਰੀ ਤੋਂ ਵਿਸ਼ੇਸ਼ ਤੌਰ 'ਤੇ ਇੱਕ ਬੱਸ ਭਰ ਕੇ ਲੈ ਕੇ ਜਾਣ ਦਾ ਜਥੇਬੰਦਕ ਫੈਸਲਾ ਵੀ ਲਿਆ ਗਿਆ। ਇਸ ਇਕੱਤਰਤਾ ਵਿੱਚ ਬੁੱਧ ਸਿੰਘ, ਰਾਮ ਗੋਪਾਲ ਸ਼ਰਮਾ, ਸਾਧੂ ਸਿੰਘ, ਹਰਿੰਦਰ ਸਿੰਘ ਪਲਾਸੌਰ, ਰਣਜੀਤ ਸਿੰਘ ਢੀਂਡਸਾ, ਕਰਨੈਲ ਸਿੰਘ ਬਰੜਵਾਲ ਅਤੇ ਇਕਬਾਲ ਖ਼ਾਨ ਸਮੇਤ ਵੱਡੀ ਗਿਣਤੀ ਵਿੱਚ ਆਗੂ ਤੇ ਮੈਂਬਰ ਹਾਜ਼ਰ ਸਨ। ਅਖ਼ੀਰ ਵਿੱਚ ਪ੍ਰਧਾਨ ਜੈ ਦੇਵ ਸ਼ਰਮਾ ਨੇ ਆਏ ਹੋਏ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ ਤੇ 9 ਮਾਰਚ ਦੇ ਸੰਘਰਸ਼ ਨੂੰ ਸਫ਼ਲ ਬਣਾਉਣ ਲਈ ਕਮਰ ਕੱਸੇ ਕਰਨ ਦਾ ਸੱਦਾ ਦਿੱਤਾ।

# ਸੀਆਈਏ ਸਟਾਫ਼ ਤੇ ਥਾਣਾ ਸੰਗਤ ਪੁਲਿਸ ਨੇ ਦਬੋਚੇ ਅਸਲਾ ਤਸਕਰ, ਭਗੌੜਾ ਮੁਲਜ਼ਮ ਵੀ ਚੜ੍ਹਿਆ ਹੱਥੇ



ਬਠਿੰਡਾ, 6 ਮਾਰਚ (ਦੀਪਕ ਸ਼ਰਮਾ): ਬਠਿੰਡਾ ਪੁਲਿਸ ਨੇ ਅਪਰਾਧਿਕ ਅਨਸਰਾਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਦੋ ਵੱਖ-ਵੱਖ ਕਾਰਵਾਈਆਂ ਦੌਰਾਨ ਦੋ ਵਿਅਕਤੀਆਂ ਨੂੰ ਨਜਾਇਜ਼ ਹਥਿਆਰਾਂ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਮੁਲਜ਼ਮਾਂ ਕੋਲੋਂ ਇੱਕ ਅਤਿ-ਆਧੁਨਿਕ 9 ਐਮ.ਐਮ. ਗਲੋਕ ਪਿਸਤੌਲ, ਇੱਕ 30 ਬੋਰ ਪਿਸਤੌਲ ਅਤੇ ਜਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਫੜੇ ਗਏ ਮੁਲਜ਼ਮਾਂ ਵਿੱਚੋਂ ਇੱਕ ਜਣਾ ਕਿਸੇ ਹੋਰ ਮਾਮਲੇ ਵਿੱਚ ਪਹਿਲਾਂ ਹੀ ਭਗੌੜਾ ਚੱਲ ਰਿਹਾ ਸੀ।ਪਹਿਲੀ ਕਾਰਵਾਈ ਸੀਆਈਏ ਸਟਾਫ਼-2 ਦੀ ਟੀਮ ਵੱਲੋਂ ਕੀਤੀ ਗਈ। ਰਿੰਗ ਰੋਡ-1 'ਤੇ ਗਸ਼ਤ ਦੌਰਾਨ ਪੁਲਿਸ ਨੇ ਇੱਕ ਸ਼ੱਕੀ ਨੌਜਵਾਨ ਨੂੰ ਰੋਕਿਆ, ਜਿਸ ਦੀ ਪਛਾਣ ਸ਼ੇਰ ਸਿੰਘ ਵਾਸੀ ਪਿੰਡ ਬਈਏ ਕੇ (ਅੰਮ੍ਰਿਤਸਰ) ਵਜੋਂ ਹੋਈ। ਤਲਾਸ਼ੀ ਦੌਰਾਨ ਉਸ ਕੋਲੋਂ 9 ਐਮ.ਐਮ. ਪਿਸਤੌਲ ਅਤੇ ਚਾਰ ਜਿੰਦਾ ਕਾਰਤੂਸ ਬਰਾਮਦ ਹੋਏ। ਸਹਾਇਕ ਥਾਣੇਦਾਰ ਕਮਲਜੀਤ ਸਿੰਘ ਨੇ ਦੱਸਿਆ ਕਿ ਮੁਲਜ਼ਮ ਖ਼ਿਲਾਫ਼ ਥਾਣਾ ਸਿਵਲ ਲਾਈਨ ਵਿੱਚ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਰਿਮਾਂਡ ਦੌਰਾਨ ਇਹ ਪਤਾ ਲਗਾਇਆ ਜਾਵੇਗਾ ਕਿ ਉਹ ਬਠਿੰਡਾ ਵਿੱਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਸੀ ਜਾਂ ਨਹੀਂ।

ਦੂਜੇ ਮਾਮਲੇ ਵਿੱਚ ਥਾਣਾ ਸੰਗਤ ਪੁਲਿਸ ਅਤੇ ਏਜੀਟੀਐਫ ਦੀ ਸਾਂਝੀ ਟੀਮ ਨੇ ਜੱਸੀ ਬਾਗਵਾਲੀ ਇਲਾਕੇ ਵਿੱਚ ਨਾਕਾਬੰਦੀ ਦੌਰਾਨ ਇੱਕ ਭਗੌੜੇ ਮੁਲਜ਼ਮ ਸੁਖਦੇਵ ਰਾਮ ਉਰਫ਼ ਸੈਹਬੀ ਵਾਸੀ ਰੁਲਦੂ ਸਿੰਘ ਵਾਲਾ ਨੂੰ ਕਾਬੂ ਕੀਤਾ। ਪੁਲਿਸ ਮੁਖੀ ਇੰਸਪੈਕਟਰ ਸੁਖਵਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਮੁਲਜ਼ਮ ਥਾਣਾ ਕੈਂਟ ਦੇ ਇੱਕ ਕੇਸ ਵਿੱਚ ਲੋੜੀਂਦਾ ਸੀ। ਜਦੋਂ ਪੁਲਿਸ ਨੇ ਸ਼ੱਕ ਦੇ ਆਧਾਰ 'ਤੇ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ ਇੱਕ .30 ਬੋਰ ਪਿਸਤੌਲ ਅਤੇ 3 ਜਿੰਦਾ ਕਾਰਤੂਸ ਮਿਲੇ। ਮੁਲਜ਼ਮ ਖ਼ਿਲਾਫ਼ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕਰਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਦੋਵਾਂ ਮਾਮਲਿਆਂ ਵਿੱਚ ਮੁਲਜ਼ਮਾਂ ਦੇ ਪੁਰਾਣੇ ਅਪਰਾਧਿਕ ਰਿਕਾਰਡ ਖੰਗਾਲੇ ਜਾ ਰਹੇ ਹਨ ਤਾਂ ਜੋ ਉਨ੍ਹਾਂ ਦੇ ਹੋਰ ਅਪਰਾਧਿਕ ਅੰਸਰਾਂ ਨਾਲ ਸਬੰਧਾਂ ਦਾ ਖੁਲਾਸਾ ਹੋ ਸਕੇ।

# 14 ਦੀ ਮੋਗਾ ਰੈਲੀ ਨੂੰ ਸਫ਼ਲ ਬਣਾਉਣ ਲਈ ਭਾਜਪਾ ਵਰਕਰਾਂ ਦੀ ਮੀਟਿੰਗ



ਲਹਿਰਾਗਾਗਾ, 6 ਮਾਰਚ (ਗੁਰਦੀਪ ਸਿੰਘ): ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ 14 ਮਾਰਚ ਨੂੰ ਮੋਗਾ ਵਿਖੇ ਹੋਣ ਵਾਲੀ ਵਿਸ਼ਾਲ ਰੈਲੀ ਨੂੰ ਸਫਲ ਬਣਾਉਣ ਲਈ ਲਹਿਰਾਗਾਗਾ ਵਿਖੇ ਗਰੀਬ ਪਰਿਵਾਰ ਫੰਡ ਦਫ਼ਤਰ ਵਿੱਚ ਭਾਜਪਾ ਵਰਕਰਾਂ ਦੀ ਇੱਕ ਅਹਿਮ ਮੀਟਿੰਗ ਕੀਤੀ ਗਈ। ਇਹ ਮੀਟਿੰਗ ਮੰਡਲ ਪ੍ਰਧਾਨ ਸੋਹਣ ਲਾਲ ਸਿੰਗਲਾ ਲਹਿਰਾਗਾਗਾ ਅਤੇ ਦਿਹਾਤੀ ਪ੍ਰਧਾਨ ਰਾਮਦਿਆ ਸ਼ਰਮਾ ਦੀ ਅਗਵਾਈ ਹੇਠ ਹੋਈ।, ਜਿਸ ਵਿੱਚ ਰੈਲੀ ਦੀਆਂ ਤਿਆਰੀਆਂ ਸਬੰਧੀ ਵਿਸਥਾਰ ਨਾਲ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਵਰਕਰਾਂ ਨੂੰ ਅਪੀਲ ਕੀਤੀ ਗਈ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਲੋਕਾਂ ਨੂੰ ਰੈਲੀ ਵਿੱਚ ਸ਼ਮੂਲੀਅਤ ਲਈ ਪ੍ਰੇਰਿਤ ਕਰਨ ਤਾਂ ਜੋ ਰੈਲੀ ਨੂੰ ਇਤਿਹਾਸਕ ਬਣਾਇਆ ਜਾ ਸਕੇ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਪ੍ਰਧਾਨ ਦਮਨ ਥਿੰਦ ਬਾਜਵਾ ਅਤੇ ਰੈਲੀ ਇੰਚਾਰਜ ਜੀਵਨ ਗਰਗ ਹਾਜ਼ਰ ਹੋਏ। ਉਨ੍ਹਾਂ ਨੇ ਕਿਹਾ ਕਿ ਅਮਿਤ ਸ਼ਾਹ ਦੀ ਇਹ ਰੈਲੀ ਪੰਜਾਬ ਦੀ ਰਾਜਨੀਤੀ ਵਿੱਚ ਮਹੱਤਵਪੂਰਨ ਸਾਬਤ ਹੋਵੇਗੀ ਤੇ ਭਾਜਪਾ ਵਰਕਰ ਇਸ ਨੂੰ ਕਾਮਯਾਬ ਬਣਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੇ ਹਨ।

ਇਸ ਮੌਕੇ ਸੀਨੀਅਰ ਭਾਜਪਾ ਆਗੂ ਸੱਤਪਾਲ ਸਿੰਗਲਾ, ਸੇਰਵਿੰਦਰ ਡਸਕਾ, ਰਮੇਸ਼ ਕੁਮਾਰ ਰੋਮੀ,ਗੁਰਤੇਜ ਸਿੰਘ ਭੁਟਾਲ, ਕੇਵਲ ਸਿੰਗਲਾ, ਸੰਦੀਪ ਮੁਲਾਨਾ, ਰਾਂਝਾ ਰਾਂਝਾ ਬਖਸ਼ੀ , ਮਨੋਜ ਕੁਮਾਰ, ਡਾ. ਦੀਪਕ, ਡਾ. ਸੋਨੀ, ਰਜੇਸ਼ ਕੁਮਾਰ, ਪ੍ਰਵੀਨ ਕੁਮਾਰ, ਡਾ. ਗੁਰਜੀਵਨ ਆਲਮਪੁਰ, ਗਿਰੀ ਚੂਲੜ, ਅਵਤਾਰ ਚੂਲੜ ਅਤੇ ਗਗਨਦੀਪ ਸ਼ਰਮਾ ਅਵਤਾਰ ਸਿੰਘ ਨੰਬਰਦਾਰ ਅਤੇ ਰਿੰਕੂ ਯੂਪੀ ਸਮੇਤ ਕਈ ਹੋਰ ਵਰਕਰ ਵੀ ਮੌਜੂਦ ਸਨ।

# ਪੁਲਿਸ ਨੇ ਸਰਕਾਰੀ ਹਸਤਪਾਲ ਦੇ ਓਟ ਸੈਂਟਰ ਵਿਖੇ ਹੋਈ ਚੋਰੀ ਦੇ ਕੇਸ ਨੂੰ ਕੀਤਾ ਟਰੇਸ

ਸੰਗਰੂਰ, 6 ਮਾਰਚ (ਹਰਕੰਵਲ ਸਿੰਘ ਹੈਪੀ): ਐਸ.ਐਸ.ਪੀ. ਸੰਗਰੂਰ ਸਰਤਾਜ ਸਿੰਘ ਚਾਹਲ (ਆਈ.ਪੀ.ਐਸ) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਲ੍ਹਾ ਪੁਲਿਸ ਸੰਗਰੂਰ ਵੱਲੋਂ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਥਾਣਾ ਸਿਟੀ ਧੂਰੀ ਦੇ ਖ਼ੇਤਰ ਵਿੱਚ ਸਰਕਾਰੀ ਹਸਪਤਾਲ ਧੂਰੀ ਦੇ ਓਟ ਸੈਂਟਰ ਵਿਖੇ ਹੋਈ ਚੋਰੀ ਦੇ ਕੇਸ ਨੂੰ ਟਰੇਸ ਕਰਕੇ 5 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਿਨ੍ਹਾਂ ਪਾਸੋਂ ਚੋਰੀ ਕੀਤੀਆਂ ਗਈਆਂ 18,560 ਗੋਲੀਆਂ, 1 ਕੰਪਿਊਟਰ ਸਿਸਟਮ ਤੇ 1 ਮੋਟਰਸਾਈਕਲ ਬਰਾਮਦ ਕੀਤਾ ਗਿਆ ਹੈ। ਐਸ.ਐਸ.ਪੀ ਨੇ ਦੱਸਿਆ ਕਿ ਮਿਤੀ 2 ਮਾਰਚ ਦੀ ਦਰਮਿਆਨੀ ਰਾਤ ਨੂੰ ਧੂਰੀ ਦੇ ਸਰਕਾਰੀ ਹਸਪਤਾਲ ਦੇ ਓਟ ਸੈਂਟਰ ਵਿੱਚੋਂ ਬੁਪ੍ਰੇਨੋਰਫਾਈਨ ਦਵਾਈ 2 ਐਮ.ਜੀ. ਦੀਆਂ 10,130 ਗੋਲੀਆਂ ਅਤੇ ਬੁਪ੍ਰੇਨੋਰਫਾਈਨ ਦਵਾਈ 0.4 ਐਮ.ਜੀ. ਦੀਆਂ 10,142 ਗੋਲੀਆਂ (ਕੁੱਲ ਗੋਲੀਆਂ 20,272) ਅਣਪਛਾਤੇ ਵਿਅਕਤੀਆਂ ਵੱਲੋਂ ਚੋਰੀ ਕਰ ਲਈਆਂ ਗਈਆਂ ਸਨ। ਜਿਸ 'ਤੇ ਮੁਕੱਦਮਾ ਨੰਬਰ 29 ਮਿਤੀ 03.03.2026 ਅ/ਧ 305 ਬੀ.ਐਨ.ਐਸ. ਥਾਣਾ ਸਿਟੀ ਧੂਰੀ ਬਰਖਿਲਾਫ ਨਾਮਲੂਮ ਵਿਅਕਤੀ/ਵਿਅਕਤੀਆ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਉਨ੍ਹਾਂ ਦੱਸਿਆ ਕਿ ਮੁਕੱਦਮਾ ਨੂੰ ਟਰੇਸ ਕਰਨ ਲਈ ਦਵਿੰਦਰ ਅੱਤਰੀ, ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਸੰਗਰੂਰ ਦੀ ਯੋਗ ਅਗਵਾਈ ਹੇਠ ਦਲਜੀਤ ਸਿੰਘ ਵਿਰਕ ਉਪ ਕਪਤਾਨ ਪੁਲਿਸ (ਡਿਟੈਕਟਿਵ) ਸੰਗਰੂਰ ਤੇ ਗੁਰਪ੍ਰੀਤ ਸਿੰਘ, ਉਪ ਕਪਤਾਨ ਪੁਲਿਸ ਸਬ ਡਵੀਜਨ ਧੂਰੀ ਦੀ ਨਿਗਰਾਨੀ ਹੇਠ ਇੰਸਪੈਕਟਰ ਜਸਵੀਰ ਸਿੰਘ, ਮੁੱਖ ਅਫਸਰ ਥਾਣਾ ਸਿਟੀ ਧੂਰੀ ਵੱਲੋਂ ਵੱਖ-ਵੱਖ ਟੀਮਾਂ ਬਣਾ ਕੇ ਟੈਕਨੀਕਲ ਢੰਗ ਨਾਲ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਉਨ੍ਹਾਂ ਦੱਸਿਆ ਕਿ ਤਫਤੀਸ਼ ਦੌਰਾਨ ਮਿਤੀ 05.03.2026 ਨੂੰ ਦੋਸ਼ੀ ਵਰਿੰਦਰ ਸਿੰਘ ਉਰਫ ਬੰਟੀ ਪੁੱਤਰ ਸਰਬਜੀਤ ਸਿੰਘ ਵਾਸੀ ਧਰਮਪੁਰਾ ਨੇੜੇ ਸੂਗਰ ਮਿੱਲ ਗੇਟ ਧੂਰੀ, ਅਨੀਸ ਠਾਕੁਰ ਉਰਫ ਈਲੂ ਪੁੱਤਰ ਸ਼ਿਵਜੀ ਠਾਕੁਰ ਵਾਸੀ ਵਾਰਡ ਨੰਬਰ 3 ਮੁਹੱਲਾ ਧਰਮਪੁਰਾ ਧੂਰੀ, ਸੋਨੂੰ ਚੋਪੜਾ ਉਰਫ ਡੌਨ ਪੁੱਤਰ ਨਰੇਸ਼ ਚੋਪੜਾ ਵਾਸੀ ਮਾਲ ਗੋਦਾਮ ਰੋਡ ਨੇੜੇ ਪੰਚਾਇਤੀ ਗੁਰਦੁਆਰਾ ਧੂਰੀ, ਹਰਦੀਪ ਸਿੰਘ ਉਰਫ ਬਾਬੂ ਪੁੱਤਰ ਕਰਨੈਲ ਸਿੰਘ ਵਾਸੀ ਧਰਮਪੁਰਾ ਨੇੜੇ ਸੂਗਰ ਮਿੱਲ ਗੇਟ ਧੂਰੀ ਅਤੇ ਪ੍ਰਵੀਨ ਕੁਮਾਰ ਪੁੱਤਰ ਵਿਜੈ ਕੁਮਾਰ ਵਾਸੀ ਮਕਾਨ 469 ਵਾਰਡ ਨੰਬਰ 10-ਬੀ ਪੀਪੋਆ ਵਾਲੀ ਗਲੀ ਧੂਰੀ ਨੂੰ ਨਾਮਜਦ ਕਰਕੇ ਗ੍ਰਿਫਤਾਰ ਕੀਤਾ ਗਿਆ। ਦੋਸ਼ੀਆਂ ਪਾਸੋਂ ਚੋਰੀ ਕੀਤੀਆਂ ਗਈਆਂ 18,560 ਗੋਲੀਆਂ, 1 ਕੰਪਿਊਟਰ ਸਿਸਟਮ ਤੇ 1 ਮੋਟਰਸਾਈਕਲ ਬਰਾਮਦ ਕਰਵਾਇਆ ਗਿਆ। ਦੋਸੀਆਂ ਦਾ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛ-ਗਿੱਛ ਕੀਤੀ ਜਾਵੇਗੀ, ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਰਾਜਾ ਵੜਿੰਗ ਦੀ ਅਗਵਾਈ ਵਿੱਚ ਵਿਧਾਨ ਸਭਾ ਦਾ ਕੀਤਾ ਘਿਰਾਓ : ਹਰਪਾਲ ਸੋਨੂੰ



ਸੰਗਰੂਰ, 6 ਮਾਰਚ (ਹਰਕੰਵਲ ਸਿੰਘ ਹੈਪੀ): ਚੰਡੀਗੜ੍ਹ ਵਿਖੇ ਪੰਜਾਬ ਦੇ ਕਾਂਗਰਸੀ ਵਰਕਰਾਂ ਉੱਤੇ ਲਾਠੀਚਾਰਜ ਅਤੇ ਪਾਣੀ ਦੀਆਂ ਬੁਛਾੜਾਂ ਕੀਤੀਆਂ ਗਈਆਂ। ਜਦਕਿ ਕਾਂਗਰਸ ਪਾਰਟੀ ਸਰਕਾਰ ਨੂੰ ਉਹਨਾਂ ਵੱਲੋਂ ਜਨਤਾ ਨਾਲ ਕੀਤੇ ਗਏ ਵਾਇਦੇ ਪੂਰੇ ਨਾ ਕਰਨ ਦੇ ਵੱਜੋਂ ਰੋਸ ਵੱਜੋਂ ਘਿਰਾਓ ਕਰਨ ਲਈ ਪਹੁੰਚੇ ਸਨ। ਹਰਪਾਲ ਸਿੰਘ ਸੋਨੂੰ ਨੇ ਕਿਹਾ ਕਿ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਆਪਣੇ ਕੀਤੇ ਹੋਏ ਵਾਇਦੇ ਮੁਤਾਬਿਕ ਪੰਜਾਬ ਦੀਆਂ ਬੀਬੀਆਂ ਤੇ ਭੈਣਾਂ ਨੂੰ ਇੱਕ ਹਜਾਰ ਰੁਪਏ ਨਾ ਦੇਣ ਵਿਰੁੱਧ ਵਿਧਾਨ ਸਭਾ ਦਾ ਘਿਰਾਓ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਗਰੂਰ ਤੋਂ ਮੁੱਖ ਬੁਲਾਰੇ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਓ ਬੀ ਸੀ ਵਿੰਗ ਦੇ ਵਾਈਸ ਚੇਅਰਮੈਨ ਹਰਪਾਲ ਸਿੰਘ ਸੋਨੂੰ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਆਗੂਆਂ ਦੀ ਅਗਵਾਈ ਹੇਠ ਵਿਧਾਨ ਸਭਾ ਦੇ ਘਿਰਾਓ ਦੌਰਾਨ ਹੁਣ ਪੰਜਾਬ ਦੀਆਂ ਬੀਬੀਆਂ ਭੈਣਾਂ ਨੂੰ ਇੱਕ ਹਜਾਰ ਰੁਪਿਆ ਮਹੀਨਾ ਦੀ ਬਜਾਏ ਪਿਛਲੇ ਚਾਰ ਸਾਲ ਦਾ ਬਣਦਾ 48 ਹਜਾਰ ਰਾਸ਼ੀ ਮਿਲਾਕੇ ਪੂਰੀ ਬਕਾਇਆ ਰਕਮ ਜਾਰੀ ਕਰਨੀ ਚਾਹੀਦੀ ਹੈ। ਇਸ ਮੌਕੇ ਉਹਨਾਂ ਨਾਲ ਕੁਲਜੀਤ ਸਿੰਘ ਸਾਬਕਾ ਸਰਪੰਚ ਬਡਰੁੱਖਾਂ, ਸੁਖਵਿੰਦਰ ਸਿੰਘ ਸੱਤੂ, ਗੁਰਦਰਸ਼ਨ ਸਿੰਘ ਲੀਚੀ, ਤਰਸੇਮ ਸਿੰਘ ਸੇਮਾ, ਦਰਬਾਰਾ ਸਿੰਘ ਬਾਰਾ, ਕਾਲੀ ਖ਼ਾਨ ਤਖੀਪੁਰ, ਬਲਵਿੰਦਰ ਸਿੰਘ,ਰਣਜੀਤ ਸਿੰਘ, ਬਲਵੀਰ ਸਿੰਘ ਆਦਿ ਕਾਂਗਰਸੀ ਆਗੂ ਹਾਜਰ ਸਨ।

# ਜਗਸੀਰ ਸਿੰਘ ਸਿੱਧੂ (ਕੈਨੇਡਾ) ਨੇ ਸਤਿਕਾਰ ਕਮੇਟੀ ਨੂੰ ਭੇਟ ਕੀਤੀ ਮੋਟਰਸਾਈਕਲ ਰੇਹੜੀ



ਭਗਤਾ ਭਾਈ ਕਾ, 6 ਮਾਰਚ (ਸਵਰਨ ਸਿੰਘ ਭਗਤਾ): ਸਥਾਨਕ ਸ਼ਹਿਰ ਦੀ ਭਾਈ ਭਗਤਾ ਜੀ ਸਤਿਕਾਰ ਕਮੇਟੀ ਸਥਾਨਕ ਇਲਾਕੇ ਵਿੱਚ ਧਾਰਮਿਕ ਕਾਰਜਾਂ ਤੇ ਸਮਾਜ ਸੇਵਾ ਦੇ ਕੰਮਾਂ 'ਚ ਵੱਧ ਚੜ ਕੇ ਸ਼ਮੂਲੀਅਤ ਕਰਦੀ ਹੈ। ਸਤਿਕਾਰ ਕਮੇਟੀ ਨੂੰ ਸਮਾਜ ਸੇਵਾ ਦੇ ਕਾਰਜਾਂ ਲਈ ਭਾਰ ਢੋਹਣ ਵਾਲੇ ਵੀਕਲ ਦੀ ਹਰ ਸਮੇਂ ਲੋੜ ਪੈਂਦੀ ਸੀ, ਇਸ ਲੋੜ ਦੀ ਪੂਰਤੀ ਲਈ ਸ਼ਹੀਦ ਹਰਜੀਤ ਸਿੰਘ ਸੇਵਾ ਸੁਸਾਇਟੀ ਭਗਤਾ ਭਾਈ ਦੇ ਪ੍ਰਧਾਨ ਜਗਸੀਰ ਸਿੰਘ ਸੀਰਾ ਸਿੱਧੂ ਕੈਨੇਡਾ ਵੱਲੋਂ ਸਤਿਕਾਰ ਕਮੇਟੀ ਨੂੰ ਇਕ ਮੋਟਰਸਾਈਕਲ ਰੇਹੜੀ ਭੇਟ ਕੀਤੀ ਹੈ। ਸਤਿਕਾਰ ਕਮੇਟੀ ਭਗਤਾ ਦੇ ਪ੍ਰਧਾਨ ਸੇਵਕ ਸਿੰਘ ਸਿੱਧੂ ਨੇ ਸੀਰਾ ਸਿੱਧੂ ਕੈਨੇਡਾ ਦੇ ਪਰਿਵਾਰ ਦਾ ਧੰਨਵਾਦ ਕਰਦੇ ਭਾਈ ਭਗਤਾ ਜੀ ਸਤਿਕਾਰ ਕਮੇਟੀ ਵੱਲੋਂ ਇਸ ਪਰਿਵਾਰ ਦਾ ਵਿਸ਼ੇਸ਼ ਸਨਮਾਨ ਕੀਤਾ।

ਇਸ ਮੌਕੇ ਨਛੱਤਰ ਸਿੰਘ ਸਿੱਧੂ, ਸ਼ਹੀਦ ਹਰਜੀਤ ਸਿੰਘ ਸੇਵਾ ਸੁਸਾਇਟੀ ਪ੍ਰਧਾਨ ਜਗਸੀਰ ਸਿੰਘ ਸਿੱਧੂ, ਯੋਧਾ ਸਿੰਘ ਮੀਤ ਪ੍ਰਧਾਨ, ਵਕੀਲ ਸਿੰਘ ਮਲੂਕਾ, ਪਰਮਪਾਲ ਸਿੰਘ, ਦਰਸ਼ਨ ਖਾਨ, ਕਮਲਜੀਤ ਸਿੰਘ, ਭਾਈ ਭਗਤਾ ਜੀ ਸਤਿਕਾਰ ਕਮੇਟੀ ਦੇ ਪ੍ਰਧਾਨ ਸੇਵਕ ਸਿੰਘ ਸਿੱਧੂ, ਜਸਪ੍ਰੀਤ ਸਿੰਘ ਸੈਕਟਰੀ, ਕੁਲਦੀਪ ਸਿੰਘ ਖਜ਼ਾਨਚੀ, ਸਲਾਹਕਾਰ ਦਰਸ਼ਨ ਸਿੰਘ, ਮੁੱਖ ਸੇਵਾਦਾਰ ਬਾਬਾ ਸੁਖਜੰਟ ਸਿੰਘ, ਮੈਂਬਰ ਗੱਗੀ ਸਿੰਘ ਪੇਂਟਰ ਆਦਿ ਸੇਵਾਦਾਰ ਹਾਜ਼ਰ ਸਨ।

# ਫ਼ੌਜੀ ਪੁੱਤ ਨੇ ਪਿਤਾ ਨੂੰ ਮਾਰੀ ਗੋਲੀ, ਮਾਂ ਦੀ ਵੀ ਕੀਤੀ ਬੇਰਹਿਮੀ ਨਾਲ ਕੁੱਟਮਾਰ

ਬਠਿੰਡਾ, 6 ਮਾਰਚ (ਦੀਪਕ ਸ਼ਰਮਾ): ਸ਼ਹਿਰ ਦੇ ਜੋਗੀ ਨਗਰ ਇਲਾਕੇ ਵਿੱਚ ਵੀਰਵਾਰ ਦੇਰ ਸ਼ਾਮ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਫ਼ੌਜ ਵਿੱਚ ਤਾਇਨਾਤ ਇੱਕ ਨੌਜਵਾਨ ਨੇ ਘਰੇਲੂ ਵਿਵਾਦ ਦੇ ਚਲਦਿਆਂ ਆਪਣੇ ਹੀ ਮਾਪਿਆਂ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਗੁੱਸੇ ਵਿੱਚ ਆਏ ਫ਼ੌਜੀ ਪੁੱਤ ਨੇ ਆਪਣੇ ਪਿਤਾ ਨੂੰ ਗੋਲੀ ਮਾਰ ਕੇ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ ਅਤੇ ਬਚਾਅ ਕਰਨ ਆਈ ਆਪਣੀ ਮਾਂ ਦੀ ਵੀ ਬੇਰਹਿਮੀ ਨਾਲ ਕੁੱਟਮਾਰ ਕੀਤੀ। ਜ਼ਖ਼ਮੀ ਪਿਤਾ ਨੂੰ ਗੰਭੀਰ ਹਾਲਤ ਵਿੱਚ ਨਿੱਜੀ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ।ਮਿਲੀ ਜਾਣਕਾਰੀ ਅਨੁਸਾਰ ਜੋਗੀ ਨਗਰ ਦੀ ਗਲੀ ਨੰਬਰ 5/5 ਵਿੱਚ ਰਹਿਣ ਵਾਲਾ ਹਰਪ੍ਰੀਤ ਸਿੰਘ, ਜੋ ਫ਼ੌਜ ਵਿੱਚ ਕਾਂਸਟੇਬਲ ਦੇ ਅਹੁਦੇ 'ਤੇ ਤਾਇਨਾਤ ਹੈ, ਪਿਛਲੇ ਕੁਝ ਸਮੇਂ ਤੋਂ ਮਾਨਸਿਕ ਤਣਾਅ ਵਿੱਚ ਸੀ। ਦੱਸਿਆ ਜਾ ਰਿਹਾ ਹੈ ਕਿ ਬੁੱਧਵਾਰ ਸ਼ਾਮ ਕਿਸੇ ਗੱਲ ਨੂੰ ਲੈ ਕੇ ਘਰ ਵਿੱਚ ਤਕਰਾਰ ਹੋ ਗਈ। ਵਿਵਾਦ ਇੰਨਾ ਵਧ ਗਿਆ ਕਿ ਹਰਪ੍ਰੀਤ ਨੇ ਪਹਿਲਾਂ ਆਪਣੇ ਪਿਤਾ ਦਲਜੀਤ ਸਿੰਘ ਦੇ ਸਿਰ 'ਤੇ ਕਿਸੇ ਭਾਰੀ ਚੀਜ਼ ਨਾਲ ਵਾਰ ਕੀਤਾ ਅਤੇ ਫਿਰ ਆਪਣੀ ਲਾਇਸੈਂਸੀ ਬੰਦੂਕ ਨਾਲ ਗੋਲੀ ਚਲਾ ਦਿੱਤੀ। ਗੋਲੀ ਦਲਜੀਤ ਸਿੰਘ ਦੇ ਮੋਢੇ ਵਿੱਚ ਲੱਗੀ, ਜਿਸ ਕਾਰਨ ਉਹ ਲਹੂ-ਲੁਹਾਨ ਹੋ ਕੇ ਜ਼ਮੀਨ 'ਤੇ ਡਿੱਗ ਪਏ।

ਇਸ ਦੌਰਾਨ ਜਦੋਂ ਮਾਂ ਪਰਮਜੀਤ ਕੌਰ ਨੇ ਵਿਚ-ਬਚਾਅ ਕਰਨ ਦੀ ਕੋਸ਼ਿਸ਼ ਕੀਤੀ ਤਾਂ ਮੁਲਜ਼ਮ ਨੇ ਉਨ੍ਹਾਂ ਦੀ ਵੀ ਕੁੱਟਮਾਰ ਕੀਤੀ, ਜਿਸ ਕਾਰਨ ਉਨ੍ਹਾਂ ਨੂੰ ਕਾਫ਼ੀ ਸੱਟਾਂ ਵੱਜੀਆਂ ਹਨ। ਘਰ ਵਿੱਚੋਂ ਚੀਕ-ਚਿਹਾੜਾ ਸੁਣ ਕੇ ਇਕੱਠੇ ਹੋਏ ਗੁਆਂਢੀਆਂ ਨੇ ਤੁਰੰਤ ਜ਼ਖ਼ਮੀਆਂ ਨੂੰ ਸੰਭਾਲਿਆ ਅਤੇ ਪੁਲਿਸ ਨੂੰ ਸੂਚਿਤ ਕੀਤਾ।ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਕੈਨਾਲ ਕਲੋਨੀ ਦੇ ਐਸ.ਐਚ.ਓ. ਹਰਜੋਤ ਸਿੰਘ ਪੁਲਿਸ ਟੀਮ ਸਮੇਤ ਮੌਕੇ 'ਤੇ ਪਹੁੰਚੇ ਅਤੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ। ਪੁਲਿਸ ਨੇ ਵਾਰਦਾਤ ਵਿੱਚ ਵਰਤਿਆ ਹਥਿਆਰ ਵੀ ਕਬਜ਼ੇ ਵਿੱਚ ਲੈ ਲਿਆ ਹੈ। ਐਸ.ਐਚ.ਓ. ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਮੁਲਜ਼ਮ ਦੀ ਮਾਨਸਿਕ ਹਾਲਤ ਠੀਕ ਨਾ ਹੋਣ ਦੀ ਗੱਲ ਸਾਹਮਣੇ ਆਈ ਹੈ ਅਤੇ ਉਸ ਦਾ ਇਲਾਜ ਚੱਲ ਰਿਹਾ ਸੀ। ਪੁਲਿਸ ਵੱਲੋਂ ਮਾਮਲੇ ਦੀ ਹਰ ਪਹਿਲੂ ਤੋਂ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਜ਼ਖ਼ਮੀ ਪਿਤਾ ਦੇ ਬਿਆਨਾਂ ਦੇ ਆਧਾਰ 'ਤੇ ਅਗਲੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਘਟਨਾ ਤੋਂ ਬਾਅਦ ਪੂਰੇ ਇਲਾਕੇ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ।

# ਪ੍ਰਦੀਪ ਮਿੱਤਲ ਪੰਜਵੀਂ ਵਾਰ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਬਣੇ



ਭਵਾਨੀਗੜ੍ਹ, 6 ਮਾਰਚ (ਅਮਨਦੀਪ ਸਿੰਘ ਮਾਝਾ): ਆੜ੍ਹਤੀਆ ਐਸੋਸੀਏਸ਼ਨ ਅਨਾਜ ਮੰਡੀ ਭਵਾਨੀਗੜ੍ਹ ਦੀ ਜਰਨਲ ਹਾਊਸ ਦੀ ਮੀਟਿੰਗ ਹੋਈ ਜਿਸ ਵਿੱਚ ਕਿ ਸਮੂਹ ਆੜ੍ਹਤੀ ਸਾਹਿਬਾਨ ਹਾਜ਼ਰ ਹੋਏ ਜਿਸ ਵਿੱਚ ਪ੍ਰਧਾਨ ਪ੍ਰਦੀਪ ਮਿੱਤਲ ਵੱਲੋਂ ਕਾਰਜ-ਕਾਰਨੀ ਕਮੇਟੀ ਦੇ ਸਲਾਨਾ ਕਾਰਜਕਾਲ ਬਾਰੇ ਦੱਸਿਆ ਗਿਆ ਤੇ ਕਾਰਜ-ਕਾਰਨੀ ਕਮੇਟੀ ਭੰਗ ਕਰਨ ਉਪਰੰਤ ਨਵੀਂ ਕਮੇਟੀ ਦੀ ਚੋਣ ਲਈ ਜਰਨਲ ਹਾਊਸ ਨੂੰ ਸੱਦਾ ਦਿੱਤਾ ਗਿਆ ਜਿਸ ਵਿੱਚ ਕਿ ਸਮੂਹ ਆੜ੍ਹਤੀ ਸਾਹਿਬਾਨ ਵੱਲੋਂ ਸਰਬਸੰਮਤੀ ਨਾਲ ਲਗਾਤਾਰ ਪੰਜਵੀਂ ਵਾਰ ਪ੍ਰਦੀਪ ਮਿੱਤਲ ਨੂੰ ਆੜ੍ਹਤੀਆ ਐਸੋਸੀਏਸ਼ਨ ਅਨਾਜ ਮੰਡੀ ਭਵਾਨੀਗੜ੍ਹ ਦਾ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਜਗਦੇਵ ਬੁੱਟਰ, ਈਸ਼ਵਰ ਬਾਂਸਲ, ਤਰਸੇਮ ਸਿੰਘ ਤੂਰ, ਦੇਵਿਸ਼ ਗੋਇਲ, ਯੋਤਿੰਦਰ ਮਿੱਤਲ, ਪ੍ਰੇਮ ਚੰਦ ਮਿੱਤਲ, ਮੰਗਤ ਸ਼ਰਮਾਂ, ਹੈਪੀ ਸ਼ਰਮਾਂ, ਗੁਰਮੇਲ ਆਸ਼ਟਾ ਵਿਜੇ ਕੁਮਾਰ, ਹਰਬੰਸ ਮਿੱਤਲ, ਵਰਿੰਦਰ ਮਿੱਤਲ, ਧਰਮਿੰਦਰ ਸਿੰਘ, ਸਤੀਸ਼ ਕੁਮਾਰ ਹੈਪੀ, ਸਰਜੀਵਨ ਕੁਮਾਰ, ਕੁਲਵੰਤ ਸਿੰਘ, ਕੁਲਵੰਤ ਸਿੰਘ ਗਰੇਵਾਲ, ਅਮਨ ਗੋਇਲ, ਡਾ. ਕਰਮਜੀਤ, ਅਭੀ ਗੋਇਲ, ਟਵਿੰਕਲ ਗੋਇਲ, ਮਹੇਸ਼ ਵਰਮਾ, ਯੋਗੇਸ਼ ਕਟਾਰੀਆ, ਸੀਤਾ ਰਾਮ ਅਤੇ ਲੱਕੀ ਸ਼ਰਮਾ ਹਾਜ਼ਰ ਸਨ।

# 14 ਦੀ ਮੋਗਾ ਰੈਲੀ ਸੂਬਾ ਸਰਕਾਰ ਦੀਆਂ ਜੜ੍ਹਾਂ ਹਿਲਾ ਦੇਵੇਗੀ : ਜਗਦੀਪ ਸਿੰਘ ਨਕਈ



ਬਰੇਟਾ, 6 ਮਾਰਚ (ਨਰਿੰਦਰ ਬਾਂਸਲ, ਵਿਨੋਦ ਸਿੰਗਲਾ): ਭਾਰਤੀ ਜਨਤਾ ਪਾਰਟੀ ਸਰਕਲ ਬਰੇਟਾ ਦੀ ਇੱਕ ਮੀਟਿੰਗ 14 ਮਾਰਚ ਨੂੰ ਮੋਗਾ ਵਿਖੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਹੋਣ ਵਾਲੀ ਬਦਲਾਅ ਰੈਲੀ ਸਬੰਧੀ ਸਰਕਲ ਪ੍ਰਧਾਨ ਰਾਜ ਕੁਮਾਰ ਬਾਂਸਲ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਰੈਲੀ ਦੇ ਹਲਕਾ ਬੁਢਲਾਡਾ ਦੇ ਇੰਚਾਰਜ ਤੇ ਪਾਰਟੀ ਦੇ ਸੂਬਾ ਸਿੰਘ ਉਪ ਪ੍ਰਧਾਨ ਜਗਦੀਪ ਨਕਈ, ਜਿਲਾ ਜਨਰਲ ਸਕੱਤਰ ਗਗਨਦੀਪ ਸ਼ਰਮਾ, ਹਲਕਾ ਇੰਚਾਰਜ ਸੂਬੇਦਾਰ ਭੋਲਾ ਸਿੰਘ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।ਇਸ ਮੌਕੇ ਸੰਬੋਧਨ ਕਰਦੇ ਹੋਏ ਆਗੂਆਂ ਨੇ ਕਿਹਾ ਕਿ ਇਹ ਰੈਲੀ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਾਉਣ ਦਾ ਮੁੱਢ ਬੰਨੇਗੀ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਜੜਾਂ ਹਿਲਾ ਦੇਵੇਗੀ।ਕਿਉਂ ਕਿ ਸੂਬੇ ਦੇ ਲੋਕ ਇਸ ਸਰਕਾਰ ਤੋਂ ਅੱਕੇ ਪਏ ਹਨ ਅਤੇ ਇਸ ਸਰਕਾਰ ਨੂੰ ਚਲਦਾ ਕਰਨ ਦਾ ਮਨ ਬਣਾਈ ਬੈਠੇ।ਆਗੂਆਂ ਨੇ ਪਾਰਟੀ ਵਰਕਰਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਪੁੱਜਣ ਦੀ ਅਪੀਲ ਕੀਤੀ ਤੇ ਰੈਲੀ ਸਬੰਧੀ ਵਰਕਰਾਂ ਦੀਆਂ ਡਿਊਟੀਆਂ ਵੀ ਲਗਾਈਆਂ ਗਈ।ਇਸ ਮੌਕੇ ਪ੍ਰੇਮ ਕੁਮਾਰ ਬਖਸ਼ੀਵਾਲਾ, ਅਸ਼ੋਕ ਕੁਮਾਰ ਗੋਰਾ, ਯੁਵਾ ਆਗੂ ਪ੍ਰਸ਼ਾਤ ਸਿੰਗਲਾ, ਐਸ ਸੀ ਮੋਰਚਾ ਦੇ ਜਿਲਾ ਉਪ ਪ੍ਰਧਾਨ ਓਮ ਲਾਲ ਬਾਲਮੀਕੀ, ਪ੍ਰਸ਼ੋਤਮ ਸਿੰਘ ਖੁਡਾਲ, ਪੁਨੀਤ ਮਿੱਤਲ, ਮੋਹਿਤ ਜਾਂਗੜਾ, ਜਗਸੀਰ ਸਿੰਘ ਰੰਘਰੇਟਾ, ਕੇਵਲ ਗਰਗ, ਬਦਰੀ ਪ੍ਰਸ਼ਾਦ, ਤਾਰਾ ਸਿੰਘ ਰੰਘੜਿਆਲ ਹਾਜਰ ਸਨ।

# ਡੀ.ਆਈ.ਜੀ ਕ੍ਰਾਈਮ ਤੇ ਐਸ.ਐਸ.ਪੀ ਨੇ ਸਪੈਸ਼ਲ ਨਾਕਾ ਪੁਆਇੰਟਾਂ ਦਾ ਲਿਆ ਜਾਇਜ਼ਾ



ਫਰੀਦਕੋਟ, 6 ਮਾਰਚ (ਅਵਤਾਰ ਸਿੰਘ ਮੱਲਾ): ਫਰੀਦਕੋਟ ਜ਼ਿਲ੍ਹੇ ਵਿੱਚ ਕਾਨੂੰਨ-ਵਿਵਸਥਾ ਨੂੰ ਬਣਾਈ ਰੱਖਣ ਦੇ ਲਈ, ਪੁਲਿਸ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਵਿੱਚ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਇਸੇ ਦਾ ਜਾਇਜ਼ਾ ਲੈਣ ਲਈ ਨਵੀਨ ਸੈਣੀ ਆਈ.ਪੀ. ਐਸ ਡੀ.ਆਈ.ਜੀ ਕ੍ਰਾਈਮ ਅਤੇ ਡਾ. ਪ੍ਰਗਿਆ ਜੈਨ ਐਸ.ਐਸ. ਪੀ ਫਰੀਦਕੋਟ ਵੱਲੋਂ ਜ਼ਿਲ੍ਹੇ ਵਿੱਚ ਵੱਖ-ਵੱਖ ਨਾਕਿਆਂ ਤੇ ਪੈਟਰੋਲਿੰਗ ਪਾਰਟੀਆਂ ਦਾ ਅਚਨਚੇਤ ਨਿਰੀਖਣ ਕੀਤਾ ਗਿਆ। ਜਿਸ ਦੌਰਾਨ ਉਹਨਾਂ ਡਿਊਟੀ 'ਤੇ ਹਾਜਰ ਪੁਲਿਸ ਕਰਮਚਾਰੀਆਂ ਨੂੰ ਜਰੂਰੀ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ। ਇਸ ਮੌਕੇ ਨਵੀਨ ਸੈਣੀ ਆਈ.ਪੀ.ਐਸ ਡੀ.ਆਈ. ਜੀ ਕ੍ਰਾਈਮ ਵੱਲੋ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰ ਪ੍ਰਕਾਰ ਦੀਆਂ ਅਪਰਾਧਿਕ ਗਤੀਵਿਧੀਆਂ ਉੱਪਰ ਮੁਕੰਮਲ ਰੋਕ ਪੁਲਿਸ ਪ੍ਰਸ਼ਾਸਨ ਦੀ ਪਹਿਲੀ ਪ੍ਰਾਥਮਿਕਤਾ ਹੈ। ਇਸੇ ਦੀ ਕੜੀ ਵਿੱਚ ਹੀ ਜ਼ਿਲ੍ਹੇ ਅੰਦਰ ਮਜ਼ਬੂਤ ਸਿਸਟਮੈਟਿਕ ਨਾਕਾਬੰਦੀ ਕਰਕੇ ਚੈਕਿੰਗ ਕੀਤੀ ਜਾ ਰਹੀ ਹੈ। ਇਸਦੇ ਨਾਲ ਹੀ ਹੋਰ ਭੀੜ-ਭਾੜ ਵਾਲੇ ਸਥਾਨਾਂ ਤੇ ਪਾਰਕਿੰਗ ਆਦਿ ਜਗ੍ਹਿਆਂ ਦੀ ਵੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਇਹਨਾਂ ਚੈਕਿੰਗਾਂ ਦਾ ਮੁੱਖ ਉਦੇਸ਼ ਜ਼ਿਲ੍ਹੇ ਵਿੱਚ ਕਰਾਈਮ ਕੰਟਰੋਲ ਨੂੰ ਮਜ਼ਬੂਤ ਕਰਨਾ, ਗੈਰ-ਕਾਨੂੰਨੀ ਸਰਗਰਮੀਆਂ ਨੂੰ ਰੋਕਣਾ ਤੇ ਆਮ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨਾ ਹੈ ਅਤੇ ਇਹ ਵਾਹਨ ਜਾਂਚ ਮੁਹਿੰਮਾਂ ਜਾਰੀ ਰਹਿਣਗੀਆਂ ਤਾਂ ਜੋ ਸੁਰੱਖਿਆ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ ਅਤੇ ਕਾਨੂੰਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਸਕੇ।

ਨਿਰੀਖਣ ਦੌਰਾਨ, ਉਹਨਾ ਵੱਲੋ ਸਮੂਹ ਪੁਲਿਸ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਕਿ ਨਾਕਿਆਂ 'ਤੇ ਸਖ਼ਤੀ ਨਾਲ ਤਾਇਨਾਤੀ ਹੋਵੇ ਅਤੇ ਹਰ ਆਉਣ-ਜਾਣ ਵਾਲੇ ਵਾਹਨ ਦੀ ਜਾਂਚ ਵਧੇਰੇ ਧਿਆਨ ਨਾਲ ਕੀਤੀ ਜਾਵੇ। ਇਸ ਮੌਕੇ ਐਸ.ਐਸ.ਪੀ ਫਰੀਦਕੋਟ ਡਾ. ਪ੍ਰਗਿਆ ਜੈਨ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਪੁਖਤਾ ਕਰਨ ਲਈ ਜ਼ਿਲ੍ਹੇ ਅੰਦਰ ਡੀ.ਐਸ.ਪੀ ਰੈਂਕ ਦੇ ਅਧਿਕਾਰੀਆ ਦੀ ਨਿਗਰਾਨੀ ਹੇਠ ਮੁੱਖ ਅਫਸਰ ਥਾਣਾ/ਚੌਕੀ ਇੰਚਾਰਜਾਂ ਦੀਆਂ ਸਪੈਸ਼ਲ ਟੀਮਾਂ ਬਣਾ ਕੇ ਜਿਲ੍ਹੇ ਦੀਆ ਮਹੱਤਵਪੂਰਨ ਜਗ੍ਹਾਵਾ ਪਰ ਮਜ਼ਬੂਤ ਨਾਕਾਬੰਦੀਆਂ ਕੀਤੀਆਂ ਗਈਆਂ ਹਨ ਤੇ ਜਿਨ੍ਹਾਂ ਦੀ ਸੁਪਰਵੀਜਨ ਐਸ.ਪੀ ਰੈਂਕ ਦੇ ਅਧਿਕਾਰੀ ਕਰ ਰਹੇ ਹਨ। ਉਹਨਾਂ ਕਿਹਾ ਕਿ ਫਰੀਦਕੋਟ ਪੁਲਿਸ ਵੱਲੋਂ ਸਨੈਚਿੰਗ ਵਰਗੇ ਸਟ੍ਰੀਟ ਕਰਾਈਮ ਹੋਣ ਵਾਲੇ 'ਹਾਟਸਪਾਟਸ' ਦੀ ਪਛਾਣ ਕੀਤੀ ਜਾ ਰਹੀ ਹੈ, ਤਾਂ ਜੋ ਇਨ੍ਹਾਂ ਜਗ੍ਹਿਆਂ 'ਤੇ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਕੀਤੇ ਜਾ ਸਕਣ। ਇਸ ਦੌਰਾਨ ਉਨ੍ਹਾਂ ਨਾਕਿਆਂ 'ਤੇ ਮੌਜੂਦ ਪੁਲਿਸ ਕਰਮਚਾਰੀਆਂ ਦੇ ਕੰਮ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਅਤੇ ਉਨ੍ਹਾਂ ਨੂੰ ਪੇਸ਼ੇਵਰ ਮਿਆਰ ਬਣਾਈ ਰੱਖਣ ਲਈ ਹਦਾਇਤ ਵੀ ਕੀਤੀ ਗਈ। ਇਸ ਦੇ ਨਾਲ ਹੀ ਪੁਲਿਸ ਕਰਮਚਾਰੀਆਂ ਨੂੰ ਚੈਕਿੰਗ ਦੌਰਾਨ ਵਾਹਨ ਅਤੇ ਪਾਈਸ ਵਰਗੀਆਂ ਐਪਲੀਕੇਸ਼ਨਾਂ ਦੀ ਵਰਤੋਂ ਕਰਨ ਸਬੰਧੀ ਯੋਗ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ।

# ਸਾਂਝੇ ਫਰੰਟ ਵੱਲੋਂ ਭਲਕੇ ਪੰਜਾਬ ਵਿਧਾਨ ਸਭਾ ਚੰਡੀਗੜ੍ਹ ਵੱਲ ਰੋਸ ਮਾਰਚ ਕਰਨ ਦਾ ਫੈਸਲਾ : ਪ.ਸ.ਸ.ਫ. ਆਗੂ



ਭਗਤਾ ਭਾਈ ਕਾ, 6 ਮਾਰਚ (ਸਵਰਨ ਸਿੰਘ ਭਗਤਾ): ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾ ਦੀਆਂ ਸਾਂਝੀਆਂ ਅਤੇ ਜਾਇਜ਼ ਮੰਗਾਂ ਨੂੰ ਲੈ ਕੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ ਹੁਣ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਵੀ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ ਜਿਸ ਦੀ ਕੜੀ ਵਜੋਂ 8 ਮਾਰਚ ਨੂੰ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਬੈਨਰ ਹੇਠ ਰੋਸ ਮੁਜਾਹਰਾ ਕਰਨ ਤੋਂ ਬਾਅਦ ਪੰਜਾਬ ਵਿਧਾਨ ਸਭਾ ਵੱਲ ਮਾਰਚ ਕੀਤਾ ਜਾਵੇਗਾ ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1406/22 ਬੀ ਜਿਲ੍ਹਾ ਬਠਿੰਡਾ ਦੇ ਪ੍ਰਧਾਨ ਹਰਨੇਕ ਸਿੰਘ ਗਹਿਰੀ, ਸੂਬਾ ਆਗੂ ਬਲਰਾਜ ਮੌੜ, ਕਿਸ਼ੋਰ ਚੰਦ ਗਾਜ, ਜਸਪਾਲ ਸਿੰਘ ਜੱਸੀ,ਸੁਖਚੈਨ ਸਿੰਘ, ਗੁਰਮੀਤ ਸਿੰਘ ਭੋਡੀਪੁਰਾ,ਹੰਸਰਾਜ ਬੀਜਵਾ, ਰਾਜਪਾਲ ਸਿੰਘ,ਦਰਸ਼ਨ ਸ਼ਰਮਾ, ਸੁਰੇਸ਼ ਗੋਨਿਆਣਾ,ਧਰਮ ਸਿੰਘ ਕੋਠਾਗੁਰੂ, ਲਖਵੀਰ ਭਾਗੀਵਾਂਦਰ, ਬਲਜਿੰਦਰ ਸਿੰਘ ਨੇ ਕਿਹਾ ਕਿ ਇਨਕਲਾਬ ਦੇ ਨਾਂ ਤੇ ਬਣੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਚੋਣਾਂ ਸਮੇਂ ਵਾਅਦੇ ਹੀ ਨਹੀਂ ਕੀਤੇ ਸਨ ਸਗੋਂ ਕੰਮਾਂ ਦੀਆਂ ਗਰੰਟੀਆਂ ਦਿੱਤੀਆਂ ਸਨ ਪਰ ਹੁਣ ਤੱਕ ਮੰਗਾਂ ਮੰਨਣ ਦੀ ਬਜਾਏ ਹਰ ਵਾਰ ਮੀਟਿੰਗ ਦੇ ਕੇ ਮੁਲਤਵੀ ਕੀਤੀਆਂ ਕੀਤੀਆਂ ਗਈਆਂ। ਪੰਜਾਬ ਵਿੱਚ ਕੰਨਟਰੈਕਟ ਵੇਜਿਜ਼, ਆਊਟ ਸੋਰਸ, ਰਾਹੀਂ ਭਰਤੀ ਕੀਤੇ ਮੁਲਾਜ਼ਮ 15 ਤੋਂ 20 ਸਾਲਾਂ ਤੋਂ ਕੱਚੇ ਕੰਮ ਕਰਦੇ ਆ ਰਹੇ ਹਨ ਉਹਨਾਂ ਨੂੰ ਰੈਗੂਲਰ ਨਹੀਂ ਕੀਤਾ ਜਾ ਰਿਹਾ ਪੰਜਾਬ ਦਾ ਮੁਲਾਜ਼ਮ ਹੋਰਨਾ ਸਟੇਟਾਂ ਤੋਂ 16% ਡੀਏ ਕੱਟ ਲੈ ਰਿਹਾ ਹੈ ਉਹਨਾਂ ਨੂੰ ਡੀਏ ਦੀਆਂ ਕਿਸਤਾਂ ਨਹੀਂ ਦਿੱਤੀਆਂ ਜਾ ਰਹੀਆਂ ਹਨ। ਪੰਜਾਬ ਦੇ ਮੁਲਾਜ਼ਮਾਂ ਨੂੰ ਪੇ ਕਮਿਸ਼ਨ ਤੇ ਬਕਾਇਆ ਹੋਇਆ ਦਾ ਭੁਗਤਾਨ ਨਹੀਂ ਕੀਤਾ ਜਾ ਰਿਹਾ ਚੋਣਾਂ ਦੌਰਾਨ ਕੀਤੇ ਵਾਅਦੇ ਅਨੁਸਾਰ ਪੰਜਾਬ ਅਤੇ ਬੋਰਡਾਂ ਕਾਰਪੋਰੇਸ਼ਨਾਂ ਵਿੱਚ ਪੁਰਾਣੀ ਪੈਨਸ਼ਨ ਸਕੀਮ ਬਹਾਲ ਨਹੀਂ ਕੀਤੀ ਜਾ ਰਹੀ। ਪੈਨਸ਼ਨਰਾਂ ਉਪਰ 2.59 ਗੁਣਾਂਕ ਲਾਗੂ ਨਹੀਂ ਰਹੀ। ਅਧਿਆਪਕਾਂ ਤੇ ਟੈਟ ਲਾਜ਼ਮੀ ਥੋਪਿਆ ਜਾ ਰਿਹਾ ਹੈ।ਮੰਗ ਪੱਤਰ ਵਿੱਚ ਦਰਜ ਮੁਲਾਜ਼ਮਾਂ ਦੀਆਂ ਮੰਗਾਂ ਦਾ ਕੋਈ ਨਿਪਟਾਰਾ ਨਹੀਂ ਕੀਤਾ ਜਾ ਰਿਹਾ ਜਿਸ ਕਰਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਅੰਦਰ ਇਸ ਸਰਕਾਰ ਪ੍ਰਤੀ ਗੁੱਸਾ ਪਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਲਗਾਤਾਰ ਰੋਸ ਪ੍ਰਦਰਸ਼ਨ ਕੀਤੇ ਜਾਣਗੇ ਜਿਸ ਦੀ ਕੜੀ ਵਜੋਂ ਪਹਿਲੇ ਦਿਨ 8 ਮਾਰਚ ਚੰਡੀਗੜ੍ਹ ਵਿਖੇ ਕੀਤੇ ਜਾਣ ਵਾਲੇ ਰੋਸ ਮੁਜ਼ਾਹਰੇ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਝੰਡੇ ਹੇਠ ਜਲ ਸਪਲਾਈ ਸੈਨੀਟੇਸ਼ਨ,ਜਲ ਸਰੋਤ ਸਿੰਚਾਈ ਵਿਭਾਗ,ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਬੀ ਐਂਡ ਆਰ ,ਜਗਲਾਤ ਵਿਭਾਗ ਅਤੇ ਸਿੱਖਿਆ ਵਿਭਾਗ ਦੇ ਮੁਲਾਜ਼ਮ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ।

# ਵਾਈ.ਐਸ. ਕਾਲਜ ਦੀ ਸੰਗੀਤ ਅਧਿਆਪਿਕਾ ਨੂੰ ਗੁਰਬਾਣੀ ਰਾਗ ਮੁਕਾਬਲੇ ਲਈ ਜੱਜ ਵਜੋਂ ਸੱਦਾ



ਬਰਨਾਲਾ, 6 ਮਾਰਚ (ਸੁਖਵਿੰਦਰ ਸਿੰਘ ਭੰਡਾਰੀ) : ਵਾਈ.ਐਸ ਕਾਲਜ, ਜਿਸ ਨੂੰ ਮੋਸਟ ਇਮਰਜਿੰਗ ਹਾਈਐਸਟ ਇੰਸਟੀਟਿਊਟ ਆਫ ਦਿ ਇਅਰ ਦਾ ਸਨਮਾਨ ਮਿਲ ਚੁੱਕਾ ਹੈ, ਸਿੱਖਿਆ, ਸਭਿਆਚਾਰ ਅਤੇ ਆਧਿਆਤਮਿਕ ਮੁੱਲਾਂ ਦੇ ਖੇਤਰ ਵਿੱਚ ਨਵੇਂ ਮੀਲ ਪੱਥਰ ਸਥਾਪਿਤ ਕਰਦਾ ਜਾ ਰਿਹਾ ਹੈ। ਸੰਸਥਾ ਨੇ ਸਿੱਖਿਆਕ ਉਤਕ੍ਰਿਸ਼ਟਤਾ ਦੇ ਨਾਲ-ਨਾਲ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਲਈ ਵੀ ਵਿਆਪਕ ਪ੍ਰਸ਼ੰਸਾ ਹਾਸਲ ਕੀਤੀ ਹੈ। ਕਾਲਜ ਲਈ ਇਹ ਇਕ ਹੋਰ ਮਾਣ ਵਾਲਾ ਪਲ ਹੈ ਕਿ ਸੰਗੀਤ ਵਿਭਾਗ ਦੀ ਅਧਿਆਪਿਕਾ ਰਵਿੰਦਰਜੀਤ ਕੌਰ ਨੂੰ ਇੱਕ ਪ੍ਰਤਿਸ਼ਠਿਤ ਗੁਰਬਾਣੀ ਰਾਗ ਮੁਕਾਬਲੇ ਵਿੱਚ ਜੱਜ ਵਜੋਂ ਸੇਵਾ ਨਿਭਾਉਣ ਲਈ ਸੱਦਾ ਦਿੱਤਾ ਗਿਆ ਹੈ। ਇਹ ਸੱਦਾ ਸੰਗੀਤ ਸਿੱਖਿਆ ਅਤੇ ਆਧਿਆਤਮਿਕ ਕਲਾ ਦੇ ਖੇਤਰ ਵਿੱਚ ਕਾਲਜ ਦੇ ਯੋਗਦਾਨ ਦੀ ਵਧਦੀ ਪਛਾਣ ਨੂੰ ਦਰਸਾਉਂਦਾ ਹੈ। 9 ਮਾਰਚ ਨੂੰ ਲੁਧਿਆਣਾ ਜ਼ਿਲ੍ਹੇ ਦੇ ਵੱਖ-ਵੱਖ ਕਾਲਜਾਂ ਵਿਚਕਾਰ ਇੱਕ ਮਹੱਤਵਪੂਰਨ ਗੁਰਬਾਣੀ ਰਾਗ ਮੁਕਾਬਲਾ ਆਯੋਜਿਤ ਕੀਤਾ ਜਾਵੇਗਾ। ਇਸ ਪ੍ਰੋਗਰਾਮ ਦਾ ਉਦੇਸ਼ ਗੁਰਬਾਣੀ ਵਿੱਚ ਵਰਤੇ ਗਏ 31 ਰਾਗਾਂ ਦੀ ਦਿਵਿਆ ਪਰੰਪਰਾ ਨੂੰ ਮਨਾਉਣਾ ਹੈ, ਜੋ ਸਿੱਖ ਧਾਰਮਿਕ ਸੰਗੀਤ ਦੀ ਬੁਨਿਆਦ ਹਨ। ਇਸ ਮੁਕਾਬਲੇ ਰਾਹੀਂ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀ ਗੁਰਬਾਣੀ ਨੂੰ ਉਸਦੇ ਪਰੰਪਰਾਗਤ ਰਾਗਾਂ ਵਿੱਚ ਪੇਸ਼ ਕਰਨਗੇ, ਜਿਸ ਨਾਲ ਸੰਗੀਤਕ ਅਨੁਸ਼ਾਸਨ ਅਤੇ ਆਧਿਆਤਮਿਕ ਭਾਵਨਾ ਦੋਵਾਂ ਦਾ ਪ੍ਰਗਟਾਵਾ ਹੋਵੇਗਾ। ਇਸ ਮੌਕੇ ਨੂੰ ਕਾਲਜ ਲਈ ਹੋਰ ਵੀ ਮਾਣਯੋਗ ਬਣਾਉਂਦਿਆਂ, ਵਾਈ.ਐਸ ਕਾਲਜ ਦੇ ਸੰਗੀਤ ਵਿਭਾਗ ਦੀ ਅਧਿਆਪਿਕਾ ਰਵਿੰਦਰਜੀਤ ਕੌਰ ਇਸ ਮੁਕਾਬਲੇ ਵਿੱਚ ਜੱਜ ਵਜੋਂ ਆਪਣੀ ਭੂਮਿਕਾ ਨਿਭਾਉਣਗੀਆਂ। ਸੰਗੀਤ ਵਿੱਚ ਉਨ੍ਹਾਂ ਦੀ ਦੱਖਲ ਅਤੇ ਗੁਰਬਾਣੀ ਰਾਗਾਂ ਬਾਰੇ ਡੂੰਘੀ ਸਮਝ ਇਸ ਪ੍ਰੋਗਰਾਮ ਦੀ ਮੌਲਿਕਤਾ ਅਤੇ ਉੱਚ ਮਿਆਰ ਨੂੰ ਬਣਾਈ ਰੱਖਣ ਵਿੱਚ ਮਹੱਤਵਪੂਰਨ ਯੋਗਦਾਨ ਪਾਏਗੀ। ਉਨ੍ਹਾਂ ਦੀ ਜੱਜ ਵਜੋਂ ਚੋਣ ਪੂਰੇ ਵਾਈ.ਐਸ ਕਾਲਜ ਪਰਿਵਾਰ ਲਈ ਮਾਣ ਦੀ ਗੱਲ ਹੈ। ਡਾਇਰੈਕਟਰ ਵਰੁਣ ਭਾਰਤੀ ਨੇ ਇਸ ਉਪਲਬਧੀ 'ਤੇ ਖੁਸ਼ੀ ਜਤਾਉਂਦਿਆਂ ਕਿਹਾ ਕਿ ਵਾਈ.ਐਸ ਕਾਲਜ ਸਦਾ ਹੀ ਆਪਣੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਉਹਨਾਂ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰਦਾ ਹੈ ਜੋ ਸੱਭਿਆਚਾਰਕ ਅਤੇ ਆਧਿਆਤਮਿਕ ਪਰੰਪਰਾਵਾਂ ਨੂੰ ਸੁਰੱਖਿਅਤ ਰੱਖਦੀਆਂ ਹਨ। ਪ੍ਰਿੰਸੀਪਲ ਡਾ. ਗੁਰਪਾਲ ਸਿੰਘ ਰਾਣਾ ਨੇ ਵੀ ਸੰਗੀਤ ਵਿਭਾਗ ਨੂੰ ਵਧਾਈ ਦਿੰਦਿਆਂ ਕਿਹਾ ਕਿ ਗੁਰਬਾਣੀ ਰਾਗ ਮੁਕਾਬਲੇ ਗੁਰਬਾਣੀ ਦੇ ਅਸਲ ਸੰਗੀਤਕ ਵਿਰਸੇ ਨੂੰ ਜਿਉਂਦਾ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਵਾਈਸ ਪ੍ਰਿੰਸੀਪਲ ਵੀ.ਪੀ. ਸਿੰਗਲਾ ਨੇ ਵੀ ਆਪਣੀ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਵਿੱਚ ਵਾਈਐਸ ਕਾਲਜ ਦੇ ਅਧਿਆਪਕਾਂ ਦੀ ਭਾਗੀਦਾਰੀ ਸੰਸਥਾ ਦੀ ਸੱਭਿਆਚਾਰਕ ਵਿਕਾਸ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਆਉਣ ਵਾਲਾ ਇਹ ਮੁਕਾਬਲਾ ਲੁਧਿਆਣਾ ਦੇ ਵੱਖ-ਵੱਖ ਕਾਲਜਾਂ ਦੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਇਕੱਠਾ ਕਰੇਗਾ ਅਤੇ ਇੱਕ ਐਸਾ ਮੰਚ ਤਿਆਰ ਕਰੇਗਾ ਜਿੱਥੇ ਆਧਿਆਤਮਿਕਤਾ ਅਤੇ ਸ਼ਾਸਤਰੀ ਸੰਗੀਤ ਦਾ ਸੁੰਦਰ ਮੇਲ ਦੇਖਣ ਨੂੰ ਮਿਲੇਗਾ। ਅਨੁਭਵੀ ਜੱਜਾਂ ਦੀ ਮੌਜੂਦਗੀ ਵਿੱਚ ਇਹ ਪ੍ਰੋਗਰਾਮ ਗੁਰਬਾਣੀ ਰਾਗਾਂ ਦੀ ਖੂਬਸੂਰਤੀ ਨੂੰ ਉਜਾਗਰ ਕਰੇਗਾ ਅਤੇ ਨਵੀਂ ਪੀੜ੍ਹੀ ਨੂੰ ਇਸ ਪਵਿੱਤਰ ਸੰਗੀਤਕ ਪਰੰਪਰਾ ਨੂੰ ਸੰਭਾਲਣ ਲਈ ਪ੍ਰੇਰਿਤ ਕਰੇਗਾ।

# ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਔਰਤਾਂ ਦਾ ਸਨਮਾਨ ਭਲਕੇ



ਬਰਨਾਲਾ, 6 ਮਾਰਚ (ਸੁਖਵਿੰਦਰ ਸਿੰਘ ਭੰਡਾਰੀ) : ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਐਂਡ ਸਿਵਲ ਸੋਸਾਇਟੀ ਬਰਨਾਲਾ ਵੱਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਭਲਕੇ 8 ਮਾਰਚ ਦਿਨ ਐਤਵਾਰ ਨੂੰ ਕ੍ਰਿਸ਼ਨਾ ਗਲੀ ਕੇ ਸੀ ਰੋਡ ਬਰਨਾਲਾ ਵਿਖੇ ਸਵੇਰੇ ਠੀਕ 10 ਵਜੇ ਮਨਾਇਆ ਜਾ ਰਿਹਾ ਹੈ। ਸਮੂਹ ਮੈਂਬਰ ਦਿੱਤੇ ਸਮੇਂ ਤੋਂ 10 ਮਿੰਟ ਪਹਿਲਾਂ ਪਹੁੰਚਣ ਦੀ ਕ੍ਰਿਪਾਲਤਾ ਕਰਨ। ਇਸ ਮੌਕੇ ਸਮਾਜ ਸੇਵੀ ਅਤੇ ਵੱਖ-ਵੱਖ ਖੇਤਰਾਂ ਚ ਨਾਮਨਾ ਖੱਟਣ ਵਾਲੀਆਂ ਔਰਤਾਂ ਦਾ ਸਨਮਾਨ ਕੀਤਾ ਜਾਵੇਗਾ। ਇਸ ਮੌਕੇ ਬੋਲਦਿਆਂ ਪ੍ਰੋਗਰਾਮ ਦੇ ਪ੍ਰੋਜੈਕਟ ਚੇਅਰਮੈਨ ਹਰਮਨਜੀਤ ਸਿੰਘ ਰੁਪਾਲ, ਸਹਿ ਪ੍ਰੋਜੈਕਟ ਚੇਅਰਮੈਨ ਮਹਿੰਦਰ ਪਾਲ ਗਰਗ ਅਤੇ ਰਾਕੇਸ਼ ਜਿੰਦਲ ਨੇ ਕਿਹਾ ਕਿ ਔਰਤਾਂ ਨੂੰ ਬਰਾਬਰੀ ਦਾ ਅਧਿਕਾਰ ਅਤੇ ਸਨਮਾਨ ਦੇ ਕੇ ਹੀ ਰਾਸ਼ਟਰ ਦਾ ਸਰਵਪੱਖੀ ਵਿਕਾਸ ਸੰਭਵ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਸਾਡੇ ਗੁਰੂ ਸਾਹਿਬਾਨਾਂ ਨੇ ਵੀ ਔਰਤ ਅਤੇ ਪੁਰਸ਼ ਦੀ ਬਰਾਬਰੀ ਦੀ ਗੱਲ ਕੀਤੀ ਹੈ ਅਤੇ ਭਾਰਤੀ ਸੰਵਿਧਾਨ ਅਨੁਸਾਰ ਵੀ ਔਰਤ ਅਤੇ ਪੁਰਸ਼ ਬਰਾਬਰ ਹਨ ਪ੍ਰੰਤੂ ਅਮਲੀ ਜਾਮਾ ਪਹਿਨਾਉਣ ਦੀ ਲੋੜ ਹੈ। ਅਜਿਹੇ ਉਪਰਾਲੇ ਕਰਨ ਨਾਲ ਸਮਾਜ ਵਿੱਚ ਹੋ ਰਹੀ ਕੰਨਿਆ ਭਰੂਣ ਹੱਤਿਆ ਅਤੇ ਹੋਰ ਬੁਰਾਈਆਂ ਵਿਰੁੱਧ ਲੋਕਾਂ ਚ ਜਾਗਰੂਕਤਾ ਪੈਦਾ ਹੋਵੇਗੀ ਅਤੇ ਲੋਕਾਂ ਦੀ ਸੋਚ 'ਚ ਯੁੱਗ ਪਲਟਾਊ ਤਬਦੀਲੀ ਆਵੇਗੀ।

# ਵਾਈ.ਐੱਸ. ਸਕੂਲ ਵਿੱਚ ਇਨੋਵੇਸ਼ਨ ਪ੍ਰੀਖਿਆ



ਬਰਨਾਲਾ, 6 ਮਾਰਚ (ਬਘੇਲ ਸਿੰਘ ਧਾਲੀਵਾਲ) : ਵਾਈ. ਐੱਸ. ਸਕੂਲ ਬਰਨਾਲਾ ਵਿੱਚ ਇਨੋਵੇਸ਼ਨ ਪਰੀਖਿਆ ਦਾ ਆਯੋਜਨ ਕੀਤਾ ਗਿਆ , ਜਿਸ ਵਿੱਚ ਵਿਦਿਆਰਥੀਆਂ ਦੀ ਰਚਨਾਤਮਕ ਸੋਚ ਅਤੇ ਵਿਹਾਰਿਕ ਗਿਆਨ ਨੂੰ ਵਧਾਉਣ ਲਈ ਵੱਖ-ਵੱਖ ਵਿਸ਼ਿਆਂ ਵਿੱਚ ਇਨੋਵੇਸ਼ਨ ਪ੍ਰੀਖਿਆਵਾਂ ਕਰਵਾਈਆਂ ਗਈਆਂ। ਪੰਜਵੀਂ ਕਲਾਸ ਦੇ ਵਿਦਿਆਰਥੀਆਂ ਲਈ ਗਣਿਤ ਅਤੇ ਈ.ਵੀ.ਐਸ (ਪਰੀਆਵਰਣ ਅਧਿਐਨ) ਨਾਲ ਸੰਬੰਧਿਤ ਪਰੀਖਿਆ ਕਰਵਾਈ ਗਈ। ਇਨ੍ਹਾਂ ਪ੍ਰੀਖਿਆਵਾਂ ਰਾਹੀਂ ਬੱਚਿਆਂ ਨੂੰ ਦੈਨਿਕ ਜੀਵਨ ਨਾਲ ਜੁੜੇ ਉਦਾਹਰਣਾਂ ਦੇ ਜ਼ਰੀਏ ਵਿਸ਼ਿਆਂ ਨੂੰ ਸਮਝਣ ਦਾ ਮੌਕਾ ਮਿਲਿਆ। ਬੱਚਿਆਂ ਨੇ ਬੜੇ ਉਤਸ਼ਾਹ ਅਤੇ ਰੁਚੀ ਨਾਲ ਇਸ ਵਿੱਚ ਭਾਗ ਲਿਆ। ਚੌਥੀ ਕਲਾਸ ਦੇ ਵਿਦਿਆਰਥੀਆਂ ਲਈ ਆਰਟ ਅਤੇ ਕੰਪਿਊਟਰ ਨਾਲ ਸੰਬੰਧਿਤ ਇਨੋਵੇਸ਼ਨ ਪ੍ਰੀਖਿਆ ਕਰਵਾਈ ਗਈ। ਵਿਦਿਆਰਥੀਆਂ ਨੇ ਆਪਣੀ ਕਲਪਨਾ-ਸ਼ਕਤੀ ਦਾ ਪ੍ਰਯੋਗ ਕਰਦੇ ਹੋਏ ਸੋਹਣੇ ਚਿੱਤਰ ਬਣਾਏ ਅਤੇ ਕੰਪਿਊਟਰ ਰਾਹੀਂ ਨਵੀਆਂ ਚੀਜ਼ਾਂ ਸਿੱਖੀਆਂ। ਇਨ੍ਹਾਂ ਪੀਖਿਆਵਾਂ ਦਾ ਮੁੱਖ ਉਦੇਸ਼ ਬੱਚਿਆਂ ਦੀ ਰਚਨਾਤਮਕਤਾ, ਤਰਕਸ਼ੀਲ ਸੋਚ ਅਤੇ ਤਕਨੀਕੀ ਗਿਆਨ ਨੂੰ ਵਿਕਸਿਤ ਕਰਨਾ ਸੀ। ਅਧਿਆਪਕਾਂ ਨੇ ਵੀ ਬੱਚਿਆਂ ਦੀ ਮਿਹਨਤ ਅਤੇ ਪ੍ਰਤਿਭਾ ਦੀ ਪ੍ਰਸ਼ੰਸਾ ਕੀਤੀ। ਇਸ ਤਰ੍ਹਾਂ ਦੀਆਂ ਨਵੀਂ ਕਿਸਮ ਦੀਆਂ ਪ੍ਰੀਖਿਆਵਾਂ ਰਾਹੀਂ ਵਾਈ.ਐੱਸ ਸਕੂਲ ਬਰਨਾਲਾ ਦੇ ਵਿਦਿਆਰਥੀ ਪੜ੍ਹਾਈ ਛਦੇ ਨਾਲ-ਨਾਲ ਆਪਣੀ ਯੋਗਤਾ ਅਤੇ ਰਚਨਾਤਮਕਤਾ ਨੂੰ ਵੀ ਨਿਖਾਰ ਰਹੇ ਹਨ।

# ਧਨੌਲਾ ਵਿਖੇ ਡੌਗ ਸ਼ੋਅ ਮੇਲਾ ਭਲਕੇ

ਧਨੌਲਾ, 6 ਮਾਰਚ (ਚਮਕੌਰ ਸਿੰਘ ਗੱਗੀ) : ਮਾਊਂਨਟੇਨ ਡੌਗ ਕੈਨਲ ਕਲੱਬ ਵੱਲੋਂ ਉੱਘੀ ਵਿੱਦਿਅਕ ਸੰਸਥਾ ਗਰੀਨ ਫੀਲਡ ਕਾਨਵੈਂਟ ਸਕੂਲ ਦਾਨਗੜ੍ਹ ਦੇ ਸਹਿਯੋਗ ਨਾਲ 8 ਮਾਰਚ ਨੂੰ ਦਾਣਾ ਮੰਡੀ ਧਨੌਲਾ ਵਿਖੇ ਵੱਡਾ ਡੋਗ ਸ਼ੋਅ ਮੇਲਾ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਡੋਗਸ ਨੂੰ ਪਿਆਰ ਕਰਨ ਵਾਲੇ ਲੋਕ ਆਪਣੇ ਕੁੱਤਿਆਂ ਨਾਲ ਸ਼ਾਮਿਲ ਹੋਣਗੇ। ਇਸ ਸਬੰਧੀ ਪ੍ਰਬੰਧਕ ਸੁਬੇਗ ਸਿੰਘ ਬਰਗਾੜੀ ਅਤੇ ਸੁਖਦੀਪ ਸਿੰਘ ਦਾਨਗੜ੍ਹ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਦੌਰਾਨ ਦੋ ਨਸਲ ਦੇ ਕੁੱਤੇ ਹੀ ਐਂਟਰ ਕੀਤੇ ਜਾਣਗੇ ਜਿਸ ਵਿੱਚ ਇੱਕ ਨਸਲ ਤਿੱਬਤਨ ਮੈਸਟਿੱਫ ਅਤੇ ਦੂਸਰੀ ਨਸਲ ਹਿਮਾਲੀਆਨ ਸ਼ੀਪਡੋਗ ਦੇ ਕੁੱਤੇ ਹੀ ਸ਼ਾਮਿਲ ਹਨ। ਇਸ ਮੇਲੇ ਦਾ ਸਮਾਂ ਦੁਪਹਿਰ 12 ਵਜੇ ਤੋਂ ਲੈ ਕੇ ਲਗਭੱਗ ਰਾਤ 10 ਵਜੇ ਤੱਕ ਦਾ ਹੋਵੇਗਾ। ਇਸ ਮੌਕੇ ਮਾਹਰਾਂ ਵੱਲੋਂ ਜੱਜਮੈਂਟ ਕੀਤੀ ਜਾਵੇਗੀ। ਉਨ੍ਹਾ ਦੱਸਿਆ ਕਿ ਇਸ ਮੇਲੇ ਵਿੱਚ ਸੁਚੱਜੇ ਪ੍ਰਬੰਧ ਕੀਤੇ ਗਏ ਹਨ। ਇਸ ਦੌਰਾਨ ਪ੍ਰਬੰਧਕਾਂ ਨੇ ਕੁੱਤੇ ਪਾਲਕਾਂ ਨੂੰ ਉਪਰੋਕਤ ਨਸਲ ਦੇ ਕੁੱਤਿਆਂ ਨਾਲ ਪਹੁੰਚਣ ਦੀ ਅਪੀਲ ਕੀਤੀ।

# ਪੰਚਾਇਤ ਸੰਮਤੀ ਸ਼ਹਿਣਾ ਦੇ ਚੇਅਰਪਰਸਨ ਅਤੇ ਵਾਈਸ ਚੇਅਰਮੈਨ ਚੁਣੇ

## ਨਵੇਂ ਅਹੁਦੇਦਾਰ ਪਿੰਡਾਂ ਦੇ ਵਿਕਾਸ ਨੂੰ ਦੇਣਗੇ ਤਰਜੀਹ : ਉੱਗੋਕੇ



ਸ਼ਹਿਣਾ, 6 ਮਾਰਚ (ਸੁਖਵਿੰਦਰ ਪਲਾਹਾ) : ਹਲਕਾ ਭਦੌੜ ਦੇ ਵਿਧਾਇਕ ਸ. ਲਾਭ ਸਿੰਘ ਉੱਗੋਕੇ ਦੀ ਮੌਜੂਦਗੀ ਵਿੱਚ ਬਲਾਕ ਸੰਮਤੀ ਦਫ਼ਤਰ ਸ਼ਹਿਣਾ ਵਿਖੇ ਪਵਨਦੀਪ ਕੌਰ ਫਤਿਹਗੜ੍ਹ ਛੰਨਾ ਨੇ ਚੇਅਰਪਰਸਨ ਅਤੇ ਬਾਦਲ ਸਿੰਘ ਦਰਾਕਾ ਨੇ ਉਪ ਚੇਅਰਮੈਨ ਵਜੋਂ ਜ਼ਿੰਮੇਵਾਰੀ ਸੰਭਾਲੀ। ਇਸ ਮੌਕੇ ਵਿਧਾਇਕ ਉੱਗੋਕੇ ਵੱਲੋਂ ਨਵੇਂ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੱਤੀ ਗਈ। ਉਹਨਾਂ ਆਸ ਪ੍ਰਗਟਾਈ ਕਿ ਇਹ ਦੋਵੇਂ ਅਹੁਦੇਦਾਰ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਲਗਨ ਅਤੇ ਤਨਦੇਹੀ ਨਾਲ ਨਿਭਾਉਂਦੇ ਹੋਏ ਇਲਾਕੇ ਦੇ ਵਿਕਾਸ ਅਤੇ ਲੋਕਾਂ ਦੀ ਸੇਵਾ ਲਈ ਕੰਮ ਕਰਨਗੇ।

ਉਹਨਾਂ ਕਿਹਾ ਕਿ ਓਹਨਾ ਨੂੰ ਪੂਰਨ ਆਸ ਹੈ ਕਿ ਸਮੂਹ ਅਹੁਦੇਦਾਰ ਅਤੇ ਬਲਾਕ ਸੰਮਤੀ ਮੈਂਬਰ ਪਿੰਡਾਂ ਦੇ ਸਾਂਝੇ ਕੰਮਾਂ, ਪਿੰਡਾਂ ਦੇ ਵਿਕਾਸ ਨੂੰ ਤਰਜੀਹ ਦੇਣਗੇ ਅਤੇ ਕਿਸੇ ਵੀ ਮਤਭੇਦ ਤੋਂ ਉੱਪਰ ਉੱਠ ਕੇ ਲੋਕ ਸੇਵਾ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਰਕੀਟ ਕਮੇਟੀ ਤਪਾ ਦੇ ਚੇਅਰਮੈਨ ਤਰਸੇਮ ਸਿੰਘ ਕਾਹਨੇਕੇ, ਮਾਰਕੀਟ ਕਮੇਟੀ ਭਦੌੜ ਦੇ ਚੇਅਰਮੈਨ ਅੰਮ੍ਰਿਤ ਢਿੱਲਵਾਂ ਅਤੇ ਬੀ.ਡੀ.ਪੀ.ਓ ਸ਼ਹਿਣਾ ਜੁਗਰਾਜ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਐੱਸ. ਡੀ. ਕਾਲਜ ਵਿਖੇ 'ਰਾਸ਼ਟਰੀ ਵਿਗਿਆਨ ਦਿਵਸ' ਮਨਾਇਆ



ਬਰਨਾਲਾ, 6 ਮਾਰਚ (ਬਘੇਲ ਸਿੰਘ ਧਾਲੀਵਾਲ) : ਐੱਸ ਡੀ ਕਾਲਜ ਦੇ ਭੌਤਿਕ ਵਿਗਿਆਨ, ਗਣਿਤ ਅਤੇ ਸਾਇੰਸ ਵਿਭਾਗਾਂ ਵੱਲੋਂ ਇੰਡੀਅਨ ਐਸੋਸੀਏਸ਼ਨ ਆਫ਼ ਫਿਜ਼ਿਕਸ ਟੀਚਰਜ਼ (ਆਈਏਪੀਟੀ) ਦੇ ਸਹਿਯੋਗ ਨਾਲ ਅੰਤਰ-ਕਾਲਜ 'ਰਾਸ਼ਟਰੀ ਵਿਗਿਆਨ ਦਿਵਸ 2026' ਮਨਾਇਆ ਗਿਆ। ਕਾਲਜ ਦੇ ਪੀਆਰਓ ਪ੍ਰੋ. ਸ਼ੋਇਸ਼ ਜ਼ਫ਼ਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੌਕੇ ਵਿਦਿਆਰਥੀਆਂ ਦੇ ਪੋਸਟਰ ਪ੍ਰੇਜ਼ੈਂਟੇਸ਼ਨ, ਪਾਵਰ ਪੁਆਇੰਟ ਅਤੇ ਕੁਇਜ਼ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿਚ ਮੇਜ਼ਬਾਨ ਕਾਲਜ ਤੋਂ ਇਲਾਵਾ 10 ਹੋਰ ਕਾਲਜਾਂ ਦੇ ਲਗਭਗ 100 ਵਿਦਿਆਰਥੀਆ ਨੇ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ਸਿੱਖਿਆ ਰਤਨ ਅਤੇ ਰਾਸ਼ਟਰੀ ਪੁਰਸਕਾਰ ਪ੍ਰਾਪਤ ਵਿਗਿਆਨੀ ਡਾ. ਜਸਵਿੰਦਰ ਸਿੰਘ ਵੱਲੋਂ 'ਲੈਬ ਆਨ ਵੀਲਜ਼' ਦੀ ਪ੍ਰਦਰਸ਼ਨੀ ਲਗਾਈ ਗਈ। ਉਹਨਾਂ ਆਪਣੇ ਵੱਲੋਂ ਬਣਾਏ ਮਾਡਲਾਂ ਰਾਹੀਂ ਰਮਨ ਪ੍ਰਭਾਵ, ਪੁਲਾੜ ਅਤੇ ਵੈਕਿਊਮ ਆਦਿ ਦੇ ਸੰਕਲਪ ਦੀ ਪ੍ਰਯੋਗਾਤਮਕ ਵਿਆਖਿਆ ਕੀਤੀ। ਪ੍ਰੋਗਰਾਮ ਦੇ ਕਨਵੀਨਰ ਡਾ. ਮਨੋਜ ਕੁਮਾਰ ਗੁਪਤਾ ਦੀ ਅਗਵਾਈ ਵਿਚ ਹੋਏ ਇਸ ਪ੍ਰੋਗਰਾਮ ਵਿਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਟਰਾਫ਼ੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਸੰਸਥਾ ਦੇ ਡਾਇਰੈਕਟਰ ਹਰਦਿਆਲ ਸਿੰਘ ਅੱਤਰੀ ਨੇ ਮੁੱਖ ਵਕਤਾ ਦਾ ਸਵਾਗਤ ਕਰਦਿਆਂ ਸਾਇੰਸ ਵਿਭਾਗਾਂ ਵੱਲੋਂ ਕਰਵਾਏ ਜਾ ਰਹੇ ਇਸ ਪ੍ਰੋਗਰਾਮ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਆਰੰਭ ਤੋਂ ਹੀ ਕਾਲਜ ਦੇ ਸਾਰੇ ਸਾਇੰਸ ਵਿਭਾਗ ਇਲਾਕੇ ਦੇ ਸਾਇੰਸ ਵਿਦਿਆਰਥੀਆਂ ਲਈ ਮਾਰਗਦਰਸ਼ਕ ਬਣੇ ਹੋਏ ਹਨ ਅਤੇ ਕਾਲਜ ਪ੍ਰਬੰਧਕ ਕਮੇਟੀ ਵੱਲੋਂ ਅਜਿਹੇ ਕਾਰਜਾਂ ਲਈ ਅਧਿਆਪਕਾਂ ਨੂੰ ਹਮੇਸ਼ਾਂ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਮੌਕੇ ਕਾਲਜ ਦੀ ਵਿਦਿਆਰਥਣ ਨੰਦਿਕਾ ਨੂੰ ਨੈਸ਼ਨਲ ਗ੍ਰੈਜੂਏਸ਼ਨ ਫਿਜਿਕਸ ਐਗਜ਼ਾਮੀਨੇਸ਼ਨ (ਐਨਜੀਪੀਈ-2025) ਵਿਚ ਸੂਬੇ ਭਰ ਵਿੱਚੋਂ ਟਾਪਰ ਬਣਨ 'ਤੇ ਸਰਟੀਫਿਕੇਟ, ਟਰਾਫ਼ੀ ਅਤੇ 1100 ਰੁਪਏ ਦੀ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਉਪ ਪ੍ਰਧਾਨ ਰਾਹੁਲ ਅੱਤਰੀ, ਜਨਰਲ ਸਕੱਤਰ ਜਤਿੰਦਰ ਨਾਥ ਸ਼ਰਮਾ, ਜੁਆਇੰਟ ਵਿੱਤ ਸਕੱਤਰ ਰਾਹੁਲ ਗਾਰਗੀ, ਪ੍ਰਿੰਸੀਪਲ ਡਾ. ਰਮਾ ਸ਼ਰਮਾ, ਸਾਇੰਸ ਵਿਭਾਗਾਂ ਦੇ ਸਾਰੇ ਅਧਿਆਪਕ ਅਤੇ ਵੱਡੀ ਗਿਣਤੀ ਵਿਚ ਵਿਦਿਆਰਥੀ ਵੀ ਹਾਜ਼ਰ ਸਨ। ਸਟੇਜ ਸਕੱਤਰ ਦੇ ਫਰਾਇਜ਼ ਡਾ. ਬਲਤੇਜ ਸਿੰਘ ਅਤੇ ਡਾ. ਵੰਦਨਾ ਕੁਕਰੇਜਾ ਨੇ ਅਦਾ ਕੀਤੇ। ਧੰਨਵਾਦੀ ਸ਼ਬਦ ਡਾ. ਸੰਜੇ ਕੁਮਾਰ ਸਿੰਘ ਨੇ ਕਹੇ।

# ਭਲਕੇ ਮੋਹਾਲੀ ਰੈਲੀ ਵਿੱਚ ਸ਼ਾਮਿਲ ਹੋਣ ਦੇ ਪ੍ਰਬੰਧ ਮੁਕੰਮਲ



ਬਰਨਾਲਾ 6 ਮਾਰਚ (ਬਘੇਲ ਸਿੰਘ ਧਾਲੀਵਾਲ) : ਅੱਜ ਪੈਨਸ਼ਨਰ ਭਵਨ ਵਿਚ ਸੁਰਜੀਤ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਵੱਡੀ ਗਿਣਤੀ ਵਿੱਚ ਸਾਰੇ ਪੈਨਸ਼ਨਰ ਸ਼ਾਮਿਲ ਹੋਏ । ਇਸ ਮੀਟਿੰਗ ਦੀ ਕਾਰਵਾਈ ਗੁਰਨਾਮ ਸਿੰਘ ਯੁਨਿਟ ਸਕੱਤਰ ਵੱਲੋ ਕੀਤੀ ਗਈ । ਜਿਸ ਸਦਕਾ ਇਸ ਮੀਟਿੰਗਂ ਦੇ ਆਰੰਭ ਵਿਚ ਜਿਲ੍ਹਾਂ ਜਨਰਲ ਸਕੱਤਰ ਮਨੋਹਰ ਲਾਲ ਅਰੋੜਾ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਲੋਕਾ ਦੀਆ ਆਸਾ ਅੁਮੀਦਾ ਨਾਲ ਬਣੀ ਹੋਈ ਪੰਜਾਬ ਸਰਕਾਰ ਨੇ ਪਿਛਲੇ 4 ਸਾਲਾਂ ਵਿਚ ਹੀ ਪੈਨਸ਼ਨਰਾਂ ਦੀਆ ਮੰਗਾਂ 2.59 ਦਾ ਗੁਣਾਂਕ ਲਾਗੂ ਨਾ ਕਰਕੇ , ਨੈਸ਼ਨਲ ਫਿਕਸ਼ੇਸ਼ਨ ਨਾ ਕਰਕੇ 16 ਪ੍ਰਤੀਸ਼ਤ ਡੀ. ਏ ਦਾ ਬਕਾਇਆ ਨਾ ਦੇਣ ਤੇ ਉਨ੍ਹਾਂ ਨੂੰ ਧੋਖੇ ਵਿਚ ਰੱਖਿਆ ਹੈ। ਪੰਜਾਬ ਦੇ ਖਜ਼ਾਨਾ ਮੰਤਰੀ ਅਤੇ ਉਨ੍ਹਾਂ ਦੀ ਪ੍ਰਧਾਨ ਹੇਠ ਬਣੀ ਕਮੇਟੀ ਦੁਆਰਾ ਪੈਨਸ਼ਨਰਾਂ ਦੀਆ ਮੰਗਾਂ ਤੇ ਵਿਚਾਰ ਵਟਾਦਰੇ ਲਈ ਸੱਤ ਵਾਰੀ ਮੀਟਿੰਗ ਦਾ ਸਮਾਂ ਦੇ ਕੇ ਪੋਸਟਪੋਨ ਕੀਤੀ । ਇਸ ਕਾਰਨ ਪੰਜਾਬ ਸਰਕਾਰ ਦੀ ਇਸ ਕਠੋਰ ਅਤੇ ਬੇਰੁਖੀ ਨੀਤੀ ਨੂੰ ਧਿਆਨ ਵਿਚ ਰੱਖਦਿਆ ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਟਰੱਸਟ , ਜਿਸ ਵਿਚ ਹਰ ਪੱਧਰ ਦੇ ਮਨਿਸਟਰੀਅਲ ਵੀ ਸ਼ਮਿਲ ਹਨ ਉਨ੍ਹਾਂ ਨੇ ਫੈਸਲਾ ਕੀਤਾ ਕਿ ਪੰਜਾਬ ਸਰਕਾਰ ਦੇ ਬਜਟ ਸ਼ੈਸ਼ਨ ਦੌਰਾਨ 8 ਮਾਰਚ ਤੋਂ 11 ਮਾਰਚ ਤੱਕ ਮੋਹਾਲੀ ਵਿਖੇ ਗੁਰਦੁਆਰਾ ਅੰਬ ਸਾਹਿਬ ਦੇ ਪਿਛਲੇ ਪਾਸੇ ਫੇਜ਼-8 ਵਿਖੇ 4 ਦਿਨ ਲਗਾਤਾਰ ਸਰਕਾਰ ਵਿਰੁੱਧ ਧਰਨਾ ਲਗਾਇਆ ਜਾਵੇਗਾ। ਇਸ ਕਰਕੇ ਜਿਲ੍ਹਾਂ ਬਰਨਾਲਾ ਦੇ ਵੱਖ=ਵੱਖ ਯੁਨਿਟਾਂ ਜਿਵੇ ਬਰਨਾਲਾ, ਭਦੌੜ, ਮਹਿਲ ਕਲਾਂ, ਸ਼ਹਿਣਾ ਤੇ ਤਪਾ ਵੱਲੋਂ ਵੱਖ=ਵੱਖ ਵਹੀਕਲਾਂ ਰਾਂਹੀ ਮੋਹਾਲੀ ਪਹੁੰਚਣ ਲਈ ਪ੍ਰਬੰਧ ਕੀਤੇ ਗਏ ਹਨ। ਇਸ ਦੌਰਾਨ ਪ੍ਰਵੀਨ ਕੁਮਾਰ, ਗੁਰਜੰਟ ਸਿੰਘ, ਪ੍ਰਿੰਸੀਪਲ ਕੌਰ ਸਿੰਘ ਨੇ ਸਾਰੇ ਪੈਨਸ਼ਨਰ ਸਾਥੀਆ ਅਪੀਲ ਕੀਤੀ ਹੈ। ਕਿ ਉਹ ਵੱਡੀ ਗਿਣਤੀ ਵਿਚ ਮੋਹਾਲੀ ਪੁਹੰਚਣ। ਇਸ ਮੌਕੇ ਅਮਰਜੀਤ ਸਿੰਘ ਧਨੌਲਾ ਨੇ ਆਪਣੀ ਕਵੀਤਾ ਰਾਹੀਂ ਅਤੇ ਸੁਰਜੀਤ ਸਿੰਘ ਨੇ ਪੈਨਸ਼ਨਰਾ ਦਾ ਧੰਨਵਾਦ ਕੀਤਾ , ਨਾਲ ਹੀ ਇਸ ਸਮੇ ਬਰਜਿੰਦਰ ਸਿੰਘ, ਪਰਮਜੀਤ ਸਿੰਘ ਪਾਸੀ, ਹੰਸ ਰਾਜ, ਸਰੂਪ ਰਾਮ ਗਰਗ, ਜਗਵੰਤ ਸਿੰਘ, ਅਸ਼ੋਕ ਕੁਮਾਰ, ਕੌਰ ਸਿੰਘ, ਹੀਰਾ ਲਾਲ, ਸੁਰਜੀਤ ਸਿੰਘ, ਪਵਨ ਕੁਮਾਰ, ਬਲਵਿੰਦਰ ਸਿੰਘ, ਮੇਵਾ ਸਿੰਘ ਧਨੌਲਾ, ਦਰਸ਼ਨ ਸਿੰਘ ਪੂਹਲਾ, ਜਰਨੈਲ ਸਿੰਘ ਕੱਟੂ, ਜੀਤ ਸਿੰਘ ਠੀਕਰੀਵਾਲ , ਹਾਕਮ ਸਿੰਘ, ਕਰਮਜੀਤ ਸਿੰਘ, ਕਰਨੈਲ ਸਿੰਘ ਲੈਕਚਰਾਰ, ਭੂਰਾ ਸਿੰਘ, ਆਦਿਦ ਬਹੁਤ ਸਾਥੀ ਹਾਜ਼ਰ ਸਨ।

# ਕਾਰ ਸਵਾਰ ਚਾਚਾ-ਭਤੀਜਾ 10 ਕਿਲੋ ਭੁੱਕੀ ਚੂਰਾ ਪੋਸਤ ਸਮੇਤ ਕਾਬੂ



ਤਪਾ ਮੰਡੀ, 6 ਮਾਰਚ (ਰਾਜੂ ਮਹਿਰਾ) : ਤਪਾ ਪੁਲਿਸ ਨੇ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਇੱਕ ਆਲਟੋ ਕਾਰ 'ਚ ਸਵਾਰ ਚਾਚੇ ਭਤੀਜੇ ਨੂੰ 10 ਕਿਲੋ ਭੁੱਕੀ ਚੂਰਾ ਪੋਸ਼ਤ ਸਮੇਤ ਕਾਬੂ ਕਰਕੇ ਮਾਮਲਾ ਦਰਜ ਕੀਤਾ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਸ਼ਰੀਫ ਖਾਨ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਮੁਖੀ ਬਰਨਾਲਾ ਮੁਹੰਮਦ ਸ਼ਰਫਰਾਜ ਆਲਮ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੀ.ਐਸ.ਪੀ ਤਪਾ ਗੁਰਪ੍ਰੀਤ ਸਿੰਘ ਸਿੱਧੂ ਦੀ ਯੋਗ ਅਗਵਾਈ ਹੇਠ ਤਪਾ ਪੁਲਿਸ ਦੇ ਸਹਾਇਕ ਥਾਣੇਦਾਰ ਮਨਜਿੰਦਰ ਸਿੰਘ ਪੁਲਿਸ ਪਾਰਟੀ ਸਮੇਤ ਸ਼ੱਕੀ ਪੁਰਸ਼ਾਂ ਦੇ ਸਬੰਧ ਵਿਚ ਬਠਿੰਡਾ ਬਰਨਾਲਾ ਹਾਈਟੈਕ ਨਾਕਾ ਤਪਾ ਵਿਖੇ ਮੌਜੂਦ ਸੀ। ਜਿੱਥੇ ਪੁਲਿਸ ਨੂੰ ਗੁਪਤ ਸੁਚਨਾ ਮਿਲੀ ਕਿ ਯਾਦਵਿੰਦਰ ਸਿੰਘ ਉਰਫ ਜਾਦੂ ਪੁੱਤਰ ਬਲਜਿੰਦਰ ਸਿੰਘ ਵਾਸੀ ਕਲਿਆਣ ਸੁੱਖਾ ਅਤੇ ਗੁਰਜੀਤ ਸਿੰਘ ਪੁੱਤਰ ਨੰਦ ਸਿੰਘ ਵਾਸੀ ਕਲਿਆਣ ਸੁੱਖਾ ਦੋਨੋ ਜਣੇ ਰਿਸ਼ਤੇ ਵਜੋਂ ਆਪਸ 'ਚ ਚਾਚਾ ਭਤੀਜਾ ਲਗਦੇ ਹਨ, ਭੁੱਕੀ ਚੂਰਾ ਪੋਸਤ ਵੇਚਣ ਦੇ ਆਦੀ ਹਨ, ਜੋ ਅੱਜ ਵੀ ਆਪਣੀ ਆਲਟੋ ਕਾਰ 'ਚ ਸਵਾਰ ਹੋ ਕੇ ਤਪਾ ਏਰੀਆ ਵਿਚ ਭੁੱਕੀ ਚੂਰਾ ਪੋਸਤ ਵੇਚਣ ਲਈ ਆ ਰਹੇ ਹਨ। ਜੇਕਰ ਘੜੈਲੀ ਪਲ ਨਜ਼ਦੀਕ ਤਲਾਸ਼ ਕੀਤੀ ਜਾਵੇ ਤਾਂ ਸਫਲਤਾ ਹੱਥ ਲੱਗ ਸਕਦੀ ਹੈ। ਪੁਲਿਸ ਨੇ ਤੁਰੰਤ ਹਰਕਤ @ਚ ਆਉਂਦਿਆਂ ਦੋਸ਼ੀਆਂਨ ਨੂੰ ਕਾਰ ਸਣੇ ਕਾਬੂ ਕਰਕੇ 10 ਕਿਲੋ ਭੁੱਕੀ ਚੂਰਾ ਪੋਸਤ ਬਰਾਮਦ ਕੀਤੀ। ਪੁਲਿਸ ਨੇ ਉਕਤ ਦੋਸ਼ੀਆਂਨ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਸਹਾਇਕ ਥਾਣੇਦਾਰ ਹਰਵਿੰਦਰਪਾਲ ਸਿੰਘ,ਮੁੱਖ ਮੁਨਸ਼ੀ ਦਵਿੰਦਰ ਸਿੰਘ, ਹੌਲਦਾਰ ਜਸਪ੍ਰੀਤ ਸਿੰਘ ਆਦਿ ਮੌਜੂਦ ਸਨ।

# ਵਾਈ.ਐਸ. ਪਬਲਿਕ ਸਕੂਲ ਦੀ ਵਿਦਿਆਰਥਣ ਨੇ ਅੰਤਰਰਾਸ਼ਟਰੀ ਪੱਧਰ 'ਤੇ ਕੀਤਾ ਸ਼ਾਨਦਾਰ ਪ੍ਰਦਰਸ਼ਨ



ਬਰਨਾਲਾ, 6 ਮਾਰਚ (ਇਸ਼ੇਨ ਕੰਗ) : ਭਾਰਤ ਦੇ ਟਾਪ 50 ਸਕੂਲਾਂ ਵਿੱਚ ਸ਼ਾਮਲ ਵਾਈਐਸ ਪਬਲਿਕ ਸਕੂਲ ਨੇ ਇੱਕ ਵਾਰ ਫਿਰ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਦੀ ਛੇਵੀਂ ਜਮਾਤ ਦੀ ਵਿਦਿਆਰਥਣ ਹਰਵੀਨ ਕੌਰ ਮਾਨ ਨੇ ਇੰਟਰਨੈਸ਼ਨਲ ਸੋਸ਼ਲ ਸਾਇੰਸ ਓਲੰਪੀਅਡ ਵਿੱਚ ਇੰਟਰਨੈਸ਼ਨਲ ਰੈਂਕ 98 ਹਾਸਲ ਕਰਕੇ ਸਕੂਲ ਲਈ ਮਾਣ ਵਾਲੀ ਉਪਲਬਧੀ ਪ੍ਰਾਪਤ ਕੀਤੀ ਹੈ। ਹਰਵੀਨ ਦੀ ਇਸ ਸ਼ਾਨਦਾਰ ਕਾਮਯਾਬੀ ਨਾਲ ਸਕੂਲ ਦੇ ਮਜ਼ਬੂਤ ਅਕਾਦਮਿਕ ਮਾਹੌਲ, ਨਿਰੰਤਰ ਮਾਰਗਦਰਸ਼ਨ ਅਤੇ ਉੱਚ ਦਰਜੇ ਦੀ ਸਿੱਖਿਆ ਪ੍ਰਣਾਲੀ ਦੀ ਝਲਕ ਮਿਲਦੀ ਹੈ। ਸਕੂਲ ਦੀ ਮੈਨੇਜਮੈਂਟ ਅਤੇ ਸਟਾਫ਼ ਨੇ ਹਰਵੀਨ ਨੂੰ ਉਸ ਦੀ ਕਠਿਨ ਮਿਹਨਤ ਅਤੇ ਲਗਨ ਲਈ ਵਧਾਈ ਦਿੱਤੀ। ਨਾਲ ਹੀ ਉਸ ਦੇ ਮਾਪਿਆਂ ਦੀ ਵੀ ਪ੍ਰਸ਼ੰਸਾ ਕੀਤੀ ਗਈ, ਜਿਨ੍ਹਾਂ ਦੇ ਲਗਾਤਾਰ ਉਤਸ਼ਾਹ ਅਤੇ ਸਹਿਯੋਗ ਨੇ ਇਸ ਸਫਲਤਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਮੌਕੇ 'ਤੇ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਮੋਹਿਤ ਜਿੰਦਲ ਨੇ ਹਰਵੀਨ ਦੇ ਯਤਨਾਂ ਅਤੇ ਸਮਰਪਣ ਦੀ ਸਰਾਹਨਾ ਕੀਤੀ। ਉਨ੍ਹਾਂ ਕਿਹਾ ਕਿ ਵਾਈਐਸ ਪਬਲਿਕ ਸਕੂਲ ਹਮੇਸ਼ਾਂ ਹੀ ਵਿਦਿਆਰਥੀਆਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸਫ਼ਲਤਾ ਹਾਸਲ ਕਰਨ ਲਈ ਪ੍ਰੇਰਿਤ ਕਰਦਾ ਆ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸਕੂਲ ਦੀ ਸੋਚ ਸਿਰਫ ਰਵਾਇਤੀ ਪੜ੍ਹਾਈ ਤੱਕ ਸੀਮਿਤ ਨਹੀਂ ਹੈ। ਵਾਈਐਸ ਪਬਲਿਕ ਸਕੂਲ ਵਿੱਚ ਅਸੀਂ ਕੰਸੈਪਟ ਕਲੀਅਰਟੀ, ਨਿਯਮਿਤ ਅਸੈਸਮੈਂਟ, ਵਿਵਸਥਿਤ ਅਭਿਆਸ, ਓਲੰਪਿਆਡ ਐਕਸਪੋਜ਼ਰ ਅਤੇ ਨਿੱਜੀ ਮਾਰਗਦਰਸ਼ਨ 'ਤੇ ਖਾਸ ਧਿਆਨ ਦਿੰਦੇ ਹਾਂ। ਇਹ ਯੋਜਨਾਬੱਧ ਅਕਾਦਮਿਕ ਪ੍ਰਕਿਰਿਆਵਾਂ ਸਾਡੇ ਵਿਦਿਆਰਥੀਆਂ ਨੂੰ ਸਿਰਫ ਪਰੀਖਿਆਵਾਂ ਲਈ ਹੀ ਨਹੀਂ, ਸਗੋਂ ਵਿਸ਼ਵ ਪੱਧਰ ਦੀ ਪ੍ਰਤੀਯੋਗਤਾ ਲਈ ਵੀ ਤਿਆਰ ਕਰਦੀਆਂ ਹਨ, ਉਨ੍ਹਾਂ ਦੱਸਿਆ ਕਿ ਇਹ ਉਪਲਬਧੀ ਸਕੂਲ ਦੇ ਉਸ ਮਿਸ਼ਨ ਦੀ ਗਵਾਹੀ ਦਿੰਦੀ ਹੈ, ਜਿਸ ਦੇ ਤਹਿਤ ਉਹ ਲਗਾਤਾਰ ਕਾਮਯਾਬ ਵਿਦਿਆਰਥੀਆਂ ਦੀ ਨਵੀਂ ਪੀੜ੍ਹੀ ਤਿਆਰ ਕਰਨ ਲਈ ਕੰਮ ਕਰ ਰਿਹਾ ਹੈ। ਵਾਈਐਸ ਪਬਲਿਕ ਸਕੂਲ ਵਿੱਚ ਸਫਲਤਾ ਸਿਰਫ ਮਨਾਈ ਨਹੀਂ ਜਾਂਦੀ, ਬਲਕਿ ਸਮਰਪਣ, ਅਨੁਸ਼ਾਸਨ ਅਤੇ ਸਹੀ ਮਾਰਗਦਰਸ਼ਨ ਨਾਲ ਪੈਦਾ ਕੀਤੀ ਜਾਂਦੀ ਹੈ।

# ਮੋਗਾ ਵਿੱਚ ਹੋਣ ਵਾਲੀ ਅਮਿਤ ਸ਼ਾਹ ਦੀ ਰੈਲੀ ਲਈ ਭਾਜਪਾ ਐਸ.ਸੀ. ਮੋਰਚਾ ਬਰਨਾਲਾ ਵੱਲੋਂ ਮੀਟਿੰਗ



ਬਰਨਾਲਾ 6 ਮਾਰਚ (ਹਮੀਰ ਸਿੰਘ) : ਭਾਜਪਾ ਐਸ.ਸੀ ਮੋਰਚਾ ਜ਼ਿਲ੍ਹਾ ਬਰਨਾਲਾ ਦੀ ਇਕ ਮਹੱਤਵਪੂਰਨ ਭਰਮੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਧਰਮ ਸਿੰਘ ਫੌਜੀ ਦੀ ਅਗਵਾਈ ਹੇਠ ਕੀਤੀ ਗਈ। ਇਸ ਮੀਟਿੰਗ ਵਿੱਚ ਭਾਜਪਾ ਜ਼ਿਲ੍ਹਾ ਪ੍ਰਧਾਨ ਯਾਦਵਿੰਦਰ ਸੈਂਟੀ ਅਤੇ ਐਸ.ਸੀ ਮੋਰਚਾ ਪੰਜਾਬ ਦੇ ਮੀਤ ਪ੍ਰਧਾਨ ਸਰਦਾਰ ਮਨਜੀਤ ਸਿੰਘ ਬੁੱਟਰ ਵਿਸ਼ੇਸ਼ ਤੌਰ @ਤੇ ਸ਼ਾਮਲ ਹੋਏ। ਮੀਟਿੰਗ ਦੌਰਾਨ ਆਉਣ ਵਾਲੇ ਦਿਨਾਂ ਵਿੱਚ ਮੋਗਾ ਵਿਖੇ ਦੇਸ਼ ਦੇ ਗ੍ਰਿਹ ਮੰਤਰੀ ਅਮਿਤ ਸ਼ਾਹ ਦੀ ਹੋਣ ਵਾਲੀ ਵੱਡੀ ਰੈਲੀ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਇਹ ਰੈਲੀ ਪੰਜਾਬ ਦੀ ਰਾਜਨੀਤੀ ਵਿੱਚ ਮਹੱਤਵਪੂਰਨ ਸਾਬਤ ਹੋਵੇਗੀ ਅਤੇ ਇਸ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਦੀ ਭਾਗੀਦਾਰੀ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਨੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਲੋਕਾਂ ਨੂੰ ਰੈਲੀ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਨ। ਇਸ ਮੌਕੇ ਆਗੂਆਂ ਨੇ ਕਿਹਾ ਕਿ ਭਾਜਪਾ ਦੀਆਂ ਲੋਕ-ਹਿਤੈਸ਼ੀ ਨੀਤੀਆਂ ਅਤੇ ਕੇਂਦਰ ਸਰਕਾਰ ਦੀਆਂ ਵਿਕਾਸ ਯੋਜਨਾਵਾਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਵਰਕਰ ਮਿਹਨਤ ਨਾਲ ਕੰਮ ਕਰਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਭਾਜਪਾ ਨੂੰ ਮਜ਼ਬੂਤ ਕਰਨ ਲਈ ਸਾਰੇ ਵਰਕਰ ਇਕਜੁੱਟ ਹੋ ਕੇ ਕੰਮ ਕਰਨ। ਇਸ ਮੌਕੇ ਪੰਡਤ ਸੋਮ ਨਾਥ ਜ਼ਿਲ੍ਹਾ ਜਨਰਲ ਸਕੱਤਰ, ਰਕੇਸ਼ ਕੁਮਾਰ ਕੈਦ ਜਨਰਲ ਸਕੱਤਰ, ਗੁਰਦੀਪ ਸਿੰਘ ਮੱਕੜਾ ਸੀਨੀਅਰ ਮੀਤ ਪ੍ਰਧਾਨ, ਅਮਰ ਸਿੰਘ ਕਰਮਗੜ੍ਹ, ਸਪੋਕਸਪਰਸਨ ਪਾਲ ਸਿੰਘ ਸੋਹੀ, ਜੀਤ ਸਿੰਘ, ਬਸੰਤ ਸਿੰਘ ਉਗੋ, ਹਰਬਖ਼ਸ਼ੀਸ਼ ਗੋਨੀ, ਐਮਸੀ ਬਰਨਾਲਾ ਰਾਜੂ ਪੂਲਾ, ਬੇਅੰਤ ਸਿੰਘ ਜੱਗੂ, ਮੀਤ ਪ੍ਰਧਾਨ ਗੋਬਿੰਦ, ਮੀਤ ਪ੍ਰਧਾਨ ਜੱਗਾ ਸਿੰਘ, ਰਾਮ ਚੰਦ, ਰਾਣੀ ਕੌਰ ਠੀਕਰੀਵਾਲ, ਸੁਖਦਿਆਲ ਕੌਰ, ਰਾਣੀ ਕੌਰ, ਨਿਸ਼ੂ ਰਾਣੀ, ਕਮਲਜੀਤ ਕੌਰ, ਬਲਵੀਰ ਕੌਰ, ਸੁਰਜੀਤ ਕੌਰ, ਜਸਵੰਤ ਕੌਰ, ਜਸਵਿੰਦਰ ਕੌਰ, ਮਨਜੀਤ ਕੌਰ, ਨਿੱਕੂ ਬਲਜੀਤ ਕੌਰ, ਜਸਵੰਤ ਕੌਰ, ਰਾਮ ਚੰਦ, ਬੰਧਨਾ ਅਤੇ ਸੁੱਖਵਿੰਦਰ ਕੌਰ ਆਦਿ ਵੀ ਹਾਜ਼ਰ ਸਨ।

# ਸ੍ਰੀ ਅਗਰਵਾਲ ਪੀਰਖਾਨਾ ਕਮੇਟੀ ਵੱਲੋਂ ਬਾਬਾ ਹੈਦਰ ਸ਼ੇਖ ਦਾ ਉਰਸ (13ਵਾਂ ਰੋਜ਼ਾ) ਕੇਕ ਕੱਟ ਕੇ ਮਨਾਇਆ



ਤਪਾ ਮੰਡੀ, 6 ਮਾਰਚ (ਰਾਜੂ ਮਹਿਰਾ) : ਸ਼੍ਰੀ ਅਗਰਵਾਲ ਪੀਰਖਾਨਾ ਕਮੇਟੀ ਵੱਲੋਂ ਬਾਬਾ ਹੈਦਰ ਸ਼ੇਖ ਜੀ ਦਾ ਉਰਸ (13ਵਾਂ ਰੋਜ਼ਾ) ਘੜੈਲੀ ਰੋਡ ਸਥਿਤ ਪੀਰਖਾਨਾ ਤਪਾ ਵਿਖੇ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਬਾਬਾ ਗੋਲਡੀ ਪੱਖੋ ਕਲਾਂ,ਬਾਬਾ ਛਤਰੀ ਨੇ ਸ਼ੇਖ ਸਾਈ ਬਾਬਾ ਬਘੇਲਾ ਤੇ ਸ਼ਰਧਾਲੂਆਂ ਸਮੇਤ ਕੇਕ ਕੱਟਣ ਅਤੇ ਰੋਜੇ ਤੇ ਫੁੱਲ ਚੜਾਉਣ ਦੀ ਰਸਮ ਅਦਾ ਕੀਤੀ। ਸੇਖ ਸਾਈਆਂ ਨੇ ਬਾਬਾ ਹੈਦਰ ਸ਼ੇਖ ਜੀ ਦੇ ਉਰਸ ਨੂੰ ਮੁੱਖ ਰੱਖਦਿਆਂ ਬਾਬਾ ਜੀ ਦਾ ਯਸ਼ ਗਾਇਨ ਕੀਤਾ ਅਤੇ ਇਲਾਕੇ ਦੀ ਸੁੱਖ ਸ਼ਾਂਤੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ। ਸਮਾਗਮ ਮੌਕੇ ਕਮੇਟੀ ਮੈਂਬਰਾਂ ਵੱਲੋਂ ਬੜੀ ਹੀ ਸ਼ਰਧਾ ਨਾਲ ਮੁਸਲਿਮ ਭਾਈਚਾਰੇ ਦਾ ਰੋਜਾ ਵੀ ਖੁਲਵਾਇਆ ਗਿਆ। ਧਾਰਮਿਕ ਸਮਾਗਮ ਮੌਕੇ ਭੰਡਾਰਾ ਅਤੁਟ ਵਰਤਿਆ।ਇਸ ਮੌਕੇ ਕਮੇਟੀ ਦੇ ਪ੍ਰਧਾਨ ਹੇਮ ਰਾਜ ਸ਼ੰਟੀ ਮੌੜ,ਚੇਅਰਮੈਨ ਚਿਮਨ ਲਾਲ, ਸੈਕਟਰੀ ਕ੍ਰਿਸ਼ਨ ਗੋਇਲ, ਸਰਪ੍ਰਸਤ ਮੋਹਨ ਲਾਲ ਬਹਾਵਲਪੁਰੀਆ, ਸਰਪ੍ਰਸਤ ਰਾਜ ਕੁਮਾਰ ਪੱਖੋ, ਮੀਤ ਪ੍ਰਧਾਨ ਦਾਰਾ ਸਿੰਘ, ਕੈਸ਼ੀਅਰ ਕੇਵਲ ਬਰੇਟਾ,ਵਿਪਨ ਕੁਮਾਰ ਬਰਫੀ, ਸੁਰਿੰਦਰ ਕੁਮਾਰ ਬਬਲੀ, ਸੁਸ਼ੀਲ ਕੁਮਾਰ ਬੰਟੀ, ਹਨੀ ਜਿੰਦਲ, ਟੀ.ਟੀ ਬਾਬਾ, ਰਾਜੂ ਧੌਲਾ, ਭੋਲਾ ਡਾਕਟਰ, ਸ਼ੁਭਾਸ਼ ਮੁਨੀਮ, ਤਰਸੇਮ ਲਾਲ, ਸ਼ਿਵਜੀ ਭੈਣੀ, ਭਗਵੰਤ ਰਾਏ, ਇੰਦਰ ਸੈਨ, ਸੋਨੀ ਸਹਿਣਾ, ਹਰਬੰਸ ਲਾਲ ਮੌੜ, ਭੂਸ਼ਨ ਰੂੜੇਕੇ, ਕ੍ਰਿਸ਼ਨ ਲਾਲ, ਕਮਲ ਗੋਇਲ,ਅਰੁਣ ਗੋਇਲ ਆਦਿ ਸ਼ਰਧਾਲੂ ਮੌਜੂਦ ਸਨ।

# ਨਗਰ ਕੌਂਸਲ ਵੱਲੋਂ ਲੋਕਾਂ ਦੀ ਸਹੂਲਤ ਲਈ ਪਾਈ ਸੀਵਰੇਜ਼ ਪਾਈਪ ਲੋਕਾਂ ਲਈ ਬਣੀ ਸਿਰਦਰਦੀ

## ਦੁਕਾਨਦਾਰਾਂ ਨੇ ਮੰਡੀ ਦਾ ਮੁੱਖ ਗੇਟ ਬੰਦ ਕਰਕੇ ਕੀਤੀ ਨਾਅਰੇਬਾਜ਼ੀ



ਤਪਾ ਮੰਡੀ, 6 ਮਾਰਚ (ਰਾਜੂ ਮਹਿਰਾ) : ਨਗਰ ਕੌਂਸਲ ਤਪਾ ਅਕਸਰ ਹੀ ਕਿਸੇ ਨਾ ਕਿਸੇ ਕਾਰਨਾਂ ਕਰਕੇ ਸੁਰਖੀਆਂ ਵਿਚ ਰਹਿੰਦੀ ਹੈ, ਭਾਵੇਂ ਉਹ ਕੋਈ ਵੀ ਮੁੱਦਾ ਹੋਵੇ। ਅਜਿਹਾ ਹੀ ਇੱਕ ਮਾਮਲਾ ਅੰਦਰਲੀ ਅਨਾਜ ਮੰਡੀ ਦੀ ਸੜਕ ਦਾ ਸਾਹਮਣੇ ਆਇਆ ਹੈ, ਜਿਸਨੂੰ ਸੰਬੰਧਿਤ ਠੇਕੇਦਾਰ ਵੱਲੋਂ ਕੁਝ ਮਹੀਨੇ ਪਹਿਲਾਂ ਸੀਵਰੇਜ਼ ਪਾਈਪ ਪਾਉਣ ਲਈ ਪੁੱਟਿਆ ਗਿਆ ਸੀ, ਤਾਂ ਜੋ ਸ਼ਹਿਰ ਵਾਸੀਆਂ ਨੂੰ ਬਰਸਾਤ ਸਮੇ ਪਾਣੀ ਤੋਂ ਵੱਡੀ ਰਾਹਤ ਮਿਲ ਸਕੇ। ਪਰੰਤੂ ਸਹੂਲਤ ਮਿਲਣਾ ਤਾਂ ਦੂਰ ਦੀ ਗੱਲ ਰਹੀ, ਜਦਕਿ ਇਸ ਸੜਕ ਨੂੰ ਸਬੰਧਤ ਠੇਕੇਦਾਰ ਵੱਲੋਂ ਪੁੱਟਣ ਤੋਂ ਬਾਅਦ ਸਾਰ ਲੈਣਾ ਮੁਨਾਸਿਫ ਹੀ ਨਹੀਂ ਸਮਝਿਆ।ਜਿਸਦਾ ਖਮਿਆਜਾ ਦੁਕਾਨਦਾਰਾਂ ਅਤੇ ਰਾਹਗੀਰਾਂ ਨੂੰ ਭੋਗਣਾ ਪੈ ਰਿਹਾ ਹੈ,ਕਿਉਂਕਿ ਦਿਨ ਚੜਦੇ ਹੀ ਦੁਕਾਨਦਾਰਾਂ ਨੂੰ ਪੁੱਟੀ ਹੋਈ ਸੜਕ ਅਤੇ ਉਡਦੀ ਹੋਈ ਧੂੜ ਕਾਰਨ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਸ ਸੜਕ ਕਾਰਨ ਉਨਾਂ ਦਾ ਰੁਜ਼ਗਾਰ ਵੀ ਠੱਪ ਹੋ ਕੇ ਰਹਿ ਗਿਆ ਹੈ। ਜਿਸ ਦੇ ਚਲਦਿਆਂ ਅੱਜ ਇਕੱਠੇ ਹੋਏ ਦੁਕਾਨਦਾਰਾਂ ਨੇ ਫਿਰ ਅਨਾਜ ਮੰਡੀ ਦਾ ਮੁੱਖ ਗੇਟ ਬੰਦ ਕਰ ਕੇ ਨਗਰ ਕੌਂਸਲ ਅਤੇ ਸਬੰਧਿਤ ਠੇਕੇਦਾਰ ਖ਼ਿਲਾਫ਼ ਆਪਣੀ ਭੜਾਸ ਕੱਢੀ। ਇਸ ਮੌਕੇ ਦੁਕਾਨਦਾਰਾਂ ਨੇ ਨਗਰ ਕੌਂਸਲ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਭਾਵੇਂ ਲੋਕਾਂ ਦੀ ਸਹੂਲਤ ਲਈ ਨਗਰ ਕੌਂਸਲ ਵਲੋਂ ਅੰਦਰਲੀ ਅਨਾਜ ਮੰਡੀ ਵਿਚ ਸੀਵਰੇਜ ਦੀ ਪਾਈਪ ਪਾਈ ਗਈ ਹੈ, ਪ੍ਰੰਤੂ ਸਬੰਧਤ ਠੇਕੇਦਾਰ ਵਲੋਂ ਪਾਈਪ ਪਾਉਣ ਤੋਂ ਬਾਅਦ ਕੰਮ ਕੀੜੀ ਦੀ ਚਾਲ ਹੀ ਹੈ, ਬਾਰ ਬਾਰ ਨਗਰ ਕੌਂਸਲ ਅਤੇ ਸਬੰਧਤ ਠੇਕੇਦਾਰ ਦੇ ਧਿਆਨ ਵਿਚ ਲਿਆਉਣ ਦੇ ਬਾਵਜੂਦ ਕੰਨਾਂ @ਤੇ ਜੂੰ ਤੱਕ ਨਹੀਂ ਸਰਕ ਰਹੀ।ਉਨ੍ਹਾਂ ਆਪਣੇ ਘਰ ਅਤੇ ਦੁਕਾਨ @ਤੇ ਆਉਣ ਜਾਣ ਸਮੇਂ ਇਸ ਮਿੱਟੀ ਵਿਚੋਂ ਗੁਜ਼ਰ ਕੇ ਹੋ ਕੇ ਜਾਣਾ ਪੈ ਰਿਹਾ ਹੈ ਅਤੇ ਉਨ੍ਹਾਂ ਦੇ ਸਾਰੇ ਕੱਪੜੇ ਮਿੱਟੀ ਅਤੇ ਚਿੱਕੜ ਨਾਲ ਭਰ ਜਾਂਦੇ ਹਨ। ਦੁਕਾਨਦਾਰਾਂ ਨੇ ਨਗਰ ਕੌਂਸਲ ਨੂੰ ਚਿਤਾਵਨੀ ਦਿੱਤੀ ਕਿ ਜੇ ਮਸਲੇ ਦਾ ਹੱਲ ਨਾ ਹੋਇਆ ਤਾਂ ਉਹ ਤਿੱਖਾ ਸੰਘਰਸ਼ ਕਰਨਗੇ, ਜਦ ਇਸ ਸਬੰਧੀ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਹਰਪ੍ਰੀਤ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਸੰਬੰਧਿਤ ਠੇਕੇਦਾਰ ਨੂੰ ਤਾੜਨਾ ਕਰ ਦਿੱਤੀ ਗਈ ਹੈ। ਦੁਕਾਨਦਾਰਾਂ ਦੀ ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਸੜਕ ਨੂੰ ਜਲਦ ਹੀ ਨੇਪਰੇ ਚਾੜ੍ਹ ਦਿੱਤਾ ਜਾਵੇਗਾ ਤਾਂ ਜੋ ਉਹਨਾਂ ਨੂੰ ਕਿਸੇ ਵੀ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਆਦਿ ਦੁਕਾਨਦਾਰ ਹਾਜ਼ਰ ਸਨ। ਇਸ ਮੌਕੇ ਰਿੰਪੀ ਡਾਲਾ, ਸਤੀਸ਼ ਕੁਮਾਰ ਤੀਸ਼ਾ, ਪ੍ਰਦੀਪ ਕੁਮਾਰ ਤੀਲੀ,ਵਿਜੇ ਧੂਰਕੋਟੀਆ, ਸ਼ਨੀ ਬਾਂਸਲ, ਰਾਜੂ ਮਹਿਤਾ ਆਦਿ ਵੱਡੀ ਗਿਣਤੀ @ਚ ਦੁਕਾਨਦਾਰ ਮੌਜੂਦ ਸਨ।

# ਵੀਨਸ ਪਰਿਵਾਰ ਨੂੰ ਸਦਮਾ, ਮਾਤਾ ਦਾ ਦੇਹਾਂਤ

## ਰਾਜਨੀਤਕ, ਧਾਰਮਿਕ, ਸਮਾਜ ਸੇਵੀ ਅਤੇ ਪ੍ਰੈਸ ਕਲੱਬਾਂ ਵੱਲੋਂ ਦੁੱਖ ਦਾ ਪ੍ਰਗਟਾਵਾ



ਬਰਨਾਲਾ 6 ਮਾਰਚ (ਹਮੀਰ ਸਿੰਘ) : ਬੀਤੇ ਦਿਨੀ ਬਰਨਾਲਾ ਦੇ ਉੱਘੇ ਕਾਰੋਬਾਰੀ ਕੇਵਲ ਸਿੰਘ ਵੀਨਸ ਅਤੇ ਸਮੁੱਚੇ ਪਰਿਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ, ਜਦੋਂ ਉਹਨਾਂ ਦੇ ਸਤਿਕਾਰਯੋਗ ਮਾਤਾ ਮੁਖਤਿਆਰ ਕੌਰ ( ਪਤਨੀ ਸਵ. ਸ੍ਰ ਸਤੌਖ ਸਿੰਘ ਤੱਗੜ ) ਆਪਣੇ ਧੀਆਂ, ਪੁੱਤਰਾਂ, ਨੂੰਹਾਂ,ਪੋਤਿਆਂ, ਦੋਹਤਿਆਂ ਦੇ ਭਰੇ ਪਰਿਵਾਰਾਂ ਨੂੰ ਹਮੇਸ਼ਾ ਲਈ ਛੱਡ ਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਵਿਰਾਜੇ ਹਨ। ਮਾਤਾ ਜੀ ਦੇ ਅਕਾਲ ਚਲਾਣੇ ਤੇ ਉਹਨਾਂ ਦੇ ਪੁੱਤਰਾਂ,ਸ੍ਰ ਕੇਵਲ ਸਿੰਘ ਵੀਨਸ,ਬਲਤੇਜ ਸਿੰਘ ਨੀਟੂ ਵੀਨਸ,ਗੁਰਤੇਜ ਸਿੰਘ ਤੇਜਾ ਅਤੇ ਜਗਸੀਰ ਸਿੰਘ ਸੀਰੇ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿੱਚ ਠੇਕੇਦਾਰ ਖੁਸ਼ਵਿੰਦਰ ਸਿੰਘ ਧਾਲੀਵਾਲ,ਸੀਨੀਅਰ ਭਾਜਪਾ ਆਗੂ ਅਤੇ ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ,ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ, ਉੱਘੇ ਕਾਰੋਬਾਰੀ ਲਖਵੀਰ ਸਿੰਘ ਲੱਖੀ ਜੈਲਦਾਰ ਹੰਡਿਆਇਆ, ਹਲਕਾ ਭਦੌੜ ਤੋਂ ਵਿਧਾਇਕ ਲਾਭ ਸਿੰਘ ਉੱਗੋਕੇ,ਵਿਧਾਇਕ ਕੁਲਦੀਪ ਸਿੰਘ ਕਾਲ਼ਾ ਢਿੱਲੋਂ ਬਰਨਾਲਾ,ਸਾਬਕਾ ਸਰਪੰਚ ਬਲਵੰਤ ਸਿੰਘ ਧਾਲੀਵਾਲ,ਐਡਵੋਕੇਟ ਰੁਪਿੰਦਰ ਸਿੰਘ ਸੰਧੂ ਸਾਬਕਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ,ਜ਼ਿਲ੍ਹਾ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਮੱਖਣ ਸ਼ਰਮਾ, ਕਰਮਜੀਤ ਸਿੰਘ ਬਿੱਲੂ, ਹਰਿੰਦਰ ਸਿੰਘ ਧਾਲੀਵਾਲ, ਨਗਰ ਸੁਧਾਰ ਟਰਸਟ ਦੇ ਚੇਅਰਮੈਨ ਰਾਮ ਤੀਰਥ ਮੰਨਾ, ਸਰਪੰਚ ਨਿਰਮਲ ਸਿੰਘ ਨਿੰਮਾ ਛੀਨੀਵਾਲ, ਨਗਰ ਕੌਂਸਲ ਬਰਨਾਲਾ ਦੇ ਪ੍ਰਧਾਨ ਗੁਰਜੀਤ ਸਿੰਘ ਰਾਮਣਵਾਸੀਆ, ਅਕਾਲੀ ਹਲਕਾ ਇੰਚਾਰਜ ਕੁਲਵੰਤ ਸਿੰਘ ਕੰਤਾ, ਜਿਲਾ ਪਰਧਾਨ ਯਾਦਵਿੰਦਰ ਸਿੰਘ ਬਿੱਟੂ ਦਿਵਾਨਾ, ਪੰਜ ਆਬ ਜ਼ਿਲ੍ਹਾ ਪ੍ਰੈਸ ਕਲੱਬ ਦੇ ਪ੍ਰਧਾਨ ਬਘੇਲ ਸਿੰਘ ਧਾਲੀਵਾਲ, ਕੁਲਦੀਪ ਸਿੰਘ ਗਰੇਵਾਲ, ਕਪਿਲ ਗਰਗ, ਸੁਖਵਿੰਦਰ ਸਿੰਘ ਭੰਡਾਰੀ,ਜਰਨਲਿਸਟ ਐਸੋਸੀਏਸ਼ਨ ਧਨੌਲਾ ਦੇ ਪ੍ਰਧਾਨ ਚਮਕੌਰ ਸਿੰਘ ਗੱਗੀ, ਗੁਰਦੁਆਰਾ ਬਾਬਾ ਕਾਲਾ ਮਹਿਰ ਦੇ ਪ੍ਰਧਾਨ ਜਥੇਦਾਰ ਜੀਤਾ ਸਿੰਘ ਸੰਧੂ, ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਹਰਦੇਵ ਸਿੰਘ ਲੀਲਾ,ਭੁਪਿੰਦਰ ਸਿੰਘ ਝਲੂਰ,ਰਣਜੀਤ ਸਿੰਘ ਜੌਹਲ,ਸਾਬਕਾ ਸੈਨਿਕ ਵਿੰਗ ਦੇ ਪ੍ਰਧਾਨ ਗੁਰਜਿੰਦਰ ਸਿੰਘ ਸਿੱਧੂ ,ਆੜਤੀਆ ਐਸੋਸੀਏਸ਼ਨ ਦੇ ਪਰਧਾਨ ਦਰਸ਼ਨ ਸਿੰਘ ਸੰਘੇੜਾ,ਸਾਬਕਾ ਨਗਰ ਕੌਂਸਲ ਦੇ ਪ੍ਰਧਾਨ ਪਰਮਜੀਤ ਸਿੰਘ ਢਿੱਲੋਂ, ਐਡਵੋਕੇਟ ਜਤਿੰਦਰ ਕੁਮਾਰ ਬਹਾਦਰਪੁਰੀਆ,ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਐਡਵੋਕੇਟ ਗੁਰਿੰਦਰ ਸਿੰਘ ਗਿੰਦੀ, ਸਮੇਤ ਵੱਡੀ ਗਿਣਤੀ ਰਾਜਨੀਤਕ, ਧਾਰਮਿਕ ਅਤੇ ਸਮਾਜ ਸੇਵੀ ਤੇ ਮੁਲਾਜਮ ਜਥੇਬੰਦੀਆਂ, ਟਰੱਕ ਯੂਨੀਅਨਾਂ, ਪ੍ਰੈਸ ਕਲੱਬਾਂ ਅਤੇ ਕਲੋਨਾਈਜ਼ਰਾਂ ਦੇ ਨੁਮਾਇੰਦੇ ਸ਼ਾਮਲ ਸਨ।ਮਾਤਾ ਮੁਖਤਿਆਰ ਕੌਰ ਦੀ ਅੰਤਿਮ ਅਰਦਾਸ ਅਤੇ ਭੋਗ ਕੱਲ੍ਹ 8 ਫਰਵਰੀ ਦਿਨ ਐਤਵਾਰ ਨੂੰ ਦੁਪਿਹਰ 12 ਤੋ 1 ਵਜੇ ਤੱਕ ਗੁਰਦੁਆਰਾ ਕਾਲਾ ਮਹਿਰ ਬਰਨਾਲਾ ਵਿਖੇ ਪਾਏ ਜਾ ਰਹੇ ਹਨ।



# ਪਟਿਆਲਾ-ਆਸ/ਪਾਸ



## ਗੁਰਦੁਆਰਾ ਸੰਤ ਕੰਬਲੀ ਵਾਲਾ ਵਿਖੇ ਪੂਰਨਮਾਸ਼ੀ ਤੇ ਹੋਲੇ-ਮਹੱਲੇ ਨੂੰ ਸਮਰਪਿਤ ਗੁਰਮਤਿ ਸਮਾਗਮ

**➢ਸੰਤ ਮਹਾਂਪੁਰਸ਼ਾਂ ਵੱਲੋਂ ਚੱਠਾ ਪਰਿਵਾਰ ਦਾ ਸਨਮਾਨ**

ਪਟਿਆਲਾ, 6 ਮਾਰਚ (ਚ.ਨ.ਸ.) : ਗੁਰਦੁਆਰਾ ਸੰਤ ਕੰਬਲੀ ਵਾਲਾ ਵਿਖੇ ਸੰਤ ਮਹਾਂਪੁਰਸ਼ ਬਾਬਾ ਨਛੱਤਰ ਸਿੰਘ ਜੀ ਕਾਲੀ ਕੰਬਲੀ ਵਾਲਿਆਂ ਦੀ ਯੋਗ ਅਗਵਾਈ ਵਿਚ ਕਰਵਾਇਆ ਗਿਆ ਗੁਰਮਤਿ ਸਮਾਗਮ ਪੂਰਨਮਾਸ਼ੀ ਅਤੇ ਹੋਲੇ ਮਹੱਲੇ ਨੂੰ ਸਮਰਪਿਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਲਗਾਏ ਦੀਵਾਨਾਂ ਵਿਚ ਭਾਈ ਗੁਰਦੀਪ ਸਿੰਘ ਕਾਲੀ ਕੰਬਲੀ ਵਾਲਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਮ ਨਾਲ ਜੋੜਨ ਦਾ ਉਪਰਾਲਾ ਕੀਤਾ। ਇਸ ਦੌਰਾਨ ਧਾਰਮਕ ਸਮਾਗਮ ਵਿਚ ਪੁੱਜੀਆਂ ਸ਼ਖ਼ਸੀਅਤਾਂ ਵਿਚ ਪਟਿਆਲਾ ਦਿਹਾਤੀ ਦੇ ਹਲਕਾ ਇੰਚਾਰਜ ਜਸਪਾਲ ਸਿੰਘ ਬਿੱਟੂ ਚੱਠਾ ਦੀ ਧਰਮਪਤਨੀ ਬੀਬੀ ਬਲਜਿੰਦਰ ਕੌਰ ਚੱਠਾ ਅਤੇ ਸਪੁੱਤਰ ਅਨਮੋਲ ਸਿੰਘ ਚੱਠਾ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਸੰਗਤਾਂ ਨੂੰ ਸੰਬੋਧਨ ਕਰਦਿਆਂ ਸੰਤ ਮਹਾਂਪੁਰਸ਼ ਬਾਬਾ ਨਛੱਤਰ ਸਿੰਘ ਜੀ ਕਾਲੀ ਕੰਬਲੀ ਵਾਲਿਆਂ ਨੇ ਦੱਸਿਆ ਕਿ ਸਿੱਖ ਇਤਿਹਾਸ ਅੰਦਰ ਹੋਲੇ ਮਹੱਲੇ ਦੀ ਵੱਡੀ ਮਹਾਨਤਾ ਅਤੇ ਅਤੇ ਗੁਰੂ ਸਾਹਿਬ ਦੀ ਵਰੋਸਾਈ ਧਰਤੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਇਸ ਤਿਉਹਾਰ ਨੂੰ ਸਿੱਖ ਕੌਮ ਚੜ੍ਹਦੀਕਲਾ ਨਾਲ ਮਨਾਉਂਦੀ ਹੈ। ਅੱਜ ਨੌਜਵਾਨਾਂ ਨੂੰ ਆਪਣੇ ਵਿਰਸੇ ਦੀਆਂ ਅਜਿਹੀਆਂ ਰਵਾਇਤ੧੨ਾਂ ਨੂੰ ਧਾਰਨ ਕਰਨਾ ਚਾਹੀਦਾ ਜੋ ਗੁਰੂ ਸਾਹਿਬ ਨੇ ਵਿਰਸੇ ਵਿਚੋਂ ਦਿੱਤੀਆਂ ਹਨ। ਇਸ ਦੌਰਾਨ ਸੰਤ ਮਹਾਂਪੁਰਸ਼ ਬਾਬਾ ਨਛੱਤਰ ਸਿੰਘ ਜੀ ਕਾਲੀ ਕੰਬਲੀ ਵਾਲਿਆਂ ਨੇ ਬੀਬੀ ਬਲਜਿੰਦਰ ਕੌਰ ਚੱਠਾ, ਅਨਮੋਲ ਸਿੰਘ ਚੱਠਾ ਅਤੇ ਅਮਰਿੰਦਰ ਸਿੰਘ ਨੂੰ ਸਿਰੋਪਾਓ ਅਤੇ ਸਨਮਾਨ ਚਿੰਨ ਨਾਲ ਸਨਮਾਨ ਕੀਤਾ। ਅੰਤ ਵਿਚ ਭਾਈ ਗੁਰਦੀਪ ਸਿੰਘ ਨੇ ਵੀ ਪੁੱਜੀਆਂ ਸੰਗਤਾਂ ਅਤੇ ਸ਼ਖਸੀਅਤਾਂ ਦਾ ਧੰਨਵਾਦ ਕੀਤਾ।



## *ਡਿਪਟੀ ਮੇਅਰ ਜਗਦੀਪ ਸਿੰਘ ਜੱਗਾ ਵੱਲੋਂ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ*

ਪਟਿਆਲਾ, 6 ਮਾਰਚ (ਚ.ਨ.ਸ.) : ਪਟਿਆਲਾ ਦੇ ਡਿਪਟੀ ਮੇਅਰ ਜਗਦੀਪ ਸਿੰਘ ਜੱਗਾ ਵੱਲੋਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਇੱਕ ਖਾਸ ਗੱਲਬਾਤ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੇ ਪਟਿਆਲਾ ਸ਼ਹਿਰ ਦੇ ਵਿਕਾਸ ਲਈ ਕੀਤੇ ਜਾ ਰਹੇ ਉਪਰਾਲਿਆਂ ਲਈ ਅਰਵਿੰਦ ਕੇਜਰੀਵਾਲ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਆਉਣ ਤੋਂ ਬਾਅਦ ਪਟਿਆਲਾ ਸ਼ਹਿਰ ਵਿਕਾਸ ਦੇ ਰਾਹ 'ਤੇ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ। ਡਿਪਟੀ ਮੇਅਰ ਜਗਦੀਪ ਸਿੰਘ ਜੱਗਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪਟਿਆਲਾ ਨੂੰ ਵਿਕਾਸ ਦੇ ਪੱਖ 'ਤੇ ਮੋਹਰੀ ਬਣਾਉਣ ਲਈ ਕਈ ਮਹੱਤਵਪੂਰਨ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ।ਜਗਦੀਪ ਸਿੰਘ ਜੱਗਾ ਨੇ ਕਿਹਾ ਕਿ ਪਟਿਆਲਾ ਨੂੰ ਵਿਕਾਸ ਦੇ ਮਾਮਲੇ ਵਿੱਚ ਮੋਹਰੀ ਬਣਾਉਣ ਲਈ ਆਮ ਆਦਮੀ ਪਾਰਟੀ ਵੱਲੋਂ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਹਰ ਵਾਰਡ ਵਿੱਚ ਵਿਕਾਸੀ ਕੰਮ ਚੱਲ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਕਈ ਵੱਡੇ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ, ਜਿਸ ਨਾਲ ਪਟਿਆਲਾ ਸ਼ਹਿਰ ਦੀ ਤਸਵੀਰ ਬਦਲੇਗੀ। ਉਨ੍ਹਾਂ ਨੇ ਅਖੀਰ ਵਿੱਚ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੇ ਭਲੇ ਲਈ ਕੰਮ ਕਰ ਰਹੀ ਹੈ।



## ਪੀ.ਆਰ.ਟੀ.ਸੀ. ਦੇ ਚੇਅਰਮੈਨ ਹਰਪਾਲ ਜੁਨੇਜਾ ਵੱਲੋਂ ਨਵੇਂ ਬੱਸ ਅੱਡੇ ਤੇ ਵਰਕਸ਼ਾਪ ਦਾ ਦੌਰਾ

**➢ਪੀ.ਆਰ.ਟੀ.ਸੀ. ਦੇ ਹਰੇਕ ਬੱਸ ਸਟੈਂਡ, ਪ੍ਰਤੀ ਡਿਪੂ 'ਚ ਇੱਕ ਹਜ਼ਾਰ ਬੂਟਾ ਲਗਾਇਆ ਜਾਵੇਗਾ : ਜੁਨੇਜਾ**

ਪਟਿਆਲਾ, 6 ਮਾਰਚ (ਰੁਪਾਣਾ) : ਪੀ.ਆਰ.ਟੀ.ਸੀ. ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਨੇ ਇੱਥੇ ਨਵੇਂ ਬੱਸ ਅੱਡੇ ਤੇ ਵਰਕਸ਼ਾਪ ਦਾ ਅਚਨਚੇਤ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਪਟਿਆਲਾ ਡਿਪੂ ਦੇ ਦਫਤਰੀ ਕੰਮ-ਕਾਜ, ਸਟਾਫ ਦੀ ਚੈਕਿੰਗ, ਬੱਸਾਂ ਦੀ ਰਿਪੇਅਰ ਦੇ ਕੰਮ ਅਤੇ ਬੱਸ ਸਟੈਂਡ ਦੀ ਸਾਫ ਸਫਾਈ ਤੋਂ ਇਲਾਵਾ ਸਵਾਰੀਆਂ ਨੂੰ ਮੁਹੱਈਆ ਕਰਵਾਈਆਂ ਹੋਈਆਂ ਸਹੂਲਤਾਂ ਦੀ ਖਾਸ ਤੌਰ 'ਤੇ ਚੈਕਿੰਗ ਕੀਤੀ। ਉਨ੍ਹਾਂ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਸਾਰਾ ਕੰਮ ਤਸੱਲੀਬਖਸ਼ ਪਾਇਆ ਗਿਆ ਹੈ। ਚੇਅਰਮੈਨ ਹਰਪਾਲ ਜੁਨੇਜਾ ਨੇ ਇਸ ਦੌਰਾਨ ਡਿਪੂ ਵਿੱਚ ਇੱਕ ਛਾਂਦਾਰ ਬੂਟਾ ਲਗਾਇਆ ਤੇ ਡਿਪੂ ਦੀ ਚਾਰ-ਦਿਵਾਰੀ ਦੇ ਨਾਲ ਹੋਰ ਬੂਟੇ ਲਗਾਉਣ ਦੇ ਨਿਰਦੇਸ਼ ਦਿੱਤੇ। ਚੇਅਰਮੈਨ ਹਰਪਾਲ ਜੁਨੇਜਾ ਨੇ ਇਸ ਦੌਰੇ ਦੌਰਾਨ ਪੀ.ਆਰ.ਟੀ.ਸੀ. ਦੇ ਵਰਕਰਾਂ ਦੇ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਉਨ੍ਹਾਂ ਦੀਆਂ ਮੰਗਾਂ ਸਬੰਧੀ ਜਲਦ ਹੀ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ। ਇਸ ਤੋਂ ਇਲਾਵਾ ਚੇਅਰਮੈਨ ਜੁਨੇਜਾ ਨੇ ਨਵੇਂ ਬੱਸ ਸਟੈਂਡ ਪਟਿਆਲਾ ਦੇ ਬਾਹਰ ਟ੍ਰੈਫਿਕ ਦੇ ਸਬੰਧ ਵਿੱਚ ਆ ਰਹੀਆਂ ਮੁਸ਼ਕਿਲਾਂ ਸਬੰਧੀ ਬੱਸ ਸਟੈਂਡ ਦੇ ਆਲੇ-ਦੁਆਲੇ ਦਾ ਦੌਰਾ ਕੀਤਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਟ੍ਰੈਫਿਕ ਪੁਲਿਸ ਨਾਲ ਤਾਲਮੇਲ ਕਰਕੇ ਤਜਵੀਜ਼ ਤਿਆਰ ਕਰਨ ਉਪਰੰਤ ਜਲਦ ਹੀ ਪੱਕੇ ਤੌਰ 'ਤੇ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ। ਇਸ ਦੌਰੇ ਦੌਰਾਨ ਪੀ.ਆਰ.ਟੀ.ਸੀ. ਪਟਿਆਲਾ ਡਿਪੂ ਦੇ ਜਨਰਲ ਮੈਨੇਜਰ ਇੰਜ: ਜਤਿੰਦਰਪਾਲ ਸਿੰਘ ਗਰੇਵਾਲ ਅਤੇ ਹੋਰ ਅਧਿਕਾਰੀ ਤੇ ਕਰਮਚਾਰੀ ਵੀ ਮੌਜੂਦ ਰਹੇ।



## ਗੁਰੂਕੁਲ ਇੰਟਰਨੈਸ਼ਨਲ ਸਕੂਲ ਸੋਗਲਪੁਰ ਹੁਣ ਰਾਸ਼ਟਰੀ ਸਿੱਖਿਆ ਬੋਰਡ ਨਾਲ ਜੁੜਿਆ

**➢ਇਲਾਕਾ ਵਾਸੀਆਂ ਨੇ ਸਕੂਲ ਮੁਖੀ ਤੇ ਸਕੂਲ ਸਟਾਫ ਨੂੰ ਐਨ.ਬੀ.ਐਸ.ਈ. ਮਾਨਤਾ ਪ੍ਰਾਪਤ ਹੋਣ 'ਤੇ ਦਿੱਤੀਆਂ ਵਧਾਈਆਂ**

ਘਨੌਰ, 6 ਮਾਰਚ (ਮਦਨ ਲਾਲ) : ਸਕੂਲ ਮੁਖੀ ਗੀਤਿਕਾ ਸ਼ਰਮਾ ਅਤੇ ਉਹਨਾਂ ਦੇ ਪਤੀ ਐਸ ਕੇ ਕਾਲਾ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੋਗਲਪੁਰ ਸਕੂਲ ਹੁਣ ਖੇਤਰ ਦੀ ਸਿੱਖਿਆ ਪ੍ਰਣਾਲੀ ਲਈ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ ਗੁਰੂਕੁਲ ਇੰਟਰਨੈਸ਼ਨਲ ਸਕੂਲ ਸੋਗਲਪੁਰ ਨੇ ਆਪਣੀ ਸੰਬੰਧਤਾ ਰਾਸ਼ਟਰੀ ਸਕੂਲ ਸਿੱਖਿਆ ਬੋਰਡ (ਐਨਬੀਐਸਈ) ਭਾਰਤੀ ਸਿੱਖਿਆ ਬੋਰਡ ਨਾਲ ਕਰ ਲਈ ਹੈ। ਇਹ ਬਦਲਾਅ ਪੁਰਾਣੀ ਮੈਕਾਲੇ ਪ੍ਰਣਾਲੀ ਤੋਂ ਹਟ ਕੇ ਭਾਰਤੀ ਮੁੱਲਾਂ ਅਤੇ ਗਿਆਨ ਪ੍ਰਣਾਲੀ 'ਤੇ ਆਧਾਰਿਤ ਸਿੱਖਿਆ ਮਾਡਲ ਵੱਲ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਇਹ ਰਾਸ਼ਟਰੀ ਸਕੂਲ ਸਿੱਖਿਆ ਬੋਰਡ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਵੱਲੋਂ ਮਾਨਤਾ ਪ੍ਰਾਪਤ ਹੈ ਅਤੇ ਇਸਨੂੰ ਕੇਂਦਰੀ ਮੱਧਮਿਅਕ ਸਿੱਖਿਆ ਬੋਰਡ (ਸੀਬੀਐਸਈ) ਅਤੇ ਰਾਸ਼ਟਰੀ ਖੁੱਲ੍ਹਾ ਸਕੂਲ ਸੰਸਥਾਨ (ਐਨਆਈਓਐਸ) ਦੇ ਸਮਕੱਖ ਮੰਨਿਆ ਜਾਂਦਾ ਹੈ। ਇਸ ਬੋਰਡ ਦੇ ਦਸਵੀਂ ਅਤੇ ਬਾਰਵੀਂ ਦੇ ਸਰਟੀਫਿਕੇਟਾਂ ਨੂੰ ਭਾਰਤੀ ਯੂਨੀਵਰਸਿਟੀਆਂ ਦੀ ਸੰਘ (ਏਆਈਯੂ) ਅਤੇ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ (ਯੂਜੀਸੀ) ਵੱਲੋਂ ਵੀ ਸਮਕੱਖਤਾ ਦਿੱਤੀ ਗਈ ਹੈ, ਜਿਸ ਨਾਲ ਵਿਦਿਆਰਥੀ ਉੱਚ ਸਿੱਖਿਆ ਜਾਂ ਸਰਕਾਰੀ ਨੌਕਰੀਆਂ ਲਈ ਅਰਜ਼ੀ ਦੇ ਸਕਣਗੇ।



## ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਕਿਸ਼ੋਰ ਅਵਸਥਾ 'ਚ ਹੀ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਸਮੇਂ ਦੀ ਮੁੱਖ ਲੋੜ : ਪਰਮਿੰਦਰ ਭਲਵਾਨ




ਪਟਿਆਲਾ, 6 ਮਾਰਚ (ਦੀਪਕ ਜੈਦਕਾ) : ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ ਜੋ ਕਿ ਪਿਛਲੇ ਪੰਦਰਾਂ ਸਾਲਾਂ ਤੋਂ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਹਨ ਵੱਲੋਂ ਪੰਜਾਬ ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਅਤੇ ਜ਼ਿਲ੍ਹਾ ਪੁਨਰਵਾਸ ਕੇਂਦਰ ਪਟਿਆਲਾ, ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਦੇ ਸਹਿਯੋਗ ਅਤੇ ਮਾਨਯੋਗ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਅਤੇ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਕਮਿਊਨਿਟੀ ਅਫੇਅਰ ਡਵੀਜ਼ਨ ਗੁਰਪ੍ਰੀਤ ਕੌਰ ਦਿਉ ਦੇ ਦਿਸ਼ਾ ਨਿਰਦੇਸ਼ਾਂ ਅਤੇ ਉਚ ਅਧਿਕਾਰੀਆਂ ਦੀ ਸਰਪ੍ਰਸਤੀ ਹੇਠ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਅਧਿਕਾਰਤਾ ਮੰਤਰਾਲਾ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿਗ ਸੈਲ ਨੇ ਕੀਤੀ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਪਰਮਿੰਦਰ ਕੌਰ ਮਨਚੰਦਾ ਪ੍ਰੋਜੈਕਟ ਡਾਇਰੈਕਟਰ ਪੰਜਾਬ ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਅਤੇ ਜ਼ਿਲ੍ਹਾ ਪੁਨਰਵਾਸ ਕੇਂਦਰ ਪਟਿਆਲਾ ਨੇ ਕੀਤੀ। ਪ੍ਰੋਗਰਾਮ ਦਾ ਉਦਘਾਟਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤਾ।ਵਿਸ਼ੇਸ਼ ਤੌਰ ਤੇ ਡਾਕਟਰ ਚਾਰੂ ਗੌਤਮ ਫਿਓਜੋਥੈਰਪਰ ਪੰਜਾਬ ਰੈਡ ਕਰਾਸ ਸਾਕੇਤ ਹਸਪਤਾਲ ਤੋਂ ਕੌਸਲਰ ਰਣਜੀਤ ਕੌਰ,ਕੌਸਲਰ ਜਸਪ੍ਰੀਤ ਸਿੰਘ ਤੋਂ ਇਲਾਵਾ ਉਪਕਾਰ ਸਿੰਘ, ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੌਰਮਿੰਟ ਬਿਕਰਮ ਕਾਲਜ ਆਫ ਕਾਮਰਸ, ਹਰਮਨਜੀਤ ਸਿੰਘ ਰੰਧਾਵਾ, ਗੁਰਜੀਤ ਸਿੰਘ ਲੱਕੀ ਹਰਦਾਸਪੁਰ ਨੇ ਸ਼ਿਰਕਤ ਕੀਤੀ । ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਸੰਬੋਧਨ ਕਰਦਿਆ ਕਿਹਾ ਕਿ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਕੂਲੀ ਪੱਧਰ 'ਤੇ ਕਿਸ਼ੋਰ ਅਵਸਥਾ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸ ਪ੍ਰੋਗਰਾਮ ਦੌਰਾਨ ਯੂਥ ਆਗੂ ਰੁਦਰਪ੍ਰਤਾਪ ਸਿੰਘ ਵਲੋਂ ਡਰੱਗ ਫਰੀ ਵਲਡ ਕੈਲੀਫੋਰਨੀਆਂ ਵਲੋਂ ਨੌਜਵਾਨਾ ਨੂੰ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਕਿਤਾਬਾਂ ਵੰਡੀਆਂ ਗਈਆਂ।

## ਮਾਤਾ ਕੁਸ਼ੱਲਿਆ ਹਸਪਤਾਲ ਵਿਖੇ ਵਿਸ਼ਵ ਸੁਣਨ ਦਿਵਸ ਮਨਾਇਆ

ਪਟਿਆਲਾ, 6 ਮਾਰਚ (ਰੁਪਾਣਾ/ ਦੀਪਕ ਜੈਦਕਾ) : ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਵਿਸ਼ਵ ਸੁਣਨ ਦਿਵਸ ਮਨਾਇਆ ਗਿਆ। ਇਸ ਮੌਕੇ ਸਿਹਤ ਵਿਭਾਗ ਪਟਿਆਲਾ ਵੱਲੋਂ ਮਾਤਾ ਕੁਸ਼ੱਲਿਆ ਹਸਪਤਾਲ ਵਿਖੇ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਨੱਕ, ਕੰਨ ਅਤੇ ਗਲੇ ਦੇ ਮਾਹਿਰ ਡਾ.ਗਗਨਦੀਪ ਕੌਰ ਵੱਲੋਂ ਮਰੀਜਾਂ ਅਤੇ ਸਟਾਫ ਮੈਂਬਰ ਨੂੰ ਕੰਨਾ ਦੀ ਸਾਂਭ ਸੰਭਾਲ ਅਤੇ ਸੁਨਣ ਸ਼ਕਤੀ ਨੂੰ ਬਰਕਰਾਰ ਰੱਖਣ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਗਈ। ਡਾ.ਗਗਨਦੀਪ ਕੌਰ ਨੇ ਦੱਸਿਆ ਕਿ ਅਜੋਕੇ ਸਮੇਂ ਵਿੱਚ ਵੱਧ ਰਿਹਾ ਸ਼ੋਰ ਸ਼ਰਾਬਾ ਤੇ ਹੈਡ ਫੋਨਾਂ ਦੀ ਬੇਲੋੜੀ ਵਰਤੋਂ ਨੌਜਵਾਨ ਪੀੜੀ ਦੀ ਸੁਨਣ ਸ਼ਕਤੀ ਉੱਤੇ ਮਾੜਾ ਪ੍ਰਭਾਵ ਪੈਦਾ ਕਰ ਰਹੀ ਹੈ। ਮਾਹਿਰਾਂ ਨੇ ਕੰਨਾਂ ਵਿੱਚ ਕੋਈ ਵੀ ਤਿੱਖੀ ਚੀਜ ਨਾ ਮਾਰਨ ਜਾਂ ਬਿਨਾਂ ਡਾਕਟਰ ਸਲਾਹ ਕੋਈ ਵੀ ਤੇਲ ਪਾਉਣ ਤੋਂ ਵਰਜਿਆ। ਉਹਨਾਂ ਦੱਸਿਆ ਕਿ ਜਨਮ ਤੋਂ ਹੀ ਬੱਚਿਆਂ ਦੇ ਕੰਨਾਂ ਦੀ ਜਾਂਚ ਜਰੂਰ ਕਰਵਾਈ ਜਾਏ ਤਾਂ ਜੋ ਕਿਸੇ ਵੀ ਜਮਾਂਦਰੂ ਨੁਕਸ ਬਾਰੇ ਬੱਚਿਆਂ ਦਾ ਸਮੇਂ ਸਿਰ ਇਲਾਜ ਕਰਵਾਇਆ ਜਾ ਸਕੇ। ਇਸ ਮੌਕੇ ਸਮੂਹ ਮਾਸ ਮੀਡੀਆ ਵਿੰਗ ਦੀ ਟੀਮ, ਡੀ.ਸੀ.ਓ. ਵਜਿੰਦਰ, ਰੋਗੀ ਤੇ ਰੋਗੀਆਂ ਦੇ ਰਿਸ਼ਤੇਦਾਰ ਅਤੇ ਨਰਸਿੰਗ ਵਿਦਿਆਰਥੀ ਮੌਜੂਦ ਸਨ।



## ਪੰਜਾਬੀ ਯੂਨੀਵਰਸਿਟੀ ਵਿਖੇ 'ਡਾ. ਗੰਡਾ ਸਿੰਘ ਯਾਦਗਾਰੀ ਭਾਸ਼ਣ' ਕਰਵਾਇਆ




ਪਟਿਆਲਾ, 6 ਮਾਰਚ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਅਤੇ ਪੰਜਾਬ ਇਤਿਹਾਸ ਅਧਿਐਨ ਵੱਲੋਂ ਡਾ. ਗੰਡਾ ਸਿੰਘ ਯਾਦਗਾਰੀ ਭਾਸ਼ਣ ਕਰਵਾਇਆ ਗਿਆ। 'ਪੰਜਾਬ ਦਾ ਬਟਵਾਰਾ: ਰੈੱਡਕਲਿਫ਼ ਸੀਮਾ ਦੀ ਰਾਜਨੀਤੀ' ਵਿਸ਼ੇ ਉੱਤੇ ਇਹ ਭਾਸ਼ਣ ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਦੇ ਪਰੋ-ਵਾਈਸ-ਚਾਂਸਲਰ ਡਾ. ਅਮਰਜੀਤ ਸਿੰਘ ਨੇ ਦਿੱਤਾ। ਡਾ. ਅਮਰਜੀਤ ਸਿੰਘ ਨੇ ਆਪਣੇ ਇਸ ਭਾਸ਼ਣ ਵਿੱਚ ਦੇਸ਼ ਦੇ ਬਟਵਾਰੇ ਸਬੰਧੀ ਉਸ ਸਮੇਂ ਦੇ ਬ੍ਰਿਟਿਸ਼ ਇਤਿਹਾਸਕ ਸਰੋਤਾਂ ਦੇ ਹਵਾਲੇ ਨਾਲ਼ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਦੇਸ਼ ਦੀ ਵੰਡ ਦਾ ਪੰਜਾਬੀਆਂ ਨੂੰ ਨੁਕਸਾਨ ਝੱਲਣਾ ਪਿਆ ਅਤੇ ਇਸ ਵਿੱਚ ਕਿਹੜੀਆਂ ਧਿਰਾਂ ਦੇ ਕਿਹੋ ਜਿਹੇ ਹਿਤ ਸ਼ਾਮਿਲ ਸਨ। ਉਨ੍ਹਾਂ ਆਪਣੇ ਭਾਸ਼ਣ ਵਿੱਚ 1947 ਦੀ ਇਸ ਵੰਡ ਨਾਲ਼ ਜੁੜੀ ਰਾਜਨੀਤੀ ਦਾ ਵਿਸ਼ਲੇਸ਼ਣ ਕੀਤਾ ਅਤੇ ਪ੍ਰਮੁੱਖ ਰਾਜਨੀਤਿਕ ਸ਼ਖ਼ਸੀਅਤਾਂ ਦੀਆਂ ਭੂਮਿਕਾਵਾਂ ਬਾਰੇ ਆਲੋਚਨਾਤਮਕ ਟਿੱਪਣੀਆਂ ਕੀਤੀਆਂ।ਵਿਭਾਗ ਮੁਖੀ ਡਾ. ਸੰਦੀਪ ਕੌਰ ਵੱਲੋਂ ਆਪਣੇ ਸਵਾਗਤੀ ਭਾਸ਼ਣ ਦੌਰਾਨ 'ਡਾ. ਗੰਡਾ ਸਿੰਘ ਯਾਦਗਾਰੀ ਭਾਸ਼ਣ' ਲੜੀ ਬਾਰੇ ਗੱਲਬਾਤ ਕੀਤੀ ਗਈ। ਧੰਨਵਾਦੀ ਭਾਸ਼ਣ ਡੀਨ ਅਲੂਮਨੀ ਡਾ. ਰਾਜਬੰਸ ਸਿੰਘ ਗਿੱਲ ਵੱਲੋਂ ਦਿੱਤਾ ਗਿਆ। ਮੰਚ ਸੰਚਾਲਨ ਦਾ ਕਾਰਜ ਡਾ. ਬਲਰਾਜ ਸਿੰਘ ਨੇ ਕੀਤਾ।

## ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਸਾਹਿਤਕ ਸਮਾਗਮ ਭਲਕੇ

ਪਟਿਆਲਾ, 6 ਮਾਰਚ (ਚ.ਨ.ਸ.) : ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਕੇਂਦਰੀ ਪੰਜਾਬੀ ਮਿੰਨੀ ਕਹਾਣੀ ਲੇਖਕ ਮੰਚ ਪਟਿਆਲਾ ਦੇ ਸਹਿਯੋਗ ਨਾਲ ਸਾਹਿਤਕ ਸਮਾਗਮ 8 ਮਾਰਚ 2026 ਨੂੰ ਸਵੇਰੇ 9.30 ਵਜੇ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵਿਖੇ ਕਰਵਾਇਆ ਜਾ ਰਿਹਾ ਹੈ। ਸਭਾ ਦੇ ਪ੍ਰਧਾਨ ਡਾ.ਦਰਸ਼ਨ ਸਿੰਘ 'ਆਸ਼ਟ', ਕੇਂਦਰੀ ਪੰਜਾਬੀ ਮਿੰਨੀ ਕਹਾਣੀ ਲੇਖਕ ਮੰਚ ਦੇ ਪ੍ਰਧਾਨ ਡਾ. ਹਰਪ੍ਰੀਤ ਸਿੰਘ ਰਾਣਾ ਅਤੇ ਸਭਾ ਦੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਮੁਖੀ ਅਤੇ ਸਟੇਟ ਐਵਾਰਡੀ ਡਾ. ਰਾਜਵੰਤ ਕੌਰ ਪੰਜਾਬੀ ਕਰਨਗੇ ਜਦੋਂ ਕਿ ਮੁੱਖ ਮਹਿਮਾਨ ਮਿੰਨੀ ਕਹਾਣੀ ਲੇਖਕ ਬੀਰ ਇੰਦਰ ਸਿੰਘ ਬਨਭੌਰੀ ਹੋਣਗੇ। ਵਿਸ਼ੇਸ਼ ਮਹਿਮਾਨ ਮਿੰਨੀ ਕਹਾਣੀ ਲੇਖਿਕਾ ਸੀਮਾ ਵਰਮਾ (ਲੁਧਿਆਣਾ) ਹੋਣਗੇ। ਰਘਬੀਰ ਸਿੰਘ ਮਹਿਮੀ ਦੀ ਮਿੰਨੀ ਕਹਾਣੀ ਕਲਾ ਬਾਰੇ ਸਰਬਾਂਗੀ ਲੇਖਕ ਸੁਖਦੇਵ ਸਿੰਘ ਸ਼ਾਂਤ ਪਰਚਾ ਪੜ੍ਹਨਗੇ। ਇਸ ਸਮਾਗਮ ਵਿਚ 26ਵਾਂ ਮਾਨ ਕੌਰ ਯਾਦਗਾਰੀ ਮਿੰਨੀ ਕਹਾਣੀ ਪੁਰਸਕਾਰ ਰਘਬੀਰ ਸਿੰਘ ਮਹਿਮੀ ਨੂੰ ਪ੍ਰਦਾਨ ਕੀਤਾ ਜਾਵੇਗਾ। ਇਸ ਪੁਰਸਕਾਰ ਵਿਚ ਉਨ੍ਹਾਂ ਨੂੰ ਨਗਦ ਰਾਸ਼ੀ ਅਤੇ ਸਨਮਾਨ ਪੱਤਰ ਅਤੇ ਸ਼ਾਲ ਆਦਿ ਭੇਂਟ ਕੀਤੇ ਜਾਣਗੇ।

## ਐਨ.ਐਸ.ਐਸ. ਵਿਭਾਗ ਦੇ ਵਿਦਿਆਰਥੀਆਂ ਨੇ ਐਡਵੈਂਚਰ ਅਤੇ ਹਾਈਕਿੰਗ ਕੈਂਪ 'ਚ ਭਾਗ ਲਿਆ

ਪਟਿਆਲਾ, 6 ਮਾਰਚ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਨ.ਐਸ.ਐਸ. ਵਿਭਾਗ ਦੇ ਨਾਲ ਸਬੰਧਤ ਪੰਜਾਬੀ ਯੂਨੀਵਰਸਿਟੀ ਕੈਂਪਸ, ਸਰਕਾਰੀ ਮਹਿੰਦਰਾ ਕਾਲਜ ਪਟਿਆਲਾ, ਸਰਕਾਰੀ ਕਿਰਤੀ ਕਾਲਜ ਨਿਆਲ, ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਅਤੇ ਡੀ.ਏ.ਵੀ ਕਾਲਜ ਬਠਿੰਡਾ ਦੇ ਵਿਦਿਆਰਥੀਆਂ ਨੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਹਰੀਕੇ ਪੱਤਣ ਵੈਟਲੈਂਡ, ਤਰਨਤਾਰਨ ਅਤੇ ਪੱਲਣਪੁਰ ਜਿਲਾ ਮੋਹਾਲੀ ਵਿਖੇ ਆਯੋਜਿਤ ਪੰਜ ਰੋਜ਼ਾ ਐਡਵੈਂਚਰ ਅਤੇ ਹਾਈਕਿੰਗ ਟ੍ਰੈਕਿੰਗ ਕੈਂਪ ਵਿੱਚ ਸਫਲਤਾਪੂਰਵਕ ਭਾਗ ਲਿਆ। ਭਾਗੀਦਾਰਾਂ ਨੇ 65 ਕਿਲੋਮੀਟਰ ਦੀ ਪ੍ਰਭਾਵਸ਼ਾਲੀ ਟ੍ਰੈਕਿੰਗ ਪੂਰੀ ਕਰਦੇ ਹੋਏ ਸ਼ਾਂਤਮਈ ਵਾਤਾਵਰਨ ਅਤੇ ਪੰਛੀਆਂ ਦੀ ਮਨਮੋਹਕ ਚਹਿਕ ਦਾ ਆਨੰਦ ਮਾਣਿਆ। ਯੁਵਕ ਸੇਵਾਵਾਂ ਵਿਭਾਗ ਪੰਜਾਬ ਦੇ ਵਿਸ਼ੇਸ਼ ਸਕੱਤਰ ਸਰਬਜੀਤ ਸਿੰਘ, ਆਈ.ਏ.ਐਸ., ਦੇ ਦਿਸ਼ਾ-ਨਿਰਦੇਸ਼ ਅਤੇ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਪੰਜਾਬ ਹਰਪ੍ਰੀਤ ਸਿੰਘ ਸੂਦਨ ਦੀ ਅਗਵਾਈ ਹੇਠ ਅਜਿਹੇ ਕੈਂਪ ਸੂਬੇ ਭਰ ਵਿੱਚ ਨੌਜਵਾਨਾਂ ਦੇ ਸਸ਼ਕਤੀਕਰਨ ਅਤੇ ਸੈਰ-ਸਪਾਟੇ ਦੇ ਪ੍ਰਚਾਰ ਲਈ ਆਯੋਜਿਤ ਕੀਤੇ ਜਾ ਰਹੇ ਹਨ। ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ, ਸਵਰਨ ਕੌਰ, ਪ੍ਰੋ. ਹਰਮੀਤ ਸਿੰਘ ਅਤੇ ਪ੍ਰੋ ਜਗਦੀਸ਼ ਸਿੰਘ ਨੇ ਕੈਂਪ ਦੌਰਾਨ ਕੈਂਪ ਇੰਚਾਰਜ ਵਜੋਂ ਆਪਣੀ ਡਿਊਟੀ ਨਿਭਾਈ। ਐਨ.ਐਸ.ਐਸ. ਕੋਆਰਡੀਨੇਟਰ ਡਾ. ਅਨਹਦ ਗਿੱਲ ਨੇ ਭਾਗੀਦਾਰਾਂ ਨੂੰ ਯੂਨੀਵਰਸਿਟੀ ਦਾ ਨਾਮ ਰੋਸ਼ਨ ਕਰਨ ਲਈ ਵਧਾਈ ਦਿੱਤੀ।




## ਸੜਕ ਹਾਦਸੇ 'ਚ ਤਿੰਨ ਵਿਦਿਆਰਥਣਾਂ ਜ਼ਖ਼ਮੀ

ਸਮਾਣਾ, 6 ਮਾਰਚ (ਵਿਜੇ ਕੁਮਾਰ) : ਸ਼ੁੱਕਰਵਾਰ ਸਵੇਰੇ ਪਿੰਡ ਅਸਰਪੁਰ-ਟੋਡਰਪੁਰ ਲਿੰਕ ਰੋਡ @ਤੇ ਐਕਟਿਵਾ ਅਤੇ ਮੋਟਰਸਾਈਕਲ ਦੀ ਟੱਕਰ ਵਿੱਚ ਐਕਟਿਵਾ ਸਵਾਰ ਤਿੰਨ ਵਿਦਿਆਰਥਣਾਂ ਜ਼ਖ਼ਮੀ ਹੋ ਗਈਆਂ। ਉਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਜ਼ਖ਼ਮੀ ਵਿਦਿਆਰਥਣਾਂ ਦੀ ਪਛਾਣ ਗਗਨਪ੍ਰੀਤ ਕੌਰ, ਦਮਨਪ੍ਰੀਤ ਕੌਰ ਅਤੇ ਅਮਨਪ੍ਰੀਤ ਕੌਰ ਵਜੋਂ ਹੋਈ ਹੈ। ਸੂਚਨਾ ਮਿਲਦੇ ਹੀ ਸਦਰ ਪੁਲਿਸ ਦੇ ਐਸ.ਐਚ.ਓ. ਅਜੇ ਕੁਮਾਰ ਪਰੋਚਾ ਅਤੇ ਏ.ਐਸ.ਆਈ. ਰਾਜਕੁਮਾਰ ਸ਼ਰਮਾ ਆਪਣੀ ਟੀਮ ਸਮੇਤ ਤੁਰੰਤ ਹਸਪਤਾਲ ਪਹੁੰਚੇ। ਉਨ੍ਹਾਂ ਨੇ ਵਿਦਿਆਰਥਣਾਂ ਦਾ ਹੌਸਲਾ ਵਧਾਇਆ ਅਤੇ ਉਨ੍ਹਾਂ ਦਾ ਇਲਾਜ ਕਰਵਾਇਆ। ਪੁਲਿਸ ਅਧਿਕਾਰੀ ਅਨੁਸਾਰ, ਪਿੰਡ ਟੋਡਰਪੁਰ ਦੇ ਸਕੂਲ ਵਿੱਚ ਨੌਵੀਂ ਜਮਾਤ ਦੀਆਂ ਇਹ ਵਿਦਿਆਰਥਣਾਂ ਪਿੰਡ ਤੋਂ ਪ੍ਰੀਖਿਆ ਦੇਣ ਜਾ ਰਹੀਆਂ ਸਨ, ਜਦੋਂ ਕਿ ਰਸਤੇ ਵਿੱਚ ਇਹ ਹਾਦਸਾ ਵਾਪਰ ਗਿਆ।



## ਮੌਜੂਦਾ ਮਿਊਂਸਪਲ ਕੌਂਸਲਰਾਂ ਦੀ ਜਾਣਕਾਰੀ ਨਹੀਂ, ਲੋਕ ਪ੍ਰਗਟ ਕਰ ਰਹੇ ਨੇ ਨਾਰਾਜ਼ਗੀ : ਹਰਿੰਦਰਪਾਲ ਸਿੰਘ ਚੰਦੂਮਾਜਰਾ

ਸਨੌਰ, 6 ਮਾਰਚ (ਪ੍ਰਥਮ ਕੁਮਾਰ) : ਸਥਾਨਕ ਵਾਸੀਆਂ ਵਿੱਚ ਮਿਊਂਸਿਪਲ ਕੌਂਸਲਰਾਂ ਦੀ ਜਾਣਕਾਰੀ ਦੀ ਘਾਟ ਕਾਰਨ ਵਧ ਰਹੀ ਨਾਰਾਜ਼ਗੀ ਨੂੰ ਦੇਖਦੇ ਹੋਏ ਸਨੌਰ ਦੇ ਪ੍ਰਸਿੱਧ ਸਮਾਜ ਸੇਵੀ ਅਤੇ ਆਗੂ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਇਸ ਸੰਬੰਧੀ ਆਪਣੀ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਥਾਨਕ ਲੋਕਾਂ ਨੂੰ ਆਪਣੇ ਵਾਰਡ ਦੇ ਮਿਊਂਸਿਪਲ ਕੌਂਸਲਰਾਂ ਦੇ ਨਾਂ ਦੀ ਜਾਣਕਾਰੀ ਨਾ ਹੋਣ ਕਰਕੇ ਸਰਕਾਰੀ ਸੇਵਾਵਾਂ ਅਤੇ ਵਿਕਾਸ ਯੋਜਨਾਵਾਂ ਦੇ ਪਹੁੰਚਣ ਵਿੱਚ ਬਾਧਾਵਾਂ ਆ ਰਹੀਆਂ ਹਨ। ਚੰਦੂਮਾਜਰਾ ਨੇ ਇਸ ਸਮੱਸਿਆ ਨੂੰ ਜ਼ਰੂਰੀ ਮੰਨਦੇ ਹੋਏ ਕਿਹਾ ਹੈ, ਕਿ ਸਨੌਰ ਵਾਸੀਆਂ ਲਈ ਇਹ ਜਾਣਕਾਰੀ ਮਹੱਤਵਪੂਰਨ ਹੈ, ਅਤੇ ਇਸ ਘਾਟ ਨੂੰ ਦੂਰ ਕਰਨ ਲਈ ਉਨ੍ਹਾਂ ਨੇ ਸਾਰੇ ਉਮੀਦਵਾਰਾਂ ਨੂੰ ਆਜ਼ਾਦ ਤੌਰ 'ਤੇ ਚੋਣਾਂ ਵਿੱਚ ਖੜ੍ਹਨ ਦੀ ਸਲਾਹ ਦਿੱਤੀ ਹੈ। ਇਸ ਬੈਠਕ ਵਿੱਚ ਸਨੌਰ ਦੇ ਦਰਜ਼ਨਾਂ ਦੇ ਹਿਸਾਬ ਨਾਲ ਪਰਿਵਾਰ ਸ਼ਾਮਿਲ ਸਨ, ਜਿਨ੍ਹਾਂ ਨੇ ਕਈ ਵੱਖ-ਵੱਖ ਮੁੱਦਿਆਂ 'ਤੇ ਹਰਿੰਦਰਪਾਲ ਸਿੰਘ ਚੰਦੂਮਾਜਰਾ ਦੇ ਨਾਲ ਗੱਲਬਾਤ ਕੀਤੀ। ਇਸ ਮੌਕੇ ਦਰਜਨਾਂ ਪਰਿਵਾਰਾਂ ਨੇ ਪਾਰਟੀ ਛੱਡ ਕੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਦੀ ਅਗਵਾਈ ਹੇਠ ਆਪਣਾ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ। ਇਸ ਮੌਕੇ ਨਵੇਂ ਜੁੜੇ ਵਰਕਰਾਂ ਅਤੇ ਪਰਿਵਾਰਾਂ ਦਾ ਚੰਦੂਮਾਜਰਾ ਨੇ ਸਵਾਗਤ ਕੀਤਾ ਤੇ ਕਿਹਾ ਕਿ ਹਲਕਾ ਸਨੌਰ ਦੇ ਲੋਕ ਮੌਜੂਦਾ ਸਰਕਾਰ ਦੀਆਂ ਨੀਤੀਆਂ ਤੋਂ ਨਾਰਾਜ਼ ਹਨ ਅਤੇ ਵਿਕਾਸ ਦੀ ਕਮੀ ਕਾਰਨ ਲੋਕਾਂ ਵਿੱਚ ਨਿਰਾਸ਼ਾ ਵਧ ਰਹੀ ਹੈ। ਪਾਰਟੀ ਛੱਡ ਕੇ ਚੰਦੂਮਾਜਰਾ ਨਾਲ ਜੁੜਨ ਵਾਲਿਆਂ ਵਿੱਚ ਬਲਦੇਵ ਸਿੰਘ, ਯਾਦਵਿੰਦਰ ਸਿੰਘ, ਜਸਵੀਰ ਸਿੰਘ, ਅਮਨਦੀਪ ਸਿੰਘ, ਨਿਰਮਲ ਸਿੰਘ, ਗੁਰਜੀਤ ਸਿੰਘ, ਭਜਨ ਸਿੰਘ, ਸਰਵਨ ਸਿੰਘ, ਆਸਾ ਕੌਰ, ਅਮਰਜੀਤ ਸਿੰਘ, ਰਣਜੀਤ ਸਿੰਘ ਅਤੇ ਭੁਪਿੰਦਰ ਸਿੰਘ ਸਮੇਤ ਕਈ ਹੋਰ ਪਰਿਵਾਰ ਸ਼ਾਮਲ ਹਨ। ਇਨ੍ਹਾਂ ਸਾਰਿਆਂ ਨੇ ਚੰਦੂਮਾਜਰਾ ਦੀ ਅਗਵਾਈ 'ਤੇ ਭਰੋਸਾ ਜਤਾਉਂਦਿਆਂ ਕਿਹਾ ਕਿ ਉਹ ਹਲਕੇ ਦੇ ਵਿਕਾਸ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਮਿਲ ਕੇ ਕੰਮ ਕਰਨਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਣਧੀਰ ਸਿੰਘ ਰੱਖੜਾ, ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਮੈਂਬਰ ਐਸ.ਜੀ.ਪੀ.ਸੀ., ਜਥੇਦਾਰ ਪ੍ਰੀਤਮ ਸਿੰਘ, ਜਥੇਦਾਰ ਅਰਜਨ ਸਿੰਘ, ਕਿਸਨ ਸਿੰਘ, ਬਲਵਿੰਦਰ ਸਿੰਘ ਸੁਰਸਤੀਗੜ੍ਹ ਅਤੇ ਪੀ.ਏ. ਗੁਰਮੁੱਖ ਸਿੰਘ ਸੁਹਾਗਹੇੜੀ ਸਮੇਤ ਕਈ ਸਿਆਸੀ ਅਤੇ ਸਮਾਜਿਕ ਆਗੂ ਵੀ ਮੌਜੂਦ ਸਨ। ਆਗੂਆਂ ਨੇ ਕਿਹਾ ਕਿ ਦਰਜਨਾਂ ਪਰਿਵਾਰਾਂ ਦੇ ਚੰਦੂਮਾਜਰਾ ਨਾਲ ਜੁੜਨ ਨਾਲ ਹਲਕਾ ਸਨੌਰ ਦੀ ਸਿਆਸਤ ਵਿੱਚ ਨਵਾਂ ਸਮੀਕਰਨ ਬਣ ਸਕਦਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਦਾ ਵੱਡਾ ਪ੍ਰਭਾਵ ਦੇਖਣ ਨੂੰ ਮਿਲੇਗਾ।



## ਪਟਿਆਲਾ ਵਿਖੇ ਜਨਗਣਨਾ 2027 ਸਬੰਧੀ ਦੋ ਦਿਨਾਂ ਟ੍ਰੇਨਿੰਗ ਵਰਕਸ਼ਾਪ ਸ਼ੁਰੂ

ਪਟਿਆਲਾ, 6 ਮਾਰਚ (ਚ.ਨ.ਸ.) : ਜ਼ਿਲ੍ਹਾ ਪਟਿਆਲਾ ਵਿਖੇ ਜਨਗਣਨਾ 2027 ਸਬੰਧੀ ਅੱਜ 2 ਦਿਨਾਂ ਟ੍ਰੇਨਿੰਗ ਵਰਕਸ਼ਾਪ ਡਿਪਟੀ ਕਮਿਸ਼ਨਰ,-ਕਮ-ਪਿੰਸੀਪਲ ਸੈਂਸਜ ਅਫਸਰ ਪਟਿਆਲਾ ਵਰਜੀਤ ਵਾਲੀਆ ਦੀ ਪ੍ਰਧਾਨਗੀ ਹੇਠ ਸ਼ੁਰੂ ਹੋਈ। ਇਸ ਟ੍ਰੇਨਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ)-ਕਮ ਜ਼ਿਲ੍ਹਾ ਸੈਂਸਜ ਅਫਸਰ ਦਮਨਜੀਤ ਸਿੰਘ ਮਾਨ ਦੀ ਹਾਜ਼ਰੀ ਵਿੱਚ ਜਨਗਣਨਾ ਵਿਭਾਗ ਦੇ ਡਿਪਟੀ ਡਾਇਰੈਕਟਰ ਅਮਿਤ ਕੁਮਾਰ ਭਾਰਗਵ ਅਤੇ ਸਟੈਟਿਸਟਿਕਲ ਇੰਨਵੈਸਟੀਗੇਟਰਗ੍ਰੇਡ-2 ਨਿਧੀ ਨੇ ਟ੍ਰੇਨਿੰਗ ਪ੍ਰਦਾਨ ਕੀਤੀ। ਉਨ੍ਹਾਂ ਦੱਸਿਆ ਕਿ ਇਹ ਜਨਗਣਨਾ ਪਹਿਲੀ ਵਾਰ ਡਿਜ਼ੀਟਲ ਮੋਡ ਵਿੱਚ ਕੀਤੀ ਜਾ ਰਹੀ ਹੈ।ਇਸ ਜਨਗਣਨਾ ਵਿੱਚ 'ਸੈਲਫ ਇਨੁਮੀਰੇਸ਼ਨ' ਦੇ ਕੰਮ ਵਜੋਂ ਪਹਿਲ ਕੀਤੀ ਗਈ, ਜਿਸ ਵਿੱਚ ਕੋਈ ਵੀ ਨਾਗਰਿਕ ਆਪਣੇ ਘਰ ਦੀ ਗਿਣਤੀ ਮਿਤੀ 30 ਅਪ੍ਰੈਲ 2026 ਤੋਂ 14 ਮਈ 2026 ਤੱਕ ਆਪ ਕਰ ਸਕਦਾ ਹੈ। ਇਸ ਉਪਰੰਤ ਜਨਗਣਨਾ ਦਾ ਪਹਿਲਾ ਫੇਜ਼ 15 ਮਈ 2026 ਤੋਂ 13 ਜੂਨ 2026 ਤੱਕ ਹਾਊਸ ਲਿਸਟਿੰਗ ਵਜੋਂ ਸ਼ੁਰੂ ਕੀਤਾ ਜਾਵੇਗਾ, ਜਿਸ ਵਿੱਚ ਇਨੁਮੀਰੇਟਰ ਲੋਕਾਂ ਦੇ ਘਰ-ਘਰ ਜਾ ਕੇ ਹਾਊਸ ਲਿਸਟਿੰਗ ਦਾ ਕੰਮ ਕਰਨਗੇ ਅਤੇ ਨਾਗਰਿਕਾਂ ਨੂੰ 33 ਸਵਾਲ ਪੁੱਛੇ ਜਾਣਗੇ। ਇਸ ਵਰਕਸ਼ਾਪ ਵਿੱਚ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ , ਉਪ ਅਰਥ ਅਤੇ ਅੰਕੜਾ ਸਲਾਹਕਾਰ ਜਸਵਿੰਦਰ ਕੌਰ, ਕਲਰਕ ਨਰਿੰਦਰ ਕੁਮਾਰ, ਇਨਵੈਸਟੀਗੇਟਰ ਬਿਕਰਮਾਜੀਤ ਸਿੰਘ, ਕੁਲਇੰਦਰਜੀਤ ਸਿੰਘ, ਰਮਨਜੀਤ ਸਿੰਘ, ਹੇਮੰਤ ਕੁਮਾਰ ਅਤੇ ਸਮੂਹ ਤਹਿਸੀਲਦਾਰਾਂ, ਨਗਰ ਕੌਂਸਲਾਂ, ਨਗਰ ਪੰਚਾਇਤਾਂ ਦੇ ਕਾਰਜਸਾਧਕ ਅਫਸਰਾਂ, ਸਬੰਧਤ ਚਾਰਜ ਅਫਸਰਾਂ ਦੇ ਕਲਰਕਾਂ ਅਤੇ ਤਕਨੀਕੀ ਸਹਾਇਕਾਂ ਨੇ ਭਾਗ ਲਿਆ।

## ਮੋਦੀ ਕਾਲਜ ਵਿਖੇ ਸਾਲਾਨਾ ਇਨਾਮ-ਵੰਡ ਸਮਾਰੋਹ



ਪਟਿਆਲਾ, 6 ਮਾਰਚ (ਰੁਪਾਣਾ) : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ,ਪਟਿਆਲਾ ਵੱਲੋਂ ਅੱਜ ਅਕਾਦਮਿਕ, ਖੇਡਾਂ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਸਾਲਾਨਾ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ।ਇਸ ਸਮਾਗਮ ਦੀ ਪ੍ਰਧਾਨਗੀ ਪਰਮਜੀਤ ਸਿੰਘ ਆਈ.ਏ.ਐਸ, ਕਮਿਸ਼ਨਰ, ਨਗਰ ਨਿਗਮ ਪਟਿਆਲਾ ਨੇ ਕੀਤੀ।ਇਸ ਮੌਕੇ ਤੇ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਸ. ਤਰੁਣ ਕੁਮਾਰ ਮੋਦੀ ਨੇ ਵਿਸ਼ੇਸ਼ ਤੌਰ @ਤੇ ਸ਼ਿਰਕਤ ਕੀਤੀ। ਇਸ ਸਲਾਨਾ ਇਨਾਮ-ਵੰਡ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਡਾ: ਰੀਤੂ ਲਹਿਲ, ਡੀਨ ਰਿਸਰਚ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਸਨ। ਸਲਾਨਾ ਸਮਾਗਮ ਦੀ ਸ਼ੁਰੂਆਤ ਕਾਲਜ ਦੇ ਵਿਦਿਆਰਥੀਆਂ ਵੱਲੋਂ ਸਰਸਵਤੀ ਵੰਦਨਾ ਅਤੇ ਸ਼ਬਦ ਗਾਇਨ ਨਾਲ ਕੀਤੀ ਗਈ। ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਦੇ ਮੈਂਬਰ ਪ੍ਰੋ: ਸੁਰਿੰਦਰ ਲਾਲ ਨੇ ਵੀ ਸ਼ਿਰਕਤ ਕੀਤੀ। ਕਾਲਜ ਪ੍ਰਿੰਸੀਪਲ ਡਾ. ਨੀਰਜ ਗੋਇਲ ਨੇ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ ਅਤੇ ਬਾਕੀ ਸ਼ਖ਼ਸ਼ੀਅਤਾਂ ਦਾ ਕਾਲਜ ਪਹੁੰਚਣ ਤੇ ਸਵਾਗਤ ਕੀਤਾ ਅਤੇ ਇਨਾਮ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ।ਉਹਨਾਂ ਨੇ ਸੈਸ਼ਨ 2025-26 ਲਈ ਕਾਲਜ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ । ਸ੍ਰੀ ਪਰਮਜੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮੋਦੀ ਕਾਲਜ ਵਿਖੇ ਸੰਬੋਧਨ ਕਰਨਾ ਬਹੁਤ ਹੀ ਮਾਣ ਵਾਲੀ ਗੱਲ ਹੈ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਵੇਂ ਮੋਦੀ ਕਾਲਜ ਨੇ ਲਗਾਤਾਰ ਸਾਲਾਂ ਤੋਂ ਮਿਆਰੀ ਸਿੱਖਿਆ ਦੇ ਮਾਪਦੰਡਾਂ ਨੂੰ ਕਾਇਮ ਰੱਖਿਆ ਹੈ ਅਤੇ ਉੱਤਰੀ ਭਾਰਤ ਵਿੱਚ ਸਿੱਖਿਆ ਦੇ ਪ੍ਰਸਿੱਧ ਕੇਂਦਰ ਵਜੋਂ ਆਪਣੀ ਸਥਿਤੀ ਬਣਾਈ ਰੱਖੀ ਹੈ। ਮੁੱਖ ਮਹਿਮਾਨ ਡਾ: ਰਿਤੂ ਲਹਿਲ ਨੇ ਕਾਲਜ ਨੂੰ ਭਾਰਤ ਦੀਆਂ ਸਰਵੋਤਮ ਵਿਦਿਅਕ ਸੰਸਥਾਵਾਂ ਦੇ ਬਰਾਬਰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਵਧਾਈ ਦਿੱਤੀ। ਉਸਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਕਿਵੇਂ ਕਾਲਜ ਅਸਲ ਵਿੱਚ ਸਮਾਜ ਦੀਆਂ ਉਮੀਦਾਂ ਦੇ ਨਾਲ-ਨਾਲ ਇਸਦੇ ਸੰਸਥਾਪਕ ਦੇ ਫਲਸਫੇ 'ਤੇ ਵੀ ਖਰਾ ਉਤਰਿਆ ਹੈ। ਉਨ੍ਹਾਂ ਕਾਲਜ ਨੂੰ ਉਨ੍ਹਾਂ ਦੀਆਂ ਅਕਾਦਮਿਕ ਅਤੇ ਖੋਜ ਪ੍ਰਾਪਤੀਆਂ ਲਈ ਵਧਾਈ ਵੀ ਦਿੱਤੀ। ਪ੍ਰੋ. ਸੁਰਿੰਦਰ ਲਾਲ ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## *ਖ਼ਾਲਸਾ ਕਾਲਜ ਦੀ ਵਿਦਿਆਰਥਣ ਸਿਮਰਨਦੀਪ ਕੌਰ ਨੇ ਸਿਵਲ ਸਰਵਿਸਿਜ਼ ਪ੍ਰੀਖਿਆ 'ਚ ਦੇਸ਼ ਭਰ ਵਿੱਚੋਂ 15ਵਾਂ ਰੈਂਕ ਹਾਸਲ ਕੀਤਾ*



ਪਟਿਆਲਾ, 6 ਮਾਰਚ (ਚ.ਨ.ਸ.) : ਪਟਿਆਲਾ ਦੇ ਵੱਕਾਰੀ ਵਿੱਦਿਅਕ ਅਦਾਰੇ ਖ਼ਾਲਸਾ ਕਾਲਜ ਪਟਿਆਲਾ ਦੀ ਇੱਕ ਹੋਣਹਾਰ ਵਿਦਿਆਰਥਣ ਨੇ ਸਿਵਲ ਸਰਵਿਸਿਜ਼ ਪ੍ਰੀਖਿਆ ਵਿੱਚ ਵੱਡੀ ਮੱਲ ਮਾਰਦਿਆਂ ਸੰਸਥਾ ਅਤੇ ਪੂਰੇ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ। ਪੋਸਟ ਗ੍ਰੈਜੂਏਟ ਪੋਲੀਟੀਕਲ ਸਾਇੰਸ ਵਿਭਾਗ ਦੀ ਵਿਦਿਆਰਥਣ ਸਿਮਰਨਦੀਪ ਕੌਰ ਨੇ ਯੂ.ਪੀ.ਐਸ.ਸੀ. ਵੱਲੋਂ ਐਲਾਨੇ ਗਏ ਨਤੀਜਿਆਂ ਵਿੱਚ ਦੇਸ਼ ਭਰ ਵਿੱਚੋਂ 15ਵਾਂ ਰੈਂਕ ਹਾਸਲ ਕਰਕੇ ਇੱਕ ਮਿਸਾਲੀ ਕਾਮਯਾਬੀ ਦਰਜ ਕੀਤੀ ਹੈ। ਇਸ ਸ਼ਾਨਦਾਰ ਪ੍ਰਾਪਤੀ ਤੋਂ ਬਾਅਦ ਕਾਲਜ ਕੈਂਪਸ ਅਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਇਸ ਇਤਿਹਾਸਕ ਮੌਕੇ 'ਤੇ ਕਾਲਜ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਵਿਦਿਆਰਥਣ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਕਾਲਜ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ।ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਅਤੇ ਸਕੱਤਰ ਵਿੱਦਿਆ ਸ. ਸੁਖਮਿੰਦਰ ਸਿੰਘ ਨੇ ਵੀ ਵਿਸ਼ੇਸ਼ ਤੌਰ 'ਤੇ ਵਿਦਿਆਰਥਣ ਅਤੇ ਉਸ ਦੇ ਪਰਿਵਾਰ ਨੂੰ ਮੁਬਾਰਕਬਾਦ ਭੇਜੀ। ਰਾਜਨੀਤਿਕ ਵਿਗਿਆਨ ਵਿਭਾਗ ਦੇ ਮੁਖੀ ਡਾ. ਜਗਤਾਰ ਸਿੰਘ ਨੇ ਦੱਸਿਆ ਕਿ ਸਿਮਰਨਦੀਪ ਕੌਰ ਸ਼ੁਰੂ ਤੋਂ ਹੀ ਬਹੁਤ ਮਿਹਨਤੀ ਅਤੇ ਹੋਣਹਾਰ ਵਿਦਿਆਰਥਣ ਰਹੀ ਹੈ। ਉਸ ਨੇ ਆਪਣੀ ਗ੍ਰੈਜੂਏਸ਼ਨ ਅਤੇ ਪੋਲੀਟੀਕਲ ਸਾਇੰਸ ਵਿੱਚ ਪੋਸਟ ਗ੍ਰੈਜੂਏਸ਼ਨ ਦੀ ਪੜ੍ਹਾਈ ਖ਼ਾਲਸਾ ਕਾਲਜ ਪਟਿਆਲਾ ਤੋਂ ਹੀ ਮੁਕੰਮਲ ਕੀਤੀ ਹੈ। ਵਿਭਾਗ ਦੇ ਸਟਾਫ਼ ਅਨੁਸਾਰ ਸਿਮਰਨਦੀਪ ਦੀ ਪੜ੍ਹਾਈ ਪ੍ਰਤੀ ਲਗਨ ਨੇ ਅੱਜ ਉਸ ਨੂੰ ਦੇਸ਼ ਦੀ ਸਰਵਉੱਚ ਸੇਵਾ ਵਿੱਚ ਪਹੁੰਚਾਇਆ ਹੈ

## ਸਰਕਾਰੀ ਕਾਲਜ ਲੜਕੀਆਂ ਵਿਖੇ ਸਾਲਾਨਾ ਖੇਡ ਸਮਾਰੋਹ

ਪਟਿਆਲਾ, 6 ਮਾਰਚ (ਚ.ਨ.ਸ.) : ਪ੍ਰਿੰਸੀਪਲ ਡਾ. ਸ਼ਵਿੰਦਰ ਸਿੰਘ ਰੇਖੀ ਦੀ ਅਗਵਾਈ ਹੇਠ ਸਰਕਾਰੀ ਕਾਲਜ ਲੜਕੀਆਂ ਪਟਿਆਲਾ ਵਿਖੇ 59ਵਾਂ ਸਾਲਾਨਾ ਖੇਡ ਸਮਾਰੋਹ ਕਰਵਾਇਆ ਗਿਆ। ਇਸ ਪ੍ਰੋਗਰਾਮ ਦੇ ਉਦਘਾਟਨੀ ਸਮਾਰੋਹ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਡਾ. ਰੂਪਾ ਸੈਣੀ (ਓਲੰਪੀਅਨ ਤੇ ਅਰਜੁਨ ਐਵਾਰਡੀ) ਨੇ ਸ਼ਿਰਕਤ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ. ਸ਼ਵਿੰਦਰ ਸਿੰਘ ਰੇਖੀ ਨੇ ਮੁੱਖ ਮਹਿਮਾਨ ਡਾ ਰੂਪਾ ਸੈਣੀ ਦੀਆਂ ਖੇਡਾਂ ਦੇ ਖੇਤਰ ਵਿੱਚ ਕੀਤੀਆਂ ਪ੍ਰਾਪਤੀਆਂ ਬਾਰੇ ਦੱਸਿਆ। ਡਾ ਰੂਪਾ ਸੈਣੀ ਨੇ ਖੇਡ ਸਮਾਰੋਹ ਦੇ ਆਰੰਭ ਦਾ ਐਲਾਨ ਕੀਤਾ। ਇਸ ਐਲਾਨ ਤੋਂ ਬਾਅਦ ਵਿਦਿਆਰਥਣਾਂ ਨੇ ਮਾਰਚ ਪਾਸਟ ਕੀਤਾ। ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ. ਬਲਜੀਤ ਕੌਰ ਨੇ ਕਾਲਜ ਦੀਆਂ ਸਾਲਾਨਾ ਖੇਡ ਸਰਗਰਮੀਆਂ ਤੇ ਵਿਦਿਆਰਥਣਾਂ ਦੀਆਂ ਪ੍ਰਾਪਤੀਆਂ ਤੋਂ ਜਾਣੂੰ ਕਰਵਾਇਆ। ਡਾ.ਰੂਪਾ ਸੈਣੀ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਹੋਇਆ ਉਹਨਾਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡ ਸਰਗਰਮੀਆਂ ਵਿੱਚ ਸ਼ਿੱਦਤ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਸਮਾਗਮ ਵਿੱਚ 100 ਮੀਟਰ, 200 ਮੀਟਰ, 400 ਮੀਟਰ, 800 ਮੀਟਰ ਅਤੇ ਰਿਲੇਅ ਆਦਿ ਗਤੀਵਿਧੀਆਂ ਤੋਂ ਇਲਾਵਾ ਲਾਂਗ ਜੰਪ, ਸ਼ਾਟ ਪੁੱਟ, ਡਿਸਕਸ ਥਰੋਅ, ਜੇਵਲਿਨ ਥਰੋਅ ਅਤੇ ਰੱਸਾਕਸ਼ੀ ਆਦਿ ਗਤੀਵਿਧੀਆਂ ਵੀ ਕਰਵਾਈਆਂ ਗਈਆਂ। ਪ੍ਰੋਗਰਾਮ ਇਨਾਮ ਵੰਡ ਸਮਾਰੋਹ ਦੇ ਮੁੱਖ ਮਹਿਮਾਨ ਵਜੋਂ ਡਾ. ਗੁਰਦੀਪ ਕੌਰ ਰੰਧਾਵਾ ਡਾਇਰੈਕਟਰ ਆਫ਼ ਸਪੋਰਟਸ ਪੰਜਾਬੀ ਯੂਨਿਵਰਸਿਟੀ ਪਟਿਆਲਾ ਸ਼ਾਮਿਲ ਹੋਏ। ਇਸ ਸਪੋਰਟਸ ਮੀਟ ਦੇ ਡਾਇਰੈਕਟਰ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ. ਬਲਜੀਤ ਕੌਰ ਸਨ। ਖੇਡ ਗਤੀਵਿਧੀਆਂ ਤੋਂ ਬਾਅਦ ਲੋਕ ਕਲਾ ਵਿਭਾਗ ਦੀਆਂ ਵਿਦਿਆਰਥਣਾਂ ਨੇ ਸਭਿਆਚਕ ਗਤੀਵਿਧੀਆਂ ਵਿੱਚ ਹਿੱਸਾ ਲਿਆ। ਅਨੁ ਗਿੱਲ ਨੂੰ ਮੀਟ ਦੀ ਸਭ ਤੋਂ ਵਧੀਆ ਐਥਲੀਟ ਐਲਾਨਿਆ ਗਿਆ। ਪਿੰਸੀਪਲ ਪ੍ਰੋ ਸ਼ਾਮ ਸੁੰਦਰ, ਸਾਬਕਾ ਪ੍ਰਿੰਸੀਪਲ ਪ੍ਰੋ. ਚਰਨਜੀਤ ਕੌਰ, ਪ੍ਰੋ. ਰੇਣੂ, ਪ੍ਰੋ. ਹਰਤੇਜ ਟਿਵਾਣਾ, ਪ੍ਰੋ. ਗੁਰਵੀਨ ਕੌਰ, ਪ੍ਰੋ. ਲਵਲੀਨ ਕੌਰ, (ਸਾਰੇ ਪ੍ਰਿੰਸੀਪਲ ਸੇਵਾਮੁਕਤ) ਪ੍ਰੋ. ਗੁਰਿੰਦਰ ਕੌਰ, ਪ੍ਰੋ. ਸੋਨੀਆ ਨੇ ਆਪਣੀ ਮੌਜੂਦਗੀ ਨਾਲ ਇਸ ਮੌਕੇ ਦੀ ਸ਼ੋਭਾ ਵਧਾਈ।ਕਾਲਜ ਦੇ ਅਧਿਆਪਕਾਂ ਨੇ ਵੀ ਹੌਲ਼ੀ ਦੌੜ ਅਤੇ ਸੰਗੀਤ ਕੁਰਸੀ ਖੇਡ ਵਿੱਚ ਹਿੱਸਾ ਲਿਆ। ਡਾ. ਗੁਰਦੀਪ ਰੰਧਾਵਾ ਨੇ ਅਖੀਰ ਵਿੱਚ ਪ੍ਰੋਗਰਾਮ ਦੀ ਸਮਾਪਤੀ ਦਾ ਐਲਾਨ ਕੀਤਾ। ਅਖੀਰ ਵਿੱਚ ਰਾਸ਼ਟਰੀ ਗਾਨ ਨਾਲ ਪ੍ਰੋਗਰਾਮ ਸਮਾਪਤ ਹੋਇਆ। ਇਸ ਪ੍ਰੋਗਰਾਮ ਦਾ ਮੰਚ ਸੰਚਾਲਨ ਪ੍ਰੋ. ਅਵਿਸ਼ ਸੇਤੀਆ ਤੇ ਪ੍ਰੋ. ਕੁਲਵਿੰਦਰ ਕੌਰ ਨੇ ਕੀਤਾ।





# ਪਟਿਆਲਾ-ਆਸ/ਪਾਸ



## ਜ਼ਿਲ੍ਹਾ ਪੁਲਿਸ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ 'ਚ ਚਲਾਇਆ ਕਾਸੋ ਓਪਰੇਸ਼ਨ

ਮਲੇਰਕੋਟਲਾ, 6 ਮਾਰਚ (ਬਲਜੀਤ ਸਿੰਘ ਟਿੱਬਾ) : ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਡਾਇਰੈਕਟਰ ਜਨਰਲ ਪੁਲਿਸ, ਪੰਜਾਬ (ਚੰਡੀਗੜ੍ਹ) ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਮਾਲੇਰਕੋਟਲਾ ਪੁਲਿਸ ਵੱਲੋਂ ਵੱਖ-ਵੱਖ ਹਿੱਸਿਆਂ ਵਿੱਚ ਵਿਸ਼ੇਸ਼ ਘੇਰਾਬੰਦੀ ਅਤੇ ਸਰਚ ਅਭਿਆਨ ਚਲਾਇਆ ਗਿਆ। ਇੰਸਪੈਕਟਰ ਜਨਰਲ ਪੁਲਿਸ (ਜੀ.ਆਰ.ਪੀ) ਬਲਜੋਤ ਸਿੰਘ ਰਾਠੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਦੀ ਅਗਵਾਈ ਹੇਠ ਐਸ.ਪੀ. (ਪੀ.ਬੀ.ਆਈ) ਰਾਜਵਿੰਦਰ ਸਿੰਘ, ਡੀ.ਐਸ.ਪੀ. (ਇਨਵੈਸਟੀਗੇਸ਼ਨ) ਸਤੀਸ਼ ਕੁਮਾਰ ਅਤੇ ਡੀ.ਐਸ.ਪੀ. ਸਬ ਡਿਵੀਜ਼ਨ ਅਹਿਮਦਗੜ੍ਹ ਸੁਖਦੇਵ ਸਿੰਘ ਬਰਾੜ ਵੱਲੋਂ ਇੰਚਾਰਜ ਸੀ ਆਈ ਏ ਇੰਸਪੈਕਟਰ ਹਰਜਿੰਦਰ ਸਿੰਘ ਭਾਰੀ ਪੁਲਿਸ ਫੋਰਸ ਸਮੇਤ ਕੰਗਣਵਾਲ ਵਿਖੇ ਘੇਰਾਬੰਦੀ ਕਰਕੇ



ਤਲਾਸ਼ੀ ਮੁਹਿੰਮ ਚਲਾਈ ਗਈ। ਇਸ ਮੌਕੇ ਆਈ.ਜੀ.ਪੀ. ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਨਸ਼ਾ ਸਮੱਗਲਰਾਂ ਅਤੇ ਤਸਕਰਾਂ ਖ਼ਿਲਾਫ਼ ਜ਼ਿਲ੍ਹਾ ਪੁਲਿਸ ਵੱਲੋਂ ਲਗਾਤਾਰ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਭਵਿੱਖ ਵਿੱਚ ਵੀ ਪੰਜਾਬ ਸਰਕਾਰ ਅਤੇ ਸੀਨੀਅਰ ਪੁਲਿਸ ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਸ਼ਾ ਤਸਕਰਾਂ ਖ਼ਿਲਾਫ਼ ਵੱਡੇ ਪੱਧਰ 'ਤੇ ਕਾਰਵਾਈ ਜਾਰੀ ਰਹੇਗੀ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਨਸ਼ਾ ਤਸਕਰੀ ਨਾਲ ਸੰਬੰਧਿਤ ਕੋਈ ਜਾਣਕਾਰੀ ਮਿਲਦੀ ਹੈ ਤਾਂ ਉਹ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਸੇਫ਼ ਪੰਜਾਬ ਐਂਟੀ ਡਰੱਗ ਹੈਲਪਲਾਈਨ ਨੰਬਰ 9779-100-200 'ਤੇ ਤੁਰੰਤ ਸਾਂਝੀ ਕਰੇ, ਤਾਂ ਜੋ ਸਮਾਜ ਨੂੰ ਨਸ਼ਿਆਂ ਦੇ ਨੁਕਸਾਨ ਤੋਂ ਬਚਾਇਆ ਜਾ ਸਕੇ। ਇਸੇ ਤਰ੍ਹਾਂ ਸਬ ਡਿਵੀਜ਼ਨ ਅਮਰਗੜ੍ਹ ਡੀ.ਐਸ.ਪੀ. ਸੰਜੀਵ ਕੁਮਾਰ ਵੱਲੋਂ ਪੁਲਿਸ ਫੋਰਸ ਸਮੇਤ ਨੌਸ਼ਹਿਰਾ ਵਿਖੇ ਵੀ ਘੇਰਾਬੰਦੀ ਅਤੇ ਸਰਚ ਅਭਿਆਨ ਚਲਾਇਆ ਗਿਆ ਅਤੇ ਇੰਸਪੈਕਟਰ ਦਲਜੀਤ ਸਿੰਘ ਵੱਲੋਂ ਪੁਲਿਸ ਫੋਰਸ ਸਮੇਤ ਕਿਲ੍ਹਾ ਰਹਿਮਤਗੜ੍ਹ ਵਿਖੇ ਵੀ ਤਲਾਸ਼ੀ ਅਭਿਆਨ ਚਲਾਇਆ ਗਿਆ।

## ਅਦਾਲਤ ਵੱਲੋਂ ਦੋ ਨੂੰ ਉਮਰ ਕੈਦ

ਪਟਿਆਲਾ, 6 ਮਾਰਚ (ਵਿਨੋਦ ਸ਼ਰਮਾ) : ਅਦਾਲਤ ਨੇ ਗੁਲਜ਼ਾਰ ਸਿੰਘ ਅਤੇ ਪਰਮਜੀਤ ਕੌਰ ਵਾਸੀ



ਸਲੇਮਪੁਰ ਸੇਖਾਂ ਪਟਿਆਲਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਅਤੇ ਪੰਜ-ਪੰਜ ਹਜ਼ਾਰ ਰੁਪਏ ਜੁਰਮਾਨਾ ਭਰਨ ਦੇ ਆਦੇਸ਼ ਦਿੱਤੇ ਹਨ। ਪੁਲਿਸ ਕੋਲ ਸ਼ਿਕਾਇਤਕਰਤਾ ਕਰਮ ਸਿੰਘ ਨੇ ਸ਼ਿਕਾਇਤ ਦਰਜ ਕਰਵਾਈ ਸੀ। ਉਸ ਨੇ ਪੁਲਿਸ ਨੂੰ ਦੱਸਿਆ ਸੀ ਕਿ ਉਹ ਦਰਜੀ ਦਾ ਕੰਮ ਕਰਦਾ ਸੀ ਅਤੇ ਉਸ ਦੀ ਮਾਤਾ ਪਰਮਜੀਤ ਕੌਰ ਦੇ ਨਾਜਾਇਜ਼ ਸਬੰਧ ਸਨ ਅਤੇ ਕੁਝ ਸਮਾਂ ਪਹਿਲਾਂ ਵੀ ਉਕਤ ਦੋਸ਼ੀ ਨਾਲ ਕਿਸੇ ਅਣਦੱਸੀ ਥਾਂ ਉਪਰ ਆਈ ਸੀ, ਲੇਕਿਨ ਉਸ ਦੇ ਪਿਤਾ ਲਛਮਣ ਸਿੰਘ ਨੇ ਉਸ ਦੀ ਮਾਤਾ ਨੂੰ ਸਾਰਾ ਕੁੱਝ ਮਾਫ ਕਰਕੇ ਘਰ ਰੱਖ ਲਿਆ ਅਤੇ ਇੱਕ ਦਿਨ ਉਸ ਦੀ ਮਾਤਾ ਨੇ ਰੋਟੀ ਖਾਧੀ ਅਤੇ ਰਾਤ ਨੂੰ ਕੰਮ ਤੋਂ ਆਇਆ ਤੇ ਉਸ ਨੂੰ ਵੀ ਰੋਟੀ ਖਵਾਈ ਅਤੇ ਆਪਣੇ ਕਮਰੇ ਵਿਚ ਸੌਂ ਗਿਆ ਅਤੇ ਪਰਮਜੀਤ ਕੌਰ ਵੀ ਸੌਂ ਗਈ ਅਤੇ ਰਾਤ ਨੂੰ ਉਕਤ ਦੋਸ਼ੀ ਗੁਲਜ਼ਾਰ ਸਿੰਘ, ਜਿਸ ਦੇ ਹੱਥ ਵਿਚ ਹਥਿਆਰ ਫੜਿਆ ਹੋਇਆ ਸੀ ਅਤੇ ਉਸ ਦੇ ਪਿਤਾ ਦਾ ਕਤਲ ਕਰ ਦਿੱਤਾ ਸੀ। ਇਹ ਸਾਰਾ ਕੁਝ ਜੋ ਪਰਮਜੀਤ ਕੌਰ ਨੇ ਕਰਵਾਇਆ ਸੀ, ਜੋ ਆਪਣੇ ਸਬੰਧ ਉਕਤ ਦੋਸ਼ੀ ਨਾਲ ਬਣਾਈ ਰੱਖਣਾ ਚਾਹੁੰਦੀ ਸੀ। ਪੁਲਿਸ ਨੇ ਇਸ ਸਬੰਧੀ ਸਾਲ 2023 ਵਿਚ ਥਾਣਾ ਸ਼ੰਭੂ ਵਿਖੇ ਮਾਮਲਾ ਦਰਜ ਕੀਤਾ ਸੀ।

## ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਦੀ ਮੰਗ, ਧਰਨਾ ਨੌਵੇਂ ਦਿਨ ਵੀ ਜਾਰੀ

### ਸੁਰਜੀਤ ਸਿੰਘ ਰੱਖੜਾ ਵੱਲੋਂ ਸ਼ਿਰਕਤ



ਸਮਾਣਾ, 6 ਮਾਰਚ (ਵਿਜੇ ਕੁਮਾਰ/ਅਮਿਤ ਸ਼ਰਮਾ) : ਧਾਰਮਿਕ ਗ੍ਰੰਥਾਂ ਦੀ ਬੇਅਦਬੀ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ ਚੱਲ ਰਹੇ ਧਰਮ ਯੁੱਧ ਮੋਰਚੇ ਦੌਰਾਨ ਸਿੱਖ ਜਥੇਬੰਦੀਆਂ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਲਗਾਇਆ ਗਿਆ ਧਰਨਾ ਤੇ ਰੋਸ਼ ਪ੍ਰਦਰਸ਼ਨ ਅੱਜ ਨੌਵੇ ਦਿਨ ਵੀ ਜਾਰੀ ਰਿਹਾ। ਬਾਬਾ ਬੰਦਾ ਸਿੰਘ ਬਹਾਦਰ ਚੌਕ ਵਿੱਚ ਧਰਨੇ ਦੌਰਾਨ ਸਾਬਕਾ ਕੈਬਨਿਟ ਮੰਤਰੀ ਤੇ ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਆਗੂ ਸੁਰਜੀਤ ਸਿੰਘ ਰੱਖੜਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ ਸ: ਰੱਖੜਾ ਨੇ ਬੋਲਦਿਆਂ ਕਿਹਾ ਕਿ ਸਾਰੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਰੋਕਣ ਸਬੰਧੀ ਸਖਤ ਕਾਨੂੰਨ ਬਣਾਉਣਾ ਸਰਕਾਰਾਂ ਦੇ ਅਧਿਕਾਰ ਵਿੱਚ ਹੈ। ਇਸ ਮਾਮਲੇ ਵਿੱਚ ਸਰਕਾਰ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਜੋ ਧਾਰਮਿਕ ਗ੍ਰੰਥਾਂ ਦੀਆਂ ਬੇਅਦਬੀਆਂ ਹੋਈਆਂ ਉਹਨਾਂ ਦੀ ਮਾਫੀ ਮੰਗਣ ਲਈ ਅਸੀਂ ਦੋ ਵਾਰ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਪੇਸ਼ ਹੋਏ ਜਿੱਥੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਉਨਾਂ ਨੂੰ ਤਨਖਾਈਆ ਅਤੇ ਗੁਰੂ ਘਰ ਦੀ ਸੇਵਾ ਕਰਨ ਦੀ ਸੇਵਾ ਲਗਾਈ ਸੀ ਜੋ ਅਸਾਂ ਨੇ ਤਨਦੇਹੀ ਨਾਲ ਨਿਭਾਈ।ਇਸ ਮੌਕੇ ਕੁਆਰਡੀਨੇਟਰ ਗੁਰਪ੍ਰੀਤ ਸਿੰਘ, ਤਲਵਿੰਦਰ ਸਿੰਘ ਔਲਖ, ਖੁਸ਼ਇੰਦਰ ਸਿੰਘ, ਅਮਿਤੋਜ ਮਾਨ, ਸਾਬਕਾ ਚੇਅਰਮੈਨ ਹਰਿੰਦਰ ਸਿੰਘ ਕੁਲਬੁਰਛਾ, ਅਸ਼ੋਕ ਮੌਦਗਿਲ, ਬਲਦੇਵ ਸਿੰਘ, ਰਾਣਾ ਸੇਖੋਂ, ਮਹਿੰਦਰ ਧੀਮਾਨ ਹਾਜ਼ਰ ਸਨ।

## ਚਪੜ੍ਹ ਵਿਖੇ 16 ਤੋਂ 24 ਤੱਕ ਗੁਰਮਤਿ ਸਮਾਗਮ

ਘਨੌਰ, 6 ਮਾਰਚ (ਮਦਨ ਲਾਲ) : ਅੱਜ ਸੰਤ ਬਾਬਾ ਈਸ਼ਰ ਸਿੰਘ ਗੁਰਮਤਿ ਅਕੈਡਮੀ-ਸੰਗਤਪੁਰਾ ਆਸ਼ਰਮ ਚਪੜ੍ਹ (ਹਲਕਾ ਘਨੌਰ) ਵਿਖੇ ਬਾਬਾ ਗੁਰਤਾਰ ਸਿੰਘ ਚਪੜ੍ਹ ਵਾਲਿਆਂ ਦੀ ਅਗਵਾਈ ਵਿਚ ਇਲਾਕੇ ਦੀਆਂ ਸੰਗਤਾਂ ਨਾਲ ਮੀਟਿੰਗ ਕੀਤੀ ਗਈ। ਮਾਸਟਰ ਜਸਵਿੰਦਰ ਸਿੰਘ ਚਪੜ੍ਹ ਨੇ ਦੱਸਿਆ ਕਿ ਅੱਜ ਚਪੜ੍ਹ ਵਿਖੇ ਸਮੂਹ ਸੰਗਤਾ ਨੇ ਵਿਚਾਰਾਂ ਸਾਂਝੀਆਂ ਕੀਤੀਆਂ ਕਿ ਹਰ ਸਾਲ ਦੀ ਤਰ੍ਹਾਂ ਮਹਾਂਪੁਰਸ਼ਾਂ ਦੀ ਯਾਦ ਨੂੰ ਸਮਰਪਿਤ ਪਿੰਡ ਚਪੜ੍ਹ ਸੰਗਤਪੁਰਾ ਆਸ਼ਰਮ- ਮਹਾਂਪੁਰਖਾਂ ਦੇ ਅਸਥਾਨ ਤੇ ਸੰਤ ਬਾਬਾ ਭੁਪਿੰਦਰ ਸਿੰਘ ਜੀ ਰਾੜਾ ਸਾਹਿਬ ਜਰਗ ਵਾਲਿਆਂ ਵੱਲੋਂ ਮਿਤੀ 16 ਮਾਰਚ ਤੋਂ 24 ਮਾਰਚ ਤੱਕ ਸ਼ਾਮ 7 ਵਜੇ ਤੋਂ 10 ਵਜੇ ਤੱਕ ਕਥਾ ਕੀਰਤਨ ਦੁਆਰਾ ਨਿਹਾਲ ਕਰਨਗੇ। ਮਹਾਂਪੁਰਖਾਂ ਦੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ। ਦੀਵਾਨਾਂ ਦੇ ਅਖੀਰਲੇ ਦਿਨ ਅੰਮ੍ਰਿਤ ਸੰਚਾਰ ਹੋਵੇਗਾ। ਸਮਾਗਮ ਦੌਰਾਨ ਗੁਰੂ ਜੀ ਦਾ ਲੰਗਰ ਅਟੁੱਟ ਵਰਤਾਇਆ ਜਾਵੇਗਾ।

## ਪਿੰਡ ਕੌਲ ਵਿਖੇ ਧਾਰਮਿਕ ਸਮਾਗਮ



ਨਾਭਾ, 6 ਮਾਰਚ (ਗੁਰਚਰਨ ਸਿੰਘ ਚੌਧਰੀਮਾਜਰਾ) : ਨਾਭਾ ਦੇ ਪਿੰਡ ਕੌਲ ਵਿਖੇ ਪਿੰਡ ਦੀ ਚੜ੍ਹਦੀਕਲਾ ਲਈ ਧਾਰਮਿਕ ਸਮਾਗਮ ਕਰਵਾਇਆ ਗਿਆ।ਸਿੱਖ ਪ੍ਰਚਾਰ ਬਾਬਾ ਕਸ਼ਮੀਰ ਸਿੰਘ ਜੀ ਵੱਲੋਂ ਧਾਰਮਿਕ ਦੀਵਾਨ ਸਜਾਏ ਗਏ। ਇਸ ਮੌਕੇ ਤੇ ਜਥੇਦਾਰ ਬਾਬਾ ਕਸ਼ਮੀਰਾ ਸਿੰਘ ਜੀ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਅੱਜ ਦੇ ਸਮੇਂ ਦੇ ਵਿੱਚ ਸੰਗਤਾਂ ਗੁਰੂ ਜੀ ਦੇ ਨਾਲ ਜੋੜਨ ਦੀ ਲੋੜ ਹੈ ਅਤੇ ਇਸ ਸਮਾਗਮ ਦੌਰਾਨ ਗੁਰੂ ਦੇ ਅਤੁਟ ਲੰਗਰ ਵਰਤਾਏ ਗਏ। ਇਸ ਮੌਕੇ ਤੇ ਸੁਖਵੰਤ ਸਿੰਘ ਕੌਲ, ਜਰਨੈਲ ਸਿੰਘ, ਸੇਵਾ ਸਿੰਘ, ਧਰਮਪਾਲ ਨੰਬਰਦਾਰ, ਭੁਪਿੰਦਰ ਸਿੰਘ, ਜਤਿੰਦਰ ਸਿੰਘ, ਸਰਪੰਚ ਪਰਮਿੰਦਰ ਸਿੰਘ, ਪੰਚਾਇਤ ਮੈਂਬਰ ਦਲੇਰ ਸਿੰਘ, ਬੇਅੰਤ ਸਿੰਘ, ਕਰਨੈਲ ਸਿੰਘ, ਨਿਰਮਲ ਸਿੰਘ ਆਦਿ ਹਾਜ਼ਰ ਸਨ।

## ਮੀਟਿੰਗ ਦੌਰਾਨ ਬਿਜਲੀ ਮੰਤਰੀ ਸੰਜੀਵ ਅਰੋੜਾ ਨੂੰ ਫੁੱਲਾਂ ਦਾ ਗੁਲਦਸਤਾ ਭੇਟ

ਪਟਿਆਲਾ, 6 ਮਾਰਚ (ਚ.ਨ.ਸ.) : ਐਡਮਿਨ ਆਫਿਸਰਜ਼ ਵੈਲਫੇਅਰ



ਐਸੋਸੀਏਸ਼ਨ ਪੀ.ਐਸ.ਪੀ.ਸੀ.ਐਲ / ਪੀ.ਐਸ.ਟੀ.ਸੀ.ਐਲ ਦੀ ਇੱਕ ਅਹਿਮ ਮੀਟਿੰਗ ਸੰਜੀਵ ਅਰੋੜਾ ਬਿਜਲੀ ਮੰਤਰੀ ਪੰਜਾਬ ਸਰਕਾਰ ਨਾਲ ਐਸੋਸੀਏਸ਼ਨ ਦੇ ਪ੍ਰਧਾਨ ਡਾ. ਰਾਜ ਕੁਮਾਰ ਘਾਰੂ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਐਸੋਸੀਏਸ਼ਨ ਦੀਆਂ ਵੱਖ-ਵੱਖ ਮੰਗਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਬਿਜਲੀ ਮੰਤਰੀ ਵੱਲੋਂ ਐਸੋਸੀਏਸ਼ਨ ਦੀਆਂ ਲਗਭਗ ਸਾਰੀਆਂ ਮੰਗਾਂ 'ਤੇ ਸਹਿਮਤੀ ਪ੍ਰਗਟਾਉਂਦਿਆਂ ਛੇਤੀ ਕਾਰਵਾਈ ਕਰਨ ਦਾ ਵਿਸ਼ਵਾਸ ਦਿਵਾਇਆ ਅਤੇ ਐਸੋਸੀਏਸ਼ਨ ਵੱਲੋਂ ਉਨ੍ਹਾਂ ਦਾ ਮੰਗਾਂ ਪ੍ਰਤੀ ਸਾਕਾਰਾਤਮਕ ਰਵੱਈਏ ਲਈ ਧੰਨਵਾਦ ਕੀਤਾ ਗਿਆ।

## ਰੋਟਰੀ ਕਲੱਬ ਸਮਾਣਾ ਡਾਇਨਾਮਿਕ ਨੇ ਮਾਤਾ ਸਤੀ ਮੰਦਰ 'ਚ ਲਗਾਏ ਫੱਲਦਾਰ ਤੇ ਛਾਂਦਾਰ ਪੌਦੇ

ਸਮਾਣਾ, 6 ਮਾਰਚ (ਵਿਜੇ ਕੁਮਾਰ) : ਰੋਟਰੀ ਕਲੱਬ ਸਮਾਣਾ



ਡਾਇਨਾਮਿਕ ਵੱਲੋਂ ਪ੍ਰਧਾਨ ਦਰਸ਼ਨ ਮਿੱਤਲ, ਸੈਕਟਰੀ ਸੁਮਿਤ ਗਰਗ (ਟਿਨੂ) ਦੀ ਅਗਵਾਈ ਵਿਚ ਸਥਾਨਕ ਸਤੀ ਮਾਤਾ ਮੰਦਿਰ 'ਚ ਫੱਲਦਾਰ ਤੇ ਛਾਂਦਾਰ ਪੌਦੇ ਲਗਾਏ ਗਏ। ਇਸ ਮੌਕੇ ਕਲੱਬ ਪ੍ਰਧਾਨ ਦਰਸ਼ਨ ਮਿੱਤਲ ਨੇ ਕਿਹਾ ਕਿ ਕਲੱਬ ਵੱਲੋਂ ਸਮਸ਼ਾਨ ਘਾਟ ਨੂੰ ਪ੍ਰਦੂਸ਼ਨ ਰਹਿਤ ਬਣਾਉਣ ਲਈ ਇਹ ਉਪਰਾਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਤੇ ਪਿੰਡਾਂ ਵਿਚ ਸਥਿਤ ਸਮਸ਼ਾਨ ਘਾਟਾਂ ਵਿਚ ਪੌਦੇ ਜਰੂਰ ਲਗਾਉਣੇ ਚਾਹੀਦੇ ਹਨ। ਇਸ ਮੌਕੇ ਮਾਤਾ ਸਤੀ ਮੰਦਿਰ ਕਮੇਟੀ ਪ੍ਰਧਾਨ ਪਵਨ ਸਾਸ਼ਤਰੀ ਨੇ ਕਲੱਬ ਅਹੁਦੇਦਾਰਾਂ ਦੀ ਸ਼ਲਾਘਾ। ਇਸ ਮੌਕੇ ਅਨਿਲ ਗਰਗ, ਚੇਤਨ ਗੁਪਤਾ, ਗੌਰਵ ਅਗਰਵਾਲ, ਰਿਕੀ ਗਰਗ, ਭੀਮ ਬਾਂਸਲ ਆਦਿ ਵੀ ਹਾਜ਼ਰ ਸਨ।

## ਜਗਮੀਤ ਸਿੰਘ ਹਰਿਆਊ ਵੱਲੋਂ ਸਰਕਲ ਰਾਮਨਗਰ ਤੇ ਕਰਹਾਲੀ ਸਾਹਿਬ ਵਿਖੇ ਦਫ਼ਤਰ ਦਾ ਉਦਘਾਟਨ

### ਗੁ: ਕਰਹਾਲੀ ਸਾਹਿਬ ਵਿਖੇ ਅੱਜ ਪਾਏ ਜਾਣਗੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ

ਡਕਾਲਾ/ਬਲਬੇੜ੍ਹਾ, 6 ਮਾਰਚ (ਗੁਰਸੇਵਕ ਸਿੰਘ ਕਰਹਾਲੀ ਸਾਹਿਬ) : ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਮੁੱਚੀ ਯੂਥ ਵਿੰਗ ਟੀਮ ਵੱਲੋਂ ਨੌਜਵਾਨ ਯੂਥ ਆਗੂ ਜਥੇਦਾਰ ਜਗਮੀਤ ਸਿੰਘ ਹਰਿਆਊ ਦੇ ਹਲਕਾ ਇੰਚਾਰਜ ਸਮਾਣਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਪਟਿਆਲਾ ਲੱਗਣ 'ਤੇ ਪਾਰਟੀ ਵੱਲੋਂ ਜਿੱਥੇ ਗੁਰੂ ਸਾਹਿਬ ਦੇ ਸ਼ੁਕਰਾਨੇ ਸਮਾਗਮ ਲਈ ਇਤਿਹਾਸ ਸਥਾਨ ਪਾਤਸ਼ਾਹੀ ਛੇਵੀਂ ਤੇ ਨੌਵੀਂ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਉਣ ਉਪਰੰਤ ਇਸ ਮੌਕੇ ਸਰਕਲ ਰਾਮਨਗਰ ਅਤੇ ਸਰਕਲ ਕਰਹਾਲੀ ਸਾਹਿਬ ਦੇ ਪਾਰਟੀ ਦਫਤਰ ਦਾ ਉਦਘਾਟਨ ਕੀਤਾ ਗਿਆ। ਇਸ ਉਦਘਾਟਨੀ ਸਮਾਰੋਹ ਮੌਕੇ ਜਿੱਥੇ ਪਾਰਟੀ ਦੇ ਵੱਖ-ਵੱਖ ਬੁਲਾਰਿਆਂ ਨੇ ਸਟੇਜ ਤੋਂ ਆਪਣੀ ਹਾਜ਼ਰੀ ਲਵਾਈ ਉਥੇ ਹਲਕਾ ਸਮਾਣਾ ਦੇ ਇੰਚਾਰਜ ਜਥੇਦਾਰ ਜਗਮੀਤ ਸਿੰਘ ਹਰਿਆਊ ਵੱਲੋਂ ਵੀ ਆਏ ਹੋਏ ਸਰਕਲ ਦੇ ਲੋਕਾਂ ਨਾਲ ਆਪਣੇ ਵਿਚਾਰ



ਸਾਂਝੇ ਕਰਦਿਆਂ ਕਿਹਾ ਕਿ ਹੁਣ ਲੋਕ 2027 'ਚ ਪੰਜਾਬ ਦੇ ਲੋਕ ਸੂਬੇ 'ਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਰਕਾਰ ਸੱਤਾ 'ਚ ਦੇਖਣੀ ਚਾਹੁੰਦੇ ਹਨ, ਪਾਰਟੀ ਦਾ ਦਫਤਰੀ ਉਦਘਾਟਨ ਕਰਨ ਮੌਕੇ ਜਗਮੀਤ ਸਿੰਘ ਹਰਿਆਊ ਨੇ ਆਏ ਹੋਏ ਵਰਕਰਾਂ ਅਤੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਮਿਸ਼ਨ 2027 ਫਤਿਹ ਕਰਨ ਲਈ ਸਭ ਤੋਂ ਪਹਿਲੀ ਰੈਲੀ ਦਾ ਆਗਾਜ਼ 19 ਮਾਰਚ ਨੂੰ ਸਮਾਣਾ ਦੀ ਧਰਤੀ ਤੋਂ ਹੋਣ ਜਾ ਰਿਹਾ ਹੈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਕੁਲਦੀਪ ਸਿੰਘ ਨੱਸੂਪੁਰ, ਅਮਰਜੀਤ ਸਿੰਘ ਟੋਡਰਪੁਰ, ਜਰਨਲ ਸਕੱਤਰ ਮਲਕੀਤ ਸਿੰਘ ਚੀਮਾ, ਗੁਰਜੰਟ ਸਿੰਘ ਮਵੀ ਸੱਪਾਂ, ਬਲਜੀਤ ਸਿੰਘ ਬੱਲੀ, ਅਰਜਨ ਸਿੰਘ ਕਨੌਤ ਦਦਹੇੜਾ, ਮੈਨੇਜਰ ਸੁਰਜੀਤ ਸਿੰਘ ਕੌਲੀ, ਬਾਬਾ ਬਲਜੀਤ ਸਿੰਘ, ਗੁਰਮੁਖ ਸਿੰਘ ਅਕਾਊਟੈਂਟ, ਗੁਰਬਾਜ ਸਿੰਘ ਖਜਾਨਚੀ, ਗੁਰਤੇਜ ਸਿੰਘ ਘੁਮਾਣ ਕਰਹਾਲੀ ਬੱਬੀ ਨੰਬਰਦਾਰ, ਦਲਵੀਰ ਸਿੰਘ ਕਰਹਾਲੀ, ਚਰਨਜੀਤ ਸਿੰਘ ਨੰਬਰਦਾਰ ਕਰਹਾਲੀ, ਮਹਿੰਦਰ ਸਿੰਘ ਨੰਬਰਦਾਰ ਕਰਹਾਲੀ, ਦਰਸ਼ਨ ਸਿੰਘ ਕਰਹਾਲੀ, ਭੁਪਿੰਦਰ ਸਿੰਘ ਪੱਪੂ ਕਰਹਾਲੀ, ਅਵਤਾਰ ਸਿੰਘ ਕਰਹਾਲੀ ਹਾਜ਼ਰ ਸਨ।

### ਨਗਰ ਨਿਗਮ ਦੀ ਨਾਜਾਇਜ਼ ਕਬਜ਼ਿਆਂ 'ਤੇ ਸਖ਼ਤੀ

## ਪੁਰਾਣੇ ਲਾਲ ਬਾਗ 'ਚ ਗਲੀ ਰੋਕ ਕੇ ਬਣਾਏ ਥੜ੍ਹੇ ਕੀਤੇ ਢੇਰ

ਪਟਿਆਲਾ, 6 ਮਾਰਚ (ਰੁਪਾਣਾ) : ਨਗਰ ਨਿਗਮ ਪਟਿਆਲਾ ਵੱਲੋਂ ਸ਼ਹਿਰ ਦੀਆਂ ਗਲੀਆਂ ਅਤੇ ਸੜਕਾਂ ਨੂੰ ਕਬਜ਼ਾ ਮੁਕਤ ਕਰਨ ਲਈ ਚਲਾਈ ਗਈ ਮੁਹਿੰਮ ਤਹਿਤ ਅੱਜ ਪੁਰਾਣੇ ਲਾਲ ਬਾਗ ਇਲਾਕੇ ਵਿੱਚ ਵੱਡੀ ਕਾਰਵਾਈ ਕੀਤੀ ਗਈ। ਨਿਗਮ ਦੀ ਟੀਮ ਨੇ ਇਲਾਕੇ ਵਿੱਚ ਘਰਾਂ ਦੇ ਬਾਹਰ ਗਲੀ ਵਾਲੇ ਹਿੱਸੇ ਵਿੱਚ ਨਾਜਾਇਜ਼ ਤੌਰ 'ਤੇ ਬਣੇ ਹੋਏ ਪੱਕੇ ਥੜ੍ਹਿਆਂ ਨੂੰ ਮੌਕੇ 'ਤੇ ਹੀ ਢਾਹ ਦਿੱਤਾ। ਮੇਅਰ ਕੁੰਦਨ ਗੋਗੀਆ, ਕਮਿਸ਼ਨਰ ਪਰਮਜੀਤ ਸਿੰਘ ਅਤੇ ਸਕੱਤਰ ਸੁਰਜੀਤ ਸਿੰਘ ਚੀਮਾ, ਸੁਪਰਡੈਂਟ ਲੈਂਡ ਸ਼ਾਖਾ ਦਰਪਣ ਕੁਮਾਰ ਦੀ ਅਗਵਾਈ ਵਿੱਚ ਹੋਈ ਇਸ ਕਾਰਵਾਈ ਨੂੰ ਨਿਗਮ ਇੰਸਪੈਕਟਰ ਵਿਸ਼ਾਲ ਵਰਮਾ ਵੱਲੋਂ ਨੇਪਰੇ ਚਾੜ੍ਹਿਆ ਗਿਆ। ਜਾਣਕਾਰੀ ਅਨੁਸਾਰ, ਓਲਡ ਲਾਲ ਬਾਗ ਦੀ ਇੱਕ ਤੰਗ ਗਲੀ ਵਿੱਚ ਇੱਕ ਘਰ ਦੇ ਮਾਲਕ ਵੱਲੋਂ ਆਪਣੀ ਹੱਦ ਤੋਂ ਬਾਹਰ ਨਿਕਲ ਕੇ ਗਲੀ ਦੇ ਹਿੱਸੇ ਵਿੱਚ ਉੱਚੇ ਅਤੇ ਪੱਕੇ ਥੜ੍ਹੇ ਬਣਾ ਲਏ ਗਏ ਸਨ। ਇਸ ਕਾਰਨ ਗਲੀ ਵਿੱਚੋਂ ਲੰਘਣ ਵਾਲੇ ਰਾਹਗੀਰਾਂ ਅਤੇ ਵਾਹਨ ਚਾਲਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਲਾਕਾ ਨਿਵਾਸੀਆਂ ਵੱਲੋਂ ਇਸ ਸਬੰਧੀ



ਨਿਗਮ ਕੋਲ ਸ਼ਿਕਾਇਤ ਵੀ ਕੀਤੀ ਗਈ ਸੀ ਕਿ ਇਨ੍ਹਾਂ ਨਜਾਇਜ਼ ਕਬਜ਼ਿਆਂ ਕਾਰਨ ਗਲੀ ਹੋਰ ਵੀ ਭੀੜੀ ਹੋ ਗਈ ਹੈ। ਨਿਗਮ ਇੰਸਪੈਕਟਰ ਵਿਸ਼ਾਲ ਵਰਮਾ ਨੇ ਦੱਸਿਆ ਕਿ ਨਿਗਮ ਵੱਲੋਂ ਲੋਕਾਂ ਨੂੰ ਲਗਾਤਾਰ ਅਪੀਲ ਕੀਤੀ ਜਾਂਦੀ ਹੈ ਕਿ ਉਹ ਗਲੀਆਂ ਵਿੱਚ ਰੈਪ ਆਦਿ ਨਾ ਬਣਾਉਣ ਤਾਂ ਜੋ ਉਥੇ ਰਹਿਣ ਵਾਲੇ ਲੋਕਾਂ ਨੂੰ ਤੰਗੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਪਰ ਕਈ ਘਰ ਮਾਲਕ ਵੱਲੋਂ ਇਸ ਨੂੰ ਅਣਗੌਲਿਆ ਕੀਤਾ ਜਾਂਦਾ ਹੈ। ਇਸੇ ਤਹਿਤ ਅੱਜ ਪੁਰਾਣੇ ਲਾਲ ਬਾਗ ਵਿਖੇ ਵੀ ਨਿਗਮ ਦੀ ਡਿਮੋਲਿਸ਼ਨ ਟੀਮ ਨੇ ਮੌਕੇ @ਤੇ ਪਹੁੰਚ ਕੇ ਜੇ.ਸੀ.ਬੀ. ਅਤੇ ਮਜ਼ਦੂਰਾਂ ਦੀ ਸਹਾਇਤਾ ਨਾਲ ਗਲੀ ਵਿੱਚ ਬਣੇ ਇਨ੍ਹਾਂ ਥੜ੍ਹਿਆਂ ਨੂੰ ਪੂਰੀ ਤਰ੍ਹਾਂ ਹਟਾ ਦਿੱਤਾ ਅਤੇ ਗਲੀ ਨੂੰ ਮੁੜ ਚੌੜਾ ਕਰ ਦਿੱਤਾ। ਇਸ ਮੌਕੇ ਇੰਸਪੈਕਟਰ ਵਿਸ਼ਾਲ ਵਰਮਾ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਨਗਰ ਨਿਗਮ ਦੀ ਹਦੂਦ ਅੰਦਰ ਕਿਸੇ ਵੀ ਤਰ੍ਹਾਂ ਦਾ ਨਜਾਇਜ਼ ਕਬਜ਼ਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੋਕ ਅਕਸਰ ਆਪਣੇ ਘਰਾਂ ਦੇ ਬਾਹਰ ਥੜ੍ਹੇ, ਰੈਂਪ ਜਾਂ ਲੋਹੇ ਦੇ ਜੰਗਲੇ ਲਗਾ ਕੇ ਜਨਤਕ ਗਲੀਆਂ ਨੂੰ ਰੋਕ ਲੈਂਦੇ ਹਨ, ਜੋ ਕਿ ਕਾਨੂੰਨੀ ਜੁਰਮ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਿਗਮ ਦਾ ਸਹਿਯੋਗ ਕਰਨ ਅਤੇ ਸਰਕਾਰੀ ਜਗ੍ਹਾ 'ਤੇ ਕਬਜ਼ਾ ਨਾ ਕਰਨ।

## ਪਬਲਿਕ ਕਾਲਜ 'ਚ ਐਨ.ਐਸ.ਐਸ. ਕੈਂਪ ਲਗਾਇਆ




ਸਮਾਣਾ, 6 ਮਾਰਚ (ਵਿਜੇ ਕੁਮਾਰ) : ਪਬਲਿਕ ਕਾਲਜ ਆਫ਼ ਐਜੂਕੇਸ਼ਨ ਸਮਾਣਾ ਵਿਖੇ ਕਾਲਜ ਦੇ ਐਨ.ਐਸ.ਐਸ. ਵਿਭਾਗ ਅਤੇ ਰੈਡ ਰਿਬਨ ਕਲੱਬ ਵਲੋ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਸਿੱਧੂ ਦੀ ਅਗਵਾਈ ਹੇਠ ਇੱਕ ਰੋਜ਼ਾ ਐਨ.ਐਸ.ਐਸ. ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦੌਰਾਨ ਵਿਦਿਆਰਥੀਆਂ ਨੇ ਕਾਲਜ ਕੈਂਪਸ ਦੀ ਸਫ਼ਾਈ ਕਰਕੇ ਵਾਤਾਵਰਣ ਨੂੰ ਸ਼ਾਫ-ਸੁਥਰਾ ਅਤੇ ਸ਼ੁੱਧ ਬਣਾਉਣ ਵਿੱਚ ਆਪਣਾ ਯੋਗਦਾਨ ਪਾਇਆ। ਇਸ ਉਪਰੰਤ ਵਿਦਿਆਥੀਆਂ ਲਈ ਲੋਕ ਖੇਡਾਂ ਜਿਵੇ ਕਿ ਪੀਚੋ, ਗੀਟੇ, ਕੋਟਲਾ ਛਪਾਕੀ, ਖੋਖੋ ਅਤੇ ਪਿੱਠੂ ਗਰਮ ਆਦਿ ਦਾ ਆਯੋਜਨ ਕੀਤਾ ਗਿਆ, ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ। ਅਖੀਰ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਇਸ ਕੈਂਪ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਸਮਾਜਿਕ ਜਿੰਮੇਵਾਰੀ, ਸਫਾਈ ਪ੍ਰਤੀ ਜਾਗਰੂਕਤਾ ਅਤੇ ਟੀਮ ਵਰਕ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਸੀ। ਇਹ ਕੈਂਪ ਕਾਲਜ ਕੋਆਰਡੀਨੇਟਰ ਡਾ. ਹਰਕੀਰਤਨ ਕੌਰ ਤੋ ਇਲਾਵਾ ਡਾ. ਅਮਰਿੰਦਰ ਕੌਰ, ਡਾ. ਜਸਪ੍ਰੀਤ ਕੌਰ ਅਤੇ ਪ੍ਰੋ. ਹਰਪ੍ਰੀਤ ਕੌਰ (ਐਜੂਕੇਸ਼ਨ ਕਾਲਜ) ਦੇ ਸਹਿਯੋਗ ਨਾਲ ਸਫ਼ਲਤਾਪੂਰਵਕ ਨੇਪਰ੍ਹੇ ਚੜ੍ਹਿਆ।

## ਸਹਾਇਕ ਥਾਣੇਦਾਰ ਨੂੰ ਧੱਕਾ ਦੇ ਕੇ ਪੌੜੀਆਂ ਤੋਂ ਹੇਠਾਂ ਸੁੱਟਣ ਵਾਲੇ ਵਿਰੁੱਧ ਕੇਸ ਦਰਜ, ਦੋਸ਼ੀ ਗ੍ਰਿਫ਼ਤਾਰ

ਦੇਵੀਗੜ੍ਹ, 6 ਮਾਰਚ (ਗੁਰਜੀਤ ਸਿੰਘ ਢੋਟ): ਥਾਣਾ ਜੁਲਕਾਂ ਦੀ ਪੁਲੀਸ ਚੌਕੀ ਰੌਹੜ ਜਾਗੀਰ ਅਧੀਨ ਪਿੰਡ ਬੀਬੀਪੁਰ ਵਿਖੇ ਮਾਂ-ਪੁੱਤ ਵਿਚਕਾਰ ਘਰੇਲੂ ਝਗੜੇ ਸਬੰਧੀ ਪੜਤਾਲ ਕਰਨ ਗਏ ਸਹਾਇਕ ਥਾਣੇਦਾਰ ਸੁਖਦੇਵ ਸਿੰਘ ਨੂੰ ਕਥਿਤ ਦੋਸ਼ੀ ਵੱਲੋਂ ਪੌੜੀਆਂ ਤੋਂ ਹੇਠਾਂ ਸੁੱਟਣ ਦਾ ਸਮਾਚਾਰ ਮਿਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਬੀਬੀਪੁਰ ਦੀ ਅਮਰਜੀਤ ਕੌਰ ਪਤਨੀ ਗੁਰਨਾਮ ਸਿੰਘ ਨੇ ਪੁਲਿਸ ਪਾਸ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦਾ ਪੁੱਤਰ ਬਲਿੰਦਰ ਸਿੰਘ ਉਸ ਨਾਲ ਲੜਦਾ ਝਗੜਦਾ ਰਹਿੰਦਾ ਹੈ ਅਤੇ ਗੈਸ ਖੋਹਲ ਕੇ ਅੱਗ ਲਗਾਉਣ ਦੀ ਧਮਕੀ ਦਿੰਦਾ ਹੈ। ਇਸ ਸਬੰਧੀ ਸਹਾਇਕ ਥਾਣੇਦਾਰ ਕਰਮ ਚੰਦ ਨੇ ਪੁਲਿਸ ਪਾਸ ਸ਼ਿਕਾਇਤ ਦਰਜ ਕਰਵਾਈ ਹੈ ਕਿ ਜਦੋਂ ਬਲਿੰਦਰ ਸਿੰਘ ਪੁਲਿਸ ਚੌਕੀ ਪੇਸ਼ ਨਾ ਹੋਇਆ ਤਾਂ ਸਹਾਇਕ ਥਾਣੇਦਾਰ ਸੁਖਦੇਵ ਸਿੰਘ ਪੁਲਿਸ ਪਾਰਟੀ ਨਾਲ ਪਿੰਡ ਬੀਬੀਪੁਰ ਬਲਿੰਦਰ ਸਿੰਘ ਪਾਸ ਗਏ ਅਤੇ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਬਲਿੰਦਰ ਸਿੰਘ ਨੇ ਤਹਿਸ਼ 'ਚ ਆ ਕੇ ਸਹਾਇਕ ਥਾਣੇਦਾਰ ਸੁਖਦੇਵ ਸਿੰਘ ਨੂੰ ਜਾਨੋ ਮਾਰਨ ਦੀ ਨੀਯਤ ਨਾਲ ਛੱਤ ਤੋਂ ਧੱਕਾ ਦੇ ਦਿੱਤਾ ਅਤੇ ਸੁਖਦੇਵ ਸਿੰਘ ਹੇਠਾਂ ਡਿੱਗ ਪਿਆ। ਜਿਸ ਕਰਕੇ ਸੁਖਦੇਵ ਸਿੰਘ ਦੇ ਸਰੀਰ ਅਤੇ ਸਿਰ 'ਚ ਸੱਟਾਂ ਲੱਗੀਆਂ, ਜਿਸ ਨੂੰ ਰਾਜਿੰਦਰਾ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ। ਇਸ ਸਬੰਧੀ ਥਾਣਾ ਜੁਲਕਾਂ ਦੀ ਪੁਲਿਸ ਨੇ ਬਲਿੰਦਰ ਸਿੰਘ ਵਿਰੁੱਧ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

### ਅਣਪਛਾਤੀ ਲਾਸ਼ ਮਿਲੀ

ਸਮਾਣਾ, 6 ਮਾਰਚ (ਵਿਜੇ ਕੁਮਾਰ) : ਥਾਣਾ ਸਦਰ ਅਧੀਨ ਪੁਲਸ ਚੌਕੀ ਗਾਜੇਵਾਸ ਦੇ ਪਿੰਡ ਬੰਮਣਾ ਦੇ ਖੇਤਾਂ ਵਿੱਚੋਂ ਇੱਕ ਅਣਪਛਾਤੀ ਲਾਸ਼ ਮਿਲਣ ਦੀ ਸੂਚਨਾ ਹੈ। ਜਾਣਕਾਰੀ ਦਿੰਦਿਆਂ ਗਾਜੇਬਾਸ ਪੁਲਿਸ ਚੌਕੀ ਮੁਖੀ ਹਰਬੰਸ ਸਿੰਘ ਨੇ ਦੱਸਿਆ ਕਿ ਅਣਪਛਾਤੀ ਲਾਸ਼ ਜਿਸ ਦੀ ਉਮਰ ਕਰੀਬ 30 ਸਾਲ, ਕੱਦ 5 ਫੁੱਟ-5 ਇੰਚ, ਰੰਗ ਕਾਲਾ, ਚਿਹਰਾ ਗੋਲ, ਜਿਸ ਦੇ ਨੀਲੇ ਰੰਗ ਦੀ ਲੋਅਰ ਅਤੇ ਫਿੱਕੇ ਸੰਤਰੀ ਰੰਗ ਦੀ ਟੀ ਸ਼ਰਟ ਪਹਿਨੀ ਹੋਈ ਹੈ। ਲਾਸ਼ ਨੂੰ ਸਨਾਖਤ ਲਈ 72 ਘੰਟਿਆਂ ਲਈ ਸਿਵਲ ਹਸਪਤਾਲ ਸਮਾਣਾ ਦੀ ਮੋਰਚਰੀ ਵਿੱਚ ਰੱਖਿਆ ਗਿਆ ਹੈ। ਜਿਸ ਕਿਸੇ ਨੂੰ ਵੀ ਇਸ ਲਾਸ਼ ਸਬੰਧੀ ਜਾਣਕਾਰੀ ਮਿਲੇ ਤਾਂ ਉਹ ਨਿਮਨ ਮੋਬਾਇਲ ਨੰਬਰਾ 95929- 12426 ਤੇ 95929-12493 'ਤੇ ਸੰਪਰਕ ਕਰਨ ।

## ਪਿੰਡ ਟੌਹੜਾ ਵਿਖੇ ਜਨਸੁਵਿਧਾ ਕੈਂਪ ਲਗਾਇਆ

ਨਾਭਾ, 6 ਮਾਰਚ (ਗੁਰਚਰਨ ਸਿੰਘ ਚੌਧਰੀਮਾਜਰਾ) : ਪਿੰਡ ਟੌਹੜਾ ਵਿਖੇ ਜਨਸੁਵਿਧਾ ਕੈਂਪ ਲਗਾਇਆ ਗਿਆ ਸੀ। ਜਿਸ ਵਿੱਚ ਐੱਸਡੀਐੱਮ ਨਾਭਾ ਅਰਵਿੰਦਰਪਾਲ ਸਿੰਘ ਵਿਸ਼ੇਸ ਤੌਰ ਤੇ ਪਹੁੰਚੇ ਅਤੇ ਵੱਖ-ਵੱਖ ਮਹਿਕਮਿਆਂ ਨਾਲ ਗੱਲਬਾਤ ਕੀਤੀ ।ਇਸ ਸਮੇ ਵੱਖ-2 ਵਿਭਾਗ



ਜਿਵੇ ਕਿ ਸੀ.ਡੀ.ਪੀ.ਓ, ਬੀ.ਡੀ.ਪੀ.ਓ., ਰੋਜਗਾਰ ਦਫ਼ਤਰ, ਬਾਗਵਾਨੀ, ਜਲ ਸਪਲਾਈ ਵਿਭਾਗ, ਸੇਵਾ ਕੇਂਦਰ, ਐਸ.ਐਮ.ਓ ਭਾਦਸੋ, ਭੂਮੀ ਰੱਖਿਆ, ਫੂਡ ਸਪਲਾਈ, ਸਿਖਿਆ, ਲੇਬਰ ਇੰਸਪੈਕਟਰ, ਮੱਛੀ ਪਾਲਣ ਵਿਭਾਗ, ਰੈਵੀਨਿਊ ਵਿਭਾਗ ਆਦਿ ਵਿਭਾਗਾਂ ਵਲੋਂ ਹਿੱਸਾ ਲਿਆ ਗਿਆ। ਇਸ ਕੈਂਪ ਦੌਰਾਨ 120 ਵਿਅਕਤੀਆਂ ਵਲੋਂ ਵੱਖ-2 ਮਹਿਕਮਿਆਂ ਦੀਆਂ ਸਕੀਮਾਂ ਸਬੰਧੀ ਪੁਛਗਿਛ ਵੀ ਕੀਤੀ ਗਈ ਅਤੇ 56 ਲੋਕਾਂ ਨੂੰ ਸੇਵਾਵਾ ਵਿਭਾਗਾਂ ਵਲੋਂ ਦਿਤੀਆਂ ਗਈਆਂ ਸਨ। ਕੈਂਪ ਦੌਰਾਨ ਵੱਖ-2 ਵਿਭਾਗਾਂ ਵਲੋਂ ਪਿੰਡਾਂ ਦੇ ਲੋਕਾਂ ਨੂੰ ਆਪਣੇ-2 ਵਿਭਾਗ ਨਾਲ ਸਬੰਧਤ ਸਕੀਮਾਂ ਸਬੰਧੀ ਜਾਣਕਾਰੀ ਵੀ ਦਿੱਤੀ ਗਈ।

## ਸਬਜ਼ੀ ਮੰਡੀ ਸਨੌਰ ਸਾਹਮਣੇ ਦਰੱਖਤ ਨਾਲ ਲਟਕਦੀ ਪ੍ਰਵਾਸੀ ਮਜ਼ਦੂਰ ਦੀ ਲਾਸ਼ ਮਿਲੀ

ਸਨੌਰ, 6 ਮਾਰਚ (ਪ੍ਰਥਮ ਕੁਮਾਰ) : ਪਟਿਆਲਾ ਸਨੌਰ ਰੋਡ ਉਤੇ ਸਥਿਤ ਸਬਜ਼ੀ ਮੰਡੀ ਦੇ ਸਾਹਮਣੇ ਅੱਜ ਇੱਕ ਪਰਵਾਸੀ ਮਜ਼ਦੂਰ ਦੀ ਲਾਸ਼ ਦਰੱਖਤ ਨਾਲ ਲਟਕਦੀ ਮਿਲਣ ਨਾਲ ਇਲਾਕੇ ਵਿੱਚ ਸਨਸਨੀ ਫੈਲ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਸਦਰ ਥਾਣਾ ਪੁਲਿਸ ਮੌਕੇ 'ਤੇ ਪਹੁੰਚ ਗਈ ਅਤੇ



ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਪ੍ਰਾਪਤ ਜਾਣਕਾਰੀ ਅਨੁਸਾਰ ਸਦਰ ਥਾਣੇ ਦੇ ਐਸ.ਐਚ.ਓ. ਗੁਰਮੀਤ ਸਿੰਘ ਨੂੰ ਕੰਟਰੋਲ ਰੂਮ ਤੋਂ ਫੋਨ ਕਾਲ ਪ੍ਰਾਪਤ ਹੋਈ ਕਿ ਸਬਜ਼ੀ ਮੰਡੀ ਸਨੌਰ ਦੇ ਸਾਹਮਣੇ ਇੱਕ ਵਿਅਕਤੀ ਦੀ ਲਾਸ਼ ਦਰੱਖਤ 'ਤੇ ਲਟਕ ਰਹੀ ਹੈ। ਇਸ ਸੂਚਨਾ 'ਤੇ ਪੁਲਿਸ ਵੱਲੋਂ ਤੁਰੰਤ ਦੋ ਹੌਂਡ ਕਾਂਸਟੇਬਲਾਂ ਅਤੇ ਏ.ਐਸ.ਆਈ. ਗੁਰਜੀਤ ਸਿੰਘ ਨੂੰ ਮੌਕੇ 'ਤੇ ਭੇਜਿਆ ਗਿਆ। ਮੌਕੇ 'ਤੇ ਪਹੁੰਚ ਕੇ ਪੁਲਿਸ ਵੱਲੋਂ ਕੀਤੀ ਗਈ ਜਾਂਚ ਦੌਰਾਨ ਮ੍ਰਿਤਕ ਦੀ ਪਛਾਣ ਨਰੇਸ਼ ਕੁਮਾਰ (ਉਮਰ ਕਰੀਬ 55 ਸਾਲ) ਵਜੋਂ ਹੋਈ, ਜੋ ਕਿ ਉੱਤਰ ਪ੍ਰਦੇਸ਼ ਦੇ ਜੀ ਰਾਮ ਰੂਹਾ ਦਾ ਰਹਿਣ ਵਾਲਾ ਪਰਵਾਸੀ ਮਜ਼ਦੂਰ ਸੀ। ਘਟਨਾ ਸਮੇਂ ਮ੍ਰਿਤਕ ਦਾ ਬੇਟਾ ਅਤੇ ਭਤੀਜਾ ਵੀ ਮੌਕੇ 'ਤੇ ਮੌਜੂਦ ਸਨ, ਜਿਨ੍ਹਾਂ ਵੱਲੋਂ ਪੁਲਿਸ ਨੂੰ ਆਪਣੇ ਬਿਆਨ ਦਰਜ ਕਰਵਾਏ ਗਏ ਪੁਲਿਸ ਨੂੰ ਮੌਕੇ ਤੋਂ ਕੋਈ ਸੁਸਾਈਡ ਨੋਟ ਬਰਾਮਦ ਨਹੀਂ ਹੋਇਆ। ਪਰਿਵਾਰਕ ਮੈਂਬਰਾਂ ਦੇ ਬਿਆਨਾਂ ਮੁਤਾਬਕ ਨਰੇਸ਼ ਕੁਮਾਰ ਸ਼ਰਾਬ ਪੀਣ ਦਾ ਆਦੀ ਸੀ ਅਤੇ ਉਹ ਅੱਜ ਸਵੇਰੇ ਕਰੀਬ 8 ਵਜੇ ਘਰ ਤੋਂ ਸ਼ਰਾਬ ਪੀ ਕੇ ਨਿਕਲਿਆ ਸੀ।ਪੁਲਿਸ ਵੱਲੋਂ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ ਅਤੇ ਮਾਮਲੇ ਦੀ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ।

## ਕਰੰਟ ਲੱਗਣ ਕਾਰਨ ਨੌਜਵਾਨ ਦੀ ਮੌਤ

ਸਮਾਣਾ, 6 ਮਾਰਚ (ਵਿਜੇ ਕੁਮਾਰ) : ਸਦਰ ਥਾਣੇ ਦੇ ਅਧੀਨ ਪੈਂਦੇ ਪਿੰਡ ਸਪਰਹੇੜੀ ਵਿੱਚ ਟਿਊਬਵੈੱਲ ਚਲਾਉਂਦੇ ਸਮੇਂ ਬਿਜਲੀ ਦਾ ਜ਼ੋਰਦਾਰ ਕਰੰਟ ਲੱਗਣ ਕਾਰਨ ਇੱਕ ਨੌਜਵਾਨ ਕਿਸਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਦੇਹ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਵੀਕਲਾਂ



ਪੁਲਸ ਚੌਕੀ ਦੇ ਇੰਚਾਰਜ ਬਲਕਾਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਕੋਮਲਪ੍ਰੀਤ ਸਿੰਘ (27) ਦੇ ਪਿਤਾ ਲਖਵਿੰਦਰ ਸਿੰਘ ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ ਸੁਕਰਵਾਰ ਸਵੇਰੇ ਕੋਮਲਪ੍ਰੀਤ ਖੇਤਾਂ ਨੂੰ ਪਾਣੀ ਲਾਉਣ ਲਈ ਘਰੋਂ ਗਿਆ ਸੀ। ਜਿਵੇਂ ਹੀ ਉਸ ਨੇ ਬਿਜਲੀ ਵਾਲੀ ਮੋਟਰ ਚਲਾਈ, ਉਸ ਨੂੰ ਜ਼ੋਰਦਾਰ ਕਰੰਟ ਲੱਗ ਗਿਆ ਅਤੇ ਉਹ ਜ਼ਮੀਨ 'ਤੇ ਡਿੱਗ ਪਿਆ। ਚੀਕ ਸੁਣ ਕੇ ਖੇਤ ਵਿੱਚ ਮੌਜੂਦ ਉਸ ਦਾ ਚਾਚਾ ਉੱਥੇ ਪਹੁੰਚਿਆ। ਕੋਮਲਪ੍ਰੀਤ ਨੇ ਆਪਣੇ ਚਾਚੇ ਨੂੰ ਕਰੰਟ ਲੱਗਣ ਬਾਰੇ ਦੱਸਿਆ ਅਤੇ ਉਸ ਦੀ ਗੋਦ ਵਿੱਚ ਹੀ ਦਮ ਤੋੜ ਦਿੱਤਾ। ਪੁਲਿਸ ਅਧਿਕਾਰੀ ਅਨੁਸਾਰ, ਦਰਜ ਕੀਤੇ ਗਏ ਬਿਆਨਾਂ ਦੇ ਆਧਾਰ 'ਤੇ ਪੁਲਿਸ ਨੇ ਭਾਰਤੀ ਨਿਆ ਸੰਹਿਤਾ ਦੀ ਧਾਰਾ 194 ਤਹਿਤ ਕਾਰਵਾਈ ਕਰਦੇ ਹੋਏ, ਪੋਸਟਮਾਰਟਮ ਤੋਂ ਬਾਅਦ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ। ਮ੍ਰਿਤਕ ਕੁਆਰਾ ਸੀ ਅਤੇ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ।

## ਸਰਕਾਰੀ (ਸਟੇਟ) ਕਾਲਜ ਆਫ਼ ਐਜੂਕੇਸ਼ਨ ਵਿਖੇ 62ਵਾਂ ਸਾਲਾਨਾ ਖੇਡ ਸਮਾਰੋਹ

### ਮੁੱਖ ਮਹਿਮਾਨ ਵਜੋਂ ਅਰਜੁਨਾ ਐਵਾਰਡੀ ਸੁਨੀਤਾ ਰਾਣੀ ਵੱਲੋਂ ਸ਼ਿਰਕਤ

ਪਟਿਆਲਾ, 6 ਮਾਰਚ (ਚ.ਨ.ਸ.) : ਸਰਕਾਰੀ (ਸਟੇਟ) ਕਾਲਜ ਆਫ਼ ਐਜੂਕੇਸ਼ਨ, ਵਿਖੇ 62ਵਾਂ ਸਾਲਾਨਾ ਖੇਡ ਸਮਾਰੋਹ ਪ੍ਰਿੰਸੀਪਲ ਡਾ. ਵਨੀਤਾ ਰਾਣੀ ਦੀ ਯੋਗ ਅਗਵਾਈ ਵਿੱਚ ਆਯੋਜਿਤ ਕੀਤਾ ਗਿਆ। ਇਸ ਉਦਘਾਟਨੀ ਸਮਾਰੋਹ ਵਿੱਚ ਸ੍ਰੀਮਤੀ ਸੁਨੀਤਾ ਰਾਣੀ ਐਸ.ਐਸ.ਪੀ. ਪਦਮਸ਼੍ਰੀ ਐਵਾਰਡੀ, ਅਰਜੁਨਾ ਐਵਾਰਡੀ ਕਮਾਡੈਂਟ 1 ਕਮਾਂਡੋ ਬੀ.ਐਨ. ਬਹਾਦਰਗੜ੍ਹ, ਪਟਿਆਲਾ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਉਨ੍ਹਾਂ ਦੇ ਨਾਲ ਡਾ. ਜੋਗਿੰਦਰ ਸਿੰਘ ਰਾਣਾ, ਸਾਬਕਾ ਪ੍ਰਿੰਸੀਪਲ, ਪੈਟਰਨ, ਐਲੂਮਨੀ ਐਸੋਸੀਏਸ਼ਨ, ਗੌਰਮਿੰਟ (ਸਟੇਟ) ਕਾਲਜ ਆਫ ਐਜੂਕੇਸ਼ਨ, ਪਟਿਆਲਾ ਮੁੱਖ ਮਹਿਮਾਨ ਦੇ ਤੌਰ ਤੇ ਸਮਾਪਤੀ ਸਮਾਰੋਹ ਵਿੱਚ ਸ਼ਾਮਿਲ ਹੋਏ। ਸਮਾਰੋਹ ਦਾ ਆਗਾਜ਼ ਉਲਿੰਪਿਕ ਮਸ਼ਾਲ ਜਗ੍ਹਾ ਕੇ ਕੀਤਾ ਗਿਆ। ਇਸ ਦੌਰਾਨ



ਵਿਦਿਆਰਥੀਆਂ ਦੁਆਰਾ 100 ਮੀਟਰ, 200 ਮੀਟਰ, 400 ਮੀਟਰ ਰੇਸਾਂ, ਸ਼ਾਰਟ-ਪੁੱਟ, ਡਿਸਕਸ ਥਰੋ, ਹਾਈ ਜੰਪ, ਲਾਂਗ ਜੰਪ ਆਦਿ ਖੇਡਾਂ ਵਿੱਚ ਭਾਗ ਲਿਆ ਗਿਆ। ਸਮਾਰੋਹ ਵਿੱਚ ਪਹੁੰਚੇ ਵਿਸ਼ੇਸ਼ ਮਹਿਮਾਨ ਡਾ. ਜੋਗਿੰਦਰ ਸਿੰਘ ਰਾਣਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਖੇਡਾਂ ਵਿੱਚ ਭਾਗ ਲੈਣਾ ਚਾਹੀਦਾ ਹੈ। ਲੜਕਿਆਂ ਵਿਚੋਂ ਦੇ ਰਾਹੁਲ ਰਾਮ (ਬੀ.ਐਡ ਭਾਗ—1) ਅਤੇ ਲੜਕੀਆਂ ਵਿਚੋਂ ਅਮਨਦੀਪ ਕੌਰ (ਬੀ.ਐਡ ਭਾਗ—1) ਬੈਸਟ ਐਥਲੀਟ ਰਹੇ। ਇਸ ਸਮਾਰੋਹ ਵਿੱਚ ਜੇਤੂ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਡਾ. ਪਰਮਿੰਦਰ ਸਿੰਘ (ਰਿਟਾ.), ਪ੍ਰਿੰਸੀਪਲ, ਗੌਰਮਿੰਟ (ਸਟੇਟ) ਕਾਲਜ ਆਫ ਐਜੂਕੇਸ਼ਨ, ਪਟਿਆਲਾ, ਸ੍ਰੀਮਤੀ ਹਰਤੇਜ ਕੌਰ (ਰਿਟਾ.), ਪ੍ਰਿੰਸੀਪਲ ਸਰਕਾਰੀ ਰਿਪੁਦਮਨ ਕਾਲਜ ਨਾਭਾ, ਪ੍ਰਿੰਸੀਪਲ ਸਕਿੰਦਰ ਕੌਰ, ਗੌਰਮਿੰਟ ਕਾਲਜ, ਕਪੂਰਥਲਾ, ਡਾ. ਧੀਮਾਨ ਪ੍ਰੈਜੀਡੈਂਟ ਪੰਜਾਬ ਸਟੇਟ ਲਾਇਬ੍ਰੇਰੀ ਐਸੋਸੀਏਸ਼ਨ, ਸਾਬਕਾ ਐਸੋ. ਪ੍ਰੋਫੈਸਰ ਵੀਰਦੇਵ ਸਿੰਘ, ਪੂਰਨ ਸਿੰਘ (ਰਿਟਾ. ਕਰਾਫਟ ਟੀਚਰ), ਉਮਰਾਓ ਸਿੰਘ (ਰਿਟਾ. ਸੁਪਰਡੈਂਟ), ਪੀ.ਟੀ.ਏ.ਮੈਂਬਰ ਗੌਰਮਿੰਟ (ਸਟੇਟ) ਕਾਲਜ ਆਫ ਐਜੂਕੇਸ਼ਨ, ਪਟਿਆਲਾ, ਸਮੂਹ ਸਟਾਫ ਬਿਕਰਮ ਕਾਲਜ ਆਫ ਕਾਮਰਸ ਪਟਿਆਲਾ, ਸਮੂਹ ਸਟਾਫ ਜਗਤ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ ਪਟਿਆਲਾ, ਸ਼ਾਮਿਲ ਹੋਏ। ਇਹ ਖੇਡ ਸਮਾਰੋਹ ਡਾ. ਹਰਦੀਪ ਕੌਰ ਸੈਣੀ (ਇੰਚਾਰਜ ਸਪੋਰਟਸ ਵਿਭਾਗ) ਅਤੇ ਸਪੋਰਟਸ ਕਮੇਟੀ ਦੀ ਮਿਹਨਤ ਨਾਲ ਸੰਪੰਨ ਹੋਇਆ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਵਨੀਤ ਕੌਰ ਜੇਜੀ ਅਤੇ ਡਾ. ਕੁਲਜੀਤ ਕੌਰ ਦੁਆਰਾ ਨਿਭਾਈ ਗਈ। ਇਸ ਅਵਸਰ ਤੇ ਕਾਲਜ ਦੇ ਸਮੂਹ ਸਟਾਫ਼ ਮੈਂਬਰ ਅਤੇ

## ਕੀਮਤੀ ਜਗ੍ਹਾ ਦੇ ਪਲਾਟ 'ਚ ਬਣੀਆਂ ਦੁਕਾਨਾਂ ਢਾਹ ਕੇ ਮਿੱਟੀ ਪਾ ਕੇ ਸਮਾਨ ਕੀਤਾ ਚੋਰੀ, ਤਿੰਨ ਵਿਰੁੱਧ ਕੇਸ ਦਰਜ

ਦੇਵੀਗੜ੍ਹ, 6 ਮਾਰਚ (ਗੁਰਜੀਤ ਸਿੰਘ ਢੋਟ) : ਕਸਬਾ ਦੇਵੀਗੜ੍ਹ ਦੇ ਪੁਰਾਣੇ ਬਾਜ਼ਾਰ ਵਿੱਚ ਕੀਮਤੀ ਜਗ੍ਹਾ ਤੇ ਪਲਾਟ 'ਚ ਬਣੀਆਂ ਕੁੱਝ ਦੁਕਾਨਾਂ ਢਾਹ ਕੇ ਉਸ ਵਿੱਚ ਮਿੱਟੀ ਪਾਉਣ ਅਤੇ ਸਮਾਨ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਥਾਣਾ ਜੁਲਕਾਂ ਵਿਖੇ ਪਿੰਡ ਰਸੂਲਪੁਰ ਦੌਦੀਮਾਜਰਾ ਦੇ



ਬਲਜਿੰਦਰ ਸਿੰਘ, ਦਵਿੰਦਰ ਸਿੰਘ ਪੁੱਤਰਾਨ ਮੱਖਣ ਸਿੰਘ ਅਤੇ ਪਰਮਿੰਦਰ ਕੌਰ ਪਤਨੀ ਪਰਮਿੰਦਰ ਸਿੰਘ ਨੇ ਪੁਲਸ ਦੇ ਉਚ ਅਧਿਕਾਰੀਆਂ ਨੂੰ ਇਸ ਜਗ੍ਹਾ ਦੀ ਪੜਤਾਲ ਕਰਨ ਸਬੰਧੀ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦਾ ਪਿੰਡ ਭੰਬੂਆਂ ਅੱਡਾ ਦੇਵੀਗੜ੍ਹ ਵਿਖੇ ਇੱਕ ਵਿਘਾ 14 ਵਿਸਵੇ ਦਾ ਪਲਾਟ ਹੈ ਜਿਸ ਉਪਰ ਉਨ੍ਹਾਂ ਦਾ ਪਿਛਲੇ 60 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਕਬਜ਼ਾ ਚੱਲਿਆ ਆ ਰਿਹਾ ਹੈ ਅਤੇ ਜਿਸ ਵਿੱਚ ਦੁਕਾਨਾਂ ਬਣੀਆਂ ਹੋਈਆਂ ਸਨ। ਮਿਤੀ 12 ਅਪ੍ਰੈਲ 2025 ਨੂੰ ਹਰਵਿੰਦਰ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਨਿਜ਼ਾਮਪੁਰ, ਗੁਰਮਿੰਦਰ ਸਿੰਘ ਉਰਫ ਕਾਂਟਾ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਮਿਹੋਣ, ਜਗਦੀਪ ਸਿੰਘ ਭੁੱਲਰ ਉਰਫ ਕਾਲਾ ਪੁੱਤਰ ਰਾਜਿੰਦਰ ਸਿੰਘ ਵਾਸੀ ਪਿੰਡ ਖੇੜ ਰਾਜੂ ਸਿੰਘ ਅਤੇ ਇਨ੍ਹਾਂ ਦੇ ਨਾਲ ਆਏ ਹੋਰ ਅਣ-ਪਛਾਤੇ ਵਿਅਕਤੀਆਂ ਨੇ ਸਾਡੇ ਪਲਾਟ ਵਾਕਾ ਰਕਬਾ ਪਿੰਡ ਭੰਬੂਆਂ ਅੱਡਾ ਦੇਵੀਗੜ੍ਹ ਉੱਤੇ ਕਬਜ਼ਾ ਕਰਨ ਦੀ ਨੀਯਤ ਨਾਲ ਪਲਾਟ ਵਿੱਚ ਦੋ ਬਣੀਆਂ ਦੁਕਾਨਾਂ ਜੇ.ਸੀ.ਬੀ. ਮਸ਼ੀਨ ਨਾਲ ਢਾਹ ਦਿੱਤੀਆਂ ਅਤੇ ਉਨ੍ਹਾਂ ਵਿੱਚ ਮਿੱਟੀ ਪਾ ਲਈ ਸੀ ਅਤੇ ਦੁਕਾਨਾਂ ਵਿੱਚੋਂ ਬੈਟਰੀ, ਇਨਵਰਟਰ, ਡੀ.ਵੀ.ਆਰ. ਅਤੇ ਬਿਜਲੀ ਦਾ ਸਮਾਨ ਚੋਰੀ ਕਰ ਲਿਆ ਸੀ। ਇਸ ਪੂਰੇ ਮਾਮਲੇ ਸਬੰਧੀ ਪੁਲਿਸ ਦੇ ਉਚ ਅਧਿਕਾਰੀਆਂ ਵੱਲੋਂ ਕੀਤੀ ਪੜਤਾਲ ਤੋਂ ਬਾਅਦ ਥਾਣਾ ਜੁਲਕਾਂ ਦੀ ਪੁਲਿਸ ਨੇ ਇਨ੍ਹਾਂ ਵਿਅਕਤੀਆਂ ਅਤੇ ਕੁਝ ਹੋਰ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਵਿਸ਼ੇ ਸਬੰਧੀ ਅੱਜ ਦੇਵੀਗੜ੍ਹ ਵਿਖੇ ਐਡਵੋਕੇਟ ਪਰਮਿੰਦਰ ਸਿੰਘ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਲਕਾ ਵਿਧਾਇਕ 'ਤੇ ਕਥਿਤ ਦੋਸ਼ ਲਗਾਉਂਦੇ ਹੋਏ ਕਿਹਾ ਕਿ ਉਪਰੋਕਤ ਵਿਅਕਤੀਆਂ ਵੱਲੋਂ ਸਾਡੀ ਕਰੋੜਾਂ ਰੁਪਏ ਦੀ ਜ਼ਮੀਨ 'ਤੇ ਕਥਿਤ ਤੌਰ 'ਤੇ ਕਬਜ਼ਾ ਕਰਨ ਦੀ ਕੋਸ਼ਿਸ ਕੀਤੀ ਸੀ। ਇਸ ਸਬੰਧੀ ਜਿਲਾ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਕੋਲ ਉਸ ਸਮੇਂ ਈ-ਮੇਲ ਰਾਹੀਂ ਸ਼ਿਕਾਇਤਾਂ ਵੀ ਦਰਜ ਕਰਵਾਈਆਂ ਗਈਆਂ ਸਨ ਪ੍ਰੰਤੂ ਹਲਕਾ ਵਿਧਾਇਕ ਦੀ ਪਹੁੰਚ ਹੋਣ ਕਾਰਨ ਕਿਸੇ ਪੁਲਸ ਅਤੇ ਪ੍ਰਸ਼ਾਸ਼ਨਿਕ ਅਧਿਕਾਰੀ ਨੇ ਸਾਡੀ ਇੱਕ ਨਹੀਂ ਸੁਣੀ। ਜਿਸ ਕਰਕੇ ਸਾਨੂੰ ਅਖੀਰ ਮਾਨਯੋਗ ਅਦਾਲਤ ਕੋਲ ਜਾਣਾ ਪਿਆ, ਜਿਸ 'ਤੇ ਮਾਨਯੋਗ ਅਦਾਲਤ ਵੱਲੋਂ ਸੁਣਵਾਈ ਦੌਰਾਨ ਦੂਜੀ ਧਿਰ ਵੱਲੋਂ ਦਰਸਾਈਆਂ ਗਈਆਂ ਰਜਿਸਟਰੀ ਵਿੱਚ ਬਾਹੀਆਂ ਗਲਤ ਪਾਈਆਂ ਗਈਆਂ। ਪਰਮਿੰਦਰ ਸਿੰਘ ਐਡਵੋਕੇਟ ਨੇ ਅੱਗੇ ਕਿਹਾ ਕਿ ਇਹ ਸਾਰਾ ਮਾਮਲਾ ਜਦੋਂ ਹਲਕਾ ਇੰਚਾਰਜ ਸਨੌਰ ਰਣਜੋਧ ਸਿੰਘ ਹਡਾਣਾ ਦੇ ਧਿਆਨ ਵਿੱਚ ਲਿਆਂਦਾ ਗਿਆ, ਜਿਨ੍ਹਾਂ ਨੇ ਤੁਰੰਤ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੂੰ ਇਸ ਪੂਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਨ ਲਈ ਕਿਹਾ, ਜਿਸ ਤੇ ਥਾਣਾ ਜੁਲਕਾਂ ਦੀ ਪੁਲਿਸ ਨੇ ਜਾਂਚ ਉਪਰੰਤ ਕਥਿਤ ਦੋਸ਼ੀਆਂ ਵਿਰੁੱਧ ਕੇਸ ਦਰਜ ਕਰ ਲਿਆ ਹੈ।ਇਸ ਪੂਰੇ ਮਾਮਲੇ ਸਬੰਧੀ ਜਦੋਂ ਹਲਕਾ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਉਸ ਸਮੇਂ ਮੈਂ ਦੋਹਾਂ ਧਿਰਾਂ ਨੂੰ ਕਿਹਾ ਸੀ ਕਿ ਇਸ ਝਗੜ ਵਾਲੇ ਪਲਾਟ ਦੀ ਨਿਸ਼ਾਨਦੇਹੀ ਕਰਵਾ ਲਉ, ਨਿਸ਼ਾਨਦੇਹੀ ਅਨੁਸਾਰ ਜਿਸ ਧਿਰ ਦਾ ਇਹ ਪਲਾਟ ਹੋਵੇਗਾ ਉਹੀ ਉਸ ਪਲਾਟ ਦਾ ਹੱਕਦਾਰ ਹੋਵੇਗਾ। ਇਸ ਸਬੰਧੀ ਮੈਂ ਕਿਸੇ ਇੱਕ ਧਿਰ ਦੀ ਮਦਦ ਨਹੀਂ ਕੀਤੀ। ਇਸ ਲਈ ਮੇਰੇ 'ਤੇ ਲਗਾਏ ਗਏ ਦੋਸ਼ ਬੇਬੁਨਿਆਦ ਹਨ।